
Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

ਓਬਾਮਾ ਕੇਅਰ
COVERED CALIFORNIA
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Jay Grewal Serving Entire Bay Area

For All Your Real Estate Needs
Commercial or Residential
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call Today For Free Consultation!
Jay Grewal
CalBre # 01978624
Ph: 408-805-2760
jgrewal@kw.com



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 26, June 25, 2016 — 20451 N Plum Grove Rd., Palatine, IL 60074 — Ph:847-359-0746, Fax:847-705-9388



## ਭਗਵਾਂ ਅਤਿਵਾਦ ਜੱਗ-ਜ਼ਾਹਰ

### ਹਿੰਦੂ ਵਿਰੋਧੀ ਤਾਕਤਾਂ ਦੇ ਸਫਾਏ ਲਈ ਕੀਤੀ ਫੌਜ ਤਿਆਰ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਅੰਧ-ਵਿਸ਼ਵਾਸ ਵਿਰੁੱਧ ਡਟਣ ਵਾਲੇ ਨਰੇਂਦਰ ਦਾਭੋਲਕਰ ਦੀ ਹੱਤਿਆ ਵਾਲੇ ਮਾਮਲੇ ਦੀ ਜਾਂਚ ਵਿਚ ਹਿੰਦੂ ਅਤਿਵਾਦ ਦੀ ਚੜ੍ਹਤ ਬਾਰੇ ਖੁਲਾਸਿਆਂ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਸੀ.ਬੀ.ਆਈ. ਨੇ ਦਾਅਵਾ ਕੀਤਾ ਹੈ ਕਿ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਡਾਕਟਰ ਨੇ ਹਿੰਦੂ ਵਿਰੋਧੀ ਤਾਕਤਾਂ ਨਾਲ ਲੜਨ ਲਈ 15,000 ਲੋਕਾਂ ਦੀ ਹਥਿਆਰਬੰਦ ਸੈਨਾ ਬਣਾਈ ਹੋਈ ਸੀ।

ਜਾਂਚ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਸਨਾਤਨ ਸੰਸਥਾ ਦੇ ਮੈਂਬਰ ਡਾਕਟਰ ਵੀਰੇਂਦਰ ਤਾਵੜੇ ਨੇ ਸਾਰੰਗ ਅਕੋਲਕਰ ਨੂੰ ਇਸ ਬਾਰੇ ਈਮੇਲ ਭੇਜੀ ਸੀ। ਅਕੋਲਕਰ ਭਗੌੜਾ ਮੁਲਜ਼ਮ ਹੈ ਜਿਸ ਵਿਰੁੱਧ ਗੋਆ ਵਿਚ 2009 ਵਿਚ ਹੋਏ ਧਮਾਕੇ ਸਬੰਧੀ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਹੈ। ਈਮੇਲ ਵਿਚ ਤਾਵੜੇ ਨੇ 15000 ਲੋਕਾਂ ਦੀ ਸੈਨਾ ਦੇ ਗਠਨ ਬਾਰੇ ਆਖਿਆ ਹੈ ਜੋ ਹਥਿਆਰਬੰਦ ਹੈ ਅਤੇ ਦੇਸ਼ ਵਿਚ ਹਿੰਦੂ ਵਿਰੋਧੀ ਤਾਕਤਾਂ ਨਾਲ ਲੜਨ ਲਈ ਤਿਆਰ-ਬਰ-ਤਿਆਰ ਹੈ। ਤਾਵੜੇ ਨੂੰ ਦਾਭੋਲਕਰ ਦੀ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਹੋਇਆ ਹੈ। ਤਾਵੜੇ ਨੇ ਅਕੋਲਕਰ ਨੂੰ ਆਖਿਆ ਸੀ ਕਿ ਇਸ ਸੈਨਾ ਦੇ ਗਠਨ ਲਈ ਪੈਸਾ ਦਾਨ ਤੇ ਚੰਦੇ ਰਾਹੀਂ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਤੇ ਜੇ ਫਿਰ ਵੀ ਹਥਿਆਰਾਂ ਲਈ ਪੈਸੇ ਦੀ ਕਮੀ ਹੁੰਦੀ ਹੈ ਤਾਂ ਡਾਕੇ ਵੀ ਮਾਰੇ ਜਾਣ।

ਯਾਦ ਰਹੇ, ਤਾਵੜੇ ਨੂੰ ਇਸ ਜੂਨ ਮਹੀਨੇ ਵਿਚ ਹੀ ਗ੍ਰਿਫਤਾਰ ਕੀਤਾ ਗਿਆ ਹੈ ਤੇ ਇਸ ਸਮੇਂ ਉਹ ਸੀ.ਬੀ.ਆਈ. ਦੀ ਹਿਰਾਸਤ ਵਿਚ ਹੈ। ਇਸ ਖੁਲਾਸੇ ਪਿਛੋਂ ਮੋਦੀ ਸਰਕਾਰ ਵੱਲੋਂ ਹਿੰਦੂ ਕੱਟੜਪੰਥੀਆਂ ਦੀਆਂ ਸਰਗਰਮੀਆਂ ਬਾਰੇ ਮੀਟੀਆਂ ਅੱਖਾਂ ਉਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਅਸਲ ਵਿਚ ਮੋਦੀ ਸਰਕਾਰ ਹਿੰਦੂ ਅਤਿਵਾਦ ਬਾਰੇ ਕਿਸੇ ਵੀ ਦਾਅਵੇ ਤੋਂ ਮੰਨਣ ਤੋਂ ਇਨਕਾਰੀ ਰਹੀ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਹਾਲ ਹੀ ਵਿਚ 2008 ਵਿਚ ਮਾਲੇਗਾਉਂ ਧਮਾਕਿਆਂ ਵਿਚ ਸਾਧਵੀ ਪਰਾਗਿਆ ਸਿੰਘ ਠਾਕੁਰ ਅਤੇ ਪੰਜ ਹੋਰ ਹਿੰਦੂ ਆਗੂਆਂ ਨੂੰ ਕਲੀਨ ਚਿੱਟ ਨੇ ਵੀ ਇਸ ਦਾਅਵੇ ਨੂੰ ਪੁਖਤਾ ਕੀਤਾ ਹੈ। ਮਾਲੇਗਾਉਂ, ਸਮਝੌਤਾ ਐਕਸਪ੍ਰੈਸ ਤੇ ਅਜਮੇਰ ਧਮਾਕਿਆਂ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।


ਵੀਰੇਂਦਰ ਤਾਵੜੇ

ਇਸ ਕਾਰਵਾਈ ਪਿਛੋਂ ਮੋਦੀ ਸਰਕਾਰ ਉਤੇ ਕੱਟੜਪੰਥੀ ਹਿੰਦੂਆਂ ਨੂੰ ਬਚਾਉਣ ਦੇ ਦੋਸ਼ ਵੀ ਲੱਗ ਰਹੇ ਹਨ। ਦਰਅਸਲ, ਮਾਲੇਗਾਉਂ, ਸਮਝੌਤਾ ਐਕਸਪ੍ਰੈਸ ਤੇ ਅਜਮੇਰ ਧਮਾਕਿਆਂ ਵਿਚ ਕੱਟੜ ਹਿੰਦੂ ਜਥੇਬੰਦੀਆਂ ਦੀ ਸ਼ਮੂਲੀਅਤ ਸਾਹਮਣੇ ਆਈ ਸੀ। ਕਾਂਗਰਸ ਸਰਕਾਰ ਵੇਲੇ ਇਸ ਬਾਰੇ ਕੇਸ ਦਰਜ ਕੀਤੇ ਗਏ ਸਨ, ਪਰ ਮੋਦੀ ਸਰਕਾਰ ਆਉਣ ਮਗਰੋਂ ਇਹ ਕੇਸ ਰਫਾ-ਦਫਾ ਹੋਣੇ ਸ਼ੁਰੂ ਹੋ ਗਏ ਹਨ। ਸਾਧਵੀ ਤੋਂ ਇਲਾਵਾ ਸ਼ਿਵ ਨਾਰਾਇਣ, ਸ਼ਿਆਮ ਭਵਰਲਾਲ ਸਾਹੂ, ਪ੍ਰਵੀਨ ਟਕੱਲਕੀ, ਲੋਕੇਸ਼ ਸ਼ਰਮਾ ਅਤੇ ਧਿਆਨ ਸਿੰਘ ਚੌਧਰੀ ਖਿਲਾਫ਼ ਦੋਸ਼ ਹਟਾ ਦਿੱਤੇ ਗਏ। ਕੇਂਦਰ ਵਿਚ ਮੋਦੀ ਸਰਕਾਰ ਦੀ ਆਮਦ ਤੋਂ ਬਾਅਦ ਮਾਲੇਗਾਉਂ ਕੇਸ ਤੇ ਹਿੰਦ-ਪਾਕਿ ਸਮਝੌਤਾ ਐਕਸਪ੍ਰੈਸ ਕੇਸ ਵਿਚ ਗਵਾਹਾਂ ਦੇ ਮੁੱਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਇਹ ਪ੍ਰਭਾਵ ਬਣਨ ਲੱਗਿਆ ਕਿ ਇਨ੍ਹਾਂ ਕੇਸਾਂ ਦੇ ਮੁੱਖ ਦੋਸ਼ੀ ਅੰਤ ਬਰੀ ਹੋ ਜਾਣਗੇ।

ਭਾਰਤ ਵਿਚ 2006 ਤੋਂ 2008 ਤੱਕ ਹੋਏ

(ਬਾਕੀ ਸਫਾ 6 'ਤੇ)

### ਮੁਸਲਮਾਨਾਂ ਵੱਲੋਂ ਹਿਜਰਤ ਕਰਨ ਦਾ ਦਾਅਵਾ

**ਹੈਦਰਾਬਾਦ:** ਏ.ਆਈ.ਐਮ.ਆਈ.ਐਮ. ਦੇ ਪ੍ਰਧਾਨ ਅਸਦ-ਉਦ-ਦੀਨ ਓਵਾਇਸੀ ਨੇ ਦਾਅਵਾ ਕੀਤਾ ਹੈ ਕਿ 2013 ਵਿਚ ਮੁਜ਼ੱਫਰਨਗਰ ਦੰਗਿਆਂ ਤੋਂ ਬਾਅਦ ਉਥੋਂ 50 ਹਜ਼ਾਰ ਮੁਸਲਮਾਨ ਘਰ-ਬਾਰ ਛੱਡ ਕੇ ਦੂਜੀਆਂ ਥਾਂਵਾਂ 'ਤੇ ਚਲੇ ਗਏ ਸਨ। ਉਨ੍ਹਾਂ ਭਾਜਪਾ ਨੂੰ ਚੁਣੌਤੀ ਦਿੱਤੀ ਕਿ ਜਿਵੇਂ ਕੈਰਾਨਾ ਵਿਚ ਹਿੰਦੂਆਂ ਵੱਲੋਂ ਹਿਜਰਤ ਕਰਨ ਦੇ ਮੁੱਦੇ 'ਤੇ ਕਮੇਟੀ ਬਣਾਈ ਗਈ ਹੈ, ਉਸੇ ਤਰ੍ਹਾਂ ਦੀ ਕਮੇਟੀ ਬਣਾ ਕੇ ਮੁਜ਼ੱਫਰਨਗਰ ਵਿਚ ਇਸ ਤੱਥ ਦੀ ਪੜਤਾਲ ਕੀਤੀ ਜਾਵੇ।

## ਕਿਸਾਨੀ ਬਾਰੇ ਬਾਦਲ ਨੂੰ ਜੇਤਲੀ ਦਾ ਕੋਰਾ ਜਵਾਬ

### ਨੌਜਵਾਨ ਪੀੜ੍ਹੀ ਨੂੰ ਖੇਤੀ ਛੱਡਣ ਦੀ ਸਲਾਹ



**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਦਾ ਨੀਂਹ ਪੱਥਰ ਰੱਖਣ ਆਏ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਵਿਚ ਨਵੀਂ ਪੀੜ੍ਹੀ ਨੂੰ ਖੇਤੀਬਾੜੀ ਛੱਡਣ ਦੀ ਦਿੱਤੀ ਸਲਾਹ ਨੇ ਕੇਂਦਰ ਸਰਕਾਰ ਦੀ ਕਿਸਾਨੀ ਬਾਰੇ ਗੰਭੀਰਤਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਕੇਂਦਰੀ ਮੰਤਰੀ ਨੇ ਇਹ ਸਲਾਹ ਉਸ ਸਮੇਂ ਦਿੱਤੀ ਜਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੂਬੇ ਦੀ ਕਿਸਾਨੀ ਨੂੰ ਬਚਾਉਣ ਦੀ ਦੁਹਾਈ ਪਾ ਰਹੇ ਸਨ। ਜੇਤਲੀ ਨੇ ਵਿਕਾਸਸ਼ੀਲ ਮੁਲਕਾਂ ਦੀ ਉਦਾਹਰਣ ਦਿੰਦਿਆਂ ਨਵੀਂ ਪੀੜ੍ਹੀ ਨੂੰ ਖੇਤੀ ਵਿਚੋਂ ਕੱਢ ਕੇ ਹੋਰ ਕਿੱਤਿਆਂ ਵੱਲ ਲਾਉਣਾ ਉਤੇ ਜ਼ੋਰ ਦਿੱਤਾ। ਕੇਂਦਰੀ ਮੰਤਰੀ ਦੀ ਸਲਾਹ ਨੇ ਸਟੇਜ 'ਤੇ ਬੈਠੇ ਮੁੱਖ ਮੰਤਰੀ ਬਾਦਲ ਨੂੰ ਵੀ ਲਾਜਵਾਬ ਕਰ ਦਿੱਤਾ। ਦਰਅਸਲ, ਮੁੱਖ ਮੰਤਰੀ ਨੇ ਮੰਗ ਰੱਖੀ ਸੀ ਕਿ ਸਰਹੱਦੀ ਖੇਤਰ ਵਿਚ ਸਨਅਤੀਕਰਨ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ, ਖੇਤੀ ਆਰਥਿਕਤਾ ਵਿਚ ਸੁਧਾਰ ਲਈ ਖੇਤੀ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਤੇ ਅੱਪਰ-ਬਾਰੀ ਦੁਆਬ ਕਨਾਲ (ਯੂ.ਬੀ.ਡੀ.ਸੀ.) ਦੀ ਮੁਰੰਮਤ ਕਰਾਈ ਜਾਵੇ, ਪਰ ਸ੍ਰੀ ਜੇਤਲੀ ਨੇ ਇਸ ਬਾਰੇ ਹੁੰਗਾਰਾ ਨਹੀਂ ਭਰਿਆ। ਜੇਤਲੀ ਨੇ ਤਰਕ ਦਿੱਤਾ ਕਿ ਪੰਜਾਬ ਵਿਚ ਖੇਤੀ ਮੁਨਾਫ਼ੇ ਵਾਲੀ ਨਹੀਂ ਰਹੀ ਹੈ। ਦੇਸ਼ ਦੀ 55 ਫੀਸਦੀ ਆਬਾਦੀ ਅੱਜ ਵੀ ਖੇਤੀ 'ਤੇ ਨਿਰਭਰ ਹੈ, ਪਰ ਦੇਸ਼ ਦੀ ਜੀ.ਡੀ.ਪੀ. ਵਿਚ ਇਨ੍ਹਾਂ ਦਾ ਯੋਗਦਾਨ ਸਿਰਫ 15 ਫੀਸਦੀ

(ਬਾਕੀ ਸਫਾ 6 'ਤੇ)


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja Sweets & Catering Presents

PARADISE BALLROOMS banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering • Silverware • Chinaware • Decorated Hall • Linen
• Several Bar Options • Security • Wait Staff • Full Setup Including table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

## Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# Wanted Drivers

# ਡਰਾਈਵਰਾਂ ਦੀ ਲੋੜ ਹੈ



ਸੰਪਰਕ ਕਰੋ
ਫੋਨ: 916-833-5022
408-373-4168

26-29



STATEN SOLAR
AFFORDABLE ENERGY FOR EVERYONE

# Zero Down, Big Savings

## Commercial and Utility Solar Solutions



Southern California



Simran Deol
*Sales*
661-412-4728

## Best Quality & Price Guaranteed!

*Professional Installation, Monitoring & Free 20 Year Maintenance.
*20 Year Performance Guarantee & 25 Year Panel Warranty.
*Freedom From Increasing Utility Rates.

*www.statensolar.com 844-4-STATEN*


Northern California



Balwinder Garcha
*Sales*
510-468-9525

## ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' 26 ਜੂਨ ਨੂੰ ਰਿਲੀਜ਼ ਹੋਵੇਗੀ

**ਸੈਨ ਹੋਜ਼ੇ (ਬਿਊਰੋ):** ਉਘੀ ਲੇਖਿਕਾ ਨੀਲਮ ਸੈਣੀ ਦੀ ਹਾਲ ਹੀ ਵਿਚ ਛਪੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' 26 ਜੂਨ, 2016




ਨੂੰ ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਵਲੋਂ ਲੋਕ ਅਰਪਿਤ ਕੀਤੀ ਜਾਵੇਗੀ। ਇਹ ਰਸਮ ਓਅਸਿਸ ਪੈਲੇਸ (35145 ਨਿਊਆਰਕ ਬੁਲੇਵਾਰਡ, ਨਿਊਆਰਕ) ਵਿਖੇ ਬਾਅਦ ਦੁਪਹਿਰ 2:30 ਤੋਂ 5:30 ਵਜੇ ਤੱਕ ਹੋਵੇਗੀ।

ਗੋਲਡਨ ਕਲੱਬ ਵਲੋਂ ਜਾਰੀ ਇਕ ਬਿਆਨ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਪੰਜਾਬ ਲੋਕ ਰੰਗ, ਅਭੀਰਾਜ ਪ੍ਰੋਡਕਸ਼ਨ, ਹੇਵਰਡ, ਯੂਬਾ ਸਿਟੀ ਤੀਆਂ, ਮਿਸਟਰ ਐਂਡ ਮਿਸਿਜ਼ ਪੰਜਾਬੀ ਯੂ.ਐਸ.ਏ ਅਤੇ ਗਲੋਬਲ ਵੋਮੈਨ ਪਾਵਰ ਵਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦੌਰਾਨ ਪੁਸਤਕ ਦੀ ਜਾਣ-ਪਛਾਣ ਦੇ ਨਾਲ-ਨਾਲ ਪੁਸਤਕ ਵਿਚੋਂ ਕੁਝ ਰਸਮਾਂ ਅਤੇ ਗੀਤਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਮੰਚ ਸੰਚਾਲਨ ਸ਼ਾਇਰ ਹਰਜਿੰਦਰ ਕੰਗ ਕਰਨਗੇ। ਸੈਣੀ ਪਰਿਵਾਰ ਵਲੋਂ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਅਨੁਸਾਰ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸਮਾਗਮ ਵਿਚ ਦਾਖ਼ਲਾ ਕੇਵਲ ਸੱਦਾ ਪੱਤਰ ਨਾਲ ਹੈ। ਸਮਾਗਮ ਵਿਚ ਭਾਗ ਲੈਣ ਲਈ ਲਾਜ ਸੈਣੀ ਫੋਨ: 510-502-6743 ਜਾਂ ਪ੍ਰੋ. ਬਲਜਿੰਦਰ ਸਿੰਘ ਫੋਨ: 510-304-9310 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਟਰੰਪ ਨੂੰ ਗੋਲੀ ਮਾਰਨ ਪੁੱਜਾ ਲੜਕਾ ਗ੍ਰਿਫ਼ਤਾਰ

**ਲਾਸ ਵੇਗਸ:** ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਮਾਰ ਦੇਣ ਦਾ ਇਰਾਦਾ ਰੱਖਣ ਵਾਲੇ ਬ੍ਰਿਟਿਸ਼ ਲੜਕੇ ਨੂੰ ਸ਼ਨਿਚਰਵਾਰ ਨੂੰ ਲਾਸ ਵੇਗਾਸ 'ਚ ਟਰੰਪ ਦੀ ਰੈਲੀ ਦੌਰਾਨ ਸੁਰੱਖਿਆ ਗਾਰਡ ਦੀ ਬੰਦੂਕ ਖੋਹਣ ਦੀ ਕੋਸ਼ਿਸ਼ ਕਰਨ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ।

ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਮਾਈਕਲ ਸਟੀਵਨ ਸੈਂਡਫੋਰਡ (19) ਬ੍ਰਿਟਿਸ਼ ਨਾਗਰਿਕ ਹੈ। ਉਸ ਨੂੰ ਨੇਵਾਡਾ ਕੋਰਟ 'ਚ ਪੇਸ਼ ਕੀਤਾ ਜਾਵੇਗਾ। ਉਹ ਸ਼ਨਿਚਰਵਾਰ ਨੂੰ ਆਈਲੈਂਡ ਕਸੀਨੋ 'ਚ ਹੋਈ ਟਰੰਪ ਦੀ ਰੈਲੀ 'ਚ ਗਿਆ ਸੀ, ਉਥੇ ਉਸ ਨੇ ਸੁਰੱਖਿਆ ਗਾਰਡ ਨੂੰ ਕਿਹਾ ਕਿ ਉਹ ਟਰੰਪ ਤੋਂ ਆਟੋਗ੍ਰਾਫ ਲੈਣਾ ਚਾਹੁੰਦਾ ਹੈ। ਇਸੇ ਦੌਰਾਨ ਉਸ ਨੇ ਗਾਰਡ ਤੋਂ ਉਸ ਦੀ ਬੰਦੂਕ ਖੋਹਣ ਦੀ ਕੋਸ਼ਿਸ਼ ਕੀਤੀ। ਸੈਂਡਫੋਰਡ ਕੋਲ ਬਰਤਾਨੀਆ ਦਾ ਡਰਾਈਵਿੰਗ ਲਾਇਸੰਸ ਹੈ ਤੇ ਉਹ ਡੇਢ ਸਾਲ ਤੋਂ ਅਮਰੀਕਾ 'ਚ ਰਹਿ ਰਿਹਾ ਹੈ।

# ਮੋਦੀ ਦੇ ਯੋਗ ਨੇ ਰੋਲੇ 4 ਹਜ਼ਾਰ ਬੱਚੇ

**ਚੰਡੀਗੜ੍ਹ:** ਚੰਡੀਗੜ੍ਹ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯੋਗ ਪ੍ਰੋਗਰਾਮ ਲਈ ਬੁਲਾਏ 4 ਹਜ਼ਾਰ ਬੱਚਿਆਂ ਨੂੰ ਤਿੰਨ ਦਿਨਾਂ ਲਈ ਉਹ ਸਭ ਕੁਝ ਸਹਿਣਾ ਪਿਆ, ਜਿਹੜਾ ਕਦੇ ਉਨ੍ਹਾਂ ਸੋਚਿਆ ਵੀ ਨਾ ਸੀ। ਇਥੇ ਬੱਚਿਆਂ ਨੂੰ ਖਾਣ ਲਈ ਕੱਚੀਆਂ ਰੋਟੀਆਂ ਦਿੱਤੀਆਂ ਗਈਆਂ। ਕਮਰਿਆਂ ਵਿਚ ਪੱਖਿਆਂ ਦੀਆਂ ਨੰਗੀਆਂ ਤਾਰਾਂ ਸਨ। ਬੱਚਿਆਂ ਦੇ ਪਾਣੀ ਪੀਣ ਲਈ ਗਿਲਾਸ ਦਾ ਵੀ ਕੋਈ ਇੰਤਜ਼ਾਮ ਨਹੀਂ ਸੀ। ਸੋਮਵਾਰ ਨੂੰ ਖਰਾਬ ਖਾਣ-ਪੀਣ ਕਾਰਨ ਸੱਤ ਬੱਚਿਆਂ ਨੂੰ ਡੀ-ਹਾਈਡ੍ਰੇਸ਼ਨ ਅਤੇ ਬੁਖਾਰ ਹੋ ਗਿਆ ਸੀ। ਬੱਚਿਆਂ ਨੂੰ ਰੋਜ਼ ਆਲੂ ਦੀ ਸਬਜ਼ੀ ਖਾਣ ਲਈ ਦਿੱਤੀ ਗਈ ਜਿਸ ਵਿਚ ਵੀ ਕੱਚੇ ਆਲੂ ਸਨ। ਪੀਣ ਵਾਲਾ ਪਾਣੀ ਵੀ ਕੌੜਾ ਸੀ। ਇਹ ਬੱਚੇ ਫਰੀਦਾਬਾਦ ਤੋਂ ਆ ਕੇ ਸੈਕਟਰ-3 ਦੇ ਸਰਕਾਰੀ ਸਕੂਲ ਵਿਚ ਠਹਿਰੇ ਸਨ।

ਇਸੇ ਦੌਰਾਨ ਮੰਗਲਵਾਰ ਨੂੰ ਦੂਜੇ ਕੌਮਾਂਤਰੀ ਯੋਗ ਦਿਵਸ ਮੌਕੇ ਦੇਸ਼-ਵਿਦੇਸ਼ਾਂ ਤੋਂ ਇਲਾਵਾ ਭਾਰਤ ਵਿਚ ਲੱਖਾਂ ਲੋਕਾਂ ਨੇ ਯੋਗ ਆਸਣ ਲਾਏ। ਮੁੱਖ ਸਮਾਗਮ ਪ੍ਰਧਾਨ ਮੰਤਰੀ ਮੋਦੀ ਅਗਵਾਈ ਹੇਠ ਚੰਡੀਗੜ੍ਹ ਦੇ ਕੈਪੀਟਲ ਕੰਪਲੈਕਸ ਵਿਚ ਹੋਇਆ। ਸ੍ਰੀ ਮੋਦੀ ਨੇ ਤਕਰੀਬਨ ਪੌਣਾ ਘੰਟਾ 30 ਹਜ਼ਾਰ ਲੋਕਾਂ ਨਾਲ ਯੋਗ ਆਸਣ ਕੀਤੇ। ਉਨ੍ਹਾਂ ਕਿਹਾ ਕਿ ਯੋਗ ਕੋਈ ਧਾਰਮਿਕ ਗਤੀਵਿਧੀ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਯੋਗ ਨੂੰ ਮੋਬਾਈਲ ਫੋਨ ਵਾਂਗ ਜ਼ਿੰਦਗੀ ਦਾ ਹਿੱਸਾ ਬਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਬਿਨਾਂ ਧੇਲਾ ਦਿੱਤੇ ਸਿਹਤ ਬੀਮਾ ਹੈ। ਉਨ੍ਹਾਂ ਐਲਾਨ ਕੀਤਾ ਕਿ ਯੋਗ ਦੇ ਖੇਤਰ ਵਿਚ ਸ਼ਾਨਦਾਰ ਕੰਮ ਕਰਨ ਵਾਲਿਆਂ ਨੂੰ ਕੌਮਾਂਤਰੀ ਯੋਗ ਐਵਾਰਡ ਸਣੇ ਦੋ ਪੁਰਸਕਾਰ ਦਿੱਤੇ ਜਾਣਗੇ।

ਉਧਰ ਨਿਤੀਸ਼ ਸਰਕਾਰ ਨੇ ਯੋਗ ਦਿਵਸ ਸਬੰਧੀ ਬਿਹਾਰ ਵਿਚ ਕੋਈ ਸਮਾਗਮ ਨਹੀਂ ਕਰਾਇਆ, ਜਿਥੇ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਹਜ਼ਾਰਾਂ ਲੋਕਾਂ ਨਾਲ ਆਸਣ ਲਾਏ।

ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਨਵੀਂ ਦਿੱਲੀ ਵਿਚ ਰਾਸ਼ਟਰਪਤੀ ਭਵਨ ਵਿਚ ਕੌਮਾਂਤਰੀ ਯੋਗ ਦਿਵਸ ਮੌਕੇ ਸਮਾਗਮ ਦੌਰਾਨ ਕਿਹਾ ਕਿ ਤਨ-ਮਨ ਦੇ ਤਾਲਮੇਲ ਲਈ ਯੋਗ ਨੂੰ ਜ਼ਿੰਦਗੀ ਦਾ ਅਨਿੱਖੜ ਅੰਗ ਬਣਾਉਣਾ ਚਾਹੀਦਾ ਹੈ। ਉਨ੍ਹਾਂ ਇਕ ਹਜ਼ਾਰ ਲੋਕਾਂ ਨਾਲ ਯੋਗ ਆਸਣ ਕੀਤੇ।

ਪੰਜਾਬ ਤੇ ਚੰਡੀਗੜ੍ਹ ਕਾਂਗਰਸ ਵੱਲੋਂ ਇਥੇ ਤਿੰਨ ਥਾਂਵਾਂ 'ਤੇ ਸ੍ਰੀ ਮੋਦੀ ਵਿਰੁੱਧ ਪ੍ਰਦਰਸ਼ਨ ਕੀਤੇ ਗਏ। ਪੁਲਿਸ ਨੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਪ੍ਰਦੀਪ ਛਾਬੜਾ ਅਤੇ ਪੰਜਾਬ ਕਾਂਗਰਸ ਦੇ ਕਿਸਾਨ ਤੇ ਮਜ਼ਦੂਰ ਵਿੰਗ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਸਮੇਤ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨ.ਐਸ.ਯੂ.ਆਈ.) ਦੇ 202 ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਕਾਰਕੁਨ ਸ੍ਰੀ ਮੋਦੀ ਨੂੰ ਕਾਲੀਆਂ ਝੰਡੀਆਂ ਦਿਖਾਉਣੀਆਂ ਚਾਹੁੰਦੇ ਸਨ ਜਦੋਂ ਕਿ ਪੰਜਾਬ ਕਾਂਗਰਸ ਦੇ ਆਗੂ ਪੰਜਾਬੀਆਂ ਦੇ ਖ਼ੂਨ ਨਾਲ ਭਰੇ ਬਾਟੇ ਸ੍ਰੀ ਮੋਦੀ ਨੂੰ ਸੌਂਪਣਾ ਚਾਹੁੰਦੇ ਸਨ।

## ਸਿੱਖ ਕਤਲੇਆਮ ਵਿਚ ਮੁਸਲਮਾਨਾਂ ਦੀ ਭੂਮਿਕਾ ਬਾਰੇ ਵਿਵਾਦ ਭਖਿਆ

**ਮਲੇਰਕੋਟਲਾ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਐਚ.ਐਸ. ਫੂਲਕਾ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ 1984 ਦੇ ਦਿੱਲੀ ਸਿੱਖ ਕਤਲੇਆਮ 'ਚ ਮੁਸਲਮਾਨਾਂ ਦੀ ਭੂਮਿਕਾ ਬਾਰੇ ਦਿੱਤੇ ਬਿਆਨ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕਰਦਿਆਂ ਇਸਲਾਮਿਕ ਸੰਸਥਾ ਅਮਾਰਤੇ ਸ਼ਰੀਆ ਪੰਜਾਬ ਦੇ ਚੇਅਰਮੈਨ ਮੁਹੰਮਦ ਇਜ਼ਹਾਰ ਆਲਮ ਨੇ ਕਿਹਾ ਕਿ ਐਡਵੋਕੇਟ ਫੂਲਕਾ ਦਾ ਮੁਸਲਮਾਨਾਂ ਬਾਰੇ ਬਿਆਨ ਪੂਰੀ ਤਰ੍ਹਾਂ ਬੇਬੁਨਿਆਦ ਹੈ ਅਤੇ ਇਸ ਬਿਆਨ ਦਾ ਮਕਸਦ ਸੋਚੀ ਸਮਝੀ ਸਾਜ਼ਿਸ਼ ਤਹਿਤ ਕਿਸੇ ਸਿਆਸੀ ਲਾਹੇ ਦੀ ਲਾਲਸਾ ਵਿਚ ਮੁਸਲਮਾਨਾਂ ਖ਼ਿਲਾਫ਼ ਕੂੜ ਪ੍ਰਚਾਰ ਕਰਨਾ ਹੈ।

## ਮਾਨ ਦਲ ਨੇ ਯੋਗ ਦਿਵਸ ਦੇ ਵਿਰੋਧ ਵਿਚ ਗਤਕਾ ਖੇਡਿਆ

**ਜਲੰਧਰ:** ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹਰ ਸਾਲ 21 ਜੂਨ ਨੂੰ ਮਨਾਏ ਜਾਣ ਵਾਲੇ ਕੌਮਾਂਤਰੀ ਯੋਗ ਦਿਵਸ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਨੇ ਗੁਰੂ ਨਾਨਕ ਮਿਸ਼ਨ ਚੌਕ ਵਿਚ ਗਤਕਾ ਖੇਡਿਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਹਿਲਾਂ ਹੀ ਇਸ ਗੱਲ ਦਾ ਐਲਾਨ ਕੀਤਾ ਹੋਇਆ ਸੀ ਕਿ ਉਹ ਮੋਦੀ ਵੱਲੋਂ ਯੋਗ ਦੀ ਆੜ ਹੇਠ ਫੈਲਾਏ ਜਾ ਰਹੇ ਹਿੰਦੂਤਵ ਏਜੰਡੇ ਦਾ ਵਿਰੋਧ ਕਰਨਗੇ ਅਤੇ ਸਿੱਖਾਂ ਦੀ ਮਾਰਸ਼ਲ ਆਰਟ ਦੇ ਤੌਰ 'ਤੇ ਜਾਣੀ ਜਾਂਦੀ ਖੇਡ ਗਤਕੇ ਨੂੰ ਤਰਜੀਹ ਦੇਣਗੇ। ਪਾਰਟੀ ਦੇ ਕਾਰਕੁਨਾਂ ਨੇ ਗੁਰੂ ਨਾਨਕ ਮਿਸ਼ਨ ਚੌਕ ਦੇ ਇੱਕ ਪਾਸੇ ਬਿਨਾਂ ਆਵਾਜਾਈ ਨੂੰ ਰੋਕਿਆਂ ਗੱਤਕਾ ਖੇਡਿਆ।

ਇਨ੍ਹਾਂ ਪਾਰਟੀ ਵਰਕਰਾਂ ਦਾ ਕਹਿਣਾ ਸੀ ਕਿ ਗਤਕੇ ਨਾਲ ਵੀ ਸਰੀਰ ਨੂੰ ਤੰਦਰੁਸਤ ਤੇ ਨਰੋਆ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇ ਹਿੰਦੂਤਵ ਏਜੰਡੇ ਤਹਿਤ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ ਤੇ ਇਨ੍ਹਾਂ ਨੀਤੀਆਂ ਦੀ ਹਮਾਇਤ ਕਾਂਗਰਸ, ਅਕਾਲੀ ਦਲ (ਬਾਦਲ), ਆਮ ਆਦਮੀ ਪਾਰਟੀ ਤੇ ਖੱਬੀਆਂ ਧਿਰਾਂ ਵੀ ਸਿੱਧੇ-ਅਸਿੱਧੇ ਰੂਪ ਵਿਚ ਕਰਦੀਆਂ ਆ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਅ) ਨੇ ਐਲਾਨ ਕੀਤਾ ਕਿ ਉਹ ਹਰ ਸਾਲ ਯੋਗ ਦਿਵਸ ਦਾ ਇਖਲਾਕੀ ਤੌਰ 'ਤੇ ਵਿਰੋਧ ਕਰਨਗੇ ਅਤੇ ਇਸ ਦਿਨ ਨੂੰ ਕੌਮਾਂਤਰੀ ਗੱਤਕਾ ਦਿਵਸ ਵਜੋਂ ਮਨਾਇਆ ਜਾਵੇਗਾ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ
Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625
JAGDEV SINGH
Realtor
CalBre #01423409
42820 Albrae, St.,
Fremont, CA 94538
REALTOR
EQUAL HOUSING OPPORTUNITY

# 'ਅੱਛੇ ਦਿਨਾਂ' ਦੇ ਵਾਅਦੇ ਕਰ ਕੇ ਮੋਦੀ ਸਰਕਾਰ ਨੇ ਵਿਖਾਏ ਬੁਰੇ ਦਿਨ

**ਚੰਡੀਗੜ੍ਹ:** ਦੋ ਸਾਲ ਪਹਿਲਾਂ ਲੋਕਾਂ ਨਾਲ ਅੱਛੇ ਦਿਨਾਂ ਦਾ ਲਾਰਾ ਲਾ ਕੇ ਭਾਰਤ ਦੀ ਕੇਂਦਰੀ ਸੱਤਾ ਵਿਚ ਆਈ ਭਾਜਪਾ ਦੀ ਨਰੇਂਦਰ ਮੋਦੀ ਸਰਕਾਰ ਲੋਕਾਂ ਦੀਆਂ ਉਮੀਦਾਂ ਉਤੇ ਖਰੀ ਨਹੀਂ ਉੱਤਰੀ। ਕੇਂਦਰ ਸਰਕਾਰ ਦੀਆਂ ਨੀਤੀਆਂ ਆਮ ਲੋਕਾਂ 'ਤੇ ਭਾਰੂ ਪੈਣ ਲੱਗੀਆਂ ਹਨ। ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਜ਼ਰੂਰੀ ਖੁਰਾਕੀ ਵਸਤਾਂ ਦੀਆਂ ਥੋਕ ਅਤੇ ਪਰਚੂਨ ਕੀਮਤਾਂ ਵਿਚ ਹੋ ਰਹੇ ਵਾਧੇ ਨੇ ਆਮ ਆਦਮੀ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ। ਹਾਲ ਹੀ ਵਿਚ ਸਰਕਾਰੀ ਤੌਰ ਉਤੇ ਜਾਰੀ ਹੋਏ ਅੰਕੜਿਆਂ ਅਨੁਸਾਰ ਪਿਛਲੇ ਮਹੀਨੇ ਦੌਰਾਨ ਖੁਰਾਕੀ ਵਸਤਾਂ ਅਤੇ ਸਬਜ਼ੀਆਂ ਦੀਆਂ ਕੀਮਤਾਂ ਪਿਛਲੇ ਸਾਲ ਦੇ ਮੁਕਾਬਲੇ ਕ੍ਰਮਵਾਰ 7.88 ਅਤੇ 13 ਫੀਸਦੀ ਦੇ ਕਰੀਬ ਵੱਧ ਰਹੀਆਂ। ਕੇਂਦਰੀ ਅੰਕੜਾ ਅਤੇ ਲਾਗੂ ਕਰਨ ਮੰਤਰਾਲੇ ਮੁਤਾਬਕ ਮਈ ਮਹੀਨੇ ਥੋਕ ਮਹਿੰਗਾਈ ਦਰ ਵਧ ਕੇ 0.79 ਫੀਸਦੀ ਉਤੇ ਪਹੁੰਚ ਗਈ ਜਦੋਂ ਕਿ ਅਪਰੈਲ ਵਿਚ ਇਹ 0.34 ਫੀਸਦੀ ਸੀ ਅਤੇ ਪਿਛਲੇ ਸਾਲ ਮਈ ਮਹੀਨੇ ਇਹ ਦਰ ਸਿਫਰ ਤੋਂ 2.20 ਫੀਸਦੀ ਹੇਠਾਂ ਸੀ। ਉਪਭੋਗਤਾ ਮਹਿੰਗਾਈ ਦਰ ਵਿਚ ਹੋਏ ਵਾਧੇ ਵਿਚ ਮੁੱਖ ਯੋਗਦਾਨ ਦਾਲਾਂ, ਸਬਜ਼ੀਆਂ ਅਤੇ ਚੀਨੀ ਦੀਆਂ ਕੀਮਤਾਂ ਵਿਚ ਹੋਏ ਵਾਧੇ ਦਾ ਹੈ। ਦਾਲਾਂ ਤਾਂ ਗਰੀਬਾਂ ਦੀ ਥਾਲੀ ਵਿਚੋਂ ਪਹਿਲਾਂ ਹੀ ਅਲੋਪ ਹੋ ਚੁੱਕੀਆਂ ਹਨ ਅਤੇ ਹੁਣ ਆਲੂ, ਟਮਾਟਰ ਅਤੇ ਪਿਆਜ਼ ਵੀ ਆਮ ਲੋਕਾਂ ਲਈ ਖਾਸ ਵਸਤਾਂ ਬਣਦੇ ਜਾ ਰਹੇ ਹਨ।

ਮੋਦੀ ਸਰਕਾਰ ਵੱਲੋਂ 'ਅੱਛੇ ਦਿਨ ਆਉਣ' ਦੇ ਵਾਅਦਿਆਂ ਅਤੇ ਦਾਅਵਿਆਂ ਦੇ ਬਾਵਜੂਦ ਜ਼ਰੂਰੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਲਗਾਤਾਰ ਹੋ ਰਿਹਾ ਵਾਧਾ ਸਰਕਾਰ ਦੀਆਂ ਨੀਤੀਆਂ ਉਤੇ ਸਵਾਲ ਖੜ੍ਹੇ ਕਰ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਕੀਮਤਾਂ ਵਿਚ ਹਾਲ ਹੀ ਵਿਚ ਵਾਧਾ ਉਸ ਮੌਕੇ ਹੋ ਰਿਹਾ ਹੈ ਜਦੋਂ ਮੁਲਕ ਸੋਕੇ ਦੀ ਸਥਿਤੀ ਵਿਚੋਂ ਲੰਘ ਚੁੱਕਿਆ ਹੈ। ਖਪਤਕਾਰ ਮਾਮਲਿਆਂ ਦੇ ਚਿੰਤਕਾਂ ਅਨੁਸਾਰ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਦਾ ਮੁੱਖ ਕਾਰਨ ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਿਚ ਲਗਾਤਾਰ ਹੋ ਰਿਹਾ ਵਾਧਾ ਹੈ। ਕੇਂਦਰ ਸਰਕਾਰ ਵੱਲੋਂ ਲਗਾਏ ਗਏ 'ਕ੍ਰਿਸ਼ੀ ਕਲਿਆਣ ਅਤੇ 'ਸਵੱਛ ਭਾਰਤ' ਸੈੱਸ ਤੋਂ ਇਲਾਵਾ ਸੂਬਾ ਸਰਕਾਰਾਂ ਵੱਲੋਂ ਲਗਾਏ ਗਏ ਅਜਿਹੇ ਸੈੱਸ ਕੀਮਤਾਂ ਵਿਚ ਵਾਧੇ ਦਾ ਸਬੱਬ ਬਣ ਰਹੇ ਹਨ।

ਜਮ੍ਹਾਂਖੋਰਾਂ ਅਤੇ ਚੋਰ-ਬਾਜ਼ਾਰੀ ਕਰਨ ਵਾਲਿਆਂ ਪ੍ਰਤੀ ਕੋਈ ਠੋਸ ਕਾਰਵਾਈ ਨਾ ਹੋਣੀ ਵੀ ਕੀਮਤਾਂ ਵਿਚ ਵਾਧੇ ਦਾ ਕਾਰਨ ਹੈ। ਮੁਲਕ ਵਿਚ ਦਾਲਾਂ ਦਾ ਉਤਪਾਦਨ ਲਗਪਗ 172 ਲੱਖ ਟਨ ਹੈ ਜਦੋਂਕਿ ਸਾਲਾਨਾ ਖਪਤ 220 ਲੱਖ ਟਨ ਦੇ ਕਰੀਬ ਹੈ। ਭਾਰਤ ਸਰਕਾਰ ਵੱਲੋਂ ਲੋੜੀਂਦੀ ਮਾਤਰਾ ਵਿਚ ਸਮੇਂ ਸਿਰ ਦਾਲਾਂ ਦੀ ਦਰਾਮਦ ਨਾ ਕਰਨਾ ਜਮ੍ਹਾਂਖੋਰਾਂ ਨੂੰ ਇਨ੍ਹਾਂ ਦੀਆਂ ਕੀਮਤਾਂ ਵਧਾਉਣ ਅਤੇ ਲੋਕਾਂ ਦਾ ਸ਼ੋਸ਼ਣ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਸੇ ਤਰ੍ਹਾਂ ਆਲੂ, ਪਿਆਜ਼ ਅਤੇ ਟਮਾਟਰਾਂ ਦੀ ਸੁਰੱਖਿਅਤ ਸਾਂਭ-ਸੰਭਾਲ ਵਾਸਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਕੋਲਡ ਸਟੋਰ ਸਹੂਲਤਾਂ ਪ੍ਰਦਾਨ ਨਾ ਕਰਨ ਕਰ ਕੇ ਵਪਾਰੀਆਂ ਵੱਲੋਂ ਉਨ੍ਹਾਂ ਤੋਂ ਸਸਤੇ ਭਾਅ ਖਰੀਦ ਕੇ ਫਿਰ ਮਹਿੰਗੇ ਭਾਅ ਵੇਚਣ ਦਾ ਕਾਰੋਬਾਰ ਵੀ ਬਾਦਸਤੂਰ ਜਾਰੀ ਹੈ। ਸਰਕਾਰ ਦੀ ਗੰਨਾ ਉਤਪਾਦਕਾਂ ਪ੍ਰਤੀ ਬੇਰੁਖ਼ੀ ਅਤੇ ਖੰਡ ਮਿੱਲ ਮਾਲਕਾਂ ਦੇ ਹਿੱਤਾਂ ਨੂੰ ਤਰਜੀਹ ਦੇਣ ਦੀ ਭੂਮਿਕਾ ਚੀਨੀ ਦੀਆਂ ਕੀਮਤਾਂ ਵਿਚ ਵਾਧੇ ਲਈ ਜ਼ਿੰਮੇਵਾਰ ਹੈ।

ਖੁਰਾਕੀ ਵਸਤਾਂ ਦੀਆਂ ਕੀਮਤਾਂ ਨੇ ਆਸਮਾਨ ਛੂਹਿਆ




# ਨਵਜੋਤ ਸਿੱਧੂ ਨੇ ਬਾਦਲ ਸਰਕਾਰ ਨੂੰ ਦੱਸਿਆ ਤਾਨਾਸ਼ਾਹ



**ਚੰਡੀਗੜ੍ਹ:** ਪੰਜਾਬ ਦੇ ਸਿਹਤ ਵਿਭਾਗ ਦੀ ਮੁੱਖ ਸਕੱਤਰ ਡਾਕਟਰ ਨਵਜੋਤ ਕੌਰ ਸਿੱਧੂ ਨੇ ਇਕ ਵਾਰ ਫਿਰ ਆਪਣੀ ਹੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਨਵਜੋਤ ਸਿੱਧੂ ਨੇ ਸਰਕਾਰ ਨੂੰ ਹੀ ਘੱਟ ਪੜ੍ਹੀ-ਲਿਖੀ ਤੇ ਤਾਨਾਸ਼ਾਹ ਸਰਕਾਰ ਦੱਸਦਿਆਂ ਡਾਕਟਰਾਂ ਨੂੰ ਸਰਕਾਰੀ ਨੌਕਰੀ ਤੋਂ ਪਰਹੇਜ ਕਰਨ ਦੀ ਸਲਾਹ ਦਿੱਤੀ ਹੈ।

ਉਨ੍ਹਾਂ ਆਪਣੇ ਫੇਸਬੁੱਕ 'ਤੇ ਸਟੇਟਸ ਪਾ ਕੇ ਕਿਹਾ ਹੈ ਕਿ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਹਿਜ਼ 15,000 ਰੁਪਏ ਦੀ ਤਨਖਾਹ ਨੂੰ ਸਵੀਕਾਰ ਨਾ ਕਰਨ। ਉਨ੍ਹਾਂ ਕਿਹਾ ਹੈ ਕਿ ਉਹ ਮਾਲੀ ਜਾਂ ਕੁੱਕ ਦੇ ਬਰਾਬਰ ਤਨਖਾਹ ਉਤੇ ਕੰਮ ਨਾ ਕਰਨ। ਉਨ੍ਹਾਂ ਸਲਾਹ ਦਿੰਦਿਆਂ ਕਿਹਾ ਹੈ ਕਿ ਸਾਰੇ ਇਕ ਗਰੁੱਪ ਦੇ ਤੌਰ 'ਤੇ ਮਿਲ ਕੇ ਆਪਣੇ ਸਥਾਨਕ ਇਲਾਕਿਆਂ ਵਿਚ ਹੀ ਮੁਹੱਲਾ ਕਲੀਨਕ ਚਲਾਉਣਗੇ ਤਾਂ ਵੀ ਮਹੀਨੇ ਦਾ ਸਰਕਾਰੀ ਤਨਖਾਹ ਨਾਲੋਂ ਦੁੱਗਣਾ ਕਮਾ ਸਕਦੇ ਹਨ।

ਸਰਕਾਰੀ ਨੌਕਰੀ ਨਾਲੋਂ ਤਾਂ ਪ੍ਰਾਈਵੇਟ ਖੇਤਰ ਵਿਚ ਕੰਮ ਕਰਨਾ ਹੀ ਚੰਗਾ ਹੈ। ਉਨ੍ਹਾਂ ਸਰਕਾਰ ਨੂੰ ਡਿਕਟੇਟਰ ਦੀ ਉਪਾਧੀ ਦਿੱਤੀ ਹੈ ਜੋ ਡਾਕਟਰਾਂ ਤੋਂ ਕੰਮ ਦੇ ਭਾਰੀ ਬੋਝ ਹੇਠ ਡਿਊਟੀ ਕਰਵਾਉਂਦੀ ਹੈ ਤੇ ਡਾਕਟਰਾਂ ਦੇ ਮੁੱਦੇ ਪ੍ਰਤੀ ਬਿਲਕੁਲ ਹੀ ਸੰਵੇਦਨਸ਼ੀਲ ਨਹੀਂ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਡਾਕਟਰ ਨਵਜੋਤ ਕੌਰ ਸਿੱਧੂ ਸਰਕਾਰ ਖਿਲਾਫ ਖੁੱਲ੍ਹ ਕੇ ਆਵਾਜ਼ ਬੁਲੰਦ ਕਰਦੀ ਰਹੀ ਹੈ। ਕੁਝ ਸਮਾਂ ਪਹਿਲਾਂ ਉਨ੍ਹਾਂ ਵੱਲੋਂ ਫੇਸਬੁੱਕ ਉਤੇ ਹੀ ਭਾਜਪਾ ਵਿਚੋਂ ਅਸਤੀਫੇ ਦੇਣ ਦੀ ਘੋਸ਼ਣਾ ਕਰ ਦਿੱਤੀ ਸੀ ਪਰ ਬਾਅਦ ਵਿਚ ਉਨ੍ਹਾਂ ਭਾਜਪਾ ਹਾਈਕਮਾਨ ਨਾਲ ਗੱਲਬਾਤ ਕਰ ਕੇ ਅਸਤੀਫਾ ਨਹੀਂ ਦਿੱਤਾ ਸੀ।

# ਬਰਤਾਨਵੀ ਸੰਸਦ ਮੈਂਬਰ ਕੌਕਸ ਦੀ ਗੋਲੀਆਂ ਮਾਰ ਕੇ ਹੱਤਿਆ



**ਲੰਡਨ:** ਬਰਤਾਨੀਆ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਦੀ ਸੰਸਦ ਮੈਂਬਰ ਜੋ ਕੌਕਸ ਨੂੰ ਉੱਤਰੀ ਬਰਤਾਨੀਆ ਵਿਚ ਇਕ ਵਿਅਕਤੀ ਨੇ ਗੋਲੀਆਂ ਮਾਰ ਕੇ ਅਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਬੇਟਲੀ ਅਤੇ ਸਪਿਨ ਹਲਕੇ ਤੋਂ ਲੇਬਰ ਪਾਰਟੀ ਦੀ ਸੰਸਦ ਮੈਂਬਰ ਕੌਕਸ 'ਤੇ ਹਮਲੇ ਸਮੇਂ ਇਕ ਹੋਰ ਵਿਅਕਤੀ ਵੀ ਜ਼ਖ਼ਮੀ ਹੋਇਆ। ਪੁਲਿਸ ਨੇ ਦੱਸਿਆ ਕਿ ਹਮਲਾਵਰ 52 ਸਾਲਾ ਵਿਅਕਤੀ ਨੂੰ ਵੈਸਟ ਯਾਰਕਸ਼ਾਇਰ ਵਿਚ ਬਿਰਸਟਲ ਵਿਚ ਮਾਰਕੀ ਸਟਰੀਟ ਨੇੜਿਓਂ ਗ੍ਰਿਫਤਾਰ ਕਰ ਲਿਆ।

ਕੌਕਸ ਬਿਰਸਟਲ ' ਭਾਈਵਾਲਾਂ ਨਾਲ ਹਫਤਾਵਾਰ ਮੀਟਿੰਗ ਕਰਨ ਆਈ ਸੀ। ਕੌਕਸ 23 ਜੂਨ ਨੂੰ ਦੇਸ਼ ਵਿਚ ਹੋ ਰਹੀ ਰਾਇਸ਼ੁਮਾਰੀ ਤੋਂ ਪਹਿਲਾਂ ਬਰਤਾਨੀਆ ਦੇ ਯੂਰਪੀਨ ਯੂਨੀਅਨ ਵਿਚ ਬਣੇ ਰਹਿਣ ਲਈ ਮੁਹਿੰਮ ਚਲਾ ਰਹੀ ਸੀ। ਸੰਸਦ ਮੈਂਬਰ ਕੌਕਸ ਨੂੰ ਹਮਲਾਵਰ ਨੇ ਦੋ ਗੋਲੀਆਂ ਚਲਾ ਕੇ ਅਤੇ ਚਾਕੂ ਮਾਰ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਗੰਭੀਰ ਹਾਲਤ ਵਿਚ ਕਨੂੰਕਸ ਨੂੰ ਹਵਾਈ ਐਂਬੂਲੈਂਸ ਰਾਹੀਂ ਲੀਡਸ ਜਨਰਲ ਇਨਫਰਮਿਟੀ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਦੁਪਹਿਰ 12.53 ਵਜੇ ਘਟਨਾ ਬਾਰੇ ਫੋਨ ਆਇਆ ਸੀ ਕਿ ਇਕ ਔਰਤ ਨੂੰ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਹਮਲਾਵਰ ਜ਼ਖ਼ਮੀ ਹੋ ਕੇ ਫਰਸ਼ 'ਤੇ ਡਿੱਗੀ ਕੌਕਸ ਨੂੰ ਠੁੱਡਾਂ ਵੀ ਮਾਰਦਾ ਰਿਹਾ। ਬੇਟਲੀ ਇਲਾਕੇ ਦੀ ਜੰਮਪਲ ਕੌਕਸ ਦੋ ਬੱਚਿਆਂ ਦੀ ਮਾਂ ਸੀ ਅਤੇ 2015 ਦੀਆਂ ਚੋਣਾਂ ਵਿਚ ਸੰਸਦ ਮੈਂਬਰ ਬਣੀ ਸੀ।

# ਮ੍ਰਿਤਕ ਐਲਾਨਿਆ ਫੌਜੀ ਸੱਤ ਸਾਲਾਂ ਪਿੱਛੋਂ ਘਰ ਪਰਤਿਆ

**ਅਲਵਰ:** ਕੁਦਰਤ ਦੇ ਕ੍ਰਿਸ਼ਮੇ ਨੇ ਇਕ ਪਰਿਵਾਰ ਦੀਆਂ ਖਤਮ ਹੋਈਆਂ ਖੁਸ਼ੀਆਂ ਨੂੰ ਉਸ ਮੌਕੇ ਮੁੜ ਸੁਰਜੀਤ ਕਰ ਦਿੱਤਾ ਜਦ ਸੱਤ ਸਾਲ ਤੱਕ ਵਿਧਵਾ ਦਾ ਜੀਵਨ ਗੁਜ਼ਾਰਨ ਵਾਲੀ ਮਨੋਜ ਦੇਵੀ ਦਾ ਫੌਜੀ ਪਤੀ ਵਾਪਸ ਘਰ ਆ ਗਿਆ। ਫੌਜ ਨੇ ਲਾਪਤਾ ਹੋਏ ਇਸ ਜਵਾਨ ਨੂੰ ਮ੍ਰਿਤਕ ਸਮਝ ਕੇ ਉਸ ਦੀ ਪਤਨੀ ਨੂੰ ਪੈਨਸ਼ਨ ਵੀ ਲਗਾ ਦਿੱਤੀ ਸੀ। ਜਾਣਕਾਰੀ ਮੁਤਾਬਕ ਫੌਜ ਦੀ ਇਕ ਕਾਰ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਅਲਵਰ ਜ਼ਿਲ੍ਹੇ ਦੇ ਭੀਟੇੜਾ ਕਸਬਾ ਨਿਵਾਸੀ ਹੌਲਦਾਰ ਧਰਮਵੀਰ ਯਾਦਵ (39) ਲਾਪਤਾ ਹੋ ਗਿਆ ਸੀ ਤੇ ਫੌਜ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਉਸ ਦੀ ਪਤਨੀ ਨੂੰ ਪੈਨਸ਼ਨ ਲਗਾ ਦਿੱਤੀ ਗਈ, ਪਰ ਹਰਿਦੁਆਰ ਵਿਚ ਭਟਕ ਰਹੇ ਧਰਮਵੀਰ ਨੂੰ ਇਕ ਮੋਟਰਸਾਈਕਲ ਸਵਾਰ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਉਸ ਦੇ ਸਿਰ ਵਿਚ ਸੱਟ ਲੱਗ ਗਈ ਤੇ ਉਸ ਦੀ ਯਾਦਾਸ਼ਤ ਵਾਪਸ ਆ ਗਈ।



## ਦੱਖਣੀ ਕੋਰੀਆ ਜੁਲਾਈ ਤੋਂ ਸ਼ੁਰੂ ਕਰੇਗਾ ਭਾਰਤੀ ਅੰਬਾਂ ਦੀ ਦਰਾਮਦ

**ਨਵੀਂ ਦਿੱਲੀ:** ਦੱਖਣੀ ਕੋਰੀਆ ਵੱਲੋਂ ਅਗਲੇ ਮਹੀਨੇ ਤੋਂ ਫਲਾਂ ਦੇ ਰਾਜੇ ਭਾਰਤੀ ਅੰਬਾਂ ਦੀ ਦਰਾਮਦ ਕੀਤੀ ਜਾਵੇਗੀ। ਕੋਰੀਆ ਦੇ ਭਾਰਤ ਲਈ ਅੰਬੈਸਡਰ ਹਿਊਨ ਚੋਅ ਨੇ ਦੱਸਿਆ ਕਿ ਜੁਲਾਈ ਮਹੀਨੇ ਤੋਂ ਕੋਰੀਆ ਵੱਲੋਂ ਭਾਰਤੀ ਅੰਬਾਂ ਦੀ ਦਰਾਮਦ ਸ਼ੁਰੂ ਕੀਤੀ ਜਾਵੇਗੀ।

ਫੈਡਰੇਸ਼ਨ ਆਫ ਇੰਡੀਅਨ ਐਕਸਪੋਰਟ ਆਰਗੇਨਾਈਜੇਸ਼ਨ ਦੇ ਡਾਇਰੈਕਟਰ ਜਨਰਲ ਅਜੈ ਸਹਾਏ ਨੇ ਕਿਹਾ, 'ਕੋਰੀਆ ਨੇ ਇਸ ਕਦਮ ਲਈ ਸੱਤ ਜੂਨ ਨੂੰ ਹਾਮੀ ਭਰੀ ਸੀ। ਦਰਾਮਦ ਤੋਂ ਪਹਿਲਾਂ ਕੋਰੀਅਨ ਏਜੰਸੀ ਵੱਲੋਂ ਅੰਬਾਂ ਦੀ ਪੜਤਾਲ ਕੀਤੀ ਜਾਵੇਗੀ। ਭਾਰਤੀ ਅੰਬ ਕੋਰੀਅਨ ਮਾਰਕੀਟ ਵਿਚ ਪਾਕਿਸਤਾਨ, ਵੀਅਤਨਾਮ, ਥਾਈਲੈਂਡ ਅਤੇ ਫਿਲਪੀਨਜ਼ ਦੇ ਅੰਬਾਂ ਨੂੰ ਟੱਕਰ ਦੇਣਗੇ।' ਦੱਸਣਯੋਗ ਹੈ ਕਿ ਭਾਰਤ ਵੱਲੋਂ ਹਰ ਸਾਲ ਤਕਰੀਬਨ 41 ਹਜ਼ਾਰ ਟਨ ਅੰਬ ਪੱਛਮੀ ਏਸ਼ੀਆ, ਅਮਰੀਕਾ, ਆਸਟਰੇਲੀਆ, ਕੈਨੇਡਾ ਅਤੇ ਨਿਊਜ਼ੀਲੈਂਡ ਨੂੰ ਭੇਜਿਆ ਜਾਂਦਾ ਹੈ। ਭਾਰਤੀ ਅੰਬਾਂ ਦੇ ਯੂਰਪੀ ਯੂਨੀਅਨ ਅਤੇ ਯੂ.ਏ.ਈ. ਸਭ ਤੋਂ ਵੱਡੇ ਦਰਾਮਦਕਾਰ ਹਨ। ਕੋਰੀਅਨ ਰਾਜਦੂਤ ਨੇ ਕਿਹਾ ਕਿ ਮਜ਼ਬੂਤ ਘਰੇਲੂ ਬਾਜ਼ਾਰ ਅਤੇ ਪ੍ਰਧਾਨ ਮੰਤਰੀ ਦੀਆਂ ਮੇਕ ਇਨ ਇੰਡੀਆ, ਸਕਿੱਲ ਇੰਡੀਆ ਅਤੇ ਡਿਜੀਟਲ ਇੰਡੀਆ ਵਰਗੀਆਂ 'ਚੰਗੀਆਂ ਨੀਤੀਆਂ' ਕਾਰਨ ਆਉਣ ਵਾਲੇ ਵਰ੍ਹਿਆਂ ਵਿਚ ਭਾਰਤੀ ਆਰਥਿਕਤਾ ਸਿਖ਼ਰ ਵੱਲ ਵਧੇਗੀ।

# ਭਾਰਤ ਵਿਚ ਪੰਜ ਸਾਲ ਬਾਅਦ ਮੁੜ ਪੋਲੀਓ ਵਾਇਰਸ

**ਹੈਦਰਾਬਾਦ:** ਭਾਰਤ ਵਿਚ ਪੰਜ ਸਾਲ ਬਾਅਦ ਪੋਲੀਓ ਦਾ ਵਾਇਰਸ ਮੁੜ ਪਾਇਆ ਗਿਆ ਹੈ। ਸਿੰਕਦਰਾਬਾਦ ਰੇਲਵੇ ਸਟੇਸ਼ਨ ਨੇੜਿਓਂ ਸੀਵਰੇਜ ਦੇ ਪਾਣੀ ਦਾ ਨਮੂਨਾ ਲਿਆ ਗਿਆ, ਜਿਸ ਦਾ ਟੈਸਟ ਕਰਨ ਉਤੇ ਇਕ ਵਿਸ਼ੇਸ਼ ਤਰ੍ਹਾਂ ਦਾ ਪੋਲੀਓ ਵਾਇਰਸ (ਪੀ-2 ਸਟ੍ਰੇਨ) ਪਾਇਆ ਗਿਆ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆ ਤੇਲੰਗਾਨਾ ਸਰਕਾਰ ਨੇ ਪੋਲੀਓ ਖਿਲਾਫ਼ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਹੈਦਰਾਬਾਦ ਤੇ ਰੰਗਰੈਡੀ ਜ਼ਿਲ੍ਹਿਆਂ ਦੇ ਤਿੰਨ ਲੱਖ ਬੱਚਿਆਂ ਨੂੰ ਇਸ ਵਾਇਰਸ ਤੋਂ ਬਚਾਅ ਲਈ ਟੀਕੇ ਵੀ ਲਗਾਏ ਜਾਣਗੇ। ਦੱਸਿਆ ਜਾ ਰਿਹਾ ਹੈ ਕਿ ਇਹ ਵਾਇਰਸ ਵੀ.ਡੀ.ਪੀ.ਵੀ. ਹੈ।

ਮਾਹਿਰਾਂ ਅਨੁਸਾਰ ਸਭ ਤੋਂ ਵੱਧ ਡਰ ਇਸ ਗੱਲ ਦਾ ਹੈ ਕਿ ਇਹ ਵਾਇਰਸ ਹੋਰ ਸੂਬਿਆਂ ਵਿਚ ਵੀ ਫੈਲ ਸਕਦਾ ਹੈ। ਵਾਇਰਸ ਮਿਲਣ ਤੋਂ ਤੁਰਤ ਬਾਅਦ ਸਿਹਤ ਮੰਤਰਾਲੇ ਨੇ ਪ੍ਰਭਾਵਿਤ ਖੇਤਰ ਵਿਚ ਆਪਣੀ ਇਕ ਟੀਮ ਰਵਾਨਾ ਕੀਤੀ, ਹਾਲਾਂਕਿ ਅਜੇ ਤੱਕ ਕੋਈ ਵੀ ਬੱਚਾ ਇਸ ਵਾਇਰਸ ਤੋਂ ਪ੍ਰਭਾਵਿਤ ਨਹੀਂ ਪਾਇਆ ਗਿਆ। ਜ਼ਿਕਰਯੋਗ ਹੈ ਕਿ ਸਾਲ 2013 ਵਿਚ ਭਾਰਤ ਨੂੰ ਡਬਲਿਊ. ਐਚ.ਓ. ਨੇ ਪੂਰੀ ਤਰ੍ਹਾਂ ਪੋਲੀਓ ਮੁਕਤ ਦੇਸ਼ ਐਲਾਨਿਆ ਸੀ। ਉਧਰ, ਕੇਂਦਰੀ ਸਿਹਤ ਮੰਤਰੀ ਨੇ ਕਿਹਾ ਹੈ ਕਿ ਇਹ ਵਾਇਰਸ ਟੀਕੇ ਨਾਲ ਹੀ ਆਇਆ ਹੈ ਅਤੇ ਇਸ ਨਾਲ ਪੋਲੀਓ ਮੁਕਤ ਭਾਰਤ ਦੇ ਦਰਜੇ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੰਤਰਾਲਾ ਚੌਕਸੀ ਵਜੋਂ ਤੇਲੰਗਾਨਾ ਦੇ ਜ਼ਿਆਦਾ ਜ਼ੋਖਮ ਵਾਲੇ ਇਲਾਕਿਆਂ ਵਿਚ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਵੇਗਾ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਪੋਲੀਓ ਦਾ ਆਖਰੀ ਕੇਸ 13 ਜਨਵਰੀ, 2011 ਵਿਚ ਸਾਹਮਣੇ ਆਇਆ ਸੀ ਅਤੇ ਭਾਰਤ ਪੋਲੀਓ ਮੁਕਤ ਰਹੇਗਾ।



## ਭਾਰਤ ਵਿਚ ਜਣੇਪੇ ਦੌਰਾਨ ਹਰ ਘੰਟੇ ਪੰਜ ਔਰਤਾਂ ਦੀ ਮੌਤ

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਗਠਨ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਬੱਚੇ ਨੂੰ ਜਨਮ ਦੇਣ ਸਮੇਂ ਵਧੇਰੇ ਖੂਨ ਵਗ ਜਾਣ ਕਾਰਨ ਹਰ ਘੰਟੇ ਤਕਰੀਬਨ ਪੰਜ ਔਰਤਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿਚ ਹਰ ਸਾਲ ਤਕਰੀਬਨ 45,000 ਮਾਂਵਾਂ ਬੱਚਿਆਂ ਨੂੰ ਜਨਮ ਦੇਣ ਸਮੇਂ ਮਰ ਜਾਂਦੀਆਂ ਹਨ ਜੋ ਕਿ ਵਿਸ਼ਵ ਵਿਚ ਜਨਮ ਦੇਣ ਸਮੇਂ ਮਰਨ ਵਾਲੀਆਂ ਔਰਤਾਂ ਦਾ 17 ਫੀਸਦੀ ਬਣਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਦੱਸਿਆ ਹੈ ਕਿ ਮਾਵਾਂ ਦੀ ਮੌਤ ਦਾ ਵੱਡਾ ਕਾਰਨ ਬੱਚੇ ਨੂੰ ਜਨਮ ਦੇਣ ਦੌਰਾਨ ਪਹਿਲੇ 24 ਘੰਟਿਆਂ ਵਿਚ 500 ਤੋਂ 1000 ਮਿਲੀਗ੍ਰਾਮ ਤੱਕ ਖੂਨ ਦਾ ਵਗ ਜਾਣਾ ਹੈ।

ਭਾਰਤ ਵਿਚ ਇਕ ਲੱਖ ਬੱਚਿਆਂ ਨੂੰ ਜਨਮ ਦੇਣ ਸਮੇਂ ਕਰੀਬ 174 ਮਾਂਵਾਂ ਦੀ ਮੌਤ ਹੋ ਜਾਂਦੀ ਹੈ, ਭਾਰਤ ਵਿਚ ਹਰ ਸਾਲ ਤਕਰੀਬਨ 2.6 ਕਰੋੜ ਬੱਚੇ ਪੈਦਾ ਹੁੰਦੇ ਹਨ ਤੇ ਇਸ ਤਰ੍ਹਾਂ ਕਰੀਬ 45 ਹਜ਼ਾਰ ਮਾਂਵਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਦੇ ਆਪਣੇ ਅਨੁਮਾਨਤ ਅੰਕੜਿਆਂ ਮੁਤਾਬਕ ਵੀ 1 ਲੱਖ ਪਿੱਛੇ 167 ਮਾਂਵਾਂ ਬੱਚਿਆਂ ਨੂੰ ਜਨਮ ਦੇਣ ਸਮੇਂ ਮਰ ਜਾਂਦੀਆਂ ਹਨ ਜੋ ਕਿ 174 ਤੋਂ ਥੋੜ੍ਹਾ ਘੱਟ ਹਨ ਪਰ ਜਨਮ ਸਮੇਂ ਮਾਂਵਾਂ ਨੂੰ ਮੌਤ ਤੋਂ ਬਚਾਉਣ ਲਈ ਵੱਡੀ ਪਹਿਲ ਕਦਮੀ ਕਰਨ ਦੀ ਜ਼ਰੂਰਤ ਹੈ।

# ਮਿਸ਼ਨ-2017 ਫਤਹਿ ਕਰਨ ਲਈ ਮੈਦਾਨ ਵਿਚ ਨਿਤਰੀ 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ 'ਮਿਸ਼ਨ 2017' ਲਈ ਚੋਣ ਮੁਹਿੰਮ ਦਾ ਆਗਾਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਕਰੇਗੀ। ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਗਲੇ ਮਹੀਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਨੌਜਵਾਨ ਵਰਗ ਲਈ ਚੋਣ ਮਨੋਰਥ ਪੱਤਰ ਜਾਰੀ ਕਰਨਗੇ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਚੋਣ ਮੈਦਾਨ ਵਿਚ ਡਟ ਜਾਏਗੀ।

ਦਰਅਸਲ, 'ਮਿਸ਼ਨ 2017' ਨੂੰ ਫਤਹਿ ਕਰਨ ਲਈ ਆਮ ਆਦਮੀ ਪਾਰਟੀ ਪੱਬਾਂ ਭਾਰ ਹੈ। ਪਾਰਟੀ ਸਭ ਤੋਂ ਪਹਿਲਾਂ ਚੋਣ ਮਨੋਰਥ ਪੱਤਰ ਤੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਕੇ ਬਾਜ਼ੀ ਮਾਰਨਾ ਚਾਹੁੰਦੀ ਹੈ। ਪਾਰਟੀ ਦਾ ਦਾਅਵਾ ਹੈ ਕਿ ਜੁਲਾਈ ਦੇ ਅਖੀਰ ਵਿਚ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਜਾਏਗੀ। ਇਸ ਤੋਂ ਇਲਾਵਾ ਪੰਜਾਬ ਦੇ ਨੌਜਵਾਨ ਵਰਗ ਲਈ ਚੋਣ ਮਨੋਰਥ ਪੱਤਰ ਤਿੰਨ ਜੁਲਾਈ ਨੂੰ ਜਾਰੀ ਕਰ ਦਿੱਤਾ ਜਾਏਗਾ।

ਸੂਤਰਾਂ ਮੁਤਾਬਕ ਕੇਜਰੀਵਾਲ ਤਿੰਨ ਜੁਲਾਈ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਅੰਮ੍ਰਿਤਸਰ ਵਿਚ ਨੌਜਵਾਨ ਵਰਗ ਲਈ ਚੋਣ ਮਨੋਰਥ ਪੱਤਰ ਜਾਰੀ ਕਰਨਗੇ। ਇਸ ਤੋਂ ਬਾਅਦ ਦੂਜੇ ਵਰਗਾਂ ਦੇ ਚੋਣ ਮਨੋਰਥ ਪੱਤਰ ਵੀ ਜਾਰੀ ਕਰ ਦਿੱਤੇ ਜਾਣਗੇ। ਪਾਰਟੀ ਦੇ ਕੌਮੀ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਮੁਤਾਬਕ ਪੰਜਾਬ ਵਿਧਾਨ ਸਭਾ ਚੋਣਾਂ ਲਈ 20-20 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਜਾਵੇਗੀ। ਉਮੀਦਵਾਰਾਂ ਦੀ ਪਹਿਲੀ ਸੂਚੀ ਜੁਲਾਈ ਦੇ ਅਖੀਰ ਤੱਕ ਜਾਰੀ ਕਰ ਦਿੱਤੀ ਜਾਵੇਗੀ। 'ਆਪ' ਨੂੰ ਖਦਸ਼ਾ ਹੈ ਕਿ ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਨਾਲ ਪਾਰਟੀ ਅੰਦਰ ਵਿਰੋਧੀ ਸੁਰਾਂ ਉੱਭਰਨਗੀਆਂ। ਇਸ ਲਈ 'ਆਪ' ਚੋਣਾਂ ਤੋਂ ਛੇ ਮਹੀਨੇ ਪਹਿਲਾਂ ਹੀ ਸੂਚੀ ਜਾਰੀ ਕਰ ਕੇ ਇਨ੍ਹਾਂ ਵਿਰੋਧੀ ਸੁਰਾਂ ਨੂੰ ਸ਼ਾਂਤ ਕਰ ਲੈਣਾ ਚਾਹੁੰਦੀ ਹੈ।

## ਚੋਣ ਮੈਨੀਫੈਸਟੋ ਤੇ ਉਮੀਦਵਾਰਾਂ ਦੇ ਐਲਾਨ ਦੀ ਤਿਆਰੀ



## ਮੋਦੀ ਦੇਣਗੇ ਕੇਜਰੀਵਾਲ ਦੇ ਸਵਾਲਾਂ ਦਾ ਜਵਾਬ?

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਕ ਵਾਰ ਫਿਰ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ, ਕੇਜਰੀਵਾਲ ਨਾਲ ਆਪਣੀ ਲੜਾਈ ਵਿਚ ਦਿੱਲੀ ਦੇ ਲੋਕਾਂ ਨੂੰ ਤੰਗ ਨਾ ਕਰਨ। ਕੇਜਰੀਵਾਲ ਨੇ ਕਿਹਾ ਕਿ 1953 ਵਿਚ ਵੀ ਸੰਸਦੀ ਸਕੱਤਰ ਲਾਏ ਗਏ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਵਾਰ ਭਾਜਪਾ ਤੇ ਕਾਂਗਰਸ ਸਰਕਾਰਾਂ ਵੱਲੋਂ ਸੰਸਦੀ ਸਕੱਤਰਾਂ ਦੀ ਨਿਯੁਕਤੀ ਕੀਤੀ ਸੀ। ਕੇਜਰੀਵਾਲ ਨੇ ਦੋਸ਼ ਲਾਏ ਹਨ ਕਿ ਜਦੋਂ ਭਾਜਪਾ ਸੰਸਦੀ ਸਕੱਤਰ ਲਾਏ, ਉਦੋਂ ਸਭ ਸਹੀ ਹੁੰਦਾ ਹੈ ਪਰ ਜਦੋਂ ਆਮ ਆਦਮੀ ਪਾਰਟੀ ਨੇ ਸੰਸਦੀ ਸਕੱਤਰ ਲਾਏ ਤਾਂ ਇਹ ਗਲਤ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ 1997 ਵਿਚ, ਦਿੱਲੀ ਵਿਚ ਭਾਜਪਾ ਦੀ ਸਰਕਾਰ ਸੀ। ਉਸ ਵੇਲੇ ਵੀ ਸੰਸਦੀ ਸਕੱਤਰ ਲਾਏ ਗਏ ਸਨ। ਕਾਂਗਰਸ ਵਿਚ ਸ਼ੀਲਾ ਦੀਕਸ਼ਿਤ ਦੀ ਸਰਕਾਰ ਵੇਲੇ ਵੀ ਅਜੇ ਮਾਕਨ ਸੰਸਦੀ ਸਕੱਤਰ ਸਨ। ਉਨ੍ਹਾਂ ਕਿਹਾ ਕਿ ਮੋਦੀ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਲੜਾਈ ਕੇਜਰੀਵਾਲ ਨਾਲ ਹੈ। ਇਸ ਦੀ ਸਜ਼ਾ ਉਹ ਦਿੱਲੀ ਦੀ ਲੋਕਾਂ ਨੂੰ ਨਾ ਦੇਣ।

## ਪੰਜਾਬੀ ਭਾਸ਼ਾ ਦੇ ਮੁਰੀਦ ਹੋਏ ਕੇਜਰੀਵਾਲ

**ਨਵੀਂ ਦਿੱਲੀ:** 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਹਰ ਪੱਖੋਂ ਮਜ਼ਬੂਤ ਹੋਣ ਲਈ ਨਿੱਤ ਨਵੀਂ ਘਾਲਣਾ ਘਾਲਦੀ ਰਹਿੰਦੀ ਹੈ ਤੇ ਅੱਜ ਕੱਲ੍ਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਗੁਰਮੁਖੀ ਸਿੱਖਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੁਣਨ ਵਿਚ ਆਇਆ ਹੈ ਕਿ ਗੁਰਮੁਖੀ ਸਿੱਖਣ ਲਈ ਮੁੱਖ ਮੰਤਰੀ ਕਾਫੀ ਮਿਹਨਤ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੇ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਪੰਜਾਬੀ ਜ਼ੁਬਾਨ ਸਿੱਖਣਾ ਬਹੁਤ ਲਾਜ਼ਮੀ ਹੈ। ਸੂਤਰਾਂ ਅਨੁਸਾਰ ਪਿਛਲੇ ਮਹੀਨੇ ਤੋਂ ਉਹ ਰੋਜ਼ਾਨਾ ਦੋ ਘੰਟੇ ਦੀ ਕਲਾਸ ਵੀ ਲੈ ਰਹੇ ਹਨ। ਇਸ ਬਾਰੇ ਜਦ ਆਮ ਆਦਮੀ ਪਾਰਟੀ ਦੇ ਉਪ ਪ੍ਰਧਾਨ ਜਰਨੈਲ ਸਿੰਘ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਜਾਣਕਾਰੀ ਦਿੱਤੀ ਕਿ ਮੁੱਖ ਮੰਤਰੀ ਨੇ ਪੰਜਾਬੀ ਸਿੱਖ ਲਈ ਹੈ ਅਤੇ ਉਹ ਲਿਖ ਤੇ ਪੜ੍ਹ ਵੀ ਲੈਂਦੇ ਹਨ। ਮੁੱਖ ਮੰਤਰੀ ਵਿਚਾਲੇ ਗੱਲਬਾਤ ਦਾ ਸਿਲਸਿਲਾ ਹੁਣ ਪੰਜਾਬੀ ਭਾਸ਼ਾ ਵਿਚ ਹੀ ਚੱਲਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਕੋਈ ਜਾਣਕਾਰੀ ਦੇਣ ਤੋਂ ਗੁਰੇਜ਼ ਕੀਤਾ। ਜ਼ਿਕਰਯੋਗ ਹੈ ਕਿ ਕੇਜਰੀਵਾਲ ਨੇ ਆਪਣੇ ਭਾਸ਼ਣਾਂ ਦੌਰਾਨ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਸੀ ਤੇ ਪੰਜਾਬੀ ਵਿਚ ਗਾਣਾ ਵੀ ਗਾਇਆ ਸੀ।

# ਦਰਬਾਰ ਸਾਹਿਬ ਵਿਚ ਬੱਚੇ ਅਗਵਾ ਕਰਨ ਵਾਲੀ ਔਰਤ ਕਾਬੂ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚੋਂ ਅਗਵਾ ਕੀਤਾ ਬੱਚਾ ਸਹੀ ਸਲਾਮਤ ਬਰਾਮਦ ਕਰ ਲਿਆ ਗਿਆ। ਪੁਲਿਸ ਨੇ ਬੱਚੇ ਨੂੰ ਅਗਵਾ ਕਰਨ ਵਾਲੀ ਔਰਤ ਤੇ ਉਸ ਦੇ ਪਤੀ ਨੂੰ ਵੀ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਔਰਤ ਨੇ 14 ਜੂਨ ਨੂੰ ਪੰਜ ਸਾਲ ਦੇ ਮਾਸੂਮ ਬੱਚੇ ਨੂੰ ਅਗਵਾ ਕੀਤਾ ਸੀ। ਔਰਤ ਦੀਆਂ ਤਸਵੀਰਾਂ ਸੀ.ਸੀ.ਟੀ.ਵੀ. ਵਿਚ ਕੈਦ ਹੋ ਗਈਆਂ ਸਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਵੀ ਇਕ ਔਰਤ ਵੱਲੋਂ ਪਰਿਕਰਮਾ ਵਿਚੋਂ ਇਕ ਬੱਚਾ ਅਗਵਾ ਕੀਤਾ ਗਿਆ ਸੀ ਤੇ ਉਸ ਦੀਆਂ ਵੀ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋਈਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਕਾਬੂ ਕਰਨ ਵਿਚ ਸਫਲਤਾ ਮਿਲੀ ਸੀ।

ਉਧਰ, ਅਗਵਾ ਹੋਏ ਬੱਚੇ ਦੀ ਮਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ। ਅਗਵਾ ਹੋਏ ਪੰਜ ਸਾਲਾ ਬੱਚੇ ਵਿਸ਼ੂ ਦੀ ਮਾਂ ਰਾਧਿਕਾ ਮੁਤਾਬਕ ਉਹ ਜਲੰਧਰ ਤੋਂ 13 ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ ਸਨ। ਰਾਧਿਕਾ ਦੇ ਤਿੰਨ ਬੱਚੇ ਹਨ ਜਿਨ੍ਹਾਂ ਵਿਚੋਂ ਵਿਸ਼ੂ ਸਭ ਤੋਂ ਵੱਡਾ ਸੀ। ਉਨ੍ਹਾਂ ਨੇ ਗੁਰੂ ਅਰਜਨ ਦੇਵ ਨਿਵਾਸ ਵਿਚ ਕਮਰਾ ਬੁੱਕ ਕਰਵਾਇਆ ਸੀ। 14 ਤਰੀਕ ਨੂੰ ਜਦ ਉਸ ਦਾ ਪਤੀ ਤੇ ਬੱਚਾ ਗੁਰੂ ਰਾਮ ਦਾਸ ਲੰਗਰ ਹਾਲ ਵਿਚ ਲੰਗਰ ਛਕਣ



ਲਈ ਗਏ ਤਾਂ ਕੁਝ ਦੇਰ ਬਾਅਦ ਉਸ ਦਾ ਬੇਟਾ ਆਪਣੇ ਪਿਤਾ ਨਾਲੋਂ ਵੱਖ ਹੋ ਗਿਆ। ਪਿਤਾ ਅਪਾਹਜ ਹੋਣ ਕਰ ਕੇ ਉਸ ਨੂੰ ਲੱਭ ਨਹੀਂ ਸਕਿਆ। ਜਦ ਪਤੀ ਨੇ ਰਾਧਿਕਾ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਤਾਂ ਤੁਰਤ ਵਿਸ਼ੂ ਦੀ ਭਾਲ ਸ਼ੁਰੂ ਕੀਤੀ ਗਈ। ਰਾਧਿਕਾ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਇਸ ਬਾਰੇ ਦੱਸਿਆ। ਇਸ 'ਤੇ ਹਰਿਮੰਦਰ ਸਾਹਿਬ ਵਿਖੇ ਲੱਗੇ ਸਾਰੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਗਈ ਤਾਂ ਪਤਾ ਲੱਗਿਆ ਕੀ ਉਸ ਦੇ ਬੇਟੇ ਨੂੰ ਇਕ ਔਰਤ ਨੇ ਅਗਵਾ ਕੀਤਾ ਹੈ। ਅਗਵਾਕਾਰ ਔਰਤ ਉਸ ਦੇ ਬੇਟੇ ਨੂੰ ਕਰੀਬ ਤਿੰਨ ਘੰਟੇ ਹਰਿਮੰਦਰ ਸਾਹਿਬ ਦੇ ਆਸ ਪਾਸ ਲੈ ਕੇ ਘੁੰਮਦੀ ਰਹੀ ਤੇ ਉਸ ਨੇ ਉਸ ਨੂੰ ਦੋ ਵਾਰ ਸਰੋਵਰ ਵਿਚ ਇਸ਼ਨਾਨ ਕਰਵਾਇਆ ਤੇ ਬਾਅਦ ਵਿਚ ਉਸ ਨੂੰ ਉਥੋਂ ਲੈ ਕੇ ਫਰਾਰ ਹੋ ਗਈ ਸੀ।

## ਲੁਧਿਆਣਾ ਤੇ ਚੰਡੀਗੜ੍ਹ ਵਿਚਾਲੇ ਘਟੇਗੀ ਦੂਰੀ

**ਨਵੀਂ ਦਿੱਲੀ:** ਚੰਡੀਗੜ੍ਹ-ਲੁਧਿਆਣਾ ਸੜਕ ਛੇਤੀ ਹੀ ਛੇ ਮਾਰਗੀ ਬਣਨ ਜਾ ਰਹੀ ਹੈ। ਇਸ ਲਈ ਕੇਂਦਰੀ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਨੇ ਇਸ ਪ੍ਰੋਜੈਕਟ ਲਈ 2070 ਕਰੋੜ ਰੁਪਏ ਵੀ ਮਨਜ਼ੂਰ ਕਰ ਦਿੱਤੇ ਹਨ।

ਲੁਧਿਆਣਾ ਤੋਂ ਖਰੜ ਤੱਕ 76 ਕਿਲੋਮੀਟਰ ਲੰਬੇ ਨਿਰਮਾਣ ਲਈ 383.22 ਹੈਕਟੇਅਰ ਜ਼ਮੀਨ ਦੀ ਲੋੜ ਪਏਗੀ ਜਿਸ 'ਚੋਂ ਜ਼ਿਆਦਾਤਰ ਜ਼ਮੀਨ ਹਾਸਲ ਕਰ ਲਈ ਗਈ ਹੈ। ਬਾਕੀ ਰਹਿੰਦੀ 145 ਹੈਕਟੇਅਰ ਜ਼ਮੀਨ ਛੇਤੀ ਹੀ ਐਕੁਆਇਰ ਕਰ ਲਈ ਜਾਏਗੀ। ਸੜਕ ਆਵਾਜਾਈ ਅਤੇ ਰਾਜਮਾਰਗਾਂ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਮੁਤਾਬਕ ਪ੍ਰੋਜੈਕਟ ਪੂਰਾ ਹੋਣ ਲਈ 30 ਮਹੀਨਿਆਂ ਦਾ ਸਮਾਂ ਲੱਗੇਗਾ। ਇਸ ਦੇ 54 ਕਿਲੋਮੀਟਰ ਹਿੱਸੇ ਨੂੰ ਛੇ ਅਤੇ 22 ਕਿਲੋਮੀਟਰ ਹਿੱਸੇ ਨੂੰ ਚਾਰ ਮਾਰਗੀ ਬਣਾਇਆ ਜਾਏਗਾ। ਕੇਂਦਰੀ ਮੰਤਰਾਲੇ ਵੱਲੋਂ 2006 ਵਿਚ ਨੈਸ਼ਨਲ ਹਾਈਵੇ 21 ਤੇ 95 ਦੇ ਚੰਡੀਗੜ੍ਹ-ਲੁਧਿਆਣਾ ਸੈਕਸ਼ਨ ਨੂੰ ਨਿੱਜੀ ਕੰਪਨੀਆਂ ਦੇ ਸਹਿਯੋਗ ਨਾਲ ਬਣਾਉਣ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਪ੍ਰੋਜੈਕਟ ਨੂੰ ਬਾਅਦ ਵਿਚ ਦੋ ਹਿੱਸਿਆਂ ਚੰਡੀਗੜ੍ਹ-ਖਰੜ ਅਤੇ ਖਰੜ-ਲੁਧਿਆਣਾ ਵਿਚ ਵੰਡ ਦਿੱਤਾ ਗਿਆ ਸੀ। ਚੰਡੀਗੜ੍ਹ-ਖਰੜ ਤੱਕ ਦੇ ਹਿੱਸੇ ਲਈ ਪਹਿਲਾਂ ਹੀ ਕੰਮ ਸ਼ੁਰੂ ਹੋ ਰਿਹਾ ਹੈ। ਇਸ ਪ੍ਰੋਜੈਕਟ ਤਹਿਤ ਦੋ ਵੱਡੇ ਅਤੇ ਇਕ ਛੋਟਾ ਪੁਲ ਬਣਾਏ ਜਾਣ ਦੀ ਤਜਵੀਜ਼ ਹੈ। ਇਸ ਦੇ ਨਾਲ ਸਮਰਾਲਾ ਵਿਚ 7.9 ਕਿਲੋਮੀਟਰ ਲੰਬਾ ਬਾਈਪਾਸ ਵੀ ਬਣਾਇਆ ਜਾਣਾ ਹੈ।

# 'ਆਪ' ਵਲੋਂ ਹਰਿਆਣਾ ਤੇ ਗੁਜਰਾਤ ਵਿਚ ਵੀ ਖੰਭ ਫੈਲਾਉਣ ਦੀ ਤਿਆਰੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਪ੍ਰਾਪਤ ਕਰਨ ਮਗਰੋਂ ਹੁਣ ਪੰਜਾਬ ਤੇ ਗੋਆ ਤੋਂ ਇਲਾਵਾ ਹਰਿਆਣਾ ਤੇ ਗੁਜਰਾਤ ਵਿਚ ਵੀ ਆਪਣੇ ਖੰਭ ਫੈਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। 'ਆਪ' ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਜੀਅ ਜਾਨ ਨਾਲ ਲੜੀਆਂ ਜਾਣਗੀਆਂ ਤੇ ਗੋਆ ਵਿਧਾਨ ਚੋਣਾਂ ਲੜਨ ਦੀ ਇੱਛਾ ਤਾਂ ਪਾਰਟੀ ਪਹਿਲਾਂ ਹੀ ਪ੍ਰਗਟਾ ਚੁੱਕੀ ਹੈ। ਹਰਿਆਣਾ ਦੇ 'ਆਪ' ਕਨਵੀਨਰ ਨਵੀਨ ਜੈ ਹਿੰਦ ਵੱਲੋਂ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪਾਰਟੀ ਵਰਕਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਤੇ ਫਰੀਦਾਬਾਦ ਸਮੇਤ ਹਰਿਆਣਾ ਦੇ ਹੋਰ ਹਿੱਸਿਆਂ ਵਿਚ ਹੋਣ ਵਾਲੀਆਂ ਸਥਾਨਕ ਚੋਣਾਂ ਲਈ ਪਾਰਟੀ ਵਰਕਰਾਂ ਤੋਂ ਤਿਆਰੀ ਕਰਵਾਈ ਜਾ ਰਹੀ ਹੈ।

ਸੂਤਰਾਂ ਮੁਤਾਬਕ ਆਉਣ ਵਾਲੇ ਸਮੇਂ ਵਿਚ 'ਆਪ' ਵੱਲੋਂ ਪੰਜਾਬ ਤੇ ਗੋਆ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਹਰਿਆਣਾ ਤੇ ਗੁਜਰਾਤ ਵਿਚ ਚੋਣਾਂ ਲੜਨ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਗੁਜਰਾਤ ਵਿਚ ਘੇਰਨ ਲਈ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 10 ਜੁਲਾਈ ਨੂੰ ਗੁਜਰਾਤ ਦਾ ਦੌਰਾ ਕਰਨਗੇ ਤੇ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਉਹ ਇਸ ਦਾ ਐਲਾਨ ਉਥੇ ਕਰ ਸਕਦੇ ਹਨ।

'ਆਪ' ਗੁਜਰਾਤ ਤੋਂ ਇਲਾਵਾ ਹਰਿਆਣਾ ਵੱਲ ਵੀ ਝਾਕ ਰਹੀ ਹੈ। ਦਿੱਲੀ ਨੂੰ ਹਰਿਆਣਾ ਤਿੰਨ ਪਾਸਿਉਂ ਘੇਰਦਾ ਹੈ ਤੇ ਰਾਜਧਾਨੀ ਦੀਆਂ ਸਿਆਸੀ ਸਰਗਰਮੀਆਂ ਦਾ ਸਿੱਧਾ ਅਸਰ ਹਰਿਆਣਾ ਉਪਰ ਪੈਣਾ ਲਾਜ਼ਮੀ ਹੈ ਕਿਉਂਕਿ ਲੱਖਾਂ ਹਰਿਆਣਵੀ ਰੋਜ਼ ਦਿੱਲੀ ਨੌਕਰੀ ਕਰਨ ਜਾਂ ਕਾਰੋਬਾਰ ਕਰਨ ਆਉਂਦੇ ਹਨ। ਹਰਿਆਣਾ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਸਿਆਸੀ ਹਾਲਤ ਬਦਲੇ ਹਨ।

# ਇਰਾਕ ਵਿਚ ਬੰਦੀ ਪੰਜਾਬੀਆਂ ਦੇ ਕਤਲ ਦਾ ਦਾਅਵਾ

**ਨਵੀਂ ਦਿੱਲੀ:** ਜੂਨ 2014 ਵਿਚ ਇਰਾਕ ਦੇ ਮੌਸੂਲ ਤੋਂ ਅਗਵਾ ਹੋਏ 39 ਭਾਰਤੀਆਂ ਬਾਰੇ ਕੁਰਦਿਸ਼ ਅਧਿਕਾਰੀਆਂ ਨੇ ਖੁਲਾਸਾ ਕੀਤਾ ਹੈ। ਇੰਟੈਲੀਜੈਂਸ ਰਿਪੋਰਟਾਂ ਦੇ ਆਧਾਰ 'ਤੇ ਕੁਰਦਿਸ਼ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਆਈ.ਐਸ. ਵੱਲੋਂ ਅਗਵਾ ਕੀਤੇ 39 ਭਾਰਤੀਆਂ ਨੂੰ ਕਤਲ ਕਰ ਦਿੱਤਾ ਗਿਆ ਹੈ।

ਹਾਲਾਂਕਿ ਭਾਰਤ ਸਰਕਾਰ ਨੇ ਇਸ ਦਾਅਵੇ ਨੂੰ ਗਲਤ ਕਰਾਰ ਦਿੱਤਾ ਹੈ। ਇਕ ਅੰਗਰੇਜ਼ੀ ਅਖਬਾਰ ਮੁਤਾਬਕ, "ਕੁਰਦਿਸ਼ ਰੀਜਨਲ ਗੌਰਮੈਂਟ ਦੇ ਇਕ ਸੀਨੀਅਰ ਅਫਸਰ ਨੇ ਈਮੇਲ ਰਾਹੀਂ ਦੱਸਿਆ ਹੈ ਕਿ ਖੋਜ ਪੜਤਾਲ ਤੇ ਜਾਂਚ ਮਗਰੋਂ ਜਿੰਨੀ ਵੀ ਜਾਣਕਾਰੀ ਮਿਲੀ ਹੈ, ਉਸ ਤੋਂ ਸਾਫ ਹੈ ਕਿ ਭਾਰਤੀ ਕਾਮਿਆਂ ਨੂੰ ਬਦੋਸ਼ (ਮੌਸੂਲ ਦੇ ਨੇੜੇ) ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਅਗਵਾ ਕਰਨ ਤੋਂ ਕੁਝ ਦਿਨ ਬਾਅਦ ਹੀ ਉਨ੍ਹਾਂ ਨੂੰ ਮਾਰ ਕੇ ਸਾਹਜੀ ਨੇੜੇ ਸਮੂਹਕ ਕਬਰ ਵਿਚ ਦੱਬ ਦਿੱਤਾ ਗਿਆ ਸੀ।"ਕੁਰਦਿਸ਼ ਅਫਸਰ ਨੇ ਦੱਸਿਆ ਕਿ ਇੰਟੈਲੀਜੈਂਸ ਰਿਪੋਰਟਸ ਦੇ ਆਧਾਰ ਉਤੇ ਇਹ ਜਾਣਕਾਰੀ ਸਾਹਮਣੇ ਆਈ ਹੈ। ਬਦੂਸ਼, ਮੌਸੂਲ ਦੀ ਯੂਨੀਵਰਸਿਟੀ ਲੇਕ ਟਾਵਰ ਤੋਂ 10 ਕਿਲੋਮੀਟਰ ਵੈਸਟ ਵਿਚ ਹੈ। 2014 'ਚ ਇਥੋਂ 39 ਭਾਰਤੀ ਕਾਮਿਆਂ ਨੂੰ ਅਗਵਾ ਕਰ ਲਿਆ ਗਿਆ ਸੀ। ਹਾਲਾਂਕਿ ਭਾਰਤੀ ਵਿਦੇਸ਼ ਮੰਤਰਾਲੇ ਨੇ ਕੁਰਦਿਸ਼ ਰੀਜਨਲ ਗੌਰਮੈਂਟ ਦੇ ਇਸ ਦਾਅਵੇ ਨੂੰ ਨਕਾਰ ਦਿੱਤਾ ਹੈ। ਭਾਰਤ ਵਿਦੇਸ਼ ਮੰਤਰਾਲੇ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਅਗਵਾ ਕੀਤੇ ਕਈ ਭਾਰਤੀਆਂ ਦੇ ਸਹੀ ਸਲਾਮਤ ਹੋਣ ਦੀਆਂ ਇੰਟੈਲੀਜੈਂਸ ਰਿਪੋਰਟ ਮਿਲੀਆਂ ਹਨ। ਸਰਕਾਰ ਇਸ ਮਾਮਲੇ 'ਤੇ ਕਈ ਦੇਸ਼ਾਂ ਦੀ ਮਦਦ ਲੈ ਰਹੀ ਹੈ।

## ਭਾਰਤ ਨੇ ਕੁਰਦਿਸ਼ ਅਧਿਕਾਰੀਆਂ ਦੇ ਦਾਅਵੇ ਨਕਾਰੇ



## ਇਰਾਕੀ ਫੌਜਾਂ ਵਲੋਂ ਆਈ. ਐਸ. ਉਤੇ ਚੜ੍ਹਾਈ

**ਬਗਦਾਦ:** ਇਰਾਕੀ ਫੌਜਾਂ ਨੇ ਮੁੜ ਫਲੂਜਾ ਸ਼ਹਿਰ ਵਿਚ ਸਰਕਾਰੀ ਹੈਡਕੁਆਟਰ ਦਾ ਕੰਟਰੋਲ ਇਸਲਾਮਿਕ ਸਟੇਟ ਅਤਿਵਾਦੀਆਂ ਤੋਂ ਆਪਣੇ ਹੱਥਾਂ ਵਿਚ ਲੈ ਲਿਆ। ਚੋਟੀ ਦੇ ਇਰਾਕੀ ਕਮਾਂਡਰਾਂ ਨੇ ਦੱਸਿਆ ਕਿ ਅਤਿਵਾਦ ਵਿਰੋਧੀ ਸੇਵਾ ਅਤੇ ਰੈਪਿਡ ਰਿਸਪਾਂਸ ਫੋਰਸਾਂ ਨੇ ਫਲੂਜਾ ਦੇ ਕੇਂਦਰ ਵਿਚ ਸਰਕਾਰੀ ਹੈਡਕੁਆਟਰ ਨੂੰ ਮੁੜ ਆਪਣੇ ਕੰਟਰੋਲ ਵਿਚ ਲੈ ਲਿਆ ਹੈ।

ਇਰਾਕ ਦੀ ਫੈਡਰਲ ਪੁਲਿਸ ਦੇ ਮੁਖੀ ਰੀਡ ਸ਼ਕੇਰ ਜਾਵਦਤ ਨੇ ਅੱਗੇ ਵਧਣ ਦੀ ਪੁਸ਼ਟੀ ਕੀਤੀ ਹੈ ਜਿਸ ਨੂੰ ਉਨ੍ਹਾਂ ਸ਼ਹਿਰ ਉਤੇ ਮੁੜ ਕਬਜ਼ਾ ਕਰਨ ਲਈ ਲਗਭਗ ਚਾਰ ਹਫਤੇ ਪਹਿਲਾਂ ਸ਼ੁਰੂ ਕੀਤੇ ਹਮਲੇ ਦਾ ਇਕ ਮਹੱਤਵਪੂਰਨ ਕਦਮ ਦੱਸਿਆ ਹੈ। ਕਮਾਂਡਰਾਂ ਨੇ ਕਿਹਾ ਕਿ ਉਨ੍ਹਾਂ ਦੇ ਬਲਾਂ ਨੂੰ ਸ਼ਹਿਰ ਦੇ ਕੇਂਦਰ ਵਿਚ ਜਾਣ ਲਈ ਇਸਲਾਮਿਕ ਸਟੇਟ ਦੇ ਲੜਾਕਿਆਂ ਤੋਂ ਸੀਮਤ 'ਚ ਵਿਰੋਧ ਦਾ ਹੀ ਸਾਹਮਣਾ ਕਰਨਾ ਪਿਆ। ਇਸਲਾਮਿਕ ਸਟੇਟ ਨੇ 2014 ਵਿਚ ਫਲੂਜਾ ਸ਼ਹਿਰ ਇਰਾਕੀ ਬਲਾਂ ਤੋਂ ਖੋਹ ਲਿਆ ਸੀ।

## ਆਦਮਪੁਰ ਹਵਾਈ ਅੱਡੇ ਨੂੰ ਪ੍ਰਵਾਨਗੀ

**ਨਵੀਂ ਦਿੱਲੀ:** ਬੋਰਡ ਆਫ ਏਅਰ ਪੋਰਟ ਅਥਾਰਟੀ ਨੇ ਆਦਮਪੁਰ ਵਿਖੇ ਨਾਗਰਿਕ ਹਵਾਈ ਅੱਡਾ ਬਣਾਉਣ ਲਈ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਜਾਣਕਾਰੀ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਪੀ. ਅਸ਼ੋਕ ਗਜਪਤੀ ਰਾਜੂ ਨਾਲ ਮੀਟਿੰਗ ਕਰਨ ਪਿਛੋਂ ਦਿੱਤੀ। ਸ੍ਰੀ ਸਾਂਪਲਾ ਨੇ ਦੱਸਿਆ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲਾ ਹੁਣ ਰਸਮੀ ਰੂਪ ਵਿਚ ਜ਼ਰੂਰਤਾਂ ਪੂਰੀਆਂ ਕਰਨ ਲਈ ਪੰਜਾਬ ਸਰਕਾਰ ਨੂੰ ਪੱਤਰ ਲਿਖੇਗਾ ਜਿਸ ਬਾਰੇ ਪੰਜਾਬ ਸਰਕਾਰ ਨੇ ਪਹਿਲਾਂ ਹੀ ਭਰੋਸਾ ਦਿੱਤਾ ਹੋਇਆ ਹੈ।

ਬਾਅਦ ਵਿਚ ਸ੍ਰੀ ਸਾਂਪਲਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹਵਾਈ ਅੱਡੇ ਨੂੰ ਮਿਲੀ ਰਸਮੀ ਪ੍ਰਵਾਨਗੀ ਬਾਰੇ ਜਾਣੂ ਕਰਵਾਇਆ। ਸੁਖਬੀਰ ਸਿੰਘ ਬਾਦਲ ਨੇ ਸ੍ਰੀ ਸਾਂਪਲਾ ਨੂੰ ਭਰੋਸਾ ਦਿੱਤਾ ਕਿ ਜਿਉਂ ਹੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਸਰਕਾਰੀ ਸੰਦੇਸ਼ ਮਿਲੇਗਾ, ਸਰਕਾਰ ਸਾਰੀਆਂ ਲੋੜਾਂ ਛੇਤੀ ਪੂਰੀਆਂ ਕਰ ਦੇਵੇਗੀ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਬਾ ਬੰਦਾ ਬਹਾਦਰ ਦੀ ਯਾਦ ਵਿਚ ਸਿੱਕਾ ਜਾਰੀ

**ਨਵੀਂ ਦਿੱਲੀ:** ਕੇਂਦਰੀ ਵਿੱਤ ਤੇ ਸੂਚਨਾ ਪ੍ਰਸਾਰਨ ਮੰਤਰੀ ਅਰੁਣ ਜੇਤਲੀ ਨੇ ਬਾਬਾ ਬੰਦਾ ਬਹਾਦਰ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਯਾਦਗਾਰੀ ਸਿੱਕਾ ਇੱਥੇ ਕੌਮੀ ਮੀਡੀਆ ਕੇਂਦਰ ਵਿਚ ਜਾਰੀ ਕੀਤਾ। ਉਨ੍ਹਾਂ ਚਾਂਦੀ ਦਾ ਸਿੱਕਾ ਜਾਰੀ ਕਰਦੇ ਹੋਏ ਕਿਹਾ ਕਿ ਬਾਬਾ ਬੰਦਾ ਬਹਾਦਰ ਨੇ ਮੁਗ਼ਲਾਂ ਦੀ ਹਕੂਮਤ ਨੂੰ ਉਖਾੜਨ ਵਿਚ ਅਹਿਮ ਭੂਮਿਕਾ ਨਿਭਾਈ।

ਉਨ੍ਹਾਂ ਕਿਹਾ ਕਿ ਅਜਿਹੇ ਯੋਧਿਆਂ ਦੀਆਂ ਕੁਰਬਾਨੀਆਂ ਭਰੇ ਇਤਿਹਾਸ ਨੂੰ ਆਮ ਲੋਕਾਂ ਤੱਕ ਪੁੱਜਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਲਾਹ ਦਿੱਤੀ ਕਿ ਕਮੇਟੀ ਬਾਬਾ ਬੰਦਾ ਬਹਾਦਰ ਬਾਰੇ ਡਾਕੂਮੈਂਟਰੀ ਤਿਆਰ ਕਰੇ ਜੋ ਉਨ੍ਹਾਂ ਦੇ ਜੀਵਨ ਅਤੇ ਉਸ ਕਾਲ ਨੂੰ ਬਿਆਨ ਕਰੇ।

ਉਨ੍ਹਾਂ ਇਸ ਮੌਕੇ ਇੱਕ ਸੀਡੀ ਵੀ ਜਾਰੀ ਕੀਤੀ ਤੇ ਕਿਹਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਹੇਠ ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਵੱਡੇ ਪੱਧਰ 'ਤੇ ਮਨਾ ਕੇ ਇਸ ਯੋਧੇ ਨੂੰ ਯਾਦ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪੁੱਜਣਗੇ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਬਾਬਾ ਬੰਦਾ ਬਹਾਦਰ ਦਾ ਇਤਿਹਾਸ ਦੱਸਦਿਆਂ ਕਿਹਾ ਕਿ ਬਾਬਾ ਬੰਦਾ ਬਹਾਦਰ ਨੇ 46 ਸਾਲ ਦੀ ਉਮਰ ਵਿਚ ਸਿੱਖਾਂ ਦੇ ਕੁਰਬਾਨੀਆਂ ਦੇ ਸੰਕਲਪ ਦੀ ਰਵਾਇਤ ਨਿਭਾਈ ਤੇ ਦਿੱਲੀ ਵਿਚ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਮੁਗ਼ਲਾਂ ਨਾਲ 1710 ਤੋਂ 1716 ਵਿਚ ਫ਼ੈਸਲਾਕੁਨ ਲੜਾਈਆਂ ਲੜੀਆਂ।




## ਜੁੱਤੀਆਂ ਉਤੇ 'ਓਮ' ਲਿਖ ਕੇ ਵੇਚਣ ਵਾਲਾ ਕਾਬੂ

**ਕਰਾਚੀ:** ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿਚ ਪੁਲਿਸ ਨੇ ਇਕ ਦੁਕਾਨਦਾਰ ਨੂੰ ਗ੍ਰਿਫਤਾਰ ਕੀਤਾ ਹੈ ਜੋ ਪਵਿੱਤਰ ਹਿੰਦੂ ਸ਼ਬਦ 'ਓਮ' ਛਪੀਆਂ ਹੋਈਆਂ ਜੁੱਤੀਆਂ ਵੇਚ ਰਿਹਾ ਸੀ। ਦੇਸ਼ ਦੇ ਘੱਟ ਗਿਣਤੀ ਭਾਈਚਾਰੇ ਦੇ ਵਿਰੋਧ ਤੋਂ ਬਾਅਦ ਕਾਰਵਾਈ ਕਰਦੇ ਹੋਏ ਪੁਲਿਸ ਨੇ ਇਨ੍ਹਾਂ ਜੁੱਤੀਆਂ ਨੂੰ ਵੀ ਜ਼ਬਤ ਕਰ ਲਿਆ। ਪਾਕਿਸਤਾਨ ਹਿੰਦੂ ਕਾਊਂਸਲ (ਪੀ.ਐਚ.ਸੀ.) ਦੇ ਚੇਅਰਮੈਨ ਰਮੇਸ਼ ਕੁਮਾਰ ਵਾਂਕਵਾਨੀ ਨੇ ਕਿਹਾ ਕਿ ਦੁਕਾਨਦਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਅਹਿਮਦਾਬਾਦ ਧਮਾਕਿਆਂ ਦਾ ਦੋਸ਼ੀ ਗ੍ਰਿਫਤਾਰ

**ਅਹਿਮਦਾਬਾਦ:** ਗੁਜਰਾਤ ਏ.ਟੀ.ਐਸ. ਨੇ 2008 ਵਿਚ ਅਹਿਮਦਾਬਾਦ ਬੰਬ ਧਮਾਕਿਆਂ ਦੇ ਇਕ ਫਰਾਰ ਦੋਸ਼ੀ ਨਾਸਿਰ ਰੰਗਰੇਜ਼ ਨੂੰ ਕਰਨਾਟਕ ਤੋਂ ਗ੍ਰਿਫਤਾਰ ਕਰ ਲਿਆ ਹੈ। ਏ.ਟੀ.ਐਸ. ਅਧਿਕਾਰੀ ਨੇ ਦੱਸਿਆ ਕਿ ਗੁਜਰਾਤ ਪੁਲਿਸ ਅੱਠ ਸਾਲ ਤੋਂ ਉਸ ਦੀ ਭਾਲ ਕਰ ਰਹੀ ਸੀ। ਆਟੋ ਚਲਾਉਣ ਵਾਲੇ ਨਾਸਿਰ (38) ਨੂੰ ਉਸ ਦੇ ਖੜੇ ਬਾਜ਼ਾਰ ਰੋਡ, ਬੇਲਗਾਮ ਸਥਿਤ ਘਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

# ਕਿਸਾਨੀ ਬਾਰੇ ਬਾਦਲ ਨੂੰ ਜੇਤਲੀ ਦਾ ਕੋਰਾ ਜਵਾਬ

**(ਸਫਾ ਇਕ ਦੀ ਬਾਕੀ)**

ਹੈ। ਪੰਜਾਬ ਵਿਚ 70 ਫੀਸਦੀ ਲੋਕ ਕਿਸੇ ਨਾ ਕਿਸੇ ਢੰਗ ਨਾਲ ਖੇਤੀ ਦੇ ਕਿੱਤੇ ਨਾਲ ਜੁੜੇ ਹੋਏ ਹਨ। ਸੂਬੇ ਵਿਚ ਕਿਸਾਨ ਪਰਿਵਾਰਾਂ ਨਾਲ ਸਬੰਧਤ ਨੌਜਵਾਨਾਂ ਦੀ ਵੱਡੀ ਗਿਣਤੀ ਪੜ੍ਹ ਲਿਖ ਕੇ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੀ ਹੈ। ਇਹ ਨੌਜਵਾਨ ਨੌਕਰੀ ਦੇ ਹਿਰਸ ਵਿਚ ਖੇਤੀ ਦੇ ਕਿੱਤੇ ਤੋਂ ਪਹਿਲਾਂ ਹੀ ਮੂੰਹ ਮੋੜ ਚੁੱਕੇ ਹਨ ਤੇ ਬੇਰੁਜ਼ਗਾਰੀ ਕਾਰਨ ਜਾਂ ਤਾਂ ਨਸ਼ਿਆਂ ਦੇ ਲੜ ਲੱਗ ਰਹੇ ਹਨ ਜਾਂ ਫਿਰ ਖੁਦਕੁਸ਼ੀ ਦੇ ਰਾਹ ਪੈ ਰਹੇ ਹਨ। ਇਕ ਸਰਵੇਖਣ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ 26 ਤੋਂ 45 ਸਾਲ ਵਿਚਲੀ ਉਮਰ ਵਰਗ ਦੇ ਕਿਸਾਨਾਂ ਵਿਚ ਖੁਦਕੁਸ਼ੀਆਂ ਦਾ ਰੁਝਾਨ ਵਧਿਆ ਹੈ। ਕੌਮੀ ਸੈਂਪਲ ਸਰਵੇਖਣ ਸੰਸਥਾ ਦੇ ਅੰਕੜਿਆਂ ਮੁਤਾਬਕ 50 ਤੋਂ 70 ਫ਼ੀਸਦੀ ਕਿਸਾਨੀ ਪਰਿਵਾਰ ਲੋੜ ਤੋਂ ਘੱਟ ਆਮਦਨ ਉਪਰ ਗੁਜ਼ਾਰਾ ਕਰ ਰਹੇ ਹਨ। 2012-2013 ਦੀ ਰਿਪੋਰਟ ਮੁਤਾਬਕ ਕਿਸਾਨ ਪਰਿਵਾਰ ਦੀ ਔਸਤਨ ਆਮਦਨ ਪ੍ਰਤੀ ਮਹੀਨਾ 6426 ਰੁਪਏ ਹੈ ਤੇ ਇਕ ਪਰਿਵਾਰ ਦੇ ਪੰਜ ਜੀਅ ਗਿਣੇ ਜਾਣ ਤਾਂ ਪ੍ਰਤੀ ਵਿਅਕਤੀ 1250 ਰੁਪਏ ਮਹੀਨਾ ਇਕ ਜਣੇ ਨੂੰ ਗੁਜ਼ਾਰਾ ਕਰਨ ਲਈ ਆਉਂਦੇ ਹਨ। ਪੰਜਾਬ ਦੀ ਕਿਸਾਨੀ ਬਾਰੇ ਕਿਸੇ ਕੇਂਦਰੀ ਮੰਤਰੀ ਵਲੋਂ ਦਿੱਤਾ ਇਹ ਕੋਈ ਪਹਿਲਾ ਵਿਵਾਦਤ ਬਿਆਨ ਨਹੀਂ। ਇਸ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਰਾਜ ਸਭਾ ਵਿਚ ਇਹ ਕਿਹਾ ਸੀ ਕਿ ਕਿਸਾਨਾਂ ਦੇ ਖੁਦਕੁਸ਼ੀਆਂ ਦਾ ਕਾਰਨ ਪ੍ਰੇਮ ਪ੍ਰਸੰਗ, ਵਿਆਹ ਅਤੇ ਨਪੁੰਸਕਤਾ ਹੈ। ਉਦੋਂ ਇਸ ਬਿਆਨ ਦੀ ਵੱਡੇ ਪੱਧਰ 'ਤੇ ਨਿਖੇਧੀ ਹੋਈ ਸੀ।

ਸਾਲ 2000 ਤੋਂ 2010 ਤੱਕ ਪੰਜਾਬ ਦੇ ਤਕਰੀਬਨ 6000 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਤੇ ਅੱਜ ਵੀ ਸੂਬੇ ਦੇ 90 ਫ਼ੀਸਦੀ ਕਿਸਾਨ ਕਰਜ਼ੇ ਦੇ ਭਾਰ ਹੇਠ ਹਨ। ਕੇਂਦਰ ਦੇ ਨਾਲ-ਨਾਲ ਪੰਜਾਬ ਸਰਕਾਰ ਵੀ ਕਿਸਾਨਾਂ ਬਾਰੇ ਬੇਰੁਖੀ ਵਿਖਾਉਂਦੀ ਆਈ ਹੈ। ਸੂਬਾ ਸਰਕਾਰ ਨੇ ਸਾਲ 2011 ਮਗਰੋਂ ਖੇਤੀ ਮੰਤਰਾਲੇ ਨੂੰ ਕਿਸਾਨ ਖੁਦਕੁਸ਼ੀਆਂ ਬਾਰੇ ਰਿਪੋਰਟ ਭੇਜਣੀ ਹੀ ਬੰਦ ਕਰ ਦਿੱਤੀ ਹੈ। ਚੇਤੇ ਰਹੇ ਕਿ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਸੀ ਕਿ ਕੇਂਦਰ ਵਿਚ ਭਾਜਪਾ ਸਰਕਾਰ ਆਉਣ ਨਾਲ ਕਿਸਾਨਾਂ ਦੇ ਸਾਰੇ ਦੁੱਖ ਕੱਟੇ ਜਾਣਗੇ, ਪਰ ਭਾਜਪਾ ਸਰਕਾਰ ਆਉਣ ਪਿੱਛੋਂ ਕਿਸਾਨਾਂ ਦੀਆਂ ਸਭ ਤੋਂ ਵੱਧ ਅਦਾਇਗੀਆਂ ਰੋਕੀਆਂ ਗਈਆਂ।

# ਭਗਵਾਂ ਅਤਿਵਾਦ ਜੱਗ-ਜ਼ਾਹਰ

**(ਸਫਾ ਇਕ ਦੀ ਬਾਕੀ)**

ਧਮਾਕਿਆਂ ਦੀਆਂ ਛੇ ਘਟਨਾਵਾਂ ਵਿਚ 120 ਤੋਂ ਜ਼ਿਆਦਾ ਲੋਕ ਮਾਰੇ ਗਏ ਤੇ ਤਕਰੀਬਨ 400 ਜ਼ਖ਼ਮੀ ਹੋਏ ਹਨ। ਮੁਢਲੀ ਜਾਂਚ ਵਿਚ ਇਨ੍ਹਾਂ ਬੰਬ ਧਮਾਕਿਆਂ ਵਿਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਜੁੜੇ ਲੋਕਾਂ ਦੇ ਨਾਂ ਸਾਹਮਣੇ ਆਏ ਸਨ। ਇਹ ਘਟਨਾਵਾਂ 'ਭਗਵਾ ਅਤਿਵਾਦ' ਜਾਂ 'ਹਿੰਦੂ ਅਤਿਵਾਦੀ' ਦੇ ਨਾਮ ਨਾਲ ਚਰਚਿਤ ਹੋਈਆਂ ਸਨ, ਪਰ ਅੱਜ ਤੱਕ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਿਆ। ਕੇਂਦਰ ਵਿਚ ਭਾਜਪਾ ਦੀ ਸਰਕਾਰ ਆਉਣ ਪਿਛੋਂ ਕੱਟੜ ਹਿੰਦੂ ਜਥੇਬੰਦੀਆਂ ਨੇ ਇਕਦਮ ਸਰਗਰਮੀਆਂ ਵਧਾਉਂਦੇ ਹੋਏ ਘੱਟ ਗਿਣਤੀਆਂ, ਲੇਖਕ, ਵਿਚਾਰਵਾਨ ਤੇ ਤਰਕਸ਼ੀਲ ਆਗੂਆਂ ਨੂੰ ਨਿਸ਼ਾਨਾ ਬਣਾਇਆ।

ਤਰਕਸ਼ੀਲ ਆਗੂਆਂ ਐਮ.ਐਮ. ਕਲਬੁਰਗੀ ਤੇ ਡਾ.ਨਰੇਂਦਰ ਦਾਭੋਲਕਰ ਦੀ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਦਾ ਕਸੂਰ ਇਹ ਸੀ ਕਿ ਇਹ ਤਰਕਸ਼ੀਲ ਆਗੂ ਬੇਖੌਫ਼ ਹੋ ਕੇ ਆਪਣੀ ਗੱਲ ਕਹਿੰਦੇ ਸਨ। ਇਸੇ ਤਰ੍ਹਾਂ ਕੋਹਲਾਪੁਰ ਵਿਚ ਗੋਵਿੰਦ ਪਾਨਸਰੇ ਨੂੰ ਮਾਰ ਦਿੱਤਾ ਗਿਆ। ਉਤਰ ਪ੍ਰਦੇਸ਼ ਵਿਚ ਦਾਦਰੀ ਨੇੜੇ ਪਿੰਡ ਬਿਸਹੇੜਾ ਵਿਚ ਮੁਹੰਮਦ ਅਖਲਾਕ ਦੇ ਪਰਿਵਾਰ ਉਤੇ ਇਹ ਕਹਿ ਕੇ ਹਮਲਾ ਕਰ ਦਿੱਤਾ ਕਿ ਉਨ੍ਹਾਂ ਨੇ ਗਊ ਦਾ ਮਾਸ ਪਕਾਇਆ ਹੈ। ਭੀੜ ਨੇ 50 ਸਾਲਾ ਅਖਲਾਕ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਤੇ ਉਸ ਦੇ 20 ਸਾਲਾ ਲੜਕੇ ਦਾਨਿਸ਼ ਨੂੰ ਜ਼ਖ਼ਮੀ ਕਰ ਦਿੱਤਾ। ਇਸ ਪਿਛੋਂ ਰੋਸ ਵਜੋਂ ਵੱਡੀ ਗਿਣਤੀ ਲੇਖਕਾਂ, ਬੁੱਧੀਜੀਵੀਆਂ ਨੇ ਆਪਣੇ ਸਨਮਾਨ ਵਾਪਸ ਕੀਤੇ ਸਨ।

## ਹੁਣ ਦਿੱਲੀ ਤੋਂ ਵਾਰਾਨਸੀ ਦਾ ਸਫਰ 2 ਘੰਟੇ 40 ਮਿੰਟ ਵਿਚ

**ਨਵੀਂ ਦਿੱਲੀ:** ਮੁੰਬਈ-ਅਹਿਮਦਾਬਾਦ ਤੋਂ ਬਾਅਦ ਹੁਣ ਦੂਜੀ ਬੁਲੇਟ ਟ੍ਰੇਨ ਦਿੱਲੀ ਤੋਂ ਵਾਰਾਨਸੀ ਵਿਚਕਾਰ ਚੱਲੇਗੀ। ਹੁਣ ਤੱਕ ਵੱਖ-ਵੱਖ ਟ੍ਰੇਨਾਂ ਇਸ ਰੂਟ 'ਤੇ 782 ਕਿਲੋਮੀਟਰ ਦੇ ਸਫਰ ਲਈ 10 ਤੋਂ 14 ਘੰਟੇ ਦਾ ਸਮਾਂ ਲੈਂਦੀਆਂ ਸਨ, ਉਥੇ ਹੀ ਬੁਲੇਟ ਟ੍ਰੇਨ ਰਾਹੀਂ ਇਹ ਦੂਰੀ ਸਿਰਫ 2 ਘੰਟੇ 40 ਮਿੰਟ ਤੈਅ ਹੋ ਸਕੇਗੀ। ਇਸ ਬੁਲੇਟ ਟ੍ਰੇਨ ਦੀ ਵੱਧ ਤੋਂ ਵੱਧ ਗਤੀ 350 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।

# ਆਦਿਵਾਸੀ ਲੜਕੀ ਦੇ ਕਤਲ ਨਾਲ ਫਾਸ਼ੀਵਾਦ ਦਾ ਪਰਦਾਫਾਸ਼

**ਨਵੀਂ ਦਿੱਲੀ:** ਬਸਤਰ ਵਿਚ ਹਿੰਦੁਸਤਾਨੀ ਸਟੇਟ ਵਲੋਂ ਢਾਹੀ ਜਾ ਰਹੀ ਫਾਸ਼ੀਵਾਦੀ ਵਹਿਸ਼ਤ ਦੀ ਇਕ ਹੋਰ ਮਿਸਾਲ ਸਾਹਮਣੇ ਲਿਆਂਦੀ ਹੈ। 12 ਜੂਨ ਨੂੰ ਦੁਪਹਿਰ ਦੇ ਵਕਤ ਸੁਕਮਾ ਜ਼ਿਲ੍ਹੇ ਦੇ ਕੌਂਟਾ ਥਾਣਾ ਦੇ ਦੋ ਸੌ ਪੁਲਿਸ ਕਰਮੀਆਂ ਨੇ ਗੋਪਾੜ ਪਿੰਡ ਉਪਰ ਹਮਲਾ ਕਰ ਕੇ ਆਦਿਵਾਸੀ ਲੜਕੀ ਮੜਕਮ ਹਿਤਮੇ ਨੂੰ ਉਸ ਦੇ ਘਰੋਂ ਅਗਵਾ ਕਰ ਲਿਆ। ਘਰੋਂ ਨਗਦੀ, ਗਹਿਣੇ ਅਤੇ ਹੋਰ ਸਮਾਨ ਲੁੱਟ ਲਿਆ। ਉਸ ਵਕਤ ਲੜਕੀ ਧਾਨ ਕੁੱਟ ਰਹੀ ਸੀ। ਅਗਲੇ ਦਿਨ ਪੁਲਿਸ ਵਾਲੇ ਉਸ ਦੀ ਲਾਸ਼ ਲੈ ਕੇ ਪਿੰਡ ਪੁੱਜ ਗਏ। ਉਸ ਨੂੰ ਮਾਓਵਾਦੀ ਛਾਪਾਮਾਰਾਂ ਦੀ ਵਰਦੀ ਪਹਿਨਾਈ ਗਈ ਸੀ ਅਤੇ ਵਰਦੀ ਹੇਠਾਂ ਗੋਲੀਆਂ ਨੇ ਉਸ ਦਾ ਜਿਸਮ ਛਲਣੀ ਕੀਤਾ ਹੋਇਆ ਸੀ।



ਜਾਣਕਾਰੀ ਅਨੁਸਾਰ, ਪੁਲਿਸ ਵਾਲਿਆਂ ਨੇ ਪਿੰਡ ਵਿਚ ਹੀ ਕੁੜੀ ਦੇ ਕੱਪੜੇ ਲਾਹ ਦਿੱਤੇ। ਉਥੋਂ ਹੀ ਉਸ ਨਾਲ ਸਮੂਹਕ ਜਬਰ-ਜਨਾਹ ਸ਼ੁਰੂ ਕਰ ਦਿੱਤਾ ਗਿਆ। ਜਦੋਂ ਪਿੰਡ ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਤਾਂ ਸਰਕਾਰੀ ਲਸ਼ਕਰ ਬੰਦੂਕ ਦੇ ਜ਼ੋਰ ਕੁੜੀ ਨੂੰ ਇਸੇ ਹਾਲਤ ਵਿਚ ਉਥੋਂ ਆਪਣੇ ਨਾਲ ਲੈ ਗਏ। ਪਿੰਡ ਵਾਲਿਆਂ ਨੂੰ ਉਸ ਦੇ ਕੱਪੜੇ ਅਤੇ ਟੁੱਟੀਆਂ ਹੋਈਆਂ ਵੰਗਾਂ ਪਿੰਡ ਦੇ ਬਾਹਰਵਾਰ ਡਿੱਗੀਆਂ ਹੋਈਆਂ ਮਿਲੀਆਂ। ਪੁਲਿਸ ਵਲੋਂ ਉਸ ਨੂੰ ਕਿਸਤਾ ਰਾਮ ਇਲਾਕੇ ਦੀ ਛਾਪਾਮਾਰ ਟੋਲੀ ਦੀ ਮੈਂਬਰ ਇਨਾਮੀ ਮਾਓਵਾਦੀ ਕਰਾਰ ਦਿੱਤਾ ਗਿਆ ਜਿਸ ਦੀ ਲਾਸ਼ ਗਹਿਗੱਚ ਮੁਕਾਬਲੇ ਤੋਂ ਬਾਅਦ ਜੰਗਲ ਵਿਚੋਂ ਬਰਾਮਦ ਹੋਈ ਦੱਸੀ ਗਈ, ਪਰ ਉਸ ਨੂੰ ਜੋ ਵਰਦੀ ਪਹਿਨਾਈ ਗਈ ਸੀ, ਉਹ ਬਿਲਕੁਲ ਨਵੀਂ ਸੀ ਅਤੇ ਗੋਲੀਆਂ ਲੱਗਣ ਦਾ ਇਕ ਵੀ ਸੁਰਾਖ ਨਹੀਂ ਸੀ। ਪਿੰਡ ਵਾਸੀਆਂ ਵਲੋਂ ਲਾਸ਼ ਹਾਸਲ ਕਰ ਕੇ ਉਸ ਦਾ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਮਾਲਵਾ ਪੱਟੀ ਦੇ ਹਜ਼ਾਰਾਂ ਕਿਸਾਨ ਟਿਊਬਵੈੱਲ ਕੁਨੈਕਸ਼ਨਾਂ ਤੋਂ ਵਾਂਝੇ

**ਮਾਨਸਾ:** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਅਕਾਲੀ ਆਗੂਆਂ ਨੇ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਜਿਹੜੇ ਡਿਮਾਂਡ ਨੋਟਿਸ ਕਾਹਲੀ ਵਿਚ ਦਿੱਤੇ ਸਨ, ਉਨ੍ਹਾਂ ਵਿਚੋਂ ਬਹੁਤੇ ਕੁਨੈਕਸ਼ਨ ਹਾਲੇ ਵੀ ਨਹੀਂ ਮਿਲੇ ਹਨ। ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਖੇਤਾਂ ਵਿਚ ਬੰਬੀ ਦੀ ਧਾਰ ਵੱਜਣ ਦੀ ਆਸ ਸੀ, ਪਰ ਪਾਵਰਕੌਮ ਵੱਲੋਂ ਹਾਲੇ ਤੱਕ ਹਜ਼ਾਰਾਂ ਕਿਸਾਨਾਂ ਨੂੰ ਖੰਭੇ ਹੀ ਨਹੀਂ ਚੁਕਵਾਏ। ਕਿਸਾਨਾਂ ਨੇ ਕੁਨੈਕਸ਼ਨਾਂ ਲਈ ਪਾਵਰਕੌਮ ਕੋਲ ਕਰੋੜਾਂ ਰੁਪਏ ਜਮ੍ਹਾਂ ਕਰਵਾਏ ਹੋਏ ਹਨ। ਕੁਨੈਕਸ਼ਨ ਨਾ ਦਿੱਤੇ ਜਾਣ ਦੇ ਵਿਰੋਧ ਵਿਚ ਕਿਸਾਨ ਯੂਨੀਅਨ ਵੱਲੋਂ ਧਰਨਾ ਵੀ ਦਿੱਤਾ ਗਿਆ।



ਪਾਵਰਕੌਮ ਦੇ ਦਫਤਰਾਂ ਵਿਚ ਹਰ ਰੋਜ਼ ਸਵੇਰੇ ਕਿਸਾਨ ਖੰਭੇ, ਤਾਰਾਂ, ਟਰਾਂਸਫਾਰਮ ਅਤੇ ਹੋਰ ਸਾਮਾਨ ਲੈਣ ਲਈ ਆਉਂਦੇ ਹਨ, ਪਰ ਕਰਮਚਾਰੀਆਂ ਦੀ ਘੱਟ ਗਿਣਤੀ ਅੜਿੱਕਾ ਬਣਨ ਲੱਗੀ ਹੈ।

ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੰਜਾਬ ਭਰ ਵਿਚ ਅਜਿਹੇ ਕੁਨੈਕਸ਼ਨਾਂ ਦੀ ਗਿਣਤੀ ਲਗਪਗ ਪੌਣੇ ਦੋ ਲੱਖ ਬਣਦੀ ਹੈ, ਜਿਨ੍ਹਾਂ ਵਿਚੋਂ ਇਕ ਲੱਖ ਤੋਂ ਵੱਧ ਕੁਨੈਕਸ਼ਨ ਇਕੱਲੇ ਮਾਲਵਾ ਖੇਤਰ ਦੇ ਦੱਸੇ ਜਾਂਦੇ ਹਨ। ਜਿਉਂ ਹੀ ਕਿਸਾਨਾਂ ਨੂੰ ਇਹ ਡਿਮਾਂਡ ਨੋਟਿਸ ਅਕਾਲੀ ਜਥੇਦਾਰਾਂ ਵੱਲੋਂ ਵੱਡੇ ਸਿਆਸੀ ਸ਼ੋਅ ਕਰ ਕੇ ਦਿੱਤੇ ਗਏ ਸਨ ਤਾਂ ਕਿਸਾਨਾਂ ਨੇ ਫਟਾ-ਫਟ ਪਾਵਰਕੌਮ ਦਫਤਰਾਂ ਵਿਚ ਬਣਦੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਸੀ। ਮਾਨਸਾ ਡਿਵੀਜ਼ਨ ਵਿਚਲੀਆਂ ਸਾਰੀਆਂ ਸਬ-ਡਿਵੀਜ਼ਨਾਂ ਵਿਚ ਢਾਈ ਏਕੜ ਤੱਕ ਵਾਲੇ 442 ਕਿਸਾਨਾਂ ਅਤੇ ਢਾਈ ਏਕੜ ਤੋਂ ਪੰਜ ਏਕੜ ਤੱਕ 2387 ਲਾਭਪਾਤਰੀਆਂ ਨੂੰ ਇਹ ਡਿਮਾਂਡ ਨੋਟਿਸ ਜਾਰੀ ਕਰ ਦਿੱਤੇ ਗਏ ਸਨ।

ਬੁਢਲਾਡਾ ਡਿਵੀਜ਼ਨ ਵਿਚ 30 ਅਪਰੈਲ 2016 ਤੱਕ 325 ਕੁਨੈਕਸ਼ਨ ਹੀ ਚਾਲੂ ਹੋਏ, ਜਦਕਿ 31 ਮਈ 2016 ਤੱਕ 2103 ਕੁਨੈਕਸ਼ਨਾਂ ਦੀਆਂ ਟੈੱਸਟ ਰਿਪੋਰਟਾਂ ਆਉਣ ਦੇ ਬਾਵਜੂਦ ਹਾਲੇ ਤੱਕ ਕੁਨੈਕਸ਼ਨ ਚਾਲੂ ਨਹੀਂ ਹੋ ਸਕੇ। ਕਿਸਾਨਾਂ ਦਾ ਕਹਿਣਾ ਹੈ ਕਿ ਜਿਥੇ ਪਾਵਰਕੌਮ ਨੇ ਕੁਨੈਕਸ਼ਨ ਦੇਣੇ ਸ਼ੁਰੂ ਕੀਤੇ ਹਨ, ਫੀਡਰਾਂ ਦਾ ਲੋਡ ਨਹੀਂ ਵਧਾਇਆ ਗਿਆ, ਜਿਸ ਕਾਰਨ ਫੀਡਰ ਟ੍ਰਿਪ ਕਰ ਜਾਂਦੇ ਹਨ। ਇਸੇ ਦੌਰਾਨ ਪੰਜਾਬ ਕਿਸਾਨ ਯੂਨੀਅਨ ਵੱਲੋਂ ਕਿਸਾਨਾਂ ਨੂੰ ਮੋਟਰਾਂ ਦੇ ਕੁਨੈਕਸ਼ਨ ਪੈਸੇ ਜਮ੍ਹਾਂ ਕਰਵਾਉਣ ਦੇ ਬਾਵਜੂਦ ਨਾ ਦਿੱਤੇ ਜਾਣ ਵਿਰੁੱਧ ਧਰਨਾ ਲਾਇਆ ਗਿਆ।

## ਮਨੀਲਾ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ

**ਮਾਲੇਰਕੋਟਲਾ:** ਰੋਜ਼ੀ-ਰੋਟੀ ਲਈ ਮਨੀਲਾ ਗਏ ਪਿੰਡ ਆਦਮਪਾਲ ਦੇ ਨੌਜਵਾਨ ਦੀ ਦੋ ਅਣਪਛਾਤੇ ਬਾਈਕ ਸਵਾਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਅਨੁਸਾਰ ਭਿੰਦਰ ਸਿੰਘ ਗਰੇਵਾਲ ਨੌਂ ਮਹੀਨੇ ਪਹਿਲਾਂ ਮਨੀਲਾ ਗਿਆ ਸੀ। ਘਟਨਾ ਵਾਲੇ ਦਿਨ ਉਹ ਅਤੇ ਉਸ ਦਾ ਸਾਥੀ ਕਿਸੇ ਗਾਹਕ ਤੋਂ ਪੇਮੈਂਟ ਲੈਣ ਗਏ ਸਨ। ਉਸ ਦਾ ਸਾਥੀ ਪੈਸਿਆਂ ਦੇ ਦੇਣ-ਲੈਣ ਲਈ ਗਾਹਕ ਕੋਲ ਅੰਦਰ ਚਲਾ ਗਿਆ ਅਤੇ ਭਿੰਦਰ ਬਾਹਰ ਆਪਣੇ ਸਾਥੀ ਦੀ ਉਡੀਕ ਕਰਦਾ ਰਿਹਾ। ਇੰਨੇ ਨੂੰ ਦੋ ਬਾਈਕ ਸਵਾਰਾਂ ਨੇ ਨਜ਼ਦੀਕ ਆ ਕੇ ਉਸ ਉਪਰ ਗੋਲੀ ਚਲਾ ਦਿੱਤੀ।

# ਹਰਿਮੰਦਰ ਸਾਹਿਬ ਨੇੜੇ ਵਾਹਨਾਂ 'ਤੇ ਪਾਬੰਦੀ ਦੇ ਹੁਕਮ ਨੂੰ ਚੁਣੌਤੀ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਦੋ ਕਿਲੋਮੀਟਰ ਦੇ ਘੇਰੇ ਵਿਚ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ।

ਅੰਮ੍ਰਿਤਸਰ ਟੀ ਟਰੇਡਰਜ਼ ਐਸੋਸੀਏਸ਼ਨ ਵੱਲੋਂ ਵਕੀਲ ਅਜੈਵੀਰ ਸਿੰਘ ਰਾਹੀਂ ਪੰਜਾਬ ਸਰਕਾਰ ਤੇ ਹੋਰਾਂ ਵਿਰੁੱਧ ਦਾਇਰ ਪਟੀਸ਼ਨ ਉਤੇ ਜਸਟਿਸ ਐਮ ਜੀਆਪਾਲ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਡਿਵੀਜ਼ਨ ਬੈਂਚ ਨੇ ਇਹ ਨੋਟਿਸ ਜਾਰੀ ਕੀਤਾ। ਪਟੀਸ਼ਨਰ ਨੇ ਦਲੀਲ ਦਿੱਤੀ ਕਿ ਹਰਮਿੰਦਰ ਸਾਹਿਬ ਤੇ ਪੌਣੇ ਦੋ ਤੋਂ ਦੋ ਕਿਲੋਮੀਟਰ ਤੱਕ ਦੇ ਘੇਰੇ ਵਿਚ ਵਾਹਨਾਂ ਦੇ ਦਾਖ਼ਲੇ 'ਤੇ ਹਫ਼ਤੇ ਦੇ ਸੱਤੇ ਦਿਨ 24 ਘੰਟੇ ਲਈ ਪਾਬੰਦੀ ਲਾਈ ਗਈ ਹੈ। ਵਾਹਨਾਂ, ਐਂਬੂਲੈਂਸਾਂ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦਾ ਰਾਹ ਰੋਕਣ ਲਈ ਬੈਰੀਕੇਡ ਵੀ ਲਾ ਦਿੱਤੇ ਗਏ। ਅਜੈਵੀਰ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ 2010 ਵਿਚ ਵੀ ਸਵੇਰੇ 8 ਤੋਂ ਸ਼ਾਮੀਂ 8 ਵਜੇ ਤੱਕ ਵਾਹਨਾਂ ਦੇ ਦਾਖ਼ਲੇ ਨੂੰ ਰੋਕਣ ਲਈ ਇਹ ਤਰੀਕਾ ਅਪਨਾਇਆ ਗਿਆ ਸੀ ਪਰ ਹੁਣ ਜਾਰੀ ਕੀਤੇ ਗਏ ਹੁਕਮ ਲੋਕਾਂ ਨੂੰ ਜਨਤਕ ਲਾਂਘੇ ਦੇ ਅਧਿਕਾਰ ਤੋਂ ਵਾਂਝੇ ਕਰਨ ਵਾਲੇ ਹਨ। ਬੈਂਚ ਨੇ ਮਾਮਲੇ ਦੀ ਸੁਣਵਾਈ ਦੀ ਅਗਲੀ ਤਰੀਕ 11 ਜੁਲਾਈ ਤੈਅ ਕੀਤੀ।

## ਗਾਇਕ ਗੁਲਜ਼ਾਰ ਲਾਹੌਰੀਆ ਦੀ ਗ੍ਰਿਫ਼ਤਾਰੀ ਲਈ ਛਾਪੇ

**ਜਲੰਧਰ:** ਐਨ.ਆਰ.ਆਈ. ਦੀ ਕੋਠੀ 'ਤੇ ਕਬਜ਼ਾ ਕਰਨ ਅਤੇ ਕੋਠੀ ਦੇ ਸੌਦੇ ਦੇ ਜਾਅਲੀ ਕਾਗਜ਼ ਤਿਆਰ ਕਰਨ ਦੇ ਮਾਮਲੇ ਵਿਚ ਪੰਜਾਬੀ ਗਾਇਕ ਗੁਲਜ਼ਾਰ ਸਿੰਘ ਲਾਹੌਰੀਆ ਦੀਆਂ ਮੁਸ਼ਕਲਾਂ ਵਿਚ ਵਾਧਾ ਹੋ ਰਿਹਾ ਹੈ। ਪੁਲਿਸ ਨੇ ਇਸ ਕੇਸ ਨਾਲ ਧੋਖਾਧੜੀ ਦੀ ਧਾਰਾ ਵੀ ਜੋੜ ਦਿੱਤੀ ਹੈ। ਦੋਸ਼ੀਆਂ ਨੂੰ ਫੜਨ ਲਈ ਪੁਲਿਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ, ਪਰ ਅਜੇ ਤੱਕ ਗੁਲਜ਼ਾਰ ਲਹੌਰੀਆ, ਉਸ ਦੀ ਪਤਨੀ ਮਨਪ੍ਰੀਤ ਅਤੇ ਉਸ ਦੇ ਦੋ ਸਾਥੀ ਪੁਲਿਸ ਦੀ ਗ੍ਰਿਫ਼ਤ ਤੋਂ ਦੂਰ ਹਨ।

ਥਾਣਾ ਨਵੀਂ ਬਾਰਾਂਦਰੀ ਦੇ ਮੁਖੀ ਬਲਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਲਾਹੌਰੀਆ ਦੀ ਪਤਨੀ ਵੱਲੋਂ ਬਿਆਨੇ ਦੀ ਰਾਸ਼ੀ ਵਾਲੇ ਕਾਗਜ਼ ਜਾਅਲੀ ਨਿਕਲੇ ਅਤੇ ਉਸ 'ਤੇ ਕੋਠੀ ਦੇ ਮਾਲਕ ਰਵਿੰਦਰ ਸਿੰਘ ਦੇ ਦਸਤਖ਼ਤ ਨਹੀਂ ਸਨ ਜਿਸ ਕਾਰਨ ਚਾਰਾਂ ਵਿਰੁੱਧ ਧੋਖਾਧੜੀ ਦੀ ਧਾਰਾ 420 ਵੀ ਲੱਗਾ ਦਿੱਤੀ ਹੈ।


Liquor Store Sale by Owner

Liquor store with Beer, Wine and Grocery in Kalamazoo, Michigan is on sale.

Very good location, 1.5 acres of land, Huge building for extra business or storage, huge parking lot and

Monthly Sale: $95,000

For more info, Call (972) 838-8370

ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਬੀਅਰ, ਵਾਈਨ ਅਤੇ ਗਰੌਸਰੀ - ਸਭ ਕੁਝ ਹੈ।

ਬਹੁਤ ਵਧੀਆ ਲੋਕੇਸ਼ਨ, 1.5 ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।

ਬਹੁਤ ਖੁੱਲ੍ਹੀ ਪਾਰਕਿੰਗ

ਮਾਸਿਕ ਵਿਕਰੀ $95,000

ਸੰਪਰਕ ਕਰੋ, ਫੋਨ (972) 838-8370

25-26

Golden State Realty

9912 Kapalua Ln., Elk Grove, CA 95624

Please Contact For

Commercial or Residential Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal

Ph: 916-612-5773

email: samchahal@hotmail.com

Serving all over California

Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
(CA Lic # 0H11256)

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: 1-408-771-2438

satwant@satwantins.com

# ਗੁਲਬਰਗ ਕਤਲੇਆਮ: ਦੋਸ਼ੀਆਂ ਨੂੰ ਸਜ਼ਾ 'ਤੇ ਪੀੜਤਾਂ ਨੂੰ ਨਾ ਹੋਈ ਤਸੱਲੀ

**ਨਵੀਂ ਦਿੱਲੀ:** ਚੌਦਾਂ ਸਾਲ ਪਹਿਲਾਂ ਅਹਿਮਦਾਬਾਦ ਦੀ ਮੁਸਲਿਮ ਪਰਿਵਾਰਾਂ ਵਾਲੀ ਗੁਲਬਰਗ ਸੁਸਾਇਟੀ ਵਿਚ ਹਿੰਦੂਤਵੀ ਅਨਸਰਾਂ ਵੱਲੋਂ ਕੀਤੇ ਗਏ ਨਰਸੰਹਾਰ ਬਾਰੇ ਅਦਾਲਤੀ ਫੈਸਲੇ ਉਤੇ ਸਵਾਲ ਉੱਠਣ ਲੱਗੇ ਹਨ। ਗੁਲਬਰਗ ਕਤਲੇਆਮ ਨੂੰ ਇਤਿਹਾਸ ਦਾ ਕਾਲਾ ਦਿਨ ਕਰਾਰ ਦਿੰਦਿਆਂ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੀ ਵਿਸ਼ੇਸ਼ ਅਦਾਲਤ ਨੇ 24 ਦੋਸ਼ੀਆਂ ਵਿਚੋਂ 11 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਾਲ 2002 ਵਿਚ ਗੋਧਰਾ ਕਾਂਡ ਤੋਂ ਬਾਅਦ ਹੋਏ ਇਨ੍ਹਾਂ ਦੰਗਿਆਂ ਦੌਰਾਨ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫਰੀ ਸਮੇਤ 69 ਵਿਅਕਤੀਆਂ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਅਦਾਲਤ ਨੇ ਇਕ ਦੋਸ਼ੀ ਨੂੰ 10 ਸਾਲ ਅਤੇ ਬਾਕੀ 12 ਦੋਸ਼ੀਆਂ ਨੂੰ 7-7 ਸਾਲ ਦੀ ਸਜ਼ਾ ਸੁਣਾਈ ਹੈ।

ਅਹਿਸਾਨ ਜਾਫਰੀ ਜੋ ਕਿ ਕਾਂਗਰਸ ਦਾ ਸਾਬਕਾ ਸੰਸਦ ਮੈਂਬਰ ਸੀ ਅਤੇ ਜਿਸ ਨੂੰ ਭੜਕੀ ਭੀੜ ਨੇ ਹੋਰਾਂ ਨਾਲ ਜਲਾ ਕੇ ਮਾਰ ਦਿੱਤਾ ਸੀ, ਦੀ ਵਿਧਵਾ ਜ਼ਕੀਆ ਜਾਫਰੀ ਨੇ ਅਦਾਲਤ ਵੱਲੋਂ ਸੁਣਾਈ ਸਜ਼ਾ ਉਤੇ ਨਾਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਹੈ ਕਿ ਜਦੋਂ ਭੀੜ ਵਿਚ ਸਾਰੇ ਹੀ ਫੜੇ ਗਏ ਦੋਸ਼ੀ ਸ਼ਾਮਲ ਸਨ ਤਾਂ ਉਨ੍ਹਾਂ ਵਿਚੋਂ ਸਿਰਫ 11 ਨੂੰ ਹੀ ਉਮਰ ਕੈਦ ਦੀ ਸਜ਼ਾ ਕਿਉਂ ਸੁਣਾਈ ਗਈ ਹੈ?

ਜਾਫਰੀ ਘਟਨਾ ਵੇਲੇ ਉਥੇ ਹੀ ਸੀ, ਜਿਥੇ ਉਸ ਦੇ ਪਤੀ ਨੂੰ ਬੁਰੀ ਤਰ੍ਹਾਂ ਮਾਰਿਆ ਗਿਆ ਅਤੇ ਫਿਰ ਸਾੜ ਦਿੱਤਾ ਗਿਆ ਸੀ। ਇਹੀ ਹਾਲ ਬਾਕੀ 69 ਲੋਕਾਂ ਦਾ ਕੀਤਾ ਗਿਆ ਸੀ। ਜ਼ਕੀਆ

### ਜਾਫਰੀ ਵਲੋਂ ਸਿਰਫ 11 ਦੋਸ਼ੀਆਂ ਨੂੰ ਉਮਰ ਕੈਦ 'ਤੇ ਸਵਾਲ



ਜਾਫਰੀ ਦਾ ਤਰਕ ਹੈ ਕਿ ਫੜੇ ਗਏ ਸਾਰੇ ਦੋਸ਼ੀਆਂ ਨੂੰ ਵੱਡੀ ਸਜ਼ਾ ਦੇ ਭਾਗੀ ਬਣਾਇਆ ਜਾਣਾ ਚਾਹੀਦਾ ਹੈ। ਉਧਰ, ਵਿਸ਼ੇਸ਼ ਜਾਂਚ ਟੀਮ ਦੇ ਵਿਸ਼ੇਸ਼ ਵਕੀਲ ਆਰ.ਸੀ. ਕੋਡੇਕਰ ਨੇ ਫੈਸਲੇ ਉਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਹਾਈ ਕੋਰਟ 'ਚ ਅਪੀਲ ਪਾਉਣਗੇ। ਸੁਪਰੀਮ ਕੋਰਟ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਵੱਲੋਂ 2002 ਦੇ ਗੁਜਰਾਤ ਦੰਗਿਆਂ ਦੀ ਜਾਂਚ ਦੇ 9 ਕੇਸਾਂ ਵਿਚੋਂ ਇਹ ਇਕ ਮਾਮਲਾ ਸੀ।

ਸਾਲ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਿੰਸਾ ਭੜਕਾਈ ਗਈ ਸੀ। 27 ਫਰਵਰੀ 2002 ਨੂੰ ਸਾਬਰਮਤੀ ਗੱਡੀ ਦੇ ਇਕ ਡੱਬੇ ਨੂੰ ਗੋਧਰਾ ਸਟੇਸ਼ਨ ਉਤੇ ਲੱਗੀ ਅੱਗ ਨਾਲ ਉੱਤਰ ਪ੍ਰਦੇਸ਼ ਤੋਂ ਕਾਰ ਸੇਵਾ ਕਰ ਕੇ ਆ ਰਹੇ 59 ਵਿਅਕਤੀ ਮਾਰੇ ਗਏ ਸਨ ਅਤੇ 48 ਗੰਭੀਰ ਜ਼ਖ਼ਮੀ ਹੋ ਗਏ ਸਨ। ਉਸ ਸਮੇਂ ਨਰੇਂਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ, ਜਿਨ੍ਹਾਂ 'ਤੇ ਇਹ ਦੋਸ਼ ਲਗਦਾ ਰਿਹਾ ਕਿ ਉਹ ਦੰਗੇ ਭੜਕਣ ਦੀ ਸੂਰਤ ਵਿਚ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਸਕੇ। ਗੋਧਰਾ ਕਾਂਡ ਤੋਂ ਬਾਅਦ ਅਗਲੇ ਦਿਨ ਵੱਖ ਵੱਖ ਥਾਵਾਂ 'ਤੇ ਲੋਕ ਇਕੱਠੇ ਹੋਏ ਸਨ।

ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਵਿਚ ਮੁਸਲਮਾਨ ਫਿਰਕੇ ਦੇ ਲੋਕ ਰਹਿੰਦੇ ਸਨ, ਜਿਨ੍ਹਾਂ ਵਿਚ ਕਾਂਗਰਸ ਦਾ ਸਾਬਕਾ ਮੈਂਬਰ ਪਾਰਲੀਮੈਂਟ ਅਹਿਸਾਨ ਜਾਫਰੀ ਅਤੇ ਉਸ ਦਾ ਪਰਿਵਾਰ ਵੀ ਰਹਿੰਦਾ ਸੀ। 28 ਫਰਵਰੀ ਨੂੰ ਭੜਕੀ ਭੀੜ ਨੇ ਇਸ ਸੁਸਾਇਟੀ ਨੂੰ ਘੇਰ ਲਿਆ। ਇਸ ਬਾਰੇ ਅਹਿਸਾਨ ਜਾਫਰੀ ਨੇ ਸੱਤਾਧਾਰੀ ਹੁਕਮਰਾਨਾਂ ਸਮੇਤ ਵੱਡੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਫੋਨ 'ਤੇ ਗੱਲ ਕੀਤੀ, ਪਰ ਇਸ ਦੇ ਬਾਵਜੂਦ ਭੀੜ ਨੇ ਇਸ ਸੁਸਾਇਟੀ ਨੂੰ ਛੇ ਘੰਟੇ ਘੇਰੀ ਰੱਖਿਆ ਅਤੇ ਅਖੀਰ ਹਮਲਾ ਕਰ ਦਿੱਤਾ। 69 ਲੋਕਾਂ ਨੂੰ ਜਾਂ ਤਾਂ ਜ਼ਿੰਦਾ ਸਾੜ ਦਿੱਤਾ ਗਿਆ ਜਾਂ ਬੁਰੀ ਤਰ੍ਹਾਂ ਕੋਹ-ਕੋਹ ਕੇ ਮਾਰ ਦਿੱਤਾ ਗਿਆ।

### ਗੁਲਬਰਗ ਸੁਸਾਇਟੀ ਕਾਂਡ : ਕਦੋਂ ਕੀ ਹੋਇਆ

ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਦੇ ਚਮਨਪੁਰਾ ਇਲਾਕੇ ਵਿਚ ਸਥਿਤ ਗੁਲਬਰਗ ਸੁਸਾਇਟੀ ਵਿਚ ਹੋਏ ਕਤਲੇਆਮ ਮਾਮਲੇ ਵਿਚ ਕੁੱਲ 66 ਦੋਸ਼ੀ ਗ੍ਰਿਫਤਾਰ ਕੀਤੇ ਗਏ ਅਤੇ ਮਾਮਲੇ ਵਿਚ 335 ਗਵਾਹ ਭੁਗਤੇ ਅਤੇ 3000 ਦਸਤਾਵੇਜ਼ ਪੇਸ਼ ਕੀਤੇ ਗਏ।



**ਸਤੰਬਰ 2009:** ਅਦਾਲਤ ਵਿਚ ਹੱਤਿਆ ਕਾਂਡ ਦੀ ਸੁਣਵਾਈ ਸ਼ੁਰੂ ਹੋਈ

**27 ਮਾਰਚ, 2010:** ਨਰੇਂਦਰ ਮੋਦੀ ਨੂੰ ਸੰਮਨ ਕੀਤਾ

**ਦਸੰਬਰ, 2010:** ਜ਼ਾਕੀਆ ਜਾਫਰੀ ਸਮੇਤ ਹੋਰ ਪੀੜਤਾਂ ਨੇ ਮੰਗ ਰੱਖੀ ਕਿ ਐਸ.ਆਈ.ਟੀ. 30 ਦਿਨਾਂ ਵਿਚ ਰਿਪੋਰਟ ਪੇਸ਼ ਕਰੇ

**ਮਾਰਚ, 2011:** ਸੁਪਰੀਮ ਕੋਰਟ ਨੇ ਐਸ.ਆਈ.ਟੀ. ਨੂੰ ਕਾਨੂੰਨੀ ਮਾਹਿਰ ਰਾਜੂ ਰਾਮ ਚੰਦਰਨ ਵੱਲੋਂ ਪ੍ਰਗਟਾਏ ਤੌਖਲੇ ਦੂਰ ਕਰਨ ਲਈ ਕਿਹਾ

**18 ਜੂਨ, 2011:** ਕਾਨੂੰਨੀ ਮਾਹਿਰ ਰਾਮ ਚੰਦਰਨ ਨੇ ਅਹਿਮਦਾਬਾਦ ਦਾ ਦੌਰਾ ਕੀਤਾ ਤੇ ਗਵਾਹਾਂ ਅਤੇ ਉਨ੍ਹਾਂ ਲੋਕਾਂ ਨਾਲ ਮੁਲਾਕਾਤ ਕੀਤੀ

**ਜੁਲਾਈ, 2011:** ਕਾਨੂੰਨੀ ਮਾਹਿਰ ਰਾਮ ਚੰਦਰਨ ਨੇ ਇਸ ਰਿਪੋਰਟ 'ਤੇ ਆਪਣਾ ਨੋਟ ਸੁਪਰੀਮ ਕੋਰਟ ਵਿਚ ਰੱਖਿਆ

**ਸਤੰਬਰ, 2011:** ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਫੈਸਲਾ ਸੁਣਵਾਈ ਅਦਾਲਤ 'ਤੇ ਛੱਡਿਆ

**8 ਫਰਵਰੀ, 2012:** ਮੈਟਰੋਪਾਲੀਟਨ ਮਜਿਸਟ੍ਰੇਟ ਨੇ ਆਪਣੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ

**10 ਅਪਰੈਲ, 2012:** ਮੈਟਰੋਪਾਲੀਟਨ ਮਜਿਸਟ੍ਰੇਟ ਦੇ ਸਾਹਮਣੇ ਰੱਖੀ ਗਈ ਐਸ.ਆਈ.ਟੀ. ਰਿਪੋਰਟ ਵਿਚ ਮੰਨਿਆ ਗਿਆ ਕਿ ਤਤਕਾਲੀਨ ਮੁੱਖ ਮੰਤਰੀ ਮੋਦੀ ਦੀ ਇਨ੍ਹਾਂ ਦੰਗਿਆਂ ਵਿਚ ਕੋਈ ਭੂਮਿਕਾ ਨਹੀਂ ਹੈ

# ਮਲੇਸ਼ੀਆ ਯੂਨੀਵਰਸਿਟੀ ਨੇ ਭਾਰਤੀ ਹਿੰਦੂਆਂ ਨੂੰ ਦੱਸਿਆ 'ਗੰਦਾ'

**ਕੁਆਲਾਲੰਪੁਰ:** ਮਲੇਸ਼ੀਆ ਦੀ ਇਕ ਨਾਮੀ ਯੂਨੀਵਰਸਿਟੀ ਨੇ ਭਾਰਤ ਵਿਚ ਰਹਿਣ ਵਾਲੇ ਹਿੰਦੂਆਂ ਨੂੰ ਗੰਦਾ ਦੱਸਿਆ ਹੈ। ਟੀਚਿੰਗ ਮੌਡਿਊਲ ਦੇ ਆਨਲਾਈਨ ਪਬਲਿਸ਼ ਹੋਣ ਤੋਂ ਬਾਅਦ ਇਸ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ ਹੈ। ਵੱਧ ਗਿਣਤੀ ਮੁਸਲਮਾਨਾਂ ਵਾਲੇ ਮਲੇਸ਼ੀਆ ਦੀ ਯੂ.ਟੀ.ਐਮ. ਯੂਨੀਵਰਸਿਟੀ ਨੇ ਮੌਡਿਊਲ ਨੂੰ ਆਨਲਾਈਨ ਪਾਇਆ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਹਿੰਦੂ ਲੋਕ ਸਰੀਰ ਉਤੇ ਗੰਦਗੀ ਨੂੰ ਮੁਕਤੀ ਪ੍ਰਾਪਤ ਕਰਨ ਦਾ ਧਾਰਮਿਕ ਜ਼ਰੀਆ ਮੰਨਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਇਸਲਾਮ ਨੇ ਹੀ ਭਾਰਤ ਵਿਚ ਸੱਭਿਅਤਾ ਤੋਂ ਲੋਕਾਂ ਨੂੰ ਰੂ-ਬਰੂ ਕਰਵਾਇਆ ਹੈ। ਮੌਡਿਊਲ ਵਿਚ ਸਿੱਖਾਂ ਉਤੇ ਵੀ ਸਵਾਲ ਖੜ੍ਹੇ ਕੀਤੇ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦੇ ਗੁਰੂ, ਗੁਰੂ ਨਾਨਕ ਦੇਵ ਨੂੰ ਇਸਲਾਮ ਦੀ ਜ਼ਿਆਦਾ ਸਮਝ ਨਹੀਂ ਸੀ। ਯੂਨੀਵਰਸਿਟੀ ਨੇ ਉਪ ਸਿੱਖਿਆ ਮੰਤਰੀ ਪੀ. ਕਮਲ ਨਾਥਨ ਵੱਲੋਂ ਇਸ ਮੁੱਦੇ ਨੂੰ ਚੁੱਕੇ ਜਾਣ ਉਤੇ ਮੌਡਿਊਲ ਨੂੰ ਰਿਵਿਊ ਕਰਨ ਦਾ ਫੈਸਲਾ ਕੀਤਾ ਹੈ।

ਕਮਲ ਨਾਥਨ ਨੇ ਦਾਅਵਾ ਕੀਤਾ ਹੈ ਕਿ ਅਜਿਹੀ ਗਲਤੀਆਂ ਦੁਬਾਰਾ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਮੌਡਿਊਲ ਨੂੰ ਜਾਣਬੁੱਝ ਕੇ ਗਲਤ ਕੀਤਾ ਗਿਆ ਹੈ। ਕਮਲ ਨਾਥਨ ਨੇ ਹਿੰਦੂਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ। ਮਲੇਸ਼ੀਅਨ ਇੰਡੀਅਨ ਪ੍ਰੋਗ੍ਰੈਸਿਵ ਐਸੋਸੀਏਸ਼ਨ ਨੇ ਇਸ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਨੇ ਯੂਨੀਵਰਸਿਟੀ ਤੋਂ ਮੁਆਫੀ ਮੰਗਣ ਦੀ ਗੱਲ ਕੀਤੀ ਹੈ।

## 'ਆਪ' ਦੇ ਮਹਿਲਾ ਵਿੰਗ ਨੇ ਵੀ ਸੰਭਾਲਿਆ ਮੋਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਨੇ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚ ਦਸਤਖਤ ਮੁਹਿੰਮ ਸ਼ੁਰੂ ਕੀਤੀ ਹੈ। ਮਹਿਲਾ ਵਿੰਗ ਦੀ ਪ੍ਰਧਾਨ ਪ੍ਰੋ. ਬਲਜਿੰਦਰ ਕੌਰ ਨੇ ਦੱਸਿਆ ਕਿ ਇਸ ਦਸਤਖ਼ਤੀ ਮੁਹਿੰਮ ਦਾ ਮੁੱਖ ਮੁੱਦਾ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ, ਨਸ਼ੇ ਤੇ ਮਹਿੰਗਾਈ ਹੋਵੇਗਾ।

ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀਆਂ ਸਾਢੇ ਅੱਠ ਲੱਖ ਮੈਂਬਰ ਔਰਤਾਂ ਇਸ ਮੁਹਿੰਮ ਵਿਚ ਹਿੱਸਾ ਲੈਣਗੀਆਂ ਜੋ ਪੰਜਾਬ ਦੇ 117 ਹਲਕਿਆਂ ਵਿਚ ਘਰ-ਘਰ ਜਾ ਲੋਕਾਂ ਨਾਲ ਗੱਲਬਾਤ ਕਰਨਗੀ। ਇਹ ਮੁਹਿੰਮ ਇਕ ਮਹੀਨੇ ਦੇ ਕਰੀਬ ਚੱਲੇਗੀ। ਇਸ ਤੋਂ ਬਾਅਦ ਮਹਿਲਾਵਾਂ ਦੇ ਦਸਤਖ਼ਤ ਦੀ ਰਿਪੋਰਟ ਪਹਿਲਾਂ ਡੀ.ਸੀ. ਪੱਧਰ ਉੱਤੇ ਦਿੱਤੀ ਜਾਵੇਗੀ ਤੇ ਫਿਰ ਇਸ ਨੂੰ ਪੰਜਾਬ ਦੇ ਰਾਜਪਾਲ ਨੂੰ ਸੌਂਪੀ ਜਾਵੇਗੀ।

# ਕੈਨੇਡਾ 'ਚ ਲਾਇਲਾਜ ਰੋਗੀਆਂ ਲਈ ਮੌਤ ਦਾ ਰਾਹ ਸਾਫ

**ਓਟਾਵਾ:** ਕੈਨੇਡਾ ਦੀ ਸੈਨੇਟ ਨੇ ਲਾਇਲਾਜ ਬਿਮਾਰੀਆਂ ਕਾਰਨ ਮੌਤ ਨਾਲ ਜੂਝ ਰਹੇ ਵਿਅਕਤੀਆਂ ਨੂੰ ਡਾਕਟਰਾਂ ਦੀ ਮਦਦ ਨਾਲ ਆਪਣੀ ਜ਼ਿੰਦਗੀ ਖਤਮ ਕਰਨ ਸਬੰਧੀ ਬਿੱਲ ਦੇ ਹੱਕ ਵਿਚ ਫਤਵਾ ਦਿੱਤਾ ਹੈ। ਉਪਰਲੇ ਤੇ ਹੇਠਲੇ ਸਦਨ ਵਿਚਾਲੇ ਟਕਰਾਅ ਬਾਅਦ ਅਖੀਰ ਇਹ ਬਿੱਲ ਆਖਰੀ ਅੜਿੱਕਾ ਪਾਰ ਕਰ ਕੇ ਕਾਨੂੰਨ ਬਣ ਗਿਆ ਹੈ। ਸੈਨੇਟਰਾਂ ਨੇ ਬਿੱਲ ਸੀ-14 ਨੂੰ ਪਾਸ ਕਰ ਦਿੱਤਾ। ਹਾਊਸ ਆਫ ਕਾਮਨਜ਼ ਵਿਚ ਕਾਬਜ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵੱਲੋਂ ਇਸ ਬਿੱਲ ਨੂੰ ਪਾਸ ਕਰਾਉਣ ਲਈ ਦਬਾਅ ਬਣਾਇਆ ਜਾ ਰਿਹਾ ਸੀ। ਇਸ ਕਾਨੂੰਨ ਨੂੰ ਲਾਗੂ ਕਰਨ ਲਈ ਹੁਣ ਗਵਰਨਰ ਜਨਰਲ ਦੀ ਮਨਜ਼ੂਰੀ ਦੀ ਲੋੜ ਹੈ, ਜੋ ਮਹਿਜ਼ ਇਕ ਰਸਮੀ ਕਾਰਵਾਈ ਹੈ।

ਸੁਪਰੀਮ ਕੋਰਟ ਵੱਲੋਂ ਡਾਕਟਰ ਦੀ ਸਹਾਇਤਾ ਨਾਲ ਖੁਦਕੁਸ਼ੀ 'ਤੇ ਰੋਕ ਹਟਾਏ ਜਾਣ ਦੇ ਇਕ ਸਾਲ ਬਾਅਦ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਬਾਲਗਾਂ ਲਈ ਦਰਦ



ਤੋਂ ਮੁਕਤੀ ਲਈ ਇਹ ਨਵਾਂ ਬਿੱਲ ਪੇਸ਼ ਕੀਤਾ ਗਿਆ। ਇਸ ਕਾਨੂੰਨ ਦੇ ਖਰੜੇ ਲਈ ਸਰਕਾਰ ਨੂੰ ਛੇ ਜੂਨ ਤੱਕ ਦਾ ਸਮਾਂ ਦਿੱਤਾ ਗਿਆ ਸੀ। ਇਸ ਬਿੱਲ ਤੋਂ ਸੰਸਦ ਵਿਚ ਖੂਬ ਹੰਗਾਮਾ ਹੋਇਆ। ਇਸ ਟਕਰਾਅ ਦੌਰਾਨ ਟਰੂਡੋ ਨੇ ਵਿਰੋਧੀ ਧਿਰ ਦੀ ਇਕ ਮਹਿਲਾ ਐਮ.ਪੀ. ਦੀ ਹਿੱਕ ਵਿਚ ਕੂਹਣੀ ਮਾਰੀ ਅਤੇ ਵਿਰੋਧੀ ਧਿਰ ਦੇ ਨੇਤਾ ਨੂੰ ਬਾਹੋਂ ਫੜ ਕੇ ਆਪਣੀ ਸੀਟ ਉਤੇ ਧੂਹ ਲਿਆਏ ਸਨ। ਇਸ ਬਾਅਦ ਸੈਨੇਟ ਨੇ ਡਾਕਟਰ ਦੀ ਮਦਦ ਨਾਲ ਖ਼ੁਦਕੁਸ਼ੀ ਦਾ ਘੇਰਾ ਵਧਾਉਣ ਲਈ ਬਿੱਲ ਵਿਚ ਸੋਧ ਦੀ ਮੰਗ ਕੀਤੀ ਸੀ।

ਨਿਆਂ ਮੰਤਰੀ ਜੋਡੀ ਵਿਲਸਨ-ਰੇਬਾਊਲਡ ਅਤੇ ਸਿਹਤ ਮੰਤਰੀ ਜੇਨ ਫਲਿਪੌਟ ਦੇ ਬਿਆਨ ਮੁਤਾਬਕ, 'ਹਾਊਸ ਆਫ ਕਾਮਨਜ਼ ਅਤੇ ਸੈਨੇਟ ਵਿਚ ਇਸ ਬਿੱਲ ਨੂੰ ਪਾਸ ਕਰਾਉਣ ਲਈ ਕੀਤੇ ਗਏ ਸਿਰ-ਤੋੜ ਯਤਨਾਂ ਨੂੰ ਸਰਕਾਰ ਮਾਨਤਾ ਦਿੰਦੀ ਹੈ। ਮਰਨ ਵਿਚ ਮੈਡੀਕਲ ਸਹਾਇਤਾ ਦੇਣਾ ਬਹੁਤ ਔਖਾ, ਗੁੰਝਲਦਾਰ ਅਤੇ ਬੇਹੱਦ ਨਿੱਜੀ ਮੁੱਦਾ ਹੈ।' ਉਨ੍ਹਾਂ ਕਿਹਾ ਕਿ ਮੌਤ ਲਈ ਮੈਡੀਕਲ ਸਹਾਇਤਾ ਦੀ ਮੰਗ ਕਰ ਰਹੇ ਲੋਕਾਂ ਲਈ ਇਹ ਕਾਨੂੰਨ ਵਿਅਕਤੀਗਤ ਖ਼ੁਦਮੁਖ਼ਤਾਰੀ ਅਤੇ ਅਸੁਰੱਖਿਅਤ ਲੋਕਾਂ ਨੂੰ ਬਚਾਉਣ ਵਿਚਾਲੇ ਸਹੀ ਸੰਤੁਲਨ ਹੈ।

# ਸਾਊਦੀ ਅਰਬ ਤੋਂ ਪਰਤੇ ਨੌਜਵਾਨਾਂ ਨੇ ਸੁਣਾਈ ਆਪਬੀਤੀ

**ਸੰਗਰੂਰ:** ਸਾਊਦੀ ਅਰਬ ਤੋਂ ਪਰਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਤਕਰੀਬਨ ਇਕ ਦਰਜਨ ਨੌਜਵਾਨਾਂ ਨੇ ਕਿਹਾ ਕਿ ਘਰ ਦੀ ਗਰੀਬੀ ਦੂਰ ਕਰਨ ਦੇ ਸੁਪਨੇ ਲੈ ਕੇ ਜਿਹੜਾ ਘਰ ਛੱਡਿਆ ਸੀ, ਉਸ ਘਰ ਵਿਚ ਵਾਪਸ ਆਉਣ ਲਈ ਮਦਦ ਵਾਸਤੇ ਉਨ੍ਹਾਂ ਨੇ ਵੀਡੀਓ ਬਣਾ ਕੇ ਵਟਸਐਪ 'ਤੇ ਅਪਲੋਡ ਕੀਤੀਆਂ ਅਤੇ ਦੱਸਿਆ ਕਿ ਉਹ ਸਾਊਦੀ ਅਰਬ ਵਿਚ ਫਸੇ ਹੋਏ ਹਨ।

ਸੰਸਦ ਮੈਂਬਰ ਭਗਵੰਤ ਮਾਨ ਉਨ੍ਹਾਂ ਦੀ ਮਦਦ ਲਈ ਅੱਗੇ ਆਏ, ਜਿਨ੍ਹਾਂ ਦੇ ਯਤਨਾਂ ਸਦਕਾ ਉਹ ਆਪਣੇ ਘਰ ਪੁੱਜੇ ਹਨ। ਸਾਊਦੀ ਅਰਬ ਵਿਚ ਫਸੇ 26 ਨੌਜਵਾਨ ਪਿਛਲੇ ਮਹੀਨੇ ਵਾਪਸ ਪਰਤੇ ਹਨ, ਜਿਨ੍ਹਾਂ ਵਿਚੋਂ 23 ਨੌਜਵਾਨ ਪੰਜਾਬ ਦੇ ਵਸਨੀਕ ਹਨ ਜਦਕਿ ਤਿੰਨ ਹੋਰ ਰਾਜਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਸ਼ਾਮਲ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਪੰਜਾਬ ਸਿੰਘ, ਜ਼ਿਲ੍ਹਾ ਗੁਰਦਾਸਪੁਰ ਦੇ ਸੁਖਵਿੰਦਰ ਸਿੰਘ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਹਰਜਿੰਦਰ ਸਿੰਘ ਅਤੇ ਖੰਨਾ ਦੇ ਓਂਕਾਰ ਸਿੰਘ ਨੇ ਦੱਸਿਆ ਕਿ ਤਕਰੀਬਨ ਸਾਲ ਪਹਿਲਾਂ ਟਰੈਵਲ ਏਜੰਟ ਰਾਹੀਂ ਉਹ 30 ਜਣੇ ਸਾਊਦੀ ਅਰਬ ਗਏ ਸਨ। ਜਿਹੜੀ ਕੰਪਨੀ 'ਚ ਟਰੈਵਲ ਏਜੰਟ ਵੱਲੋਂ ਭੇਜਿਆ ਗਿਆ ਸੀ,



ਉਸ ਕੰਪਨੀ ਨੇ ਉਨ੍ਹਾਂ ਦੇ ਪਾਸਪੋਰਟ ਆਪਣੇ ਕੋਲ ਜਮ੍ਹਾਂ ਕਰਵਾ ਲਏ ਸਨ। ਦੋ ਮਹੀਨੇ ਮਾਮੂਲੀ ਤਨਖਾਹ ਦੇਣ ਤੋਂ ਬਾਅਦ ਉਨ੍ਹਾਂ ਨੂੰ ਤਨਖਾਹ ਦੇਣੀ ਬੰਦ ਕਰ ਦਿੱਤੀ ਗਈ। ਨਾ ਖਾਣ ਲਈ ਰੋਟੀ ਦਿੱਤੀ ਜਾਂਦੀ ਸੀ ਅਤੇ ਨਾ ਹੀ ਰਹਿਣ ਲਈ ਕੋਈ ਪ੍ਰਬੰਧ ਸੀ। ਕਰੀਬ 25 ਨੌਜਵਾਨਾਂ ਨੂੰ ਇਕ ਕਮਰੇ ਵਿਚ ਰੱਖਿਆ ਜਾਂਦਾ ਸੀ ਤੇ ਬਿਮਾਰ ਹੋਣ ਉਤੇ ਇਲਾਜ ਨਹੀਂ ਕਰਵਾਇਆ ਜਾਂਦਾ ਸੀ। ਜੇਕਰ ਕੋਈ ਕੰਮ ਤੋਂ ਜਵਾਬ ਦੇ ਦਿੰਦਾ ਤਾਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ। ਜੇ ਉਹ ਬਾਹਰ ਕਿਤੇ ਜਾਂਦੇ ਤਾਂ ਪੁਲਿਸ ਫੜ ਕੇ ਜੇਲ੍ਹ 'ਚ ਬੰਦ ਕਰ ਦਿੰਦੀ ਸੀ ਅਤੇ ਬਾਅਦ ਵਿਚ ਵਾਪਸ ਕੰਪਨੀ 'ਚ ਛੱਡ ਜਾਂਦੀ ਸੀ।

ਉਹ ਪਿਛਲੇ 9 ਮਹੀਨਿਆਂ ਤੋਂ ਸਾਊਦੀ ਅਰਬ ਦੇ ਸ਼ਹਿਰ ਦਮਾਮ ਵਿਚ ਫਸੇ ਹੋਏ ਸਨ। ਪਾਸਪੋਰਟ ਨਾ ਹੋਣ ਕਾਰਨ ਉਹ ਵਾਪਸ ਆਉਣ ਤੋਂ ਅਸਮਰਥ ਸੀ। ਉਨ੍ਹਾਂ ਨੇ ਆਪਣੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ। ਇਸ ਤੋਂ ਬਾਅਦ ਭਗਵੰਤ ਮਾਨ ਨੇ ਫੋਨ ਉਤੇ ਉਨ੍ਹਾਂ ਨਾਲ ਰਾਬਤਾ ਬਣਾਇਆ ਅਤੇ ਆਰਥਿਕ ਮਦਦ ਵੀ ਕੀਤੀ। ਫਿਰ ਵਿਦੇਸ਼ ਮੰਤਰਾਲੇ ਰਾਹੀਂ ਵਾਪਸ ਲਿਆਉਣ ਦੇ ਪ੍ਰਬੰਧ ਕੀਤੇ ਗਏ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਪਣਾ ਘਰ-ਪਰਿਵਾਰ ਨਸੀਬ ਹੋਇਆ ਹੈ।

ਭਗਵੰਤ ਮਾਨ ਨੇ ਦੱਸਿਆ ਕਿ ਵੀਡੀਓ ਵੇਖਣ ਤੋਂ ਬਾਅਦ ਉਨ੍ਹਾਂ ਨੇ ਕੇਂਦਰੀ ਵਿਦੇਸ਼ ਮੰਤਰਾਲੇ ਦੇ ਦਫਤਰ ਨਾਲ ਰਾਬਤਾ ਬਣਾਇਆ। ਨੌਜਵਾਨਾਂ ਤੋਂ ਪਾਸਪੋਰਟ ਦੀਆਂ ਫੋਟੋ ਕਾਪੀਆਂ ਮੰਗਵਾ ਕੇ ਵਿਦੇਸ਼ ਮੰਤਰਾਲੇ ਨੂੰ ਦਿੱਤੀਆਂ ਅਤੇ ਪੂਰਾ ਮਾਮਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਧਿਆਨ ਵਿਚ ਲਿਆਂਦਾ। ਇਸ ਤੋਂ ਬਾਅਦ ਉਥੇ ਫਸੇ 30 ਵਿਚੋਂ 26 ਨੌਜਵਾਨਾਂ ਨੂੰ ਵਾਪਸ ਲਿਆਉਣ ਵਿਚ ਸਫਲਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ 'ਚੋਂ 4 ਨੌਜਵਾਨਾਂ ਦਾ ਅਦਾਲਤ ਵਿਚ ਕੇਸ ਚਲਦਾ ਹੈ, ਜਿਸ ਕਾਰਨ ਉਹ ਨਹੀਂ ਆ ਸਕੇ ਜਦਕਿ ਯਤਨ ਜਾਰੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਟਰੈਵਲ ਏਜੰਟਾਂ ਦਾ ਮਾਫੀਆ ਬਣ ਚੁੱਕਿਆ ਹੈ, ਜਿਸ ਨੂੰ ਸਰਕਾਰਾਂ ਦੀ ਸ਼ਹਿ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸਾਊਦੀ ਅਰਬ 'ਚ ਫਸੇ ਪੰਜਾਬ ਦੇ ਨੌਜਵਾਨਾਂ ਦੀ ਗਿਣਤੀ 400 ਦੇ ਕਰੀਬ ਹੈ।

# ਸਿੱਖ ਰਹਿਤ ਮਰਿਆਦਾ ਦੇ ਹੱਕ ਵਿਚ ਖੁੱਲ੍ਹ ਕੇ ਨਿੱਤਰੇ ਜਥੇਦਾਰ

**ਅੰਮ੍ਰਿਤਸਰ:** ਦਮਦਮੀ ਟਕਸਾਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਗੂ ਸਿੱਖ ਰਹਿਤ ਮਰਿਆਦਾ ਵਿਚ ਸੋਧਾਂ ਜਾਂ ਬਦਲੀ ਦੀਆਂ ਆਰੰਭੀਆਂ ਗਈਆਂ ਕੋਸ਼ਿਸ਼ਾਂ ਉਤੇ ਵਿਵਾਦ ਠੰਢਾ ਨਹੀਂ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀ ਪਿਰਤ ਨੂੰ ਸਿੱਖ ਸਫ਼ਾ ਵਿਚ ਵਿਵਾਦ ਪੈਦਾ ਕਰਨ ਵਾਲੀ ਦੱਸਿਆ ਜਾ ਰਿਹਾ ਹੈ, ਉਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖਤ ਅਲਫ਼ਾਜ਼ਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਡੇਰੇ, ਟਕਸਾਲਾਂ, ਸੰਪਰਦਾਵਾਂ ਦੀ ਆਪਣੀ ਰਹੁ ਰੀਤ ਤਾਂ ਹੋ ਸਕਦੀ ਹੈ ਪਰ ਉਸ ਨੂੰ ਪੰਥਕ ਮਰਿਆਦਾ ਹੋਣ ਦਾ ਮਾਣ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਮਨਮਰਜ਼ੀ ਅਤੇ ਮਰਿਆਦਾ ਇਕੱਠੀਆਂ ਨਹੀਂ ਚੱਲ ਸਕਦੀਆਂ।

ਜਥੇਦਾਰ ਨੇ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਰਹਿਤ ਮਰਿਆਦਾ ਨੂੰ ਪ੍ਰਵਾਨਿਤ ਸਿੱਖ ਵਿਧਾਨ ਦਾ ਰੁਤਬਾ ਦਿੰਦਿਆਂ ਕਿਹਾ ਕਿ ਲੰਬੀ ਘਾਲਣਾ ਪਿਛੋਂ ਸਮੂਹ ਸਿੱਖ ਧਿਰਾਂ ਦੀ ਸਹਿਮਤੀ ਨਾਲ ਪ੍ਰਕਾਸ਼ਿਤ ਕੀਤੀ ਗਈ ਲਿਖਤ ਨੂੰ ਮਹਿਜ਼ ਖਰੜਾ ਕਹਿ ਦੇਣਾ ਇਸ ਸਰੋਤ ਦਾ ਤ੍ਰਿਸਕਾਰ ਹੈ, ਜਦ ਕਿ ਇਸ ਨੂੰ ਲਾਗੂ ਕਰਵਾਉਣਾ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਦੀ ਮੂਲ ਜ਼ਿੰਮੇਵਾਰੀ ਹੈ।

ਉਕਤ ਮੁੱਦੇ ਉਤੇ ਦਮਦਮੀ ਟਕਸਾਲ ਦੀ ਵਿਵਾਦਤ ਟਿੱਪਣੀ ਦਾ ਕਾਰਨ ਮੁੱਖ ਰੂਪ 'ਚ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾਂਦੀ ਸਿੱਖ ਰਹਿਤ ਮਰਿਆਦਾ ਪੁਸਤਕ ਦੇ ਸਫ਼ਾ ਨੰਬਰ 5 ਅਤੇ 8 ਉਤੇ ਵਰਤੇ ਗਏ ਸ਼ਬਦ 'ਰਹੁ ਰੀਤ ਦੇ ਖਰੜੇ' ਨੂੰ ਮੰਨਿਆ ਜਾ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਵੀ ਰਹਿਤ ਮਰਿਆਦਾ ਦੀ ਜਨਰਲ ਹਾਊਸ ਵੱਲੋਂ ਪ੍ਰਵਾਨਗੀ ਬਾਬਤ ਇਤਿਹਾਸਕ ਤੱਥਾਂ ਨੂੰ ਜ਼ਾਹਿਰ ਨਹੀਂ ਕੀਤਾ ਜਾ ਰਿਹਾ।

ਹੋਰਨਾਂ ਲਿਖਤੀ ਸਰੋਤਾਂ ਤੋਂ ਘੋਖੀਏ ਤਾਂ ਦਮਦਮੀ ਟਕਸਾਲ ਵਿਖੇ ਸਿੱਖਿਆ ਲੈਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਅ ਚੁੱਕੇ ਗਿਆਨੀ ਕ੍ਰਿਪਾਲ ਸਿੰਘ ਵੱਲੋਂ ਆਪਣੀ ਪੁਸਤਕ 'ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬਾਨ ਵਿਚ ਪ੍ਰਮਾਣਿਤ ਕੀਤਾ ਗਿਆ ਹੈ ਕਿ 1958 ਵਿਚ ਸੇਵਾ ਸੰਭਾਲਣ ਮੌਕੇ ਜਦੋਂ ਉਨ੍ਹਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਟਕਸਾਲ ਤੋਂ ਅਲਗ ਹੋਣ ਬਾਬਤ ਦਮਦਮੀ ਟਕਸਾਲ ਦੇ 11ਵੇਂ ਮੁਖੀ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲੇ ਨਾਲ ਚਰਚਾ ਕੀਤੀ ਤਾਂ ਉਨ੍ਹਾਂ ਸਪੱਸ਼ਟ ਨਿਰਦੇਸ਼ ਦਿੱਤੇ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਪੰਥ ਪ੍ਰਵਾਨਤ ਹੈ, ਜਦ ਕਿ ਜਥੇ ਦੀ ਮਰਿਆਦਾ ਡੇਰੇ ਤੱਕ ਹੀ ਸੀਮਤ ਹੈ। ਜ਼ਿਕਰਯੋਗ ਹੈ ਕਿ 1978 ਤੋਂ 1984 ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਹਿੰਦ ਮੌਕੇ ਉਨ੍ਹਾਂ ਕਦੀ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਰਹਿਤ ਮਰਿਆਦਾ 'ਚ ਦਖ਼ਲ ਜਾਂ ਬਦਲੀ ਦੀ ਕੋਸ਼ਿਸ਼ ਨਹੀਂ ਕੀਤੀ।

## ਮਰਿਆਦਾ ਪੰਥ ਵੱਲੋਂ ਪ੍ਰਵਾਨਿਤ ਸਿੱਖ ਵਿਧਾਨ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖ ਰਹਿਤ ਮਰਿਆਦਾ ਗੁਰੂ ਪੰਥ ਵੱਲੋਂ ਪ੍ਰਵਾਨਿਤ ਸਿੱਖ ਵਿਧਾਨ ਹੈ ਅਤੇ ਇਸ ਖਿਲਾਫ਼ 'ਕਿੰਤੂ-ਪਰੰਤੂ' ਕਰਨਾ ਪੰਥ ਵਿਚ ਪਾੜ ਪਾਉਣ ਬਰਾਬਰ ਹੈ। ਉਨ੍ਹਾਂ ਕਿਹਾ ਕਿ ਇਸ ਮਰਿਆਦਾ ਨੂੰ ਲਾਗੂ ਕਰਾਉਣਾ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਮੂਲ ਜ਼ਿੰਮੇਵਾਰੀ ਹੈ। ਸਿੱਖ ਰਹਿਤ ਮਰਿਆਦਾ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਅਤੇ ਜਦੋਂ ਪ੍ਰਵਾਨਗੀ ਮਗਰੋਂ ਕਿਸੇ ਖਰੜੇ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਤਾਂ ਉਹ ਖਰੜਾ ਨਹੀਂ ਸਗੋਂ ਵਿਧਾਨ ਦੇ ਰੂਪ ਵਿਚ ਕਿਤਾਬਚਾ ਜਾਂ ਪੁਸਤਕ ਬਣ ਜਾਂਦਾ ਹੈ।

# ਨੌਕਰੀਆਂ ਦੀ ਸੌਦੇਬਾਜ਼ੀ ਬਣੀ ਸਰਕਾਰ ਲਈ ਮੁਸੀਬਤ

**ਚੰਡੀਗੜ੍ਹ:** ਨਸ਼ਾ, ਮਾੜੀ ਅਮਨ-ਕਾਨੂੰਨ ਵਿਵਸਥਾ, ਰੇਤਾ, ਕੇਬਲ ਤੇ ਬੱਸ ਮਾਫੀਆ ਦੇ ਮੁੱਦਿਆਂ ਉਤੇ ਘਿਰੇ ਅਕਾਲੀ ਦਲ ਬਾਦਲ ਲਈ ਹੁਣ ਸਰਕਾਰੀ ਨੌਕਰੀਆਂ ਦੀ ਸੌਦੇਬਾਜ਼ੀ ਵੀ ਵੱਡੀ ਵੰਗਾਰ ਬਣਨ ਜਾ ਰਹੀ ਹੈ। ਇਸ ਮਾਮਲੇ ਵਿਚ ਕਈ ਅਕਾਲੀ ਆਗੂਆਂ ਦੇ ਨਾਂ ਸਾਹਮਣੇ ਆ ਰਹੇ ਹਨ। ਇਸ ਲਈ ਵਿਧਾਨ ਸਭਾ ਚੋਣਾਂ ਵਿਚ ਇਹ ਮੁੱਦਾ ਅਕਾਲੀ ਦਲ ਲਈ ਮੁਸੀਬਤ ਖੜ੍ਹੀ ਕਰ ਸਕਦਾ ਹੈ।



ਕਾਬਲੇਗੌਰ ਹੈ ਕਿ ਵਿਜੀਲੈਂਸ ਜਾਂਚ ਵਿਚ ਵੀ ਅਕਾਲੀ ਦਲ ਦੇ ਮਲੋਟ ਤੋਂ ਕੌਂਸਲਰ ਸ਼ਾਮ ਲਾਲ ਡੱਡੀ ਦਾ ਨਾਂ ਸਿੱਧੇ ਤੌਰ 'ਤੇ ਸਾਹਮਣੇ ਆਇਆ ਹੈ। ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ। ਇਸ ਵਿਚ ਬਾਦਲ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਸੀਨੀਅਰ ਅਕਾਲੀ ਲੀਡਰ ਦਿਆਲ ਸਿੰਘ ਕੋਲਿਆਂਵਾਲੇ ਦਾ ਨਾਂ ਮੁੱਢਲੇ ਤੌਰ 'ਤੇ ਜਾਂਚ ਵਿਚ ਆ ਰਿਹਾ ਸੀ ਪਰ ਵਿਜੀਲੈਂਸ ਵੱਲੋਂ ਸੌਂਪੀ ਗਈ ਜਾਂਚ ਵਿਚ ਕੋਲਿਆਂਵਾਲੇ ਦੇ ਨਾਂ ਦਾ ਜ਼ਿਕਰ ਨਹੀਂ ਆਇਆ।

ਦਰਅਸਲ ਇਸ ਪਿਛੇ ਇਕ ਵੱਡਾ ਰੈਕਟ ਚੱਲ ਰਿਹਾ ਸੀ। ਇਸ ਪਿਛੇ ਕਿਸੇ ਵੀ ਬੰਦੇ ਨੂੰ ਨੌਕਰੀ ਦੁਆਉਣ ਦਾ ਵਾਅਦਾ ਕਰ ਕੇ ਉਸ ਤੋਂ 10 ਲੱਖ ਤੋਂ 30 ਲੱਖ ਰੁਪਏ ਵਸੂਲੇ ਜਾਂਦੇ ਸਨ। ਇਹ ਰੈਕਟ ਪੂਰੀ ਤਰ੍ਹਾਂ ਸੋਚ-ਸਮਝ ਕੇ ਚਲਾਇਆ ਜਾ ਰਿਹਾ ਸੀ। ਇਸ ਵਿਚ ਅਕਾਲੀ ਦਲ ਦੇ ਮਲੋਟ ਤੋਂ ਕੌਂਸਲਰ ਸ਼ਾਮ ਲਾਲ ਗੁਪਤਾ ਉਰਫ ਡੱਡੀ ਜੋ ਦਿਆਲ ਸਿੰਘ ਕੋਲਿਆਂਵਾਲੇ ਦਾ ਕਰੀਬੀ ਹੈ, ਸਾਰੇ ਪੈਸੇ ਦਾ ਲੈਣ-ਦੇਣ ਕਰਦਾ ਸੀ।ਡੱਡੀ ਦਾ ਕਰੀਬੀ ਅਮਿਤ ਸਾਗਰ ਵੱਖ-ਵੱਖ ਲੋਕਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਆਪਣੇ ਦੋ ਬੰਦਿਆਂ ਅਮਨਦੀਪ ਸਿੰਘ ਤੇ ਸੁਖਪ੍ਰੀਤ ਸਿੰਘ ਦੇ ਨਾਲ ਲਖਨਊ ਭੇਜਦਾ ਸੀ। ਜਿਥੇ ਮਾਸਟਰ ਜੀ ਉਰਫ ਪੰਡਤ ਜੀ ਉਰਫ ਗੁਰੂ ਜੀ ਉਨ੍ਹਾਂ ਨੂੰ ਪੇਪਰ ਰਟਾਉਂਦਾ ਸੀ।

ਇਸ ਦੌਰਾਨ ਕੁਝ ਉਮੀਦਵਾਰਾਂ ਤੋਂ ਪੈਸੇ ਪਹਿਲਾਂ ਹੀ ਲੈ ਲਏ ਜਾਂਦੇ ਸਨ ਤੇ ਕੁਝ ਤੋਂ ਪੇਸ਼ਗੀ ਵਜੋਂ ਕੁਝ ਪੇਪਰ ਤੋਂ ਪਹਿਲਾਂ ਤੇ ਬਾਕੀ ਬਾਅਦ ਵਿਚ ਲਏ ਜਾਂਦੇ ਸਨ। ਇਹ ਘੁਟਾਲਾ ਮੁੱਖ ਤੌਰ 'ਤੇ ਪਨਸਪ, ਪੁੱਡਾ ਤੇ ਸਥਾਨਕ ਸਰਕਾਰਾਂ ਵਿਭਾਗ ਵਿਚ ਹੋਣ ਵਾਲੀ ਨੌਕਰੀਆਂ ਦੀ ਸੌਦੇਬਾਜ਼ੀ ਬਾਰੇ ਨਿਕਲ ਕੇ ਸਾਹਮਣੇ ਆਇਆ ਹੈ।

# ਮੋਦੀ ਸਰਕਾਰ ਵੱਲੋਂ 240 ਵੈਬਸਾਈਟਾਂ ਬੰਦ ਕਰਨ ਦੇ ਹੁਕਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ 240 ਐਸਕਾਰਟ ਸਰਵਿਸ ਦੀਆਂ ਵੈਬਸਾਈਟਾਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਹਨ। ਕੇਂਦਰ ਸਰਕਾਰ ਨੇ ਸਾਰੀਆਂ ਇੰਟਰਨੈੱਟ ਸਰਵਿਸ ਦੇਣ ਵਾਲੀਆਂ ਵੈਬਸਾਈਟਾਂ ਨੂੰ ਬੰਦ ਕਰਨ ਲਈ ਕਿਹਾ ਹੈ। ਕੇਂਦਰ ਵੱਲੋਂ ਇਸ ਤੋਂ ਪਹਿਲਾਂ ਵੀ ਅਜਿਹੇ ਕਦਮ ਚੁੱਕੇ ਗਏ ਹਨ। ਵਿਰੋਧ ਤੋਂ ਬਾਅਦ ਸਰਕਾਰ ਨੇ ਇਹ ਫੈਸਲਾ ਵਾਪਸ ਲੈ ਲਿਆ ਸੀ

ਸਰਕਾਰ ਨੇ ਆਈ.ਟੀ. ਐਕਟ 2009 ਦੀ ਵਰਤੋਂ ਕਰ ਇਸ ਵੈਬਸਾਈਟ 'ਤੇ ਰੋਕ ਲਾਈ ਹੈ। ਆਈ.ਟੀ. ਮਹਿਕਮੇ ਨੇ ਕਿਹਾ ਹੈ ਕਿ ਇਸ ਵੈੱਬਸਾਈਟ ਦਾ ਨਾਂ ਸਾਰੀਆਂ ਹੀ ਇੰਟਰਨੈੱਟ ਸਰਵਿਸ ਦੇਣ ਵਾਲੀਆਂ ਕੰਪਨੀਆਂ ਨੂੰ ਭੇਜ ਦਿੱਤਾ ਜਾਵੇ। ਨਾਲ ਹੀ ਅਜਿਹੀਆਂ ਵੈਬਸਾਈਟਾਂ ਬੰਦ ਨਾ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕਰਨ ਦੀ ਗੱਲ ਵੀ ਕਹੀ ਗਈ ਹੈ। ਮਾਮਲੇ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਸਰਕਾਰ ਜਿਸ ਵੈੱਬਸਾਈਟ ਉਤੇ ਬੈਨ ਕਰਦੀ ਹੈ, ਉਹ ਸਾਰੀਆਂ ਵੈਬਸਾਈਟਾਂ ਨਾਂ ਬਦਲ ਕੇ ਦੁਬਾਰਾ ਸ਼ੁਰੂ ਹੋ ਜਾਂਦੀਆਂ ਹਨ।


## ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ੁਰਬੇਕਾਰ ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

25-27



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

*ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ*

*ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ*

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR®



**Gurbans Singh Gill**
Realtor
BRE#01227109

18 Years Experiance in Real Estate

e-mail: gurbans@gotracy.com

Fax: 209-836-0706

www.gotracy.com

**Gurbans Gill**

**Office 209-835-4545**

**Direct 209-815-1869**

1486 W 11th Street, Tracy, CA 95376



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com

# ਹਾਕਮ ਧਿਰ ਅਕਾਲੀ ਦਲ ਨੇ ਨੁੱਕਰੇ ਲਾਇਆ ਟੌਹੜਾ ਪਰਿਵਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ (ਦਿਹਾਤੀ) ਵਿਧਾਨ ਸਭਾ ਹਲਕਾ ਦਾ ਇੰਚਾਰਜ ਸਤਬੀਰ ਸਿੰਘ ਖਟੜਾ ਨੂੰ ਲਾਉਣ ਨਾਲ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਰਿਵਾਰ ਨੂੰ ਪਾਰਟੀ ਵਿਚ ਨੁੱਕਰੇ ਲਾਉਣ ਦੇ ਸੰਕੇਤ ਦੇ ਦਿੱਤੇ ਗਏ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦੋ ਨੌਜਵਾਨ ਅਕਾਲੀ ਆਗੂਆਂ ਨੂੰ ਹਲਕਾ ਇੰਚਾਰਜ ਵਜੋਂ ਨਿਯੁਕਤ ਕੀਤਾ ਗਿਆ ਹੈ। ਦੂਜੇ ਨੌਜਵਾਨ ਆਗੂ ਹਰਿੰਦਰਪਾਲ ਸਿੰਘ ਚੰਦੂਮਾਜਰਾ ਹਨ, ਜਿਨ੍ਹਾਂ ਨੂੰ ਪਟਿਆਲਾ ਜ਼ਿਲ੍ਹੇ ਦੇ ਸਨੌਰ ਹਲਕੇ ਦਾ ਇੰਚਾਰਜ ਲਾਇਆ ਗਿਆ ਹੈ। ਹਰਿੰਦਰ ਪਾਲ ਸਿੰਘ ਚੰਦੂਮਾਜਰਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਹਨ।



ਸਾਲ 2012 ਦੀਆਂ ਆਮ ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ (ਦਿਹਾਤੀ) ਵਿਧਾਨ ਸਭਾ ਹਲਕੇ ਤੋਂ ਜਥੇਦਾਰ ਟੌਹੜਾ ਦੀ ਪੋਤਰੀ ਕੁਲਦੀਪ ਕੌਰ ਨੂੰ ਉਮੀਦਵਾਰ ਬਣਾਇਆ ਗਿਆ ਸੀ। ਰੋਚਕ ਤੱਥ ਇਹ ਹੈ ਕਿ ਉਨ੍ਹਾਂ ਚੋਣਾਂ ਦੌਰਾਨ ਸਤਬੀਰ ਸਿੰਘ ਖਟੜਾ ਨੇ ਪਟਿਆਲਾ (ਦਿਹਾਤੀ) ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ। ਸਿਆਸੀ ਹਲਕਿਆਂ ਵਿਚ ਇਹ ਚਰਚਾ ਚਲਦੀ ਰਹੀ ਹੈ ਕਿ ਸ੍ਰੀ ਖਟੜਾ ਨੂੰ ਵੱਡੀ ਸਿਆਸੀ ਹਸਤੀ ਦਾ ਅਸ਼ੀਰਵਾਦ ਹਾਸਲ ਸੀ ਤੇ ਇਸ ਚੋਣ ਵਿਚ ਜਥੇਦਾਰ ਟੌਹੜਾ ਦੀ ਪੋਤਰੀ ਹਾਰ ਗਈ ਸੀ। ਸਨੌਰ ਵਿਧਾਨ ਸਭਾ ਹਲਕੇ ਤੋਂ ਚੰਦੂਮਾਜਰਾ ਦੇ ਪੁੱਤਰ ਨੂੰ ਹਲਕਾ ਇੰਚਾਰਜ ਲਾਉਣ ਤੋਂ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਤੇਜਿੰਦਰਪਾਲ ਸਿੰਘ ਸੰਧੂ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵੇਲੇ ਟਿਕਟ ਦਿੱਤੇ ਜਾਣ ਦੀ ਉਮੀਦ ਨਹੀਂ ਹੈ।

ਪਾਰਟੀ ਵੱਲੋਂ ਪਟਿਆਲਾ ਦਿਹਾਤੀ ਹਲਕੇ ਸਬੰਧੀ ਲਏ ਫੈਸਲੇ ਤੋਂ ਬਾਅਦ ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵਿਚ ਟੌਹੜਾ ਗਰੁੱਪ ਦਾ ਇਕ ਤਰ੍ਹਾਂ ਨਾਲ 'ਭੋਗ' ਹੀ ਪਾ ਦਿੱਤਾ ਗਿਆ ਹੈ। ਸਾਲ 2012 ਦੀਆਂ ਚੋਣਾਂ ਦੌਰਾਨ ਜਥੇਦਾਰ ਟੌਹੜਾ ਦੇ ਜਵਾਈ ਦੀ ਟਿਕਟ ਕੱਟ ਕੇ ਪੋਤਰੀ ਨੂੰ ਦਿੱਤੀ ਗਈ ਸੀ ਤੇ ਇਸ ਵਾਰੀ ਪੋਤਰੀ ਨੂੰ ਵੀ ਟਿਕਟ ਦਿੱਤੇ ਜਾਣ ਦੇ ਆਸਾਰ ਨਹੀਂ ਹਨ।

ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਜੋ ਕਿ ਕਿਸੇ ਸਮੇਂ ਜਥੇਦਾਰ ਟੌਹੜਾ ਦੇ ਕਰੀਬੀ ਰਹੇ ਹਨ, ਨੇ ਬਾਦਲਾਂ ਨਾਲ ਨੇੜਤਾ ਵਧਾ ਲਈ ਹੈ। ਜਥੇਦਾਰ ਸੁਖਦੇਵ ਸਿੰਘ ਭੌਰ ਸਮੇਤ ਹੋਰ ਕਈ ਆਗੂ ਪਾਰਟੀ ਵਿਚ ਮਨਫ਼ੀ ਕਰ ਦਿੱਤੇ ਗਏ ਹਨ। ਸਤਬੀਰ ਸਿੰਘ ਖਟੜਾ ਦੇ ਪਿਤਾ ਰਣਬੀਰ ਸਿੰਘ ਖਟੜਾ ਇਸ ਸਮੇਂ ਫਿਰੋਜ਼ਪੁਰ ਰੇਂਜ ਦੇ ਡੀ.ਆਈ.ਜੀ. ਵਜੋਂ ਸੇਵਾਵਾਂ ਨਿਭਾਅ ਰਹੇ ਹਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਰੀਬੀ ਮੰਨੇ ਜਾਂਦੇ ਹਨ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਖਟੜਾ ਪਰਿਵਾਰ ਪਰਲ ਗਰੁੱਪ ਦੇ ਮਾਲਕ ਨਿਰਮਲ ਸਿੰਘ ਭੰਗੂ ਦਾ ਰਿਸ਼ਤੇਦਾਰ ਪਰਿਵਾਰ ਵੀ ਹੈ ਤੇ ਸ੍ਰੀ ਭੰਗੂ ਇਸ ਵੇਲੇ ਸੀ.ਬੀ.ਆਈ. ਦੀ ਹਿਰਾਸਤ ਵਿਚ ਹਨ।

### ਪਟਿਆਲਾ ਹਲਕਾ ਖੋਹਣ ਤੋਂ ਟੌਹੜਾ ਪਰਿਵਾਰ ਨਾਰਾਜ਼

**ਪਟਿਆਲਾ:** ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਰਿਵਾਰ ਤੋਂ ਪਟਿਆਲਾ (ਦਿਹਾਤੀ) ਦੀ ਕਮਾਂਡ ਖੋਹੇ ਜਾਣ ਮਗਰੋਂ ਮਾਰਕੀਟ ਕਮੇਟੀ ਪਟਿਆਲਾ ਦੇ ਚੇਅਰਮੈਨ ਤੇ ਜਥੇਦਾਰ ਟੌਹੜਾ ਦੇ ਦੋਹਤੇ ਹਰਿੰਦਰਪਾਲ ਸਿੰਘ ਟੌਹੜਾ ਨੇ ਮੱਠੀ ਸੁਰ ਵਿਚ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਤੋਂ ਅਚਾਨਕ ਹੀ ਪਟਿਆਲਾ (ਦਿਹਾਤੀ) ਹਲਕਾ ਖੋਹ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼ਿਕਵਿਆਂ ਨੂੰ ਛੇਤੀ ਹੀ ਪਾਰਟੀ ਹਾਈਕਮਾਨ ਅੱਗੇ ਰੱਖਿਆ ਜਾਵੇਗਾ।

ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਨੇ ਕਿਹਾ ਕਿ ਉਹ ਅਕਾਲੀ ਦਲ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਰਹਿਣਗੇ। ਸ. ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਨੇ ਆਖਿਆ ਕਿ ਟੌਹੜਾ ਪਰਿਵਾਰ ਲਈ ਪਹਿਲਾਂ ਅਕਾਲੀ ਦਲ ਹੈ, ਫੈਸਲੇ ਜੋ ਵੀ ਹੋਣ ਉਹ ਬਾਅਦ ਦੀ ਗੱਲ ਹੈ। ਦੱਸਣਯੋਗ ਹੈ ਕਿ ਜਥੇਦਾਰ ਟੌਹੜਾ ਦਾ ਸਿਆਸੀ ਤੌਰ 'ਤੇ ਵਾਹ ਅਮਲੋਹ ਹਲਕੇ ਨਾਲ ਹੀ ਰਿਹਾ ਹੈ। ਭਾਵੇਂ ਅਮਲੋਹ ਹਲਕਾ ਹੁਣ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਪੈਂਦਾ ਹੈ, ਪਰ ਪਹਿਲਾਂ ਇਹ ਸਾਰਾ ਇਲਾਕਾ ਪਟਿਆਲਾ ਜ਼ਿਲ੍ਹੇ ਦਾ ਹਿੱਸਾ ਹੀ ਸੀ ਤੇ ਪਿੰਡ ਟੌਹੜਾ ਵੀ ਅਮਲੋਹ ਹਲਕੇ ਦਾ ਹੀ ਹਿੱਸਾ ਸੀ। ਸੂਤਰਾਂ ਮੁਤਾਬਕ ਪਾਰਟੀ ਹਾਈਕਮਾਨ ਵਿਚ ਇਹ ਗੱਲ ਮੁੜ ਉੱਠਣ ਲੱਗੀ ਹੈ ਕਿ ਟੌਹੜਾ ਪਰਿਵਾਰ ਨੂੰ ਅਮਲੋਹ ਹਲਕੇ ਦੀ ਵਾਗਡੋਰ ਸੌਂਪੀ ਜਾਵੇ।

# ਕਾਂਗਰਸ ਨੂੰ ਸੰਭਾਲਣ ਲਈ ਪ੍ਰਸ਼ਾਂਤ ਨੇ ਸੰਭਾਲੀ ਕਮਾਨ

**ਫਾਜ਼ਿਲਕਾ:** ਪੰਜਾਬ ਅੰਦਰ ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਨੇ ਆਪਣੀ ਤਾਕਤ ਝੋਕਣੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਪਾਰਟੀ ਵੱਲੋਂ ਇਸ ਸਬੰਧੀ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਦਾ ਸਹਾਰਾ ਲਿਆ ਜਾ ਰਿਹਾ ਹੈ। ਪ੍ਰਸ਼ਾਂਤ ਕਿਸ਼ੋਰ ਦੀ ਟੀਮ ਵੱਲੋਂ ਆਪਣੇ ਪੱਧਰ 'ਤੇ ਸ਼ੁਰੂ ਕੀਤੀ ਚੋਣ ਮੁਹਿੰਮ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਆਉਂਦੇ ਛੇ ਮਹੀਨਿਆਂ ਦੌਰਾਨ ਸੂਬੇ ਦੇ ਹਰੇਕ ਹਲਕੇ ਦਾ ਦੌਰਾ ਕਰਨਗੇ। ਇਸ ਤੋਂ ਇਲਾਵਾ ਹਰੇਕ ਹਲਕੇ ਵਿਚ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਸ਼ਿਕਾਇਤ ਸੈੱਲ ਦਾ ਨਿਰਮਾਣ ਕਰਨਗੇ, ਜੋ ਕਿ ਭਵਿੱਖ ਵਿਚ ਕੈਪਟਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰੇਗਾ।

ਮਹੱਤਵਪੂਰਨ ਗੱਲ ਇਹ ਲੋਕਾਂ ਨੂੰ ਦੱਸੀ ਜਾਵੇਗੀ ਕਿ ਕੈਪਟਨ ਅਮਰਿੰਦਰ ਸਿੰਘ ਹਰੇਕ ਵਿਧਾਨ ਸਭਾ ਹਲਕੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣੇ ਸ਼ਾਸਨ ਦੇ ਪਹਿਲੇ 100 ਦਿਨਾਂ ਦੇ ਅੰਦਰ ਇਕ ਟਾਸਕ ਫੋਰਸ ਬਣਾਉਣਗੇ। ਪ੍ਰਸ਼ਾਂਤ ਕਿਸ਼ੋਰ ਟੀਮ ਦੇ ਇਕ ਸੀਨੀਅਰ ਮੈਂਬਰ ਅਨੁਸਾਰ ਕੈਪਟਨ ਹਰੇਕ ਹਲਕੇ ਅੰਦਰ ਸਿੱਧੇ ਪੰਜ ਹਜ਼ਾਰ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਜਾਣਨਗੇ।

ਉਨ੍ਹਾਂ ਇਸ ਮੁਹਿੰਮ ਨੂੰ ਨਾਂ 'ਲੋਕਾਂ ਦਾ ਦਰਬਾਰ' ਦਿੱਤਾ ਹੈ। ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਨੇ ਸੂਬੇ ਦੇ ਹਰੇਕ ਪਿੰਡ ਅਤੇ ਸ਼ਹਿਰਾਂ ਦੇ ਵਾਰਡਾਂ ਵਿਚ ਜਾਣਾ ਸ਼ੁਰੂ ਕੀਤਾ ਹੈ। ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਨੂੰ ਇਕ ਰਸੀਦ ਦਿੱਤੀ ਜਾ ਰਹੀ ਹੈ। ਸ਼ਿਕਾਇਤ ਪ੍ਰਾਪਤ ਹੋਣ ਤੋਂ 72 ਘੰਟਿਆਂ ਅੰਦਰ ਅੰਦਰ ਐਸ.ਐਮ.ਐਸ. ਰਾਹੀਂ ਸ਼ਿਕਾਇਤ ਪਹੁੰਚਣ ਦੀ ਪੁਸ਼ਟੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਆਵਾਜ਼ ਵਿਚ ਸੁਨੇਹਾ ਭੇਜਿਆ ਜਾਵੇਗਾ। 'ਲੋਕਾਂ ਦੇ ਦਰਬਾਰ' ਵਿਚ ਸ਼ਾਮਲ ਹੋਣ ਤੋਂ ਅਸਮਰਥ ਲੋਕਾਂ ਦੀਆਂ ਸ਼ਿਕਾਇਤਾਂ ਦਾਖਲ ਕਰਨ ਲਈ ਇਕ ਈਮੇਲ ਸਹੂਲਤ ਵੀ ਪ੍ਰਦਾਨ ਕਰਵਾਈ ਗਈ ਹੈ। ਇਸ ਦੀ ਸ਼ੁਰੂਆਤ ਫ਼ਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਸ਼ੁਰੂ ਕੀਤੀ ਗਈ ਹੈ ਤੇ 117 ਵਿਧਾਨ ਸਭਾ ਹਲਕਿਆਂ ਤੱਕ ਲਗਾਤਾਰ ਜਾਰੀ ਰਹੇਗੀ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਹਰੇਕ ਹਲਕੇ ਦੇ ਪਤਵੰਤਿਆਂ, ਜਿਵੇਂ ਸਰਪੰਚਾਂ, ਪ੍ਰੋਫੈਸਰ, ਡਾਕਟਰ, ਵਪਾਰੀ, ਕਿਸਾਨ, ਵਕੀਲਾਂ ਨੂੰ ਵੀ ਮਿਲਣਗੇ ਤੇ ਉਨ੍ਹਾਂ ਦੇ ਹਲਕੇ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਣਗੇ।

### ਕੈਪਟਨ ਦੇ ਸਾਹਮਣੇ ਗੁੱਥਮ-ਗੁੱਥਾ ਹੋਏ ਕਾਂਗਰਸੀ

**ਮਲੋਟ:** ਲੰਬੀ ਵਿਚ ਕਾਂਗਰਸ ਦੇ ਧਰਨੇ ਦੌਰਾਨ ਸਥਾਨਕ ਲੀਡਰ ਤੇ ਵਰਕਰ ਆਪਸ ਵਿਚ ਭਿੜ ਗਏ। ਇਹ ਕਲੇਸ਼ ਸਟੇਜ ਤੋਂ ਮੋਬਾਈਲ ਵੀਡੀਓ ਬਣਾਉਣ ਤੋਂ ਸ਼ੁਰੂ ਹੋਇਆ। ਇਸ ਦੌਰਾਨ ਖੁੱਡੀਆਂ ਅਤੇ ਅਬੁਲਖੁਰਾਣਾ ਗਰੁੱਪ ਦੇ ਵਰਕਰ ਆਪਸ 'ਚ ਖਹਿਬੜ ਪਏ। ਮਾਮਲਾ ਇੰਨਾ ਵਧਿਆ ਕਿ ਹੱਥੋਪਾਈ ਵਿਚ ਬਲਾਕ ਕਾਂਗਰਸ ਪ੍ਰਧਾਨ ਗੁਰਬਾਜ਼ ਸਿੰਘ ਵਣਵਾਲਾ ਦੀ ਪੱਗ ਲੱਥ ਗਈ। ਜਿਸ ਵੇਲੇ ਇਹ ਪੂਰਾ ਕਲੇਸ਼ ਹੋਇਆ ਤਾਂ ਕੈਪਟਨ ਅਮਰਿੰਦਰ ਸਿੰਘ ਸਟੇਜ ਉੱਤੇ ਮੌਜੂਦ ਸਨ। ਜਾਣਕਾਰੀ ਮੁਤਾਬਕ ਕਾਂਗਰਸ ਆਗੂ ਜਗਪਾਲ ਸਿੰਘ ਅਬੁਲਖੁਰਾਣਾ ਦਾ ਸੰਬੋਧਨ ਚੱਲ ਰਿਹਾ ਸੀ। ਇਸ ਦੌਰਾਨ ਉਨ੍ਹਾਂ ਦਾ ਇਕ ਸਮਰਥਕ ਜਸਪਾਲ ਸਿੰਘ ਸਟੇਜ 'ਤੇ ਖੜ੍ਹ ਕੇ ਮੋਬਾਈਲ ਵੀਡੀਓ ਬਣਾਉਣ ਲੱਗਾ। ਕਿਹਾ ਜਾ ਰਿਹਾ ਹੈ ਕਿ ਇਸ ਦੌਰਾਨ ਜਸਪਾਲ ਦਾ ਮੋਬਾਈਲ ਜ਼ਿਲ੍ਹਾ ਪ੍ਰਧਾਨ ਖੁੱਡੀਆਂ ਦੀ ਪੱਗ ਨਾਲ ਲੱਗ ਗਿਆ। ਇਸ 'ਤੇ ਜ਼ਿਲ੍ਹਾ ਪ੍ਰਧਾਨ ਨੇ ਉਸ ਨੂੰ ਸਟੇਜ ਤੋਂ ਹੇਠਾਂ ਜਾ ਕੇ ਵੀਡੀਓ ਬਣਾਉਣ ਲਈ ਕਿਹਾ, ਪਰ ਜਸਪਾਲ ਨੇ ਅਪਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਯੂਥ ਵਰਕਰਾਂ ਜਸਪਾਲ ਨੂੰ ਸਟੇਜ ਤੋਂ ਹੇਠਾਂ ਖਿੱਚ ਲਿਆ ਤੇ ਵਿਵਾਦ ਵਧ ਗਿਆ। ਇਸ ਝਗੜੇ ਦੌਰਾਨ ਦੋਹਾਂ ਧੜਿਆਂ ਵਿਚ ਤਕਰਾਰ ਇੰਨੀ ਵਧੀ ਕਿ ਪੱਖੇ 'ਚ ਵੱਜਣ ਕਾਰਨ ਗੁਰਬਾਜ਼ ਸਿੰਘ ਵਣਵਾਲਾ ਦਾ ਕੁੜਤਾ ਫਟ ਗਿਆ ਤੇ ਪੱਗ ਵੀ ਲੱਥ ਗਈ। ਪੁਲਿਸ ਨੇ ਦੋਵੇਂ ਧੜਿਆਂ ਨੂੰ ਵੱਖ ਕੀਤਾ। ਹਾਲਾਂਕਿ ਇਸ ਦੌਰਾਨ ਸਟੇਜ ਦੀ ਕਾਰਵਾਈ ਵਿਚ ਕੋਈ ਰੁਕਾਵਟ ਨਹੀਂ ਪੈਣ ਦਿੱਤੀ ਗਈ।



# ਡਰੱਗ ਤਸਕਰੀ ਵਿਚ ਅਦਾਕਾਰਾ ਮਮਤਾ ਕੁਲਕਰਨੀ ਵੀ ਘਿਰੀ

**ਥਾਣੇ:** ਪੁਲਿਸ ਨੇ ਨਸ਼ਿਆਂ ਦੇ ਵਪਾਰੀ ਵਿਕੀ ਗੋਸਵਾਮੀ ਨਾਲ ਸਬੰਧਤ ਬਹੁ ਕਰੋੜੀ ਡਰੱਗ ਰੈਕੇਟ ਵਿਚ ਸਾਬਕਾ ਅਦਾਕਾਰਾ ਮਮਤਾ ਕੁਲਕਰਨੀ ਦੀ ਸ਼ਮੂਲੀਅਤ ਦਾ ਖੁਲਾਸਾ ਕੀਤਾ ਹੈ। ਮੁੰਬਈ ਪੁਲਿਸ ਦਾ ਦਾਅਵਾ ਹੈ ਕਿ ਮਮਤਾ ਕੁਲਕਰਨੀ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੀ ਹੋਈ ਹੈ। ਉਸ ਨੂੰ ਇਸ ਕੇਸ ਵਿਚ ਅਹਿਮ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।



ਥਾਣੇ ਦੇ ਪੁਲਿਸ ਕਮਿਸ਼ਨਰ ਪਰਮਬੀਰ ਸਿੰਘ ਨੇ ਕਿਹਾ ਕਿ ਬਹੁ-ਕਰੋੜੀ ਡਰੱਗ ਕੇਸ ਵਿਚ ਫੜੇ ਜੋੜੇ ਅਤੇ ਅਮਰੀਕਾ ਦੀ ਡਰੱਗ ਇਨਫੋਰਸਮੈਂਟ ਏਜੰਸੀ ਤੋਂ ਮਿਲੀ ਸੂਚਨਾ ਤੋਂ ਪਤਾ ਲੱਗਿਆ ਹੈ ਕਿ ਕੁਲਕਰਨੀ ਇਸ ਕੇਸ ਦੀ ਅਹਿਮ ਸੂਤਰਧਾਰ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਨੇ ਕੁਲਕਰਨੀ ਤੇ ਗੋਸਵਾਮੀ ਨੂੰ ਭਾਰਤ ਲਿਆਉਣ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੂੰ ਇੰਟਰਪੋਲ ਰਾਹੀਂ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਜਾਵੇਗਾ। ਹੁਣ ਤੱਕ ਦੀ ਜਾਂਚ ਤੋਂ ਖੁਲਾਸਾ ਹੋਇਆ ਹੈ ਕਿ ਕੁਲਕਰਨੀ ਡਰੱਗ ਰੈਕੇਟ ਨਾਲ ਸਰਗਰਮੀ ਨਾਲ ਜੁੜੀ ਹੋਈ ਸੀ। ਦੱਸਣਯੋਗ ਹੈ ਕਿ ਪੁਲਿਸ ਨੇ ਮਹਾਰਾਸ਼ਟਰ ਦੇ ਸੋਲਾਪੁਰ ਜ਼ਿਲ੍ਹੇ ਵਿਚ ਏਵਨ ਲਾਈਫਸਾਇੰਸਿਜ਼ ਲਿਮਟਿਡ ਦੇ ਕੰਪਲੈਕਸ ਵਿਚ ਛਾਪਾ ਮਾਰ ਕੇ ਤਕਰੀਬਨ ਦੋ ਹਜ਼ਾਰ ਕਰੋੜ ਨਸ਼ੀਲਾ ਪਦਾਰਥ (ਅਫੈਡਰਿਨ) ਬਰਾਮਦ ਕੀਤਾ ਸੀ, ਉਦੋਂ ਨਸ਼ਿਆਂ ਦੇ ਇਸ ਕਾਰੋਬਾਰ ਦਾ ਖੁਲਾਸਾ ਹੋਇਆ ਸੀ। ਇਸ ਕੇਸ ਵਿਚ ਹੁਣ ਤੱਕ 17 ਮੁਲਜ਼ਮ ਨਾਮਜ਼ਦ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 10 ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਜੋ ਹੁਣ ਨਿਆਇਕ ਹਿਰਾਸਤ ਵਿਚ ਹਨ।

### ਵੀ.ਵੀ.ਆਈ.ਪੀ. ਫੋਨ ਟੈਪ ਮਾਮਲੇ ਦੀ ਜਾਂਚ ਦੇ ਹੁਕਮ

**ਨਵੀਂ ਦਿੱਲੀ:** ਮਲਟੀਨੈਸ਼ਨਲ ਕੰਪਨੀ ਐੱਸਾਰ ਗਰੁੱਪ ਨਾਲ ਜੁੜੇ ਫੋਨ ਟੈਪਿੰਗ ਮਾਮਲੇ ਵਿਚ ਸਖਤ ਰੁਖ਼ ਅਖਤਿਆਰ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗ੍ਰਹਿ ਮੰਤਰਾਲੇ ਨੂੰ ਜਾਂਚ ਰਿਪੋਰਟ ਜਲਦ ਦੇਣ ਲਈ ਕਿਹਾ ਹੈ। 2001 ਤੋਂ 2006 ਵਿਚਕਾਰ ਐੱਸਾਰ ਗਰੁੱਪ ਉੱਤੇ ਵੀ.ਵੀ.ਆਈ.ਪੀ. ਫੋਨ ਟੈਪਿੰਗ ਕਰਵਾਉਣ ਦਾ ਦੋਸ਼ ਹੈ। ਉਸ ਦੌਰਾਨ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ।

### ਬਲਾਤਕਾਰ ਵਾਲੀ ਟਿੱਪਣੀ ਤੋਂ ਸਲਮਾਨ ਘਿਰਿਆ

**ਮੁੰਬਈ:** ਅਦਾਕਾਰ ਸਲਮਾਨ ਖਾਨ ਇਕ ਵਾਰ ਫਿਰ ਵਿਵਾਦਾਂ ਵਿਚ ਘਿਰ ਗਿਆ ਹੈ। ਨਵਾਂ ਵਿਵਾਦ ਇਸ ਅਦਾਕਾਰ ਵੱਲੋਂ ਬਲਾਤਕਾਰ ਬਾਰੇ ਕੀਤੀ ਟਿੱਪਣੀ ਤੋਂ ਹੈ। ਸਲਮਾਨ ਨੇ ਆਪਣੀ ਅਗਲੀ ਫਿਲਮ 'ਸੁਲਤਾਨ' ਦਾ ਥਕਾ ਦੇਣ ਵਾਲਾ ਸ਼ੂਟਿੰਗ ਸ਼ਡਿਊਲ ਬਾਰੇ ਕਿਹਾ ਸੀ ਕਿ ਉਹ ਇੰਜ ਮਹਿਸੂਸ ਕਰਦਾ ਸੀ ਜਿਵੇਂ ਕਿਸੇ ਔਰਤ ਦਾ ਬਲਾਤਕਾਰ ਹੋ ਗਿਆ ਹੋਵੇ। ਇਸ ਟਿੱਪਣੀ ਤੋਂ ਬਾਅਦ ਫਿਲਮ ਜਗਤ ਸਮੇਤ ਹੋਰਨਾਂ ਹਲਕਿਆਂ ਨੇ ਮੰਗ ਕੀਤੀ ਹੈ ਕਿ ਸਲਮਾਨ ਇਸ ਲਈ ਮਾਫ਼ੀ ਮੰਗੇ।

ਮਹਿਲਾਵਾਂ ਬਾਰੇ ਕੌਮੀ ਕਮਿਸ਼ਨ ਨੇ ਇਸ ਟਿੱਪਣੀ ਦਾ ਨੋਟਿਸ ਲੈਂਦਿਆਂ 50 ਸਾਲਾਂ ਨੂੰ ਢੁੱਕੇ ਅਦਾਕਾਰ ਨੂੰ ਪੱਤਰ ਲਿਖ ਕੇ ਸੱਤ ਦਿਨਾਂ ਵਿਚ ਲਿਖਤੀ ਜਵਾਬ ਦੇਣ ਲਈ ਕਿਹਾ ਹੈ। ਅਜਿਹਾ ਨਾ ਕਰਨ ਦੀ ਸੂਰਤ 'ਚ ਕਮਿਸ਼ਨ ਨੇ ਉਸ ਨੂੰ ਸੰਮਨ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਹੈ। ਮਹਿਲਾ ਕਾਰਕੁਨਾਂ ਨੇ ਸਲਮਾਨ ਦੀ ਮੁੰਬਈ ਦੇ ਬਾਂਦਰਾ ਸਥਿਤ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ। ਸਿਆਸੀ ਪਾਰਟੀਆਂ, ਸੋਸ਼ਲ ਮੀਡੀਆ ਤੇ ਕੌਮੀ ਮਹਿਲਾ ਕਮਿਸ਼ਨ ਦੇ ਦਬਾਅ ਦੇ ਮੱਦੇਨਜ਼ਰ ਸਲਮਾਨ ਦੇ ਪਿਤਾ ਸਲੀਮ ਖਾਨ ਜੋ ਪਟਕਥਾ ਲੇਖਕ ਹਨ, ਨੇ ਆਪਣੇ ਪੁੱਤ ਦੀ ਟਿੱਪਣੀ ਨੂੰ 'ਗ਼ਲਤ' ਦੱਸਦਿਆਂ ਮਾਫ਼ੀ ਮੰਗੀ ਹੈ।

# ਬਾਦਲ ਪਿੰਡ ਵੱਲ ਕੂਚ ਕਰਦੇ ਅਧਿਆਪਕ ਭਜਾ-ਭਜਾ ਕੇ ਕੁੱਟੇ

**ਸੰਗਤ ਮੰਡੀ:** ਤਕਰੀਬਨ ਇਕ ਮਹੀਨੇ ਤੋਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੈ ਸਿੰਘ ਵਾਲਾ ਵਿਖੇ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕਾਂ ਨੂੰ ਸਿਖਰ ਦੁਪਹਿਰੇ ਪੰਜਾਬ ਪੁਲਿਸ ਦੇ ਜਵਾਨਾਂ ਨੇ ਭਜਾ-ਭਜਾ ਕੇ ਕੁੱਟਿਆ। ਪਹਿਲਾਂ ਹੀ ਤੈਅ ਪ੍ਰੋਗਰਾਮ ਅਨੁਸਾਰ ਪੰਜਾਬ ਭਰ ਤੋਂ ਇਕੱਠੇ ਹੋਏ ਬੇਰੁਜ਼ਗਾਰ ਅਧਿਆਪਕਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਬਾਦਲ ਵੱਲ ਨੂੰ ਕੂਚ ਕਰਨਾ ਸੀ।



ਪ੍ਰਸ਼ਾਸਨ ਨੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਮਾਰਚ ਨੂੰ ਅਸਫਲ ਬਣਾਉਣ ਲਈ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਨੂੰ ਪਿੰਡ ਜੈ ਸਿੰਘ ਵਾਲਾ ਵਿਖੇ ਤਾਇਨਾਤ ਕੀਤੀ ਗਈ ਸੀ। ਪੁਲਿਸ ਨੇ ਅਧਿਆਪਕਾਂ ਨੂੰ ਪਿੰਡ ਬਾਦਲ ਵੱਲ ਜਾਣ ਤੋਂ ਰੋਕਣ ਲਈ ਪਿੰਡ ਜੈ ਸਿੰਘ ਵਾਲਾ ਵਿਖੇ ਬਾਦਲ ਰੋਡ ਦੀ ਨੁੱਕਰ ਉੱਤੇ ਬੈਰੀਗੇਟ ਅਤੇ ਰੱਸਿਆਂ ਨਾਲ ਰੋਕਾਂ ਲਾਈਆਂ ਹੋਈਆਂ ਸਨ। ਪੁਲਿਸ ਦੀਆਂ ਇਨ੍ਹਾਂ ਰੋਕਾਂ ਨੂੰ ਦੇਖਦਿਆਂ ਬੇਰੁਜ਼ਗਾਰ ਅਧਿਆਪਕਾਂ ਨੇ ਚੰਦ ਸਿੰਘ ਡੀ.ਐਸ.ਪੀ. ਬਠਿੰਡਾ ਦਿਹਾਤੀ ਅਤੇ ਜੀਵਨ ਲਾਲ ਨਾਇਬ ਤਹਿਸੀਲਦਾਰ ਸੰਗਤ ਕੋਲ ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਕਰਵਾਉਣ ਦੀ ਇਕ ਵਾਰ ਫਿਰ ਮੰਗ ਰੱਖ ਦਿੱਤੀ।

ਦੋ ਘੰਟਿਆਂ ਤੱਕ ਜ਼ਿਲ੍ਹਾ ਪ੍ਰਸ਼ਾਸਨ ਅਧਿਆਪਕਾਂ ਦੀ ਮੀਟਿੰਗ ਮੁੱਖ ਮੰਤਰੀ ਨਾਲ ਕਰਵਾਉਣ ਲਈ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਦਾ ਰਿਹਾ, ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ। ਅਖੀਰ ਕੜਕਦੀ ਧੁੱਪ ਵਿਚ ਅਧਿਆਪਕਾਂ ਦਾ ਗੁੱਸਾ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਵਧਦਾ ਗਿਆ ਅਤੇ ਪੰਜਾਬ ਸਰਕਾਰ ਖਿਲਾਫ਼ ਨਾਅਰੇਬਾਜ਼ੀ ਆਪਣੀ ਸਿਖਰ ਸੀਮਾ ਤੱਕ ਪਹੁੰਚ ਗਈ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਲਾਰਿਆਂ ਤੋਂ ਅੱਕੇ ਅਧਿਆਪਕਾਂ ਨੇ ਪੁਲਿਸ ਰੋਕਾਂ ਨੂੰ ਤੋੜਦਿਆਂ ਬਾਦਲ ਪਿੰਡ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ।

ਪੁਲਿਸ ਰੋਕਾਂ ਟੁੱਟਦਿਆਂ ਹੀ ਪੁਲਿਸ ਪ੍ਰਸ਼ਾਸਨ ਨੇ ਅਧਿਆਪਕਾਂ ਉੱਤੇ ਡਾਂਗਾਂ ਵਰ੍ਹਾ ਦਿੱਤੀਆਂ। ਪੁਲਿਸ ਦੀਆਂ ਡਾਂਗਾਂ ਨਾਲ ਸੂਬਾ ਪ੍ਰਧਾਨ ਅਮਰਜੀਤ ਸਿੰਘ ਕੰਬੋਜ ਗੰਭੀਰ ਜ਼ਖਮੀ ਹੋ ਕੇ ਡਿੱਗ ਪਿਆ ਅਤੇ ਬੇਹੋਸ਼ ਹੋ ਗਿਆ। ਪੁਲਿਸ ਦੀ ਡਾਂਗ ਨੇ ਕੁੜੀਆਂ ਤੱਕ ਨੂੰ ਵੀ ਨਹੀਂ ਬਖ਼ਸ਼ਿਆ। ਇਕ ਪਾਸੇ ਅਧਿਆਪਕਾਂ ਉੱਤੇ ਪੁਲਿਸ ਡਾਂਗ ਵਰ੍ਹਾ ਰਹੀ ਸੀ ਤੇ ਦੂਜੇ ਪਾਸੇ ਵਾਟਰ ਵਰਕਸ ਦੀ ਟੈਂਕੀ ਉੱਤੇ ਚੜ੍ਹੀ ਇਕ ਲੜਕੀ ਨੇ ਅੱਗ ਲਗਾ ਦਿੱਤੀ। ਇਸ ਦੌਰਾਨ ਅਧਿਆਪਕਾਂ ਦੀਆਂ ਪੱਗਾਂ ਅਤੇ ਕਈ ਕੁੜੀਆਂ ਦੀਆਂ ਚੁੰਨੀਆਂ ਤੱਕ ਲਹਿ ਗਈਆਂ। ਇਕ ਘੰਟੇ ਤੱਕ ਅਧਿਆਪਕਾਂ ਨੇ ਬਠਿੰਡਾ ਬਾਦਲ ਰੋਡ ਜਾਮ ਰੱਖਿਆ ਅਤੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦਾ ਪਿੱਟ ਸਿਆਪਾ ਕਰਦੇ ਰਹੇ।

# ਪਾਕਿਸਤਾਨ ਵਿਚ ਅਣਖ ਖਾਤਰ ਕਤਲ ਦੇ ਮਾਮਲੇ ਵਧੇ

**ਲਾਹੌਰ:** ਲਹਿੰਦੇ ਪੰਜਾਬ ਵਿਚ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਵਾਲੀ ਔਰਤ ਤੇ ਉਸ ਦੇ ਪਤੀ ਦਾ ਕਤਲ ਕਰ ਦਿੱਤਾ ਗਿਆ। ਪੋਸਟਮਾਰਟਮ ਰਿਪੋਰਟ ਮੁਤਾਬਕ ਭਰਾ ਵੱਲੋਂ ਗੋਲੀ ਮਾਰ ਕੇ ਮਾਰੀ ਗਈ ਔਰਤ ਗਰਭਵਤੀ ਸੀ ਅਤੇ ਚਾਰ ਦਿਨਾਂ ਬਾਅਦ ਉਸ ਦੀ ਡਲੀਵਰੀ ਹੋਣੀ ਸੀ। ਜਾਣਕਾਰੀ ਮੁਤਾਬਕ ਮੁਹੰਮਦ ਸ਼ਕੀਲ (30) ਅਤੇ ਅਕਸਾ (26) ਨੇ ਚਾਰ ਸਾਲ ਪਹਿਲਾਂ ਆਪਣੀ ਮਰਜ਼ੀ ਨਾਲ ਵਿਆਹ ਕਰਾ ਲਿਆ ਸੀ ਅਤੇ ਉਹ ਪੰਜਾਬ ਸੂਬੇ ਦੇ ਪਿੰਡ ਠੀਕਰੀਵਾਲਾ ਵਿਚ ਰਹਿੰਦੇ ਸਨ।

ਪੁਲਿਸ ਮੁਤਾਬਕ ਅਕਸਾ ਦਾ ਭਰਾ ਹਾਲ ਹੀ ਵਿਚ ਸਾਊਦੀ ਅਰਬ ਤੋਂ ਪਰਤਿਆ ਸੀ। 'ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਅਕਸਾ ਦਾ ਭਰਾ ਆਪਣੀ ਮਾਂ, ਮਾਮਿਆਂ ਅਤੇ ਹੋਰ ਰਿਸ਼ਤੇਦਾਰਾਂ ਨਾਲ ਇਸ ਜੋੜੇ ਦੇ ਘਰ ਆਇਆ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਇਸ ਬਾਅਦ ਉਨ੍ਹਾਂ ਨੂੰ ਕਿਸੇ ਅਣਦੱਸੀ ਥਾਂ ਉਤੇ ਲੈ ਗਏ, ਜਿਥੇ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਇਨ੍ਹਾਂ ਦੀਆਂ ਲਾਸ਼ਾਂ ਗੁਜਰਾ-ਜੰਗ ਬਰਾਂਚ ਨਹਿਰ ਵਿਚੋਂ ਮਿਲੀਆਂ। ਸ਼ਕੀਲ ਫੈਸਲਾਬਾਦ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਸੀ ਅਤੇ ਅਕਸਾ ਰੂਰਲ ਹੈਲਥ ਸੈਂਟਰ ਵਿਚ ਨੌਕਰੀ ਕਰਦੀ ਸੀ। ਸ਼ਕੀਲ ਦੇ ਪਿਤਾ ਦੀ ਸ਼ਿਕਾਇਤ ਉਤੇ ਠੀਕਰੀਵਾਲਾ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਪੋਸਟਮਾਰਟਮ ਰਿਪੋਰਟ ਮੁਤਾਬਕ ਇਸ ਜੋੜੇ ਦੀ ਮੌਤ ਸਿਰ ਵਿਚ ਗੋਲੀਆਂ ਲੱਗਣ ਕਾਰਨ ਹੋਈ ਹੈ। ਉਨ੍ਹਾਂ ਦੇ ਸਰੀਰ ਉਤੇ ਸੱਟਾਂ ਦੇ ਨਿਸ਼ਾਨ ਵੀ ਸਨ। ਜ਼ਿਕਰਯੋਗ ਹੈ ਕਿ ਘਟਨਾ ਤੋਂ ਦੋ ਦਿਨ ਪਹਿਲਾਂ ਗੁੱਜਰਾਂਵਾਲਾ ਵਿਚ 22 ਸਾਲਾ ਗਰਭਵਤੀ ਔਰਤ ਨੂੰ ਉਸ ਦੀ ਮਾਂ ਨੇ ਕਤਲ ਕਰ ਦਿੱਤੀ ਸੀ ਕਿਉਂਕਿ ਉਸ ਨੇ ਪਰਿਵਾਰ ਦੀ ਮਰਜ਼ੀ ਖਿਲਾਫ਼ ਵਿਆਹ ਕਰਾਇਆ ਸੀ। ਪਿਛਲੇ ਹਫਤੇ ਲਾਹੌਰ ਵਿਚ ਇਕ ਕੁੜੀ ਨੂੰ ਮਰਜ਼ੀ ਨਾਲ ਵਿਆਹ ਕਰਾਉਣ ਉਤੇ ਉਸ ਦੀ ਮਾਂ ਨੇ ਜ਼ਿੰਦਾ ਸਾੜ ਦਿੱਤਾ ਸੀ। ਗੌਰਤਲਬ ਹੈ ਕਿ ਪਿਛਲੇ ਸਾਲ ਪਾਕਿਸਤਾਨ ਵਿਚ ਅਣਖ ਖਾਤਰ 1100 ਔਰਤਾਂ ਨੂੰ ਮਾਰ ਦਿੱਤਾ ਗਿਆ ਸੀ।

# ਆਸਟਰੇਲੀਆ ਵਿਚ ਪੰਜਾਬੀ ਨੂੰ ਜੇਲ੍ਹ

**ਐਡੀਲੇਡ:** ਆਸਟਰੇਲੀਆ ਦੇ ਸ਼ਹਿਰ ਕੇਨਜ ਦੀ ਜ਼ਿਲ੍ਹਾ ਅਦਾਲਤ ਨੇ ਪੰਜਾਬੀ ਸੁਖਵੰਤ ਸਿੰਘ ਬਿੱਲਾ ਨੂੰ ਭਾਰਤੀ ਲੋਕਾਂ ਨਾਲ ਵੀਜ਼ਾ ਜਾਅਲਸਾਜ਼ੀ ਕਰਨ ਦੇ ਦੋਸ਼ 'ਚ ਸਾਢੇ ਤਿੰਨ ਸਾਲ ਦੀ ਸਜ਼ਾ ਹੋਈ ਹੈ। ਸੁਖਵੰਤ ਸਿੰਘ 'ਤੇ ਦੋਸ਼ ਸੀ ਕਿ ਉਹ ਪੰਜਾਬ ਤੋਂ ਆਸਟਰੇਲੀਆ ਜਾਣ ਦੇ ਇੱਛੁਕ ਕਈ ਨੌਜਵਾਨਾਂ ਤੋਂ ਵੀਜ਼ਾ ਦਿਵਾਉਣ ਬਦਲੇ ਵੱਡੀ ਰਕਮ ਵਸੂਲ ਕਰ ਚੁੱਕਿਆ ਹੈ।

ਅਦਾਲਤ ਅਨੁਸਾਰ ਉਸ ਨੇ ਸਾਲ 2006 ਤੋਂ 2009 ਦਰਮਿਆਨ ਭਾਰਤ ਦੇ ਕਰੀਬ 43 ਨੌਜਵਾਨਾਂ ਤੋਂ ਪੈਸੇ ਵਸੂਲੇ ਹਨ ਅਤੇ ਉਨ੍ਹਾਂ ਦੀਆਂ ਅਰਜ਼ੀਆਂ ਨਾਲ ਲਗਾਏ ਦਸਤਾਵੇਜ਼ ਵੀ ਜਾਅਲੀ ਪਾਏ ਗਏ ਹਨ। ਸੁਖਵੰਤ ਸਿੰਘ ਸੋਨਾ ਨੇ ਅਦਾਲਤ ਵਿਚ ਸਾਰੇ ਦੋਸ਼ਾਂ ਨੂੰ ਕਬੂਲ ਲਿਆ ਹੈ।

# ਮੁੜ 26/11 ਵਰਗੇ ਹਮਲੇ ਦੀ ਸਾਜ਼ਿਸ਼?

**ਨਵੀਂ ਦਿੱਲੀ:** ਖੁਫੀਆ ਏਜੰਸੀਆਂ ਨੇ ਕੇਂਦਰ ਸਰਕਾਰ ਨੂੰ ਚੌਕਸ ਕਰਦਿਆਂ ਦੱਸਿਆ ਹੈ ਕਿ ਅਤਿਵਾਦੀ ਇਕ ਵਾਰ ਮੁੜ 26/11 ਜਿਹੇ ਹਮਲੇ ਦੀ ਸਾਜ਼ਿਸ਼ ਰਚ ਰਹੇ ਹਨ ਤੇ ਇਸ ਵਾਰ ਉਨ੍ਹਾਂ ਦੇ ਨਿਸ਼ਾਨੇ ਉਤੇ ਭਾਰਤ ਦੀਆਂ 180 ਛੋਟੀਆਂ ਬੰਦਰਗਾਹਾਂ ਤੇ 30 ਟਾਪੂ ਹਨ।

ਗ੍ਰਹਿ ਮੰਤਰਾਲੇ ਦੀ ਅੰਦਰੂਨੀ ਸੁਰੱਖਿਆ ਬੈਠਕ ਦੌਰਾਨ ਖੁਫੀਆ ਏਜੰਸੀ ਆਈ.ਬੀ. ਨੇ ਕੇਂਦਰ ਸਰਕਾਰ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਦੱਸਿਆ ਕਿ ਅਤਿਵਾਦੀ ਬੰਦਰਗਾਹਾਂ ਤੇ ਟਾਪੂਆਂ 'ਤੇ ਹਮਲੇ ਦੀ ਫਿਰਾਕ ਵਿਚ ਹਨ, ਜਿਸ ਦੇ ਚੱਲਦਿਆਂ ਸਮੁੰਦਰੀ ਤੱਟਾਂ ਤੇ ਬੰਦਰਗਾਹਾਂ ਦੀ ਸਖ਼ਤ ਸੁਰੱਖਿਆ ਦੇ ਹੁਕਮ ਦਿੱਤੇ ਗਏ ਹਨ। ਖੁਫੀਆ ਏਜੰਸੀਆਂ ਮੁਤਾਬਕ ਗੁਜਰਾਤ, ਮਹਾਰਾਸ਼ਟਰ, ਤਾਮਿਲਨਾਡੂ, ਕਰਨਾਟਕ ਤੇ ਕੇਰਲ ਜਿਹੇ ਸੂਬਿਆਂ ਦੀਆਂ 180 ਬੰਦਰਗਾਹਾਂ ਤੇ 30 ਟਾਪੂ ਅਤਿਵਾਦੀਆਂ ਦੇ ਨਿਸ਼ਾਨੇ ਉਤੇ ਹਨ। ਰਿਪੋਰਟ ਮੁਤਾਬਕ ਅਤਿਵਾਦੀ ਜਿਨ੍ਹਾਂ ਛੋਟੇ ਟਾਪੂਆਂ ਵਿਚ ਘੁਸਪੈਠ ਕਰਨ ਦੀ ਯੋਜਨਾ ਬਣਾ ਰਹੇ ਹਨ, ਉਨ੍ਹਾਂ ਵਿਚ ਗੁਜਰਾਤ, ਅੰਡੇਮਾਨ ਨਿਕੋਬਾਰ ਤੇ ਲਕਸ਼ਦੀਪ ਦੇ 5-5 ਟਾਪੂ ਸ਼ਾਮਲ ਹਨ ਜਦੋਂ ਕਿ ਪੱਛਮ ਬੰਗਾਲ ਤਿੰਨ, ਮਹਾਰਾਸ਼ਟਰ ਇਕ ਤੇ ਤਾਮਿਲਨਾਡੂ ਦਾ ਇਕ ਟਾਪੂ ਵੀ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਹਨ। ਅਤਿਵਾਦੀਆਂ ਨੇ 10 ਸੁੰਨਸਾਨ ਟਾਪੂਆਂ ਤੇ ਕੁਝ ਭਾਰਤੀ ਜਹਾਜ਼ਾਂ ਨੂੰ ਆਪਣੀ ਪਨਾਹ ਲਈ ਇਸਤੇਮਾਲ ਕਰਨ ਦੀ ਯੋਜਨਾ ਬਣਾਈ ਹੋਈ ਹੈ, ਜਿਥੋਂ ਉਹ ਭਾਰਤ ਵਿਰੋਧੀ ਕਾਰਵਾਈ ਕਰ ਸਕਦੇ ਹਨ।

## Matrimonial

### ਲੜਕੀ ਦੀ ਲੋੜ ਹੈ

ਵਿਜ਼ੀਟਰ ਵੀਜ਼ੇ 'ਤੇ ਅਮਰੀਕਾ ਆਏ ਨਾਈ ਸਿੱਖ, ਭਾਰਤ ਤੋਂ ਗਰੈਜੂਏਟ ਉਮਰ 28 ਸਾਲ, 5'-9" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਇਕੋ ਭੈਣ ਅਮਰੀਕਾ ਵਿਚ ਵੈਲ ਸੈਟਲਡ ਹੈ। ਲੜਕੇ ਦਾ ਪਰਿਵਾਰ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ: 646-318-1589 26-29

Wanted traditional, simple & sincere girl for a boy in 40s, 5'- 6" teacher having legal US status. Cast no bar. Divorce could also be considered. Only serious enquiries. Email details & photo @ singh.millionaire@gmail.com or call Ph: 323-351-5737 26-29

ਜੱਟ ਸਿੱਖ ਗਰੀਨ ਕਾਰਡ ਹੋਲਡਰ ਉਮਰ 31 ਸਾਲ, ਕੱਦ 5'-10", ਨਰਸਿੰਗ ਕੋਰਸ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ ਫੋਨ: 440-991-6071 ਜਾਂ ਈਮੇਲ: raj.gill98@yahoo.com 25-28

Wanted professional match for Ahluwalia Sikh boy, 42 yrs, 5'-6", never married, teetotaler, top 5 MBA, working with a Fortune 50 firm, belongs to a highly educated and well settled family from Ludhiana. Please contact with basic information & photo at abcnc08@gmail.com 23-26

### ਵਰ ਦੀ ਲੋੜ ਹੈ

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 26-

Looking for a suitable Jatt Sikh match for a Jatt Sikh girl, born and raised in USA, 26 years, 5'-4", degree in Anthropology/ Sociology and Women's studies. Girl is working as youth program teacher since completing college and interested in going to Graduate school in social work. Please email at caprisingh8@yahoo.com to have a phone conversation and more information. 25-28

Wanted suitable US/ Canadian citizen boy for a good looking Jatt Sikh Badesha girl 27 years, 5'-3", B.D.S, working in India with a reputed company as a B.D.S doctor. Contact: 91-93163-01328 23-

**Punjab Times**
*Punjabtimes1@gmail.com*


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat-Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com


# ਗੈਰ ਸਰਕਾਰੀ ਸੰਸਥਾਵਾਂ ਨੂੰ ਮੋਦੀ ਸਰਕਾਰ ਦਾ ਘੇਰਾ

**ਚੰਡੀਗੜ੍ਹ:** ਗੁਜਰਾਤ ਦੰਗਿਆਂ ਦੇ ਮਾਮਲੇ 'ਚ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਸੰਘਰਸ਼ ਕਰਦੀ ਆ ਰਹੀ ਤੀਸਤਾ ਸੀਤਲਵਾੜ ਦੀ ਸਬਰੰਗ ਟਰੱਸਟ ਨਾਮ ਦੀ ਗ਼ੈਰ-ਸਰਕਾਰੀ ਸੰਸਥਾ ਦੀ ਰਜਿਸਟ੍ਰੇਸ਼ਨ ਰੱਦ ਕਰ ਦੇਣ ਨਾਲ ਵਿਵਾਦ ਮੁੜ ਖੜ੍ਹਾ ਹੋ ਗਿਆ ਹੈ। ਸਰਕਾਰ ਨੇ ਵਿਦੇਸ਼ੀ ਫੰਡਾਂ ਦੀ ਵਰਤੋਂ ਨੂੰ ਲੈ ਕੇ ਕਈ ਗੈਰ ਸਰਕਾਰੀ ਸੰਸਥਾਵਾਂ ਖਾਸ ਕਰ ਸਰਕਾਰ ਤੋਂ ਅਲੱਗ ਰਾਇ ਵਾਲੀਆਂ ਸੰਸਥਾਵਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਮਨੁੱਖੀ ਹੱਕਾਂ ਲਈ ਲੜਨ ਵਾਲੀ ਮਸ਼ਹੂਰ ਵਕੀਲ ਇੰਦਰਾ ਜੈ ਸਿੰਘ ਅਤੇ ਆਨੰਦ ਗਰੋਵਰ ਦੀ ਅਗਵਾਈ ਵਾਲੀ ਸੰਸਥਾ ਲਾਇਰਜ਼ ਕੋਲੈਕਟਿਵ, ਗ੍ਰੀਨ ਪੀਸ ਅਤੇ ਫੋਰਡ ਫਾਊਂਡੇਸ਼ਨ ਆਦਿ ਸੰਸਥਾਵਾਂ ਖਿਲਾਫ਼ ਵਿਦੇਸ਼ੀ ਫੰਡ ਨਿਯਮ ਕਾਨੂੰਨ ਦਾ ਉਲੰਘਣ ਕਰਨ ਦੀ ਦਲੀਲ ਤਹਿਤ ਕਾਰਵਾਈ ਕਰ ਚੁੱਕੀ ਹੈ। ਦੇਸ਼ 'ਚ 20 ਲੱਖ ਤੋਂ ਵੱਧ ਗੈਰ-ਸਰਕਾਰੀ ਜਥੇਬੰਦੀਆਂ ਹਨ। ਇਨ੍ਹਾਂ 'ਚੋਂ ਸਿਰਫ 10% ਹੀ ਆਪਣੀ ਸਾਲਾਨਾ ਰਿਟਰਨ ਭਰਦੀਆਂ ਹਨ। ਸਰਕਾਰ ਨੇ ਆਪਣੇ ਦੋ ਸਾਲਾਂ ਦੌਰਾਨ ਕੋਈ 10 ਹਜ਼ਾਰ ਗ਼ੈਰ-ਸਰਕਾਰੀ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਰੱਦ ਕੀਤੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਦੀ ਸਰਕਾਰ ਨਾਲ ਸੁਰ ਨਹੀਂ ਰਲਦੀ। ਤੀਸਤਾ ਸੀਤਲਵਾੜ ਦੇ ਸਬਰੰਗ ਟਰੱਸਟ 'ਤੇ 50% ਤੋਂ ਵੱਧ ਵਿਦੇਸ਼ੀ ਫੰਡ ਪ੍ਰਬੰਧਕੀ ਕੰਮਾਂ ਲਈ ਵਰਤਣ ਉੱਤੇ ਲੱਗੀ ਰੋਕ ਦੀ ਉਲੰਘਣਾ ਕਰਨ ਦਾ ਦੋਸ਼ ਹੈ ਪਰ ਟਰੱਸਟ ਦਾ ਕਹਿਣਾ ਹੈ ਕਿ ਉਸ ਨੇ ਪਹਿਲਾਂ ਹੀ ਹਰ ਇਤਰਾਜ਼ ਦਾ ਨੁਕਤਾ-ਬਾ-ਨੁਕਤਾ ਜਵਾਬ ਦੇ ਦਿੱਤਾ ਹੈ। ਫਿਰ ਵੀ ਉਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਹੈ।

ਗੁਜਰਾਤ ਦੰਗਿਆਂ ਦੇ ਮਾਮਲੇ ਵਿਚ ਲਗਾਤਾਰ ਸਰਗਰਮ ਭੂਮਿਕਾ ਨਿਭਾਉਣ ਕਾਰਨ ਤੀਸਤਾ ਮੋਦੀ ਸਰਕਾਰ ਦੇ ਅੱਖ ਵਿਚ ਰੜਕ ਰਹੀ ਹੈ। ਸਬਰੰਗ ਟਰੱਸਟ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਫੈਸਲਾ ਅਦਾਲਤ ਵੱਲੋਂ ਗੁਲਬਰਗ ਕੇਸ ਸਬੰਧੀ ਅਦਾਲਤ ਦੇ ਫ਼ੈਸਲੇ ਤੋਂ ਇਕ ਦਿਨ ਪਹਿਲਾਂ ਕੀਤਾ ਗਿਆ। ਤੀਸਤਾ ਇਸ ਕੇਸ ਵਿਚ ਸਰਗਰਮ ਭੂਮਿਕਾ ਅਦਾ ਕਰ ਰਹੀ ਹੈ ਤੇ ਕਾਰਵਾਈ ਤੋਂ ਬਾਅਦ ਵੀ ਉਸ ਨੇ ਸਜ਼ਾ ਦੀ ਨਰਮੀ ਖਿਲਾਫ਼ ਉੱਚ ਅਦਾਲਤ ਵਿਚ ਜਾਣ ਦਾ ਐਲਾਨ ਕੀਤਾ ਹੈ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 25 ਜੂਨ 2016*

## ਯੋਗ ਅਤੇ ਸਿਆਸਤ

ਦੂਜਾ ਕੌਮਾਂਤਰੀ ਯੋਗ ਦਿਵਸ ਸੰਸਾਰ ਭਰ ਵਿਚ ਮਨਾਏ ਜਾਣ ਦੀਆਂ ਖਬਰਾਂ ਹਨ ਅਤੇ ਭਾਰਤ ਵਿਚ ਇਸ ਦਿਵਸ ਦੀ ਕਾਮਯਾਬੀ ਲਈ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਆਰ.ਐਸ.ਐਸ. ਦੀ ਪੂਰੀ ਮਸ਼ੀਨਰੀ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਸੀ। ਸਭਨਾਂ ਲਈ ਭਾਵੇਂ ਇਹ ਸਪਸ਼ਟ ਹੈ ਕਿ ਆਰ.ਐਸ.ਐਸ. ਦਾ ਲਾਣਾ ਯੋਗ ਦਾ ਪ੍ਰਚਾਰ ਅਤੇ ਪਸਾਰ ਆਪਣੀ ਵਿਸ਼ੇਸ਼ ਸਿਆਸਤ ਖਾਤਰ ਹੀ ਕਰ ਰਿਹਾ ਹੈ, ਪਰ ਸਿਹਤ ਦੀ ਤੰਦਰੁਸਤੀ ਦੇ ਕੋਣ ਤੋਂ ਪਿਛਲੇ ਕੁਝ ਸਾਲਾਂ ਦੌਰਾਨ ਆਮ ਲੋਕਾਂ ਨੇ ਯੋਗ ਨੂੰ ਖੂਬ ਹੁੰਗਾਰਾ ਭਰਿਆ ਹੈ। ਦਾਅਵਾ ਕੀਤਾ ਜਾਂਦਾ ਹੈ ਕਿ ਯੋਗ ਸਰੀਰ ਨੂੰ ਤੰਦਰੁਸਤ ਰੱਖਣ ਦੀ ਪ੍ਰਾਚੀਨ ਪ੍ਰਣਾਲੀ ਹੈ। ਅੱਜ ਦਾ ਮਨੁੱਖ ਜਿਸ ਤਰ੍ਹਾਂ ਦੀਆਂ ਮਾਨਸਿਕ ਗੁੰਝਲਾਂ ਵਿਚੋਂ ਲੰਘ ਰਿਹਾ ਹੈ, ਉਸ ਨੇ ਇਸ ਨੂੰ ਯੋਗ ਵੱਲ ਖਿੱਚਿਆ ਜ਼ਰੂਰ ਹੈ। ਯੋਗ ਦੇ ਪ੍ਰਚਾਰਕਾਂ ਨੇ ਜਿਸ ਢੰਗ ਨਾਲ ਇਸ ਦਾ ਪ੍ਰਚਾਰ ਕੀਤਾ ਹੈ, ਉਸ ਤੋਂ ਆਮ ਲੋਕਾਂ ਨੂੰ ਲੱਗਣ ਲੱਗ ਪਿਆ ਕਿ ਸਿਰਫ ਯੋਗ ਹੀ ਉਨ੍ਹਾਂ ਦੀਆਂ ਸਿਹਤ ਸਬੰਧੀ ਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਹੈ। ਇਹ ਤੱਥ ਕਿਸੇ ਤੋਂ ਲੁਕਿਆ ਹੋਇਆ ਨਹੀਂ ਕਿ ਆਰ.ਐਸ.ਐਸ. ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਬਾਰੇ ਕਿੰਨੀ ਤੁਅੱਸਬੀ ਪਹੁੰਚ ਰੱਖਦੀ ਹੈ। ਯੋਗ ਦੇ ਸਿਲਸਿਲੇ ਵਿਚ ਵੀ ਇਸ ਨੇ ਕੋਈ ਘੱਟ ਨਹੀਂ ਗੁਜ਼ਾਰੀ। ਉਂਜ, ਇਕ ਤੱਥ ਨੋਟ ਕਰਨ ਵਾਲਾ ਹੈ ਕਿ ਅੱਜ ਸੱਤਾਧਾਰੀ ਹੋਣ ਦਾ ਲਾਹਾ ਲੈ ਕੇ ਆਰ.ਐਸ.ਐਸ. ਅਤੇ ਇਸ ਦੀਆਂ ਜੋਟੀਦਾਰ ਧਿਰਾਂ ਆਪਣਾ ਏਜੰਡਾ ਖੁਦ ਤੈਅ ਕਰ ਰਹੀਆਂ ਹਨ, ਤੇ ਇਸ ਨੂੰ ਲੋਕਾਂ ਅੰਦਰ ਲੈ ਕੇ ਵੀ ਜਾ ਰਹੀਆਂ ਹਨ। ਨੋਟ ਕਰਨ ਵਾਲਾ ਦੂਜਾ ਨੁਕਤਾ ਇਹ ਹੈ ਕਿ ਮੁਖਾਲਿਫ ਧਿਰਾਂ ਆਪਣਾ ਕੋਈ ਏਜੰਡਾਂ ਲੋਕਾਂ ਅੱਗੇ ਰੱਖਣ ਦੀ ਥਾਂ, ਸੱਤਾਧਾਰੀਆਂ ਦੇ ਏਜੰਡੇ ਬਾਰੇ ਹੀ ਆਪੋ-ਆਪਣੀ ਪ੍ਰਤੀਕਿਰਿਆ ਜ਼ਾਹਰ ਕਰ ਰਹੀਆਂ ਹਨ। ਮਸਲਨ, ਕੁਝ ਸਿੱਖ ਜਥੇਬੰਦੀਆਂ ਨੇ 21 ਜੂਨ ਨੂੰ ਯੋਗ ਦਿਵਸ ਦੀ ਥਾਂ ਗਤਕਾ ਦਿਵਸ ਮਨਾਉਣ ਦਾ ਐਲਾਨ ਕੀਤਾ। ਕੌਮੀ ਪੱਧਰ ਉਤੇ ਕਾਂਗਰਸ ਪਾਰਟੀ, ਯੋਗ ਦੀ ਇਸ ਮੁਹਿੰਮ ਖਿਲਾਫ ਵਿਸ ਘੋਲ ਰਹੀ ਹੈ। ਜ਼ਾਹਰ ਹੈ ਕਿ ਸੱਤਾਧਾਰੀ ਧਿਰਾਂ ਨੇ ਮੁਖਾਲਿਫ ਧਿਰਾਂ ਨੂੰ ਆਪਣੀ ਸਿਆਸਤ ਵਿਚ ਪੂਰੀ ਤਰ੍ਹਾਂ ਲਪੇਟ ਲਿਆ ਹੈ। ਇਹ ਅਸਲ ਵਿਚ ਬੌਧਿਕ ਅਤੇ ਸਿਆਸੀ ਕੰਗਾਲੀ ਦੇ ਸਪਸ਼ਟ ਸੰਕੇਤ ਹਨ। ਹੁਣ ਤਾਂ ਮੁਖਾਲਿਫ ਧਿਰਾਂ ਦਾ ਵਿਰੋਧ ਵੀ ਸੱਤਾਧਾਰੀਆਂ ਦੇ ਹੱਕ ਵਿਚ ਭੁਗਤਦਾ ਪ੍ਰਤੀਤ ਹੋ ਰਿਹਾ ਹੈ। ਵਿਦਵਾਨ ਲੋਕ ਇਸੇ ਨੂੰ 'ਜ਼ਿਹਨੀ ਕਬਜ਼ਾ' ਗਰਦਾਨਦੇ ਹਨ। ਇਸ ਪੱਖ ਤੋਂ ਸੱਤਾ-ਧਿਰ ਕਾਮਯਾਬ ਦਿਖਾਈ ਦੇ ਰਹੀ ਹੈ।

ਬਹੁਤ ਘੱਟ ਲੋਕਾਂ ਨੂੰ ਯਾਦ ਹੋਵੇਗਾ ਕਿ 21 ਜੂਨ ਨੂੰ ਸੰਗੀਤ ਦਿਵਸ ਵੀ ਹੁੰਦਾ ਹੈ। ਸੰਗੀਤ ਦਿਵਸ ਦੀ ਸ਼ੁਰੂਆਤ 34 ਸਾਲ ਪਹਿਲਾਂ 1982 ਵਿਚ ਫਰਾਂਸ ਦੇ ਸ਼ਹਿਰ ਪੈਰਿਸ ਦੀਆਂ ਗਲੀਆਂ ਵਿਚ ਹੋਈ ਸੀ ਅਤੇ ਇਹ ਸ਼ੁਰੂਆਤ ਕਰਨ ਵਾਲਾ ਫਰਾਂਸ ਦਾ ਸਭਿਆਚਾਰ ਬਾਰੇ ਮੰਤਰੀ ਜੈਕ ਲਾਂਗ ਸੀ। ਅਸਲ ਵਿਚ ਜੈਕ ਲਾਂਗ ਨੇ ਸਾਲ ਪਹਿਲਾਂ, 1981 ਵਿਚ ਮਸ਼ਹੂਰ ਸੰਗੀਤਕਾਰ ਮੌਰਿਸ ਫਲੀਊ ਨੂੰ ਆਪਣੇ ਮਹਿਕਮੇ ਅੰਦਰ ਸੰਗੀਤ ਤੇ ਨਾਚ ਵਿੰਗ ਦਾ ਮੁਖੀ ਲਾ ਦਿੱਤਾ। ਮੌਰਿਸ ਨੇ ਮੁਲਕ ਭਰ ਵਿਚ ਸੰਗੀਤ ਦੀ ਲਹਿਰ ਚਲਾ ਛੱਡੀ। 1982 ਵਿਚ ਜਦੋਂ ਸਰਵੇਖਣ ਵਿਚ ਇਹ ਸਾਹਮਣੇ ਆਇਆ ਕਿ ਫਰਾਂਸੀਸੀਆਂ ਦੀ ਸਭਿਆਚਾਰਕ ਪਸੰਦ ਵਿਚ ਸੰਗੀਤ ਦਾ ਬਹੁਤ ਅਹਿਮ ਰੋਲ ਹੈ, ਤੇ ਹਰ ਦੂਜਾ ਬੱਚਾ ਸੰਗੀਤ ਨਾਲ ਕਿਸੇ ਨਾ ਕਿਸੇ ਢੰਗ ਨਾਲ ਜੁੜਿਆ ਹੋਇਆ ਹੈ, ਤਾਂ ਉਸ ਨੇ ਇਸ ਉਤਸ਼ਾਹ ਨੂੰ ਲੋਕਾਂ ਵਿਚ ਲਿਆਉਣ ਲਈ ਆਹਰ ਸ਼ੁਰੂ ਕਰ ਦਿੱਤਾ। ਹੁਣ 21 ਜੂਨ ਨੂੰ ਸੰਸਾਰ ਦੇ 120 ਮੁਲਕਾਂ ਵਿਚ ਸੰਗੀਤ ਦਿਵਸ ਮਨਾਇਆ ਜਾਂਦਾ ਹੈ। ਇਨ੍ਹਾਂ ਮੁਲਕਾਂ ਵਿਚ ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਰੂਸ, ਜਰਮਨੀ, ਇਟਲੀ, ਯੂਨਾਨ (ਗਰੀਸ), ਆਸਟਰੇਲੀਆ ਵੀ ਸ਼ਾਮਲ ਹਨ। ਪੰਜਾਬ ਵਿਚ ਸੰਗੀਤ ਅਤੇ ਸ਼ਬਦ ਦੀ ਬੜੀ ਅਮੀਰ ਪਰੰਪਰਾ ਚਲੀ ਆ ਰਹੀ ਹੈ, ਪਰ ਕਿਸੇ ਦੇ ਜ਼ਿਹਨ ਅੰਦਰ ਫਰਾਂਸੀਸੀਆਂ ਦੇ ਪੱਧਰ ਵਾਲਾ ਖੌਰੂ ਨਹੀਂ ਪਿਆ। ਨੀਂਦ ਉਦੋਂ ਹੀ ਟੁੱਟੀ ਹੈ ਜਦੋਂ ਅਗਲੇ ਸਿਰ ਉਤੇ ਚੜ੍ਹ ਆਏ ਹਨ।

ਪਿਛਲੇ ਸਾਲ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਤੋਂ ਬਾਅਦ ਭਾਵੇਂ ਕੌਮਾਂਤਰੀ ਯੋਗ ਦਿਵਸ ਸੰਸਾਰ ਭਰ ਵਿਚ ਮਨਾਉਣ ਲਈ ਰਾਹ ਪੱਧਰਾ ਹੋ ਗਿਆ ਸੀ, ਪਰ ਅੱਜ ਇਸ ਦਾ ਸਾਰਾ ਕਰੈਡਿਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦਿੱਤਾ ਜਾ ਰਿਹਾ ਹੈ। ਬਹੁਤਿਆਂ ਨੂੰ ਇਹ ਖਬਰ ਹੀ ਨਹੀਂ ਕਿ ਨੇਪਾਲ ਵਿਚ ਕੌਮਾਂਤਰੀ ਯੋਗ ਦਿਵਸ ਪਿਛਲੇ 36 ਸਾਲਾਂ ਤੋਂ ਮਨਾਇਆ ਜਾ ਰਿਹਾ ਹੈ। ਨੇਪਾਲ ਦੀ ਤਜਵੀਜ਼ ਨੂੰ ਉਂਗਲਾਂ ਉਤੇ ਗਿਣੇ ਜਾ ਸਕਣ ਵਾਲੇ ਮੁਲਕਾਂ ਨੇ ਹੁੰਗਾਰਾ ਭਰਿਆ ਸੀ। ਇਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਮੁਲਕ ਅੰਦਰ ਸੌੜੀ ਸਿਆਸਤ ਕਰਨ ਵਾਲੀ ਆਰ.ਐਸ.ਐਸ. ਨੇ ਆਪਣਾ ਸਿਆਸੀ ਦਾਈਆ ਕਿੰਨਾ ਵਿਰਾਟ ਰੱਖਿਆ ਹੈ ਅਤੇ ਇਸ ਦੀ ਸਿਆਸਤ ਦੀ ਮਾਰ ਕਿੰਨੀ ਜ਼ਿਆਦਾ ਹੈ। ਇਸ ਮਾਮਲੇ ਵਿਚ ਇਸ ਨੇ ਆਪਣੇ ਸਭ ਮੁਖਾਲਿਫਾਂ ਨੂੰ ਪੂਰੀ ਤਰ੍ਹਾਂ ਚਿਤ ਕਰ ਦਿਤਾ ਹੈ। ਇਸ ਤੋਂ ਆਰ.ਐਸ.ਐਸ. ਦੀ ਕਾਰਜਸ਼ੈਲੀ ਦੇ ਦਰਸ਼ਨ ਵੀ ਹੋ ਜਾਂਦੇ ਹਨ। ਰਤਾ ਕੁ ਬਾਰੀਕੀ ਵਿਚ ਜਣਾ ਹੋਵੇ ਤਾਂ ਦੱਸਿਆ ਜਾ ਸਕਦਾ ਹੈ ਕਿ ਪੰਜਾਬ ਵਿਚ ਆਪਣੇ ਪ੍ਰਚਾਰ ਲਈ ਆਰ.ਐਸ.ਐਸ. ਜਿਹੜਾ ਪਰਚਾ ਕੱਢਦੀ ਹੈ, ਉਸ ਵਿਚ ਸਿੱਖ ਗੁਰੂਆਂ ਅਤੇ ਪੰਜਾਬ ਨਾਲ ਜੁੜੇ ਮਸਲੇ ਬਹੁਤ ਸਹਿਜ ਨਾਲ ਲੋਕਾਂ ਕੋਲ ਪਹੁੰਚਾਏ ਜਾ ਰਹੇ ਹਨ। ਡੇਢ-ਦੋ ਦਹਾਕੇ ਪਹਿਲਾਂ ਇਸ ਜਥੇਬੰਦੀ ਦੀਆਂ ਪੰਜਾਬ ਵਿਚ ਸਰਗਰਮੀਆਂ ਬਾਰੇ ਖਬਰਾਂ ਆਉਣੀਆਂ ਸ਼ੁਰੂ ਹੋਈਆਂ ਸਨ, ਅੱਜ ਇਹ ਸਰਗਰਮੀਆਂ ਨਤੀਜਿਆਂ ਦੇ ਰੂਪ ਵਿਚ ਉਜਾਗਰ ਹੋ ਰਹੀਆਂ ਹਨ। ਇਸ ਤੋਂ ਵੱਡਾ ਦਾਈਆ ਹੋਰ ਕੀ ਹੋ ਸਕਦਾ ਹੈ ਕਿ ਲੋਕਾਂ ਨੂੰ ਸਿਆਸਤ ਦੀ ਘੁੱਟੀ ਪਿਲਾਉਣ ਵਾਲੀ ਆਰ.ਐਸ.ਐਸ. ਰਿਕਾਰਡ ਵਿਚ ਸਿਰਫ ਸਭਿਆਚਾਰਕ ਜਥੇਬੰਦੀ ਵਜੋਂ ਹੀ ਦਰਜ ਹੈ ਅਤੇ ਲਾਠੀ ਦੇ ਸਹਾਰੇ ਇਹ ਆਪਣੇ ਕਾਡਰ ਨੂੰ ਹਥਿਆਰਬੰਦ ਹੋਣ ਦਾ ਸੁਨੇਹਾ ਵੀ ਦੇਈ ਜਾਂਦੀ ਹੈ। ਇਹ ਉਹ ਤੱਥ ਹਨ ਜਿਨ੍ਹਾਂ ਨੂੰ ਦਰਕਿਨਾਰ ਕਰ ਕੇ ਯੋਗ ਦਿਵਸ ਦੀ ਸਿਆਸਤ ਨੂੰ ਸਮਝਣਾ ਬਹੁਤ ਔਖਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਉੜਾ ਦਿਓ ਤੋਤੇ!*

ਪੱਬਾਂ ਭਾਰ ਹੋਏ ਰਹੇ ਫਿਲਮ ਰੁਕਾਉਣੇ ਲਈ, ਐਨਾ ਸੋਹਣਾ ਸੂਬਾ ਅਖੇ ਹੋਊ ਬਦਨਾਮ ਜੀ।
ਉਦੋਂ ਭੋਰਾ ਸੰਗ ਨਹੀਂ ਸੀ ਆਈ ਬਦਨਾਮੀਆਂ ਤੋਂ, 'ਚਿੱਟਾ' ਪਹੁੰਚਾਇਆ ਜਦੋਂ ਸ਼ਹਿਰ ਤੇ ਗਰਾਮ ਜੀ।
ਸ਼੍ਰੋਮਣੀ ਕਮੇਟੀ ਜਥੇਦਾਰ ਸਾਰੇ ਜੇਬ੍ਹੇ ਪਾਏ, ਪੰਥ ਨੂੰ ਬਣਾਉਣਾ ਚਾਹਿਆ ਆਪਣਾ ਗੁਲਾਮ ਜੀ।
ਲੋਕ-ਰਾਜ ਵਿਚ ਤਾਨਾਸ਼ਾਹੀ ਦੇ ਰਿਕਾਰਡ ਤੋੜੇ, ਰਾਜ-ਭਾਗ ਸਾਂਭੀ ਬੈਠੇ ਕੁਣਬਾ ਤਮਾਮ ਜੀ।
ਠੋਕ ਕੇ ਵਿਖਾਇਓ ਠੁੱਠ ਵੋਟਾਂ ਲੈਣ ਆਏ ਜਦੋਂ, ਮੱਥੇ ਵੱਟ ਪਾ ਕੇ ਵਿਹੜੇ ਵਿਚੋਂ ਹੀ ਦੁੜ੍ਹਾ ਦਿਓ।
ਅਣਖੀ ਪੰਜਾਬ ਜਿਨ੍ਹਾਂ ਨਸ਼ਿਆਂ 'ਚ ਡੋਬਿਆ ਏ, 'ਉੜਤਾ ਪੰਜਾਬ' ਦੇਖ ਉਨ੍ਹਾਂ ਨੂੰ ਉੜਾ ਦਿਓ!

# 'ਉੜਤਾ ਪੰਜਾਬ' ਦੀ ਏਕਤਾ ਅਤੇ ਪੰਜਾਬ ਦਾ ਖਿੰਡਾਰਾ

ਸ਼ਾਇਦ ਫਿਲਮ ਇਤਿਹਾਸ ਦੇ ਸਭ ਤੋਂ ਵੱਡੇ ਬੇਦਾਅਵੇ (ਡਿਸਕਲੇਮਰ) ਨਾਲ 'ਉੜਤਾ ਪੰਜਾਬ' ਸ਼ੁਰੂ ਹੁੰਦੀ ਹੈ। ਇਸ ਬੇਦਾਅਵੇ ਵਿਚ ਸੈਂਟਰਲ ਬੋਰਡ ਆਫ਼ ਫ਼ਿਲਮ ਦੀ ਸੁਝਾਈ ਹੋਈ ਇਹ ਸਤਰ ਵੀ ਸ਼ਾਮਿਲ ਹੈ, "ਅਸੀਂ ਸਰਕਾਰ ਅਤੇ ਪੁਲਿਸ ਰਾਹੀਂ ਨਸ਼ਿਆਂ ਖ਼ਿਲਾਫ਼ ਵਿੱਢੀ ਲੜਾਈ ਦੀ ਤਸਦੀਕ ਕਰਦੇ ਹਾਂ। ਇਸ ਬਿਮਾਰੀ ਖ਼ਿਲਾਫ਼ ਲੜਾਈ ਨੂੰ ਸਮੁੱਚੇ ਮੁਲਕ ਦੇ ਏਕੇ ਤੋਂ ਬਿਨਾਂ ਨਹੀਂ ਜਿੱਤਿਆ ਜਾ ਸਕਦਾ।" ਇਸ ਦੇ ਨਾਲ ਹੀ ਇਹ ਸਾਫ਼ ਕੀਤਾ ਜਾਂਦਾ ਹੈ ਕਿ ਇਸ ਫ਼ਿਲਮ ਦੇ ਸਾਰੇ ਪਾਤਰ ਅਤੇ ਘਟਨਾਵਾਂ ਕਾਲਪਨਿਕ ਹਨ ਜਿਨ੍ਹਾਂ ਦਾ ਹਕੀਕਤ ਨਾਲ ਕਿਸੇ ਤਰ੍ਹਾਂ ਦਾ ਮੇਲ, ਮਹਿਜ਼ ਮੌਕਾ-ਮੇਲ ਹੈ। ਇਸ ਤੋਂ ਬਾਅਦ ਪੂਰੀ ਫ਼ਿਲਮ ਇਨ੍ਹਾਂ ਬੇਦਾਅਵਿਆਂ ਵਿਚ ਢੁਕਣ ਦੀ ਮਸ਼ਕ ਬਣਦੀ ਜਾਪਦੀ ਹੈ। ਪਹਿਲੇ ਦ੍ਰਿਸ਼ ਵਿਚ ਪਾਕਿਸਤਾਨ ਦੀ ਜ਼ਮੀਨ ਤੋਂ ਡਿਸਕਸ ਸੁਟਾਵਾ, ਤਸਕਰਾਂ ਦੀ ਟੋਲੀ ਨਾਲ ਮਿਲ ਕੇ ਕੋਕੀਨ ਦੀ ਤਿੰਨ



ਦਲਜੀਤ ਅਮੀ
ਫੋਨ: +91-97811-21873

ਕਿਲੋ ਥੈਲੀ ਕੌਮਾਂਤਰੀ ਕੰਡਿਆਲੀ ਤਾਰ ਤੋਂ ਪਾਰ ਭਾਰਤ ਵਿਚ ਸੁੱਟਦਾ ਹੈ। ਇਹ ਥੈਲੀ ਹਵਾ ਵਿਚ ਰੁਕ ਜਾਂਦੀ ਹੈ ਅਤੇ ਇਸ ਦੇ ਉੱਤੇ ਫ਼ਿਲਮ ਦਾ ਨਾਮ ਉਭਰਦਾ ਹੈ- 'ਉੜਤਾ ਪੰਜਾਬ'।

ਇਹ ਦ੍ਰਿਸ਼ ਦੋਵਾਂ ਬੇਦਾਅਵਿਆਂ ਦੇ ਅੰਦਰੋਂ ਕੀਤੀ ਦਾਅਵੇਦਾਰੀ ਹੈ। ਨਸ਼ਾ ਪਾਕਿਸਤਾਨ ਤੋਂ ਆ ਰਿਹਾ ਹੈ ਅਤੇ ਸਰਹੱਦੀ ਤਾਰ ਦੇ ਉਪਰੋਂ ਆ ਰਿਹਾ ਹੈ। ਇਹ ਦ੍ਰਿਸ਼ ਕਾਲਪਨਿਕ ਵੀ ਹੈ ਅਤੇ ਇਸ ਨਾਲ ਭਾਰਤੀ ਸਰਕਾਰ ਅਤੇ ਪੁਲਿਸ ਦੇ ਪੱਖ ਵਿਚ ਜੁੱਟ ਬਣਨ ਦਾ ਮੁੱਢ ਵੀ ਬੰਨ੍ਹਿਆ ਜਾਂਦਾ ਹੈ। ਅਸਲ ਵਿਚ ਸਰਹੱਦੀ ਤਾਰ ਅਤੇ ਸਰਹੱਦ ਵਿਚ ਚੋਖਾ ਫ਼ਾਸਲਾ ਹੈ। ਤਾਰ ਤੋਂ ਪਾਰ ਭਾਰਤੀ ਕਿਸਾਨ ਖੇਤੀ ਕਰਨ ਜਾਂਦੇ ਹਨ। ਤਾਰ ਤੋਂ ਪਾਰ ਕੋਈ ਉਸਾਰੀ ਜਾਂ ਰਿਹਾਇਸ਼ ਨਹੀਂ ਹੈ। ਤਾਰ ਤੋਂ ਪਾਰ ਜਾਣ ਦਾ ਕੰਮ ਨੀਮ ਫ਼ੌਜੀ ਦਲਾਂ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਹੋ ਸਕਦਾ। ਤਾਰ ਤੋਂ ਪਾਰ ਤਕਰੀਬਨ ਇੱਕ ਕਿਲੋਮੀਟਰ ਦਾ ਇਲਾਕਾ ਭਾਰਤ ਦਾ ਹੈ। ਉਸ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ 'ਨੋ ਮੈਨ ਲੈਂਡ' ਹੈ ਅਤੇ ਇਸ ਦੇ ਵਿਚਕਾਰੋਂ ਕੌਮਾਂਤਰੀ ਸਰਹੱਦ ਗੁਜ਼ਰਦੀ ਹੈ। ਤਾਰ ਦੇ ਨਾਲ ਸੀਮਾ ਸੁਰੱਖਿਆ ਬਲ ਦੇ ਮਚਾਣ ਹਨ ਅਤੇ ਦੋਵੇਂ ਪਾਸੇ ਗਸ਼ਤ ਲਈ ਰਾਹ ਬਣੇ ਹੋਏ ਹਨ। ਤਾਰ ਦੇ ਆਲੇ-ਦੁਆਲੇ ਮੱਸਿਆ ਦੀ ਰਾਤ ਨੂੰ ਦਿਨ ਚੜ੍ਹਾ ਦੇਣ ਵਾਲੀਆਂ ਬੱਤੀਆਂ ਦਾ ਇੰਤਜ਼ਾਮ ਹੈ। ਇਹ ਬੱਤੀਆਂ ਰਾਤ ਨੂੰ ਜਗਦੀਆਂ ਹਨ। ਤਾਰ ਤੋਂ ਪਾਰ ਭਾਰਤੀ ਕਿਸਾਨਾਂ ਨੂੰ ਗੰਨਾ-ਮੱਕੀ-ਬਾਜਰਾ ਵਰਗੀਆਂ ਉਚੀਆਂ ਫ਼ਸਲਾਂ ਬੀਜਣ ਦੀ ਮਨਾਹੀ ਹੈ।

ਇਉਂ ਪਾਕਿਸਤਾਨ ਵਾਲੇ ਪਾਸਿਉਂ ਤਾਰ ਦੇ ਲਾਗੇ ਆਉਣ ਲਈ ਹਨੇਰੇ, ਫ਼ਸਲਾਂ ਜਾਂ ਇਮਾਰਤਾਂ ਦੀ ਕੋਈ ਓਟ ਨਹੀਂ ਹੈ। ਜੇ ਪਾਕਿਸਤਾਨ ਵਿਚੋਂ ਤਿੰਨ ਕਿਲੋ ਕੋਕੀਨ ਭਾਰਤ ਵਿਚ ਸੁੱਟਣੀ ਹੋਵੇ ਤਾਂ ਕੌਮਾਂਤਰੀ ਰਿਕਾਰਡ ਧਾਰੀ ਡਿਸਕਸ ਸੁਟਾਵਾ ਵੀ ਇਹ ਕੰਮ ਨਹੀਂ ਕਰ ਸਕਦਾ। ਇਹ ਫ਼ਾਸਲਾ ਘੱਟੋ-ਘੱਟ ਇੱਕ ਕਿਲੋਮੀਟਰ ਬਣਦਾ ਹੈ, ਪਰ ਡਿਸਕਸ ਸੁੱਟਣ ਦਾ ਕੌਮਾਂਤਰੀ ਰਿਕਾਰਡ 74.08 ਮੀਟਰ ਹੈ ਜਿਸ ਦੇ ਲਾਗੇ 1986 ਤੋਂ ਬਾਅਦ ਕੋਈ ਸੁਟਾਵਾ ਨਹੀਂ ਪਹੁੰਚਿਆ। ਮਰਦਾਂ ਦੇ ਮੁਕਾਬਲੇ ਵਿਚ ਵਰਤੀ ਜਾਂਦੀ ਡਿਸਕਸ ਦਾ ਵਜ਼ਨ ਦੋ ਕਿਲੋ ਹੁੰਦਾ ਹੈ। ਇਹ ਸੁਆਲ ਜਾਇਜ਼ ਹੈ ਕਿ ਫ਼ਿਲਮਸਾਜ਼ ਕੋਲ ਤਖ਼ਲੀਕੀ (ਸਿਰਜਣਾਤਮਿਕ) ਖੁੱਲ੍ਹ ਹੁੰਦੀ ਹੈ ਅਤੇ ਪੜਚੋਲ ਵੇਲੇ ਇੰਦਾਂ ਦੀ ਤੱਥ-ਮੂਲਕ ਜਾਣਕਾਰੀ ਬੇਮਾਅਨਾ ਹੈ। ਇਸੇ ਦਲੀਲ ਦਾ ਦੂਜਾ ਪਾਸਾ ਹੈ ਕਿ ਇਸੇ ਤਖ਼ਲੀਕੀ ਖੁੱਲ੍ਹ ਨੇ ਮਿਸਾਲਾਂ ਬਣ ਕੇ ਹਕੀਕਤ ਦੀ ਪੜਚੋਲ ਦਾ ਸਬੱਬ ਬਣਨਾ ਹੈ। 'ਉੜਤਾ ਪੰਜਾਬ' ਬਾਰੇ ਤਾਂ ਸਮੁੱਚੀ ਬਹਿਸ ਹੀ ਪੰਜਾਬ ਦੀ ਮੌਜੂਦਾ ਹਾਲਾਤ ਨਾਲ ਜੋੜ ਕੇ ਹੋ ਰਹੀ ਹੈ।

ਫ਼ਿਲਮ ਦੇ ਤਕਨੀਕੀ ਮਿਆਰ ਬਾਬਤ ਜ਼ਿਆਦਾ ਬਹਿਸ ਦੀ ਗੁੰਜਾਇਸ਼ ਨਹੀਂ। ਅਨੁਰਾਗ ਕਸ਼ਿਅਪ ਅਤੇ ਏਕਤਾ ਕਪੂਰ ਦੀ ਜੋੜੀ ਫ਼ਿਲਮ ਸਨਅਤ ਵਿਚ ਤਕਨੀਕੀ ਮੁਹਾਰਤ ਜੋੜਨ ਦੇ ਸਮਰੱਥ ਹੈ। ਇਸ ਸਮਰੱਥਾ ਦੀ ਨੁਮਾਇਸ਼ 'ਉੜਤਾ ਪੰਜਾਬ' ਵਿਚ ਹੁੰਦੀ ਹੈ। ਸੁਆਲ ਤਾਂ ਉਨ੍ਹਾਂ ਦੇ ਵਿਸ਼ੇ ਬਾਬਤ ਹੈ। ਅਨੁਰਾਗ ਅਤੇ ਏਕਤਾ ਨੇ ਕ੍ਰਮਵਾਰ ਫ਼ਿਲਮ ਅਤੇ ਟੈਲੀਵਿਜ਼ਨ ਦੇ ਖੇਤਰ ਵਿਚ ਨਿਵੇਕਲੀ ਪਛਾਣ ਬਣਾਈ ਹੈ। ਏਕਤਾ ਦੇ ਸੀਰੀਅਲ ਘਰਾਂ ਵਿਚ ਬਾਜ਼ਾਰ ਲਗਾਉਣ ਅਤੇ ਕਹਾਣੀ ਅੰਦਰ ਇਸ਼ਤਿਹਾਰ ਸਜਾਉਣ ਲਈ ਜਾਣੇ ਜਾਂਦੇ ਹਨ। ਉਸ ਦੇ ਕਿਰਦਾਰ ਖੁੰਦਕ ਅਤੇ ਹਿਰਸ ਦੇ ਧਾਰਨੀ ਹਨ। ਉਸ ਨੂੰ ਕਿਸੇ ਕਿਰਦਾਰ ਦੀ ਪਾਕੀਜ਼ਗੀ ਨਾਪਸੰਦ ਹੈ। ਏਕਤਾ ਕਪੂਰ ਦੇ ਜ਼ਨਾਨਾ-ਮਰਦਾਨਾ ਕਿਰਦਾਰਾਂ ਨੂੰ ਵਸਤਾਂ ਚਲਾਉਂਦੀਆਂ ਹਨ ਅਤੇ ਹਰ ਤਰ੍ਹਾਂ ਦੀ ਸੌਦੇਬਾਜ਼ੀ ਸੱਸ-ਬਹੂ ਦੇ ਰਿਸ਼ਤਿਆਂ ਰਾਹੀਂ ਕੀਤੀ ਜਾਂਦੀ ਹੈ।

ਦੂਜੇ ਪਾਸੇ ਅਨੁਰਾਗ ਦੀਆਂ ਫ਼ਿਲਮਾਂ ਛੋਟੇ ਸ਼ਹਿਰਾਂ, ਤੰਗ ਇਲਾਕਿਆਂ, ਭੀੜ ਅਤੇ ਖਰ੍ਹਵੀ ਬੋਲੀ ਵਿਚੋਂ ਬੰਦੇ ਦੀ ਬਦਸੂਰਤੀ ਦੀ ਨੁਮਾਇਸ਼ ਕਰਦੀਆਂ ਹਨ। ਉਸ ਦੀ ਦਲੀਲ ਹੈ ਕਿ ਉਹਦੀਆਂ ਫ਼ਿਲਮਾਂ ਸਮਾਜਿਕ-ਸਿਆਸੀ ਮਨਾਹੀਆਂ ਦਾ ਘੇਰਾ ਤੋੜ ਕੇ ਹਨੇਰੀਆਂ ਕੰਦਰਾਂ ਦੀ ਹਕੀਕਤ ਦੱਸਦੀਆਂ ਹਨ। ਉਸ ਦੇ ਕਿਰਦਾਰ ਹਿੰਸਾ ਨੂੰ ਰੋਟੀ ਖਾਣ ਜਿਹਾ ਸਹਿਜ ਕਾਰਜ ਬਣਾ ਦਿੰਦੇ ਹਨ। ਕਿਰਦਾਰਾਂ ਦੀ ਬੋਲੀ ਵਿਚੋਂ ਨਰਮੀ, ਨਿੱਘ ਅਤੇ ਸਲੀਕਾ ਮਨਫ਼ੀ ਹੈ। ਉਨ੍ਹਾਂ ਦੀ ਸਾਹ ਰਗ ਵਿਚੋਂ ਗਾਲਾਂ ਨਿਕਲਦੀਆਂ ਹਨ। ਇਹ ਦਲੀਲ ਲਗਾਤਾਰ ਦਿੱਤੀ ਜਾਂਦੀ ਹੈ ਕਿ ਗਾਲਾਂ ਸਮਾਜ ਦੀ ਹਕੀਕਤ ਹਨ ਅਤੇ ਇਨ੍ਹਾਂ ਨੂੰ ਸਾਹਿਤ ਤੇ ਸਿਰਜਣਾ ਦੀ ਕਿਸੇ ਵਿਧਾ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਹ ਦਲੀਲ ਰਾਹੀ ਮਾਸੂਮ ਰਜ਼ਾ ਨੇ ਆਪਣੇ ਨਾਵਲ 'ਓਸ ਕੀ ਬੂੰਦ' ਦੀ ਭੂਮਿਕਾ ਵਿਚ ਦਿਤੀ ਕਿ ਉਹ ਹਿਟਲਰ ਬਣ ਕੇ ਕਿਰਦਾਰਾਂ ਦੇ ਮੂੰਹ ਵਿਚ ਆਈਆਂ ਗਾਲਾਂ 'ਤੇ ਪਾਬੰਦੀ ਨਹੀਂ ਲਾ ਸਕਦਾ। ਇਸ ਦਲੀਲ ਨੂੰ ਅਨੁਰਾਗ ਦੀਆਂ ਫ਼ਿਲਮਾਂ ਤੱਕ ਸਮਝਣਾ ਅਹਿਮ ਹੈ। ਅਨੁਰਾਗ ਦਾ ਹਰ ਕਿਰਦਾਰ ਨੇਮ ਨਾਲ ਗਾਲਾਂ ਦਿੰਦਾ ਹੈ। ਗਾਲਾਂ ਉਨ੍ਹਾਂ ਦੀ ਤਰਜ਼ਿ-ਜ਼ਿੰਦਗੀ ਹਨ। ਇਨ੍ਹਾਂ ਫ਼ਿਲਮਾਂ ਵਿਚ ਗਾਲਾਂ ਕਿਸੇ ਖਿਝ ਜਾਂ ਗੁੱਸੇ ਜਾਂ ਪਿਆਰ ਦੀ ਨੁਮਾਇੰਦਗੀ ਨਹੀਂ ਕਰਦੀਆਂ। ਉਹਦੀ ਦਲੀਲ ਸੜਕਾਂ ਅਤੇ ਗਲੀਆਂ ਵਿਚ ਸੁਣਾਈ ਦਿੰਦੀਆਂ ਗਾਲਾਂ ਨਾਲ ਜੁੜੀ ਹੋਈ ਹੈ। ਦਰਅਸਲ ਅਸੀਂ ਸਮਾਜਿਕ ਜੀਅ ਵਜੋਂ ਬੇਨਾਮ ਜਾਂ ਅਣਜਾਣ ਲੋਕਾਂ ਦੀਆਂ ਗਾਲਾਂ ਸੁਣਦੇ ਹਾਂ, ਪਰ ਅਨੁਰਾਗ ਦੀਆਂ ਫ਼ਿਲਮਾਂ ਵਿਚ ਇਹ ਰੁਝਾਨ ਬਾ-ਨਾਮ ਅਤੇ ਜਾਣਕਾਰ ਘੇਰੇ ਦਾ ਹਿੱਸਾ ਹੋ ਜਾਂਦਾ ਹੈ। ਸਮਾਜ ਵਿਚ ਸੁਆਲ ਗਾਲਾਂ ਕੱਢਣ ਵਾਲੇ ਬੇਨਾਮ ਜੀਅ ਤੱਕ ਪਹੁੰਚਦਾ ਹੈ, ਪਰ ਅਨੁਰਾਗ ਗਾਲਾਂ ਕੱਢਣ ਵਾਲੇ ਬੇਨਾਮ ਨੂੰ ਜਾਣ-ਪਛਾਣ ਦੇ ਘੇਰੇ ਵਿਚ ਲਿਆ ਕੇ ਜਾਇਜ਼ ਕਰਾਰ ਦਿੰਦਾ ਹੈ। ਉਹਦੀਆਂ ਫ਼ਿਲਮਾਂ ਬੇਮੁਹਾਰ ਹਿੰਸਾ ਅਤੇ ਬੇਲਗ਼ਾਮ ਜ਼ੁਬਾਨ ਉਤੇ ਸੁਆਲ ਕਰਨ ਵਾਲੀ ਹਰ ਥਾਂ ਜਾਂ ਅਦਾਰੇ ਜਾਂ ਕਿਰਦਾਰ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਅਨੁਰਾਗ ਦੀ ਕਾਮਯਾਬੀ ਪਰਦੇ 'ਤੇ ਪੇਸ਼ ਕੀਤੀ ਬੇਕਿਰਕ ਹਿੰਸਾ ਅਤੇ ਬੇਲਗ਼ਾਮ ਬੋਲੀ ਦੇ ਸਦਮੇ ਨਾਲ ਜੁੜੀ ਹੋਈ ਹੈ।

'ਉੜਤਾ ਪੰਜਾਬ' ਰਾਹੀਂ ਅਨੁਰਾਗ ਕਸ਼ਿਅਪ ਅਤੇ ਏਕਤਾ ਕਪੂਰ ਦਾ ਗੱਠਜੋੜ ਨਸ਼ਿਆਂ ਦੇ ਵਪਾਰ ਵਿਚੋਂ ਫ਼ਿਲਮੀ ਕਹਾਣੀ ਉਸਾਰਦਾ ਹੈ ਜੋ ਮੌਜੂਦਾ ਦੌਰ ਦੇ ਹਾਲਾਤ ਵਿਚ ਉਨ੍ਹਾਂ ਦੀ ਅਜ਼ਮਾਈਆਂ ਹੋਈਆਂ ਜੁਗਤਾਂ ਦਾ ਕਾਰਗਰ ਅਖਾੜਾ ਬਣਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਹ ਫ਼ਿਲਮ ਅਭਿਸ਼ੇਕ ਚੌਬੇ ਦੀ ਹੈ, ਅਨੁਰਾਗ ਜਾਂ ਏਕਤਾ ਦੀ ਨਹੀਂ। ਇਹ ਇਤਰਾਜ਼ ਦਰੁਸਤ ਹੈ, ਪਰ ਅਨੁਰਾਗ ਅਤੇ ਏਕਤਾ ਦੇ ਤਖ਼ਲੀਕੀ ਗੁਣ 'ਉੜਤਾ ਪੰਜਾਬ' ਰਾਹੀਂ ਵਪਾਰਕ ਸਫ਼ਰ ਕਰਦੇ ਹਨ। ਅਭਿਸ਼ੇਕ ਚੌਬੇ ਦੀ ਫ਼ਿਲਮ ਅਨੁਰਾਗ ਅਤੇ ਏਕਤਾ ਦੇ ਨਿਵੇਕਲੇ ਚੌਖਟਿਆਂ ਵਿਚ ਪੂਰੀ ਉਤਰਦੀ ਹੈ। ਸਰਪ੍ਰਸਤੀ ਅਤੇ ਰਵਾਇਤ ਪੱਖੋਂ ਇਹ ਅਨੁਰਾਗ ਅਤੇ ਏਕਤਾ ਦੀ ਫ਼ਿਲਮ ਬਣਦੀ ਹੈ।

ਅਨੁਰਾਗ ਅਤੇ ਏਕਤਾ ਦੇ ਕਿਰਦਾਰ ਵੇਗ ਵਿਚ ਰਹਿੰਦੇ ਹਨ। ਉਨ੍ਹਾਂ ਦਾ ਵੇਗ ਨਿੱਜੀ ਹੈ। ਇਹ ਵੇਗ ਕਿਸੇ ਨਾਲ ਸਾਂਝ ਜਾਂ ਜੋੜ ਨਹੀਂ ਭਾਲਦਾ। 'ਉੜਤਾ ਪੰਜਾਬ' ਦੇ ਸਾਰੇ ਕਿਰਦਾਰ ਆਪੋ-ਆਪਣੇ ਵੇਗ ਵਿਚ ਹਨ। ਉਹ ਆਪਣੀ ਇਕੱਲਤਾ, ਨਾਕਾਮਯਾਬੀ, ਗੁਰਬਤ ਜਾਂ ਸਿਆਸਤ ਦਾ ਤੋੜ ਨਸ਼ਿਆਂ ਦੇ ਵਪਾਰ ਜਾਂ ਵਰਤੋਂ ਵਿਚ ਵੇਖਦੇ ਹਨ। ਉਹ ਆਪ ਸਹੇੜੀ ਅੱਗ ਵਿਚੋਂ ਆਪਣੇ-ਆਪ ਨੂੰ ਬਚਾਉਣ ਲਈ ਹੱਥ-ਪੈਰ ਮਾਰਦੇ ਹਨ। ਇਹ ਫ਼ਿਲਮ ਅਨੁਰਾਗ ਕਸ਼ਿਅਪ ਦੇ ਅੰਦਾਜ਼ ਵਿਚ ਗਾਲਾਂ ਅਤੇ ਹਿੰਸਾ ਉਤੇ ਟੇਕ ਰੱਖਦੀ ਹੈ। ਗਾਲਾਂ ਹਿੰਸਾ ਦਾ ਸਭ ਤੋਂ ਸੂਖ਼ਮ ਅਤੇ ਬੇਲਿਹਾਜ ਹਥਿਆਰ ਬਣਦੀਆਂ ਹਨ। ਏਕਤਾ ਦੇ ਅੰਦਾਜ਼ ਵਿਚ ਸਾਰੇ ਕਿਰਦਾਰ ਹਿਰਸ, ਬੇਵਿਸਾਹੀ ਅਤੇ ਖੁੰਦਕ ਦਾ ਆਸਰਾ ਭਾਲਦੇ ਹਨ। ਡਿਸਕਲੇਮਰ ਮੁਤਾਬਕ ਫ਼ਿਲਮ, ਭਾਈ ਦੇ ਨਸ਼ੇੜੀ ਹੋ ਜਾਣ ਕਾਰਨ 'ਅੱਖਾਂ ਖੋਲ੍ਹਣ' ਵਾਲੇ ਪੁਲਿਸ ਅਫ਼ਸਰ, ਚੰਗਿਆਈ ਨਾਲ ਜੁੜੀ ਪਰ ਇਕੱਲੀ ਡਾਕਟਰ ਅਤੇ ਹਾਲਾਤ ਤੋਂ ਬਦਜ਼ਨ ਹਾਕੀ ਖਿਡਾਰਨ ਦੀਆਂ ਕਹਾਣੀਆਂ ਨੂੰ ਅਨੁਰਾਗ-ਏਕਤਾ ਰਾਹਾਂ ਤੋਂ ਤੋਰਦੀ ਹੈ। ਬੇਦਾਅਵੇ ਨਾਲ ਸੱਚਾ ਰਹਿੰਦੀ ਹੋਈ ਫ਼ਿਲਮ ਨਸ਼ਿਆਂ ਦੇ ਵਪਾਰ ਦੀ ਸਿਆਸੀ ਸਰਪ੍ਰਸਤੀ ਬੇਪਰਦ ਹੋਣ ਅਤੇ ਪੁਲਿਸ ਦੀ ਜਾਂਚ ਸ਼ੁਰੂ ਹੋਣ ਨਾਲ ਖ਼ਤਮ ਹੁੰਦੀ ਹੈ। ਇਸੇ ਤੋਂ ਸਾਫ਼ ਹੁੰਦਾ ਹੈ ਕਿ ਅਦਾਲਤ ਨੇ ਫ਼ਿਲਮ ਬੋਰਡ ਨੂੰ ਹਦਾਇਤ ਦੇਣ ਦੀ ਕੀ ਦਲੀਲ ਦਿੱਤੀ ਸੀ, "ਫ਼ਿਲਮ ਮੁਲਕ ਦੀ ਪ੍ਰਭੂਸੱਤਾ ਜਾਂ ਅਖੰਡਤਾ ਉਤੇ ਕੋਈ ਸੁਆਲ ਨਹੀਂ ਕਰਦੀ।" ਫ਼ਿਲਮ ਇਸ ਦਲੀਲ ਉਤੇ ਖ਼ਰੀ ਉਤਰਦੀ ਹੈ। ਇਹ ਸਰਕਾਰ ਅਤੇ ਪੁਲਿਸ ਦੀਆਂ ਕਾਲੀਆਂ ਭੇਡਾਂ ਰਾਹੀਂ ਆਵਾਮ ਅੰਦਰਲੀ ਬਦਸੂਰਤੀ ਦੀ ਨੁਮਾਇਸ਼ ਲਗਾਉਂਦੀ ਹੈ। ਦਰਸ਼ਕਾਂ ਨੂੰ ਗਾਲ-ਕੋਸ਼ ਦਾ ਤੋਹਫ਼ਾ ਦਿੰਦੀ ਹੈ ਅਤੇ ਬੇਕਿਰਕ ਹਿੰਸਾ ਦੀ ਬੇਸੁਆਦੀ ਨਾਲ ਭਰ ਦਿੰਦੀ ਹੈ।

'ਉੜਤਾ ਪੰਜਾਬ' ਦੀ ਪੰਜਾਬ ਦੀ ਮੌਜੂਦਾ ਹਾਲਾਤ ਨਾਲ ਜੋੜ ਕੇ ਪੜਚੋਲ ਜ਼ਰੂਰੀ ਹੈ। ਤਕਨੀਕੀ ਅਤੇ ਤਾਇਨਾਤੀ ਪੱਖੋਂ ਦੁਨੀਆਂ ਦੀ ਸਭ ਤੋਂ ਔਖੀ ਸਰਹੱਦ ਤੋਂ ਨਸ਼ੇ ਦਾ ਵਪਾਰ ਕਿਵੇਂ ਚੱਲਦਾ ਹੈ? ਪੰਜਾਬ ਸਰਕਾਰ ਦੇ ਨੁਮਾਇੰਦੇ ਵਾਰ-ਵਾਰ ਕਹਿੰਦੇ ਹਨ ਕਿ ਇਸ ਨੂੰ ਰੋਕਣਾ ਕੇਂਦਰ ਸਰਕਾਰ ਦੇ ਹੱਥ ਹੈ, ਕਿਉਂਕਿ ਕੇਂਦਰੀ ਬਲ ਕੇਂਦਰੀ ਗ੍ਰਹਿ ਮੰਤਰਾਲੇ ਹੇਠ ਹਨ। ਦੁਨੀਆਂ ਭਰ ਦੇ ਅਧਿਐਨ ਦਰਸਾਉਂਦੇ ਹਨ ਕਿ ਸੁਰੱਖਿਆ ਅਤੇ ਖ਼ੁਫ਼ੀਆ ਏਜੰਸੀਆਂ ਦੀ ਸ਼ਮੂਲੀਅਤ ਤੋਂ ਬਿਨਾਂ ਨਸ਼ਿਆਂ ਦਾ ਕੌਮਾਂਤਰੀ ਵਪਾਰ ਨਹੀਂ ਹੋ ਸਕਦਾ। 'ਉੜਤਾ ਪੰਜਾਬ' ਇਸ ਪੱਖ ਦੇ ਉਤੋਂ ਡਿਸਕਸ ਨਾਲ ਉਡਾਰੀ ਮਾਰ ਜਾਂਦੀ ਹੈ।

ਨਸ਼ੇ ਦਾ ਸਮਾਜਿਕ ਮਸਲਾ ਬਣਨ ਦੇ ਲੱਛਣ ਕੀ ਹਨ? ਨਸ਼ੇ ਕਰਨ ਵਾਲਿਆਂ ਦੀ ਸਿਹਤ ਅਤੇ ਸਮਾਜ ਉਤੇ ਬੁਰਾ ਅਸਰ ਪੈ ਰਿਹਾ ਹੈ। ਆਵਾਮ ਦੀਆਂ ਸਮਰੱਥਾਵਾਂ ਅਜਾਈਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਨਸ਼ਿਆਂ ਨੂੰ ਸਮਾਜਿਕ ਬੇਵਿਸਾਹੀ ਅਤੇ ਬੇਲਾਗਤਾ ਦੀ ਨਿਸ਼ਾਨੀ ਵਜੋਂ ਵੀ ਸਮਝਿਆ ਜਾਂਦਾ ਹੈ। ਜਦੋਂ ਨਸ਼ਾ ਥਕਾਵਟ ਉਤਾਰਨ ਅਤੇ ਦਿਲ-ਪਰਚਾਵੇ ਦੀਆਂ ਨਿੱਜੀ ਹਦੂਦ ਪਾਰ ਕਰ ਜਾਂਦਾ ਹੈ ਤਾਂ ਇਹ ਸਮਾਜਿਕ ਮਸਲਾ ਬਣਦਾ ਹੈ। ਇਸੇ ਲਈ ਨਸ਼ਿਆਂ ਨੂੰ ਸਮਾਜਿਕ ਅਤੇ ਸਿਆਸੀ ਮੁਹਾਜ਼ ਤੋਂ ਮੁਖ਼ਾਤਬ ਹੋਣਾ ਜ਼ਰੂਰੀ ਹੈ। ਪੰਜਾਬ ਵਿਚ ਦੇਸੀ ਨਸ਼ਿਆਂ ਦੀ ਪੈਦਾਵਾਰ ਨਹੀਂ ਹੁੰਦੀ। ਸਿੰਥੈਟਿਕ ਨਸ਼ਿਆਂ ਦਾ ਕਾਰੋਬਾਰ ਅਤੇ ਕੌਮਾਂਤਰੀ ਤਸਕਰੀ ਸਿਆਸੀ, ਸਰਕਾਰੀ ਤੇ ਨਿਜ਼ਾਮ ਦੀ ਮਿਲੀਭੁਗਤ ਤੋਂ ਬਿਨਾਂ ਹੋ ਨਹੀਂ ਸਕਦੀ। ਇਸ ਗੱਠਜੋੜ ਨੂੰ ਪਾਂਡੀਆਂ ਤੋਂ ਲੈ ਕੇ ਖ਼ਪਤਕਾਰਾਂ ਦੀ ਲੋੜ ਹੈ ਅਤੇ ਇਸ ਦੀ ਆਪਣੀ ਹਾਲਤ ਨਸ਼ੇਖ਼ੋਰ ਆਵਾਮ ਨਾਲ ਮਜ਼ਬੂਤ ਹੁੰਦੀ ਹੈ। 'ਉੜਤਾ ਪੰਜਾਬ' ਨਸ਼ਿਆਂ ਦੇ ਵਪਾਰ ਨੂੰ ਇਸ ਗੱਠਜੋੜ ਵਜੋਂ ਨਾ ਸਮਝਣ ਦੇ ਬੇਦਾਅਵੇ ਨਾਲ ਸ਼ੁਰੂ ਹੁੰਦੀ ਹੈ ਅਤੇ ਇਸ ਨਾਲ ਤੋੜ ਤੱਕ ਨਿਭਦੀ ਹੈ। ਫ਼ਿਲਮ ਦਾ ਪੰਜਾਬ ਵਿਚ ਨਸ਼ਿਆਂ ਦੀ ਮਾਰ ਨਾਲ ਕੋਈ ਲੈਣਾ-ਦੇਣਾ ਨਹੀਂ। ਅਨੁਰਾਗ-ਏਕਤਾ ਦੀ ਜੋੜੀ ਨੂੰ ਮੌਜੂਦਾ ਪੰਜਾਬ ਵਿਚੋਂ ਆਪਣੀ ਮੁਹਾਰਤ ਦਰਸਾਉਣ ਵਾਲੀ ਫ਼ਿਲਮੀ ਕਹਾਣੀ ਮਿਲੀ ਹੈ। ਇਸ ਕਹਾਣੀ ਵਿਚ ਉਨ੍ਹਾਂ ਨੇ ਆਪਣੇ ਨਿਵਕਲੇਪਣ ਦੀ ਪੁੱਠ ਚੜ੍ਹਾਈ ਹੈ ਅਤੇ ਸਿਆਸੀ ਮਾਹੌਲ ਨੇ ਇਸ ਦੇ ਇਸ਼ਤਿਹਾਰ ਦਾ ਕੰਮ ਕੀਤਾ ਹੈ। ਪੰਜਾਬ ਸਰਕਾਰ ਅਤੇ ਸਮੂਹ ਸਿਆਸੀ ਪਾਰਟੀਆਂ ਆਪਣੀ ਸਿਆਸੀ ਅਚਵੀ ਕਾਰਨ 'ਉੜਤਾ ਪੰਜਾਬ' ਦੁਆਲੇ ਲਾਮਬੰਦੀ ਕਰ ਰਹੀਆਂ ਸਨ। ਫ਼ਿਲਮ ਨੇ ਨਾ ਆਮ ਆਦਮੀ ਪਾਰਟੀ ਜਾਂ ਕਾਂਗਰਸ ਦਾ ਹੱਥ ਫੜਨਾ ਹੈ ਅਤੇ ਨਾ ਹੁਕਮਰਾਨਾਂ ਦੀ ਡੁੱਬਦੀ ਬੇੜੀ ਵਿਚ ਵੱਟੇ ਪਾਉਣ ਦਾ ਕੰਮ ਕਰਨਾ ਹੈ। ਇਸ ਫ਼ਿਲਮ ਦੀ ਕਾਮਯਾਬੀ ਇਸ ਸੁਆਲ ਵਿਚ ਹੈ ਕਿ ਮੌਜੂਦਾ ਮਾਹੌਲ ਵਿਚ ਅਨੁਰਾਗ ਕਸ਼ਅਪ-ਏਕਤਾ ਕਪੂਰ ਦੀ ਜੋੜੀ ਸਾਰੀਆਂ ਸਿਆਸੀ ਧਿਰਾਂ ਨੂੰ ਟਿਕਟ ਖਿੜਕੀ ਦੇ ਬਾਹਰ ਕਿਵੇਂ ਜਥੇਬੰਦ ਕਰਦੇ ਹਨ।

# ਗੁਲਬਰਗ ਸੁਸਾਇਟੀ ਕੇਸ: ਨਿਆਂ ਦੇ ਨਾਂ ਹੇਠ ਇਕ ਹੋਰ ਅਨਿਆਂ

ਗੁਜਰਾਤ ਕਤਲੇਆਮ ਦੀ ਜਾਂਚ ਲਈ ਬਣਾਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ.ਆਈ.ਟੀ.) ਦੀ ਅਦਾਲਤ ਵਲੋਂ ਗੁਲਬਰਗ ਹਾਊਸਿੰਗ ਸੁਸਾਇਟੀ ਕਤਲੇਆਮ ਬਾਬਤ ਸੁਣਾਈ ਸਜ਼ਾ ਕੀ ਸੰਕੇਤ ਦੇ ਰਹੀ ਹੈ? ਇਹ ਕਤਲੇਆਮ 2002 'ਚ ਗੁਜਰਾਤ ਵਿਚ ਕੀਤੀ ਗਈ ਕਤਲੋਗ਼ਾਰਤ ਦੇ ਉਨ੍ਹਾਂ ਚੌਦਾਂ ਵੱਡੇ ਮਾਮਲਿਆਂ ਵਿਚੋਂ ਇਕ ਸੀ ਜਿਨ੍ਹਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਨਿਰਦੇਸ਼ ਤਹਿਤ ਇਹ ਉਚੇਚੀ ਟੀਮ ਬਣਾਈ ਗਈ ਸੀ। ਐਸ.ਆਈ.ਟੀ. ਅਦਾਲਤ ਨੇ ਸੁਣਵਾਈ ਤਾਂ ਸਤੰਬਰ 2015 ਵਿਚ ਹੀ ਕਰ ਲਈ ਸੀ, ਪਰ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਇਸ ਦਾ ਫ਼ੈਸਲਾ ਰੋਕਿਆ ਹੋਇਆ ਸੀ। ਹੁਣ

**ਬੂਟਾ ਸਿੰਘ**
ਫੋਨ: +91-94634-74342

ਅੱਠਵੇਂ ਮਾਮਲੇ ਵਿਚ ਸਜ਼ਾ ਸੁਣਾਈ ਗਈ ਹੈ। ਐਸ.ਆਈ.ਟੀ. ਅਦਾਲਤ ਵਿਚ ਨੌਂ ਮੁੱਖ ਮਾਮਲਿਆਂ ਵਿਚੋਂ ਸਿਰਫ਼ ਨਰੋਦਾ ਗਾਮ ਕਾਂਡ ਮੁਕੱਦਮੇ ਦੀ ਸੁਣਵਾਈ ਹੋਣੀ ਬਾਕੀ ਹੈ।

ਗੁਜਰਾਤ ਦੇ ਗੋਧਰਾ ਰੇਲ ਅੱਗਜ਼ਨੀ ਕਾਂਡ ਤੋਂ ਬਾਅਦ ਮੋਦੀ ਸਰਕਾਰ ਵਲੋਂ ਗੁਜਰਾਤ ਵਿਚ ਪੂਰੀ ਤਰ੍ਹਾਂ ਯੋਜਨਾਬਧ ਤਰੀਕੇ ਨਾਲ ਮੁਸਲਮਾਨਾਂ ਦੀ ਕਤਲੋਗ਼ਾਰਤ ਕਰਵਾਈ ਗਈ। ਇਸ ਦੌਰਾਨ ਭਗਵੇਂ ਬ੍ਰਿਗੇਡ ਵਲੋਂ ਲਾਮਬੰਦ ਕੀਤੇ ਹਜੂਮ ਵਲੋਂ 28 ਫਰਵਰੀ 2002 ਨੂੰ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਉਪਰ ਹਮਲਾ ਕਰ ਕੇ 69 ਜਣਿਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ ਜਿਨ੍ਹਾਂ ਵਿਚ ਕਾਂਗਰਸ ਦਾ ਸਾਬਕਾ ਐਮ.ਪੀ. ਅਹਿਸਾਨ ਜਾਫ਼ਰੀ ਵੀ ਸੀ। ਮੁਹੱਲੇ ਦੇ ਮੁਸਲਮਾਨਾਂ ਨੇ ਇਸ ਉਮੀਦ ਨਾਲ ਕਾਂਗਰਸੀ ਆਗੂ ਦੇ ਘਰ ਪਨਾਹ ਲਈ ਸੀ ਕਿ ਉਹ ਰਾਜ ਮਸ਼ੀਨਰੀ ਵਿਚ ਆਪਣਾ ਰਸੂਖ਼ ਇਸਤੇਮਾਲ ਕਰ ਕੇ ਉਨ੍ਹਾਂ ਦੀਆਂ ਜਾਨਾਂ ਬਚਾ ਲਵੇਗਾ। ਆਹਲਾ ਪੁਲਿਸ ਅਧਿਕਾਰੀ ਅਤੇ ਸੰਘ ਪ੍ਰਚਾਰਕਾਂ ਵਲੋਂ ਕਤਲੋਗ਼ਾਰਤ ਲਈ ਲਾਮਬੰਦ ਕੀਤੇ ਹਜੂਮ ਮਿਲੇ ਹੋਏ ਸਨ। ਅਧਿਕਾਰੀਆਂ ਨੇ ਜਾਫ਼ਰੀ ਦੇ ਫ਼ੋਨਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਜਦੋਂ ਆਖ਼ਰੀ ਚਾਰਾਜੋਈ ਵਜੋਂ ਉਸ ਨੇ ਨਰੇਂਦਰ ਮੋਦੀ ਨੂੰ ਫ਼ੋਨ ਕੀਤਾ ਜੋ ਉਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ ਤਾਂ ਅੱਗਿਓਂ ਮੋਦੀ ਨੇ ਹੈਰਾਨੀ ਜ਼ਾਹਿਰ ਕੀਤੀ ਸੀ ਕਿ ਉਹ ਅਜੇ ਵੀ ਜਿਉਂਦਾ ਹੈ! ਆਖ਼ਿਰਕਾਰ ਅਹਿਸਾਨ ਜਾਫ਼ਰੀ ਸਮੇਤ ਪੂਰੀ ਤਰ੍ਹਾਂ ਲਾਚਾਰ ਅਤੇ ਬੇਵਸ ਮੁਸਲਮਾਨਾਂ ਨੂੰ ਹਜੂਮ ਵਲੋਂ ਜਿਉਂਦੇ ਸਾੜ ਦਿੱਤਾ ਗਿਆ।

ਮੋਦੀ ਸਰਕਾਰ ਵਲੋਂ ਪੂਰੀ ਵਿਉਂਤਬਧ ਸਾਜ਼ਿਸ਼ ਤਹਿਤ ਕਰਵਾਏ ਇਸ ਕਤਲੇਆਮ ਦੇ ਤੱਥ ਜੱਗ ਜ਼ਾਹਰ ਦੇ ਬਾਵਜੂਦ ਐਸ.ਆਈ.ਟੀ. ਅਦਾਲਤ ਨੂੰ ਗੁਲਬਰਗ ਸੁਸਾਇਟੀ ਕਤਲੇਆਮ ਵਿਚ ਕੋਈ ਸਾਜ਼ਿਸ਼ ਨਜ਼ਰ ਨਹੀਂ ਆਈ। ਜਦੋਂ ਮਨਸ਼ਾ ਇਹ ਹੋਵੇ ਕਿ ਮੁਜਰਿਮਾਂ ਨੂੰ ਕਲੀਨ ਚਿੱਟਾਂ ਦੇਣੀਆਂ ਹਨ ਤਾਂ ਸਾਜ਼ਿਸ਼ ਨਜ਼ਰ ਵੀ ਕਿਵੇਂ ਆਵੇਗੀ? ਮੋਦੀ, ਅਮਿਤ ਸ਼ਾਹ ਅਤੇ ਪ੍ਰਵੀਨ ਤੋਗੜੀਆ ਵਰਗੇ ਹਿੰਦੂਤਵੀ ਸੂਤਰਧਾਰਾਂ ਜੋ ਕਤਲੇਆਮ ਦੇ ਮੁੱਖ ਸਾਜ਼ਿਸ਼ਘਾੜੇ ਸਨ, ਨੂੰ ਮੁਕੱਦਮਿਆਂ ਵਿਚ ਸ਼ਾਮਲ ਤਾਂ ਕੀ ਕਰਨਾ ਸੀ, ਸਗੋਂ ਇਸਤਗਾਸਾ ਪੱਖ ਵਲੋਂ ਇਨ੍ਹਾਂ ਦੇ ਖ਼ਿਲਾਫ਼ ਮੁਕੱਦਮੇ ਦਰਜ ਕਰਨ ਦੀ ਕਾਨੂੰਨੀ ਚਾਰਾਜੋਈ ਨੂੰ ਹਰ ਹਰਬਾ ਇਸਤੇਮਾਲ ਕਰ ਕੇ ਅਸਫ਼ਲ ਬਣਾਇਆ ਗਿਆ। ਦੋਇਮ ਦਰਜੇ ਦੇ 24 ਮੁਜਰਿਮਾਂ ਨੂੰ ਜੋ ਸਜ਼ਾਵਾਂ ਸੁਣਾਈਆਂ ਗਈਆਂ ਹਨ (11 ਨੂੰ ਉਮਰ ਕੈਦ, ਇਕ ਨੂੰ ਦਸ ਸਾਲ ਦੀ ਕੈਦ, ਬਾਕੀਆਂ ਨੂੰ ਸੱਤ ਸਾਲ ਕੈਦ ਦੀਆਂ ਸਜ਼ਾਵਾਂ ਅਤੇ 36 ਸਾਫ਼ ਬਰੀ); ਉਹ ਵੀ ਤੀਸਤਾ ਸੀਤਲਵਾੜ ਦੀ ਐਨ.ਜੀ.ਓ. 'ਸਿਟੀਜ਼ਨਜ਼ ਫਾਰ ਜਸਟਿਸ ਐਂਡ ਪੀਸ' ਵਲੋਂ ਕੀਤੀ ਲਗਾਤਾਰ ਪੈਰਵੀ ਤੇ ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਜਾਫ਼ਰੀ ਦੇ ਸਿਰੜੀ ਸੰਘਰਸ਼ ਦੀ ਬਦੌਲਤ ਸੰਭਵ ਹੋਈਆਂ। ਵੈਸੇ, ਐਨੇ ਵੱਡੇ ਕਤਲੇਆਮ 'ਚ ਦੋਇਮ ਦਰਜੇ ਦੇ ਮੁਜਰਿਮਾਂ ਨੂੰ ਸਜ਼ਾ ਬਹੁਤੀ ਮਾਇਨੇ ਨਹੀਂ ਰੱਖਦੀ ਜਦੋਂ ਮੁੱਖ ਮੁਜਰਿਮ ਤਰੱਕੀਆਂ ਕਰ ਕੇ ਸੱਤਾ ਦੇ ਹੋਰ ਵੀ ਉਚੇ ਅਹੁਦਿਆਂ 'ਤੇ ਹੁਕਮਰਾਨ ਬਣੇ ਬੈਠੇ ਹੋਣ ਅਤੇ ਪੂਰੇ ਮੁਲਕ ਨੂੰ ਦੇਸ਼ ਭਗਤੀ ਦਾ ਪਾਠ ਪੜ੍ਹਾ ਰਹੇ ਹੋਣ।

ਮੋਦੀ ਸਮੇਤ ਸੰਘ ਪਰਿਵਾਰ ਵਲੋਂ ਇਨ੍ਹਾਂ ਕਤਲੇਆਮਾਂ ਨੂੰ ਦਬਾਉਣ, ਸਬੂਤਾਂ ਨੂੰ ਖ਼ਤਮ ਕਰਨ, ਪੈਰਵੀ ਕਰਨ ਵਾਲਿਆਂ ਅਤੇ ਚਸ਼ਮਦੀਦ ਗਵਾਹਾਂ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣ ਲਈ ਹਰ ਤਰੀਕਾ ਅਖ਼ਤਿਆਰ ਕੀਤਾ ਗਿਆ। ਫ਼ੋਨ ਕਾਲਾਂ ਦਾ ਉਹ ਰਿਕਾਰਡ ਗਾਇਬ ਕਰਵਾ ਦਿੱਤਾ ਗਿਆ ਜਿਸ ਨੇ ਇਹ ਸਬੂਤ ਬਣਨਾ ਸੀ ਕਿ ਮੋਦੀ ਅਤੇ ਆਹਲਾ ਪੁਲਿਸ ਅਧਿਕਾਰੀਆਂ ਵਲੋਂ ਅਹਿਸਾਨ ਜਾਫ਼ਰੀ ਦੀਆਂ ਫ਼ੋਨ ਕਾਲਾਂ ਸੁਣ ਕੇ ਅਣਸੁਣੀਆਂ ਕੀਤੀਆਂ ਗਈਆਂ। ਜ਼ਕੀਆ ਜਾਫ਼ਰੀ ਵਲੋਂ ਮੋਦੀ ਅਤੇ 58 ਹੋਰ ਮੁਲਜ਼ਮਾਂ (ਉਸ ਦੇ ਮੰਤਰੀਆਂ, ਆਹਲਾ ਪੁਲਿਸ ਅਧਿਕਾਰੀਆਂ ਅਤੇ ਭਾਜਪਾ ਆਗੂਆਂ) ਉਪਰ ਮੁਕੱਦਮਾ ਦਰਜ ਕੀਤੇ ਜਾਣ ਦੀ ਮੰਗ ਨੂੰ ਕੋਈ ਅਹਿਮੀਅਤ ਹੀ ਨਹੀਂ ਦਿੱਤੀ ਗਈ। ਨਵੰਬਰ 2007 ਵਿਚ ਗੁਜਰਾਤ ਹਾਈਕੋਰਟ ਵਲੋਂ ਜ਼ਕੀਆ ਜਾਫ਼ਰੀ ਦੀ ਦਰਖ਼ਾਸਤ ਰੱਦ ਕਰ ਦਿੱਤੀ ਗਈ।

ਗੁਜਰਾਤ ਦੀਆਂ ਅਦਾਲਤਾਂ ਵਿਚ ਇਨਸਾਫ਼ ਨਾ ਮਿਲਦਾ ਦੇਖ ਕੇ ਉਨ੍ਹਾਂ ਵਲੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ। ਮਾਰਚ 2008 ਵਿਚ ਸੁਪਰੀਮ ਕੋਰਟ ਨੇ ਗੁਜਰਾਤ ਨੂੰ ਐਸ.ਆਈ.ਟੀ. ਬਣਾਉਣ ਲਈ ਕਿਹਾ। ਐਸ.ਆਈ.ਟੀ. ਅਨੁਸਾਰ ਮੋਦੀ ਦੇ ਖ਼ਿਲਾਫ਼ ਮੁਕੱਦਮਾ ਚਲਾਏ ਜਾਣ ਦਾ ਕੋਈ ਸਬੂਤ ਨਹੀਂ ਬਣਦਾ, ਸੋ ਉਸ ਦੇ ਖ਼ਿਲਾਫ਼ ਮਾਮਲਾ ਬੰਦ ਕਰ ਦਿੱਤਾ ਗਿਆ। ਇਸ ਦੇ ਬਾਵਜੂਦ ਕਿ ਸੀਨੀਅਰ ਪੁਲਿਸ ਅਧਿਕਾਰੀ ਸੰਜੀਵ ਭੱਟ ਐਸ.ਆਈ.ਟੀ. ਦੀ ਅਦਾਲਤ ਵਿਚ ਪੇਸ਼ ਹੋ ਕੇ ਸਾਫ਼ ਗਵਾਹੀ ਦੇ ਚੁੱਕਾ ਹੈ ਕਿ ਮੋਦੀ ਵਲੋਂ ਆਹਲਾ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿੱਤਾ ਜਾਵੇ। ਇਸ ਤੋਂ ਵੱਧ ਐਸ.ਆਈ.ਟੀ. ਨੂੰ ਸਾਜ਼ਿਸ਼ ਅਤੇ ਮੋਦੀ ਦੀ ਭੂਮਿਕਾ ਦਾ ਹੋਰ ਕੀ ਸਬੂਤ ਚਾਹੀਦਾ ਸੀ! ਦਸੰਬਰ 2013 ਵਿਚ ਅਹਿਮਦਾਬਾਦ ਕੋਰਟ ਵਲੋਂ ਕਲੋਜ਼ਰ ਰਿਪੋਰਟ ਵਿਰੁੱਧ ਜ਼ਕੀਆ ਦੀ ਦਰਖ਼ਾਸਤ ਰੱਦ ਕਰ ਕੇ ਮੋਦੀ ਨੂੰ ਦਿੱਤੀ ਕਲੀਨ ਚਿੱਟ ਉਪਰ ਮੋਹਰ ਲਾ ਦਿੱਤੀ ਗਈ।


*ਸਾੜੀ ਗਈ ਗੁਲਬਰਗ ਸੁਸਾਇਟੀ ਦੀ ਝਲਕ।*

ਇਸ ਪ੍ਰਬੰਧ ਦੀ ਸਮੁੱਚੀ ਮਸ਼ੀਨਰੀ ਕਿਵੇਂ ਸਿੱਧੇ ਤੌਰ 'ਤੇ ਪੱਖਪਾਤੀ ਤੇ ਤੁਅੱਸਬੀ ਢੰਗ ਨਾਲ ਅਤੇ ਹਾਕਮ ਜਮਾਤੀ ਕੋੜਮੇ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ, ਇਸ ਨੂੰ 1984 ਵਿਚ ਸਿੱਖਾਂ ਦੇ ਕਤਲੇਆਮ, ਮੁੰਬਈ ਵਿਚ ਮੁਸਲਮਾਨਾਂ ਦੇ ਕਤਲੇਆਮ, ਖੈਰਲਾਂਜੀ ਵਿਚ ਦਲਿਤਾਂ ਦੇ ਕਤਲੇਆਮ, ਬਿਹਾਰ ਵਿਚ ਜਗੀਰੂ ਸੈਨਾਵਾਂ ਵਲੋਂ ਦਰਜਨਾਂ ਥਾਂਵਾਂ ਉਪਰ ਦਲਿਤਾਂ ਦੇ ਕਤਲੇਆਮ ਤੋਂ ਲੈ ਕੇ ਗੁਜਰਾਤ ਕਤਲੇਆਮ ਦੇ ਵੱਖ-ਵੱਖ ਕਾਂਡਾਂ ਤਕ ਬੇਸ਼ੁਮਾਰ ਘਿਨਾਉਣੇ ਮਾਮਲਿਆਂ ਵਿਚ ਸਪਸ਼ਟ ਦੇਖਿਆ ਜਾ ਸਕਦਾ ਹੈ। ਪੁਲਿਸ ਮੁਸਲਮਾਨਾਂ, ਦਲਿਤਾਂ, ਗ਼ਰੀਬਾਂ ਅਤੇ ਇਸ ਪ੍ਰਬੰਧ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ, ਇੱਥੋਂ ਤਕ ਕਿ ਮੌਤ ਦੀਆਂ ਸਜ਼ਾਵਾਂ ਦਿਵਾਉਣ ਲਈ ਪੂਰੀ ਸਰਗਰਮੀ ਦਿਖਾਉਂਦੀ ਹੈ, ਉਨ੍ਹਾਂ ਮਾਮਲਿਆਂ ਵਿਚ ਵੀ ਜੋ ਜੁਰਮ ਉਨ੍ਹਾਂ ਨੇ ਕੀਤੇ ਹੀ ਨਹੀਂ ਹੁੰਦੇ। ਉਨ੍ਹਾਂ ਨੂੰ ਜਮਾਂਦਰੂ ਤੌਰ 'ਤੇ ਜਰਾਇਮ ਪੇਸ਼ਾ ਸਮੂਹ ਕਰਾਰ ਦੇ ਕੇ ਅੰਧਾਧੁੰਦ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਦੇ ਉਲਟ, ਹਾਕਮ ਜਮਾਤੀ ਕੋੜਮੇ, ਉਚ ਜਾਤੀਆਂ, ਬਹੁਗਿਣਤੀ ਫਿਰਕੇ ਅਤੇ ਧਨਾਢ ਮੁਜਰਿਮਾਂ ਨੂੰ ਬਚਾਉਣ ਲਈ ਇਹੀ ਪੁਲਿਸ ਕੀ ਕੁਝ ਨਹੀਂ ਕਰਦੀ। ਇਹੀ ਰਵੱਈਆ ਕੁਝ ਕੁ ਇਮਾਨਦਾਰ ਜੱਜਾਂ ਨੂੰ ਛੱਡ ਕੇ, ਅਦਾਲਤੀ ਪ੍ਰਣਾਲੀ ਦਾ ਹੈ। ਹਾਲ ਹੀ ਵਿਚ ਸੀਨੀਅਰ ਪੱਤਰਕਾਰ ਰਾਜਦੀਪ ਸਰਦੇਸਾਈ ਨੇ ਗੁਜਰਾਤ ਬਾਰੇ ਰਾਣਾ ਅਯੂਬ ਦੀ ਚਰਚਿਤ ਕਿਤਾਬ ਦੇ ਰਿਲੀਜ਼ ਸਮਾਗਮ ਵਿਚ ਸੀਨੀਅਰ ਜਸਟਿਸ ਨਾਨਾਵਤੀ (ਜਿਸ ਨੂੰ 1984 ਤੇ 2002 ਦੇ ਕਤਲੇਆਮਾਂ ਦੀ ਜਾਂਚ ਦਾ ਜ਼ਿੰਮਾ ਦਿੱਤਾ ਗਿਆ ਅਤੇ ਜਿਸ ਨੇ ਤ੍ਰਿਲੋਕਪੁਰੀ ਸਿੱਖ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਜਲਾਦਾਂ ਨੂੰ ਇਸ ਆਧਾਰ 'ਤੇ ਬਰੀ ਕਰ ਦਿੱਤਾ ਸੀ ਕਿ ਸਿੱਖ ਔਰਤਾਂ ਦੇ ਕਤਲ ਉਨ੍ਹਾਂ ਨੇ ਨਹੀਂ ਕੀਤੇ) ਨਾਲ ਗੱਲਬਾਤ ਦਾ ਖ਼ੁਲਾਸਾ ਕੀਤਾ ਹੈ ਜਿਸ ਨੇ ਆਪਣੀ ਘੋਰ ਤੁਅੱਸਬੀ ਸੋਚ ਨੂੰ ਜ਼ੁਬਾਨ ਦਿੰਦਿਆਂ ਕਿਹਾ ਸੀ, "ਯੇਹ ਜੋ ਮੁਸਲਮਾਨ ਹੈ, ਵੋਹ ਬਦਲੇਗਾ ਨਹੀਂ। ਇਸ ਕੇ ਸਾਥ ਯੇਹੀ ਹੋਨਾ ਥਾ।' ਸਰਦੇਸਾਈ ਨੂੰ ਅਫਸੋਸ ਹੈ, ਕਾਸ਼ ਉਸ ਕੋਲ ਨਾਨਾਵਤੀ ਦੇ ਇਨ੍ਹਾਂ ਬੋਲਾਂ ਨੂੰ ਰਿਕਾਰਡ ਕਰਨ ਲਈ ਖ਼ੁਫ਼ੀਆ ਕੈਮਰਾ ਹੁੰਦਾ!

ਗੁਜਰਾਤ ਕਤਲੇਆਮ ਹਿੰਦੂਤਵੀ ਤਾਕਤਾਂ ਵਲੋਂ ਪੁਲਿਸ ਦੀ ਮਿਲੀਭੁਗਤ ਨਾਲ ਕੀਤਾ ਗਿਆ ਇਕ ਫਿਰਕੇ ਦਾ ਕਤਲੇਆਮ ਸੀ ਜਿਸ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ, ਪੂਰੀ ਤਰ੍ਹਾਂ ਸਿਲਸਿਲੇਵਾਰ ਤਰੀਕੇ ਨਾਲ ਅੰਜਾਮ ਦਿੱਤਾ ਗਿਆ। ਉਨ੍ਹਾਂ ਦਿਨਾਂ ਦੀ ਮੀਡੀਆ ਰਿਪੋਰਟਿੰਗ, ਬੇਸ਼ੁਮਾਰ ਅਧਿਐਨ ਅਤੇ ਆਜ਼ਾਦਾਨਾ ਜਾਂਚ ਰਿਪੋਰਟਾਂ ਇਸ ਦੇ ਤੱਥਪੂਰਨ ਸਬੂਤ ਪੇਸ਼ ਕਰਦੇ ਹਨ। ਮੋਦੀ ਸਰਕਾਰ ਦੇ ਕੈਬਨਿਟ ਮੰਤਰੀਆਂ ਤੋਂ ਲੈ ਕੇ ਪੁਲਿਸ ਮਸ਼ੀਨਰੀ ਨੇ ਇਸ ਵਿਚ ਕੀ ਕਿਰਦਾਰ ਨਿਭਾਏ, ਇਸ ਦਾ ਪ੍ਰਮਾਣਿਕ ਖ਼ੁਲਾਸਾ ਖੋਜੀ ਪੱਤਰਕਾਰ ਰਾਣਾ ਅਯੂਬ ਵਲੋਂ ਆਪਣੀ ਹਾਲ ਹੀ ਵਿਚ ਛਪੀ ਕਿਤਾਬ 'ਗੁਜਰਾਤ ਫਾਈਲਜ਼' ਵਿਚ ਕੀਤਾ ਗਿਆ ਹੈ। ਇਸ ਪੱਤਰਕਾਰ ਕੁੜੀ ਨੇ 2010-11 ਦੇ ਅੱਠ ਮਹੀਨਿਆਂ ਦੌਰਾਨ ਭਾਜਪਾ ਮੰਤਰੀ ਮਾਇਆ ਕੋਡਨਾਨੀ ਤੋਂ ਇਲਾਵਾ ਅਸ਼ੋਕ ਨਰਾਇਣ, ਜੀ.ਐਲ. ਸਿੰਘਲ (ਜਿਸ ਨੇ ਇਸ਼ਰਤ ਜਹਾਂ ਦਾ ਫਰਜ਼ੀ ਮੁਕਾਬਲਾ ਬਣਾਇਆ), ਪੀ.ਸੀ. ਪਾਂਡੇ, ਜੀ.ਸੀ. ਰਾਇਗ਼ਰ, ਰਾਜਨ ਪ੍ਰਿਯਾਦਰਸ਼ੀ ਅਤੇ ਵਾਈ.ਏ. ਸ਼ੇਖ ਵਰਗੇ ਆਹਲਾ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਦੀ ਸਟਿੰਗ ਰਿਕਾਰਡਿੰਗ ਕੀਤੀ। ਇਹ ਖ਼ਤਰਨਾਕ ਮਿਸ਼ਨ ਉਸ ਨੇ ਅਮਰੀਕੀ ਫਿਲਮਸਾਜ਼ ਬਣ ਕੇ ਅਤੇ ਆਪਣਾ ਜਾਅਲੀ ਨਾਂ 'ਮੈਥਿਲੀ ਤਿਆਗੀ' ਰੱਖ ਕੇ ਨੇਪਰੇ ਚਾੜ੍ਹਿਆ। ਉਸ ਨੇ 'ਵਾਈਬਰੈਂਟ ਗੁਜਰਾਤ' ਉਪਰ ਫਿਲਮ ਬਣਾਉਣ ਦੇ ਨਾਂ ਹੇਠ ਉਨ੍ਹਾਂ ਨਾਲ ਖੁੱਲ੍ਹੀਆਂ ਗੱਲਾਂ ਖੁਫ਼ੀਆ ਕੈਮਰਿਆਂ ਨਾਲ ਰਿਕਾਰਡ ਕਰ ਲਈਆਂ। ਸਾਬਕਾ ਪੁਲਿਸ ਅਧਿਕਾਰੀ ਸਿੰਘਲ ਜੋ ਹੁਣ ਕਾਂਗਰਸ ਦਾ ਆਗੂ ਹੈ, ਤੇ ਰੰਜਨ ਪ੍ਰਿਯਾਦਰਸ਼ੀ ਜੋ 2007 ਵਿਚ ਗੁਜਰਾਤ ਐਂਟੀ-ਟੈਰਰਿਸਟ ਸੁਕਐਡ ਦਾ ਡਾਇਰੈਕਟਰ ਜਨਰਲ ਸੀ, ਤਸਦੀਕ ਕਰ ਚੁੱਕੇ ਹਨ ਕਿ 'ਮੈਥਿਲੀ ਤਿਆਗੀ' ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਐਸ.ਆਈ.ਟੀ. ਨੂੰ ਹੋਰ ਕੀ ਸਬੂਤ ਚਾਹੀਦੇ ਹਨ?

'ਗੁਜਰਾਤ ਫਾਈਲਜ਼' ਬਾਰੇ ਮੋਦੀ ਸਮੇਤ ਸਮੁੱਚਾ ਸੰਘੀ ਲਾਣੇ ਦੀ ਜ਼ੁਬਾਨ ਬੰਦ ਹੈ, ਪਰ ਮੁਕੱਦਮਿਆਂ ਦੀ ਪੈਰਵੀ ਕਰ ਰਹੀ ਤੀਸਤਾ ਸੀਤਲਵਾੜ ਅਤੇ ਉਸ ਦੀ ਟੀਮ ਦੀ ਬਾਂਹ ਮਰੋੜਨ ਲਈ ਸੰਘ ਪ੍ਰਚਾਰਕਾਂ ਦੀ ਸਰਕਾਰ ਪੂਰੀ ਸਰਗਰਮ ਹੈ। ਹੁਣ ਤੀਸਤਾ ਦੀ ਐਨ.ਜੀ.ਓ ਦਾ ਕਾਫ਼ੀਆ ਤੰਗ ਕਰਨ ਲਈ ਉਨ੍ਹਾਂ ਨੂੰ ਮਿਲਦੇ ਵਿਦੇਸ਼ੀ ਫੰਡ ਬੰਦ ਕਰਵਾ ਦਿੱਤੇ ਗਏ ਹਨ।

ਇਸ ਮਾਮਲੇ ਵਿਚ ਫ਼ੈਸਲਾ ਸੁਣਾਉਂਦੇ ਵਕਤ ਜੱਜ ਨੇ ਦਿਲਚਸਪ ਗੱਲ ਹੋਰ ਵੀ ਕਹੀ। ਜਿਸ ਅਦਾਲਤੀ ਪ੍ਰਣਾਲੀ ਦੇ ਜੱਜ ਅਫ਼ਜ਼ਲ ਗੁਰੂ ਨੂੰ 'ਰਾਸ਼ਟਰ ਦੀ ਸਮੂਹਿਕ ਆਤਮਾ ਦੀ ਤਸੱਲੀ' ਲਈ ਫਾਂਸੀ ਦੇਣਾ ਆਪਣਾ ਅਧਿਕਾਰ ਸਮਝਦੇ ਹਨ, ਉਸੇ ਅਦਾਲਤੀ ਪ੍ਰਣਾਲੀ ਦਾ ਜੱਜ ਗੁਲਬਰਗ ਸੁਸਾਇਟੀ ਮਾਮਲੇ ਵਿਚ ਸਰਕਾਰ ਨੂੰ ਗੁਜ਼ਾਰਿਸ਼ ਕਰ ਰਿਹਾ ਹੈ ਕਿ ਮੌਕੇ ਦੀ ਸਰਕਾਰ ਆਪਣੀਆਂ ਤਾਕਤਾਂ ਇਸਤੇਮਾਲ ਕਰ ਕੇ 14 ਸਾਲ ਦੀ ਉਮਰ ਕੈਦ ਕੱਟਣ ਪਿਛੋਂ ਇਨ੍ਹਾਂ ਸਜ਼ਾਯਾਫ਼ਤਾ ਮੁਜਰਿਮਾਂ ਨੂੰ ਰਿਹਾਅ ਨਾ ਕਰੇ। ਜੱਜ ਨੂੰ ਪਤਾ ਹੈ ਕਿ ਜਿਵੇਂ ਮੋਦੀ ਸਰਕਾਰ ਮਾਇਆ ਕੋਡਨਾਨੀ, ਬਾਬੂ ਬਜਰੰਗੀ, ਡੀ.ਜੀ.ਵਣਜਾਰਾ ਵਰਗੇ ਚਹੇਤੇ ਜਲਾਦਾਂ ਨੂੰ ਜੇਲ੍ਹਾਂ ਤੋਂ ਬਾਹਰ ਲਿਆ ਰਹੀ ਹੈ, ਗੁਲਬਰਗ ਸੁਸਾਇਟੀ ਕਤਲੇਆਮ ਕਰਨ ਵਾਲਿਆਂ ਦੀਆਂ ਸਜ਼ਾਵਾਂ ਵੀ ਬੇਅਸਰ ਬਣਾ ਦਿੱਤੀਆਂ ਜਾਣਗੀਆਂ। ਕੀ ਇਸ ਨੂੰ ਨਿਆਂ ਕਿਹਾ ਜਾ ਸਕਦਾ ਹੈ?

# ਯੋਗ ਦਾ ਅਸਲ ਮਕਸਦ


ਭਾਰਤ ਵਿਚ ਯੋਗ ਦਿਵਸ ਮਨਾਇਆ ਗਿਆ। ਤਿਆਰੀਆਂ ਕਿੰਨੇ ਹੀ ਦਿਨਾਂ ਤੋਂ ਚੱਲ ਰਹੀਆਂ ਸਨ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਪ੍ਰਚਾਰ ਉਪਰ ਕਰੋੜਾਂ ਰੁਪਏ ਖ਼ਰਚੇ। ਸਕੂਲਾਂ ਕਾਲਜਾਂ ਵਿਚ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਹਾਜ਼ਰੀ ਵੀ ਯਕੀਨੀ ਬਣਾਈ ਗਈ। ਚੰਡੀਗੜ੍ਹ ਵਿਚ ਤਾਂ ਵੱਡਾ ਪ੍ਰੋਗਰਾਮ ਹੋਇਆ ਹੈ ਜਿਸ ਵਿਚ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਿਰਕਤ

**ਅਭੈ ਸਿੰਘ**
ਫੋਨ: +91-98783-75903

ਕੀਤੀ। ਪ੍ਰਸ਼ਾਸਨ ਸਭ ਕੰਮ ਛੱਡ ਕੇ ਕਈ ਦਿਨਾਂ ਤੋਂ ਇਸ ਦੀ ਤਿਆਰੀ ਵਿਚ ਰਾਤ ਦਿਨ ਲੱਗਿਆ ਹੋਇਆ ਸੀ। ਗੱਲ ਕੀ, ਯੋਗ ਦਿਵਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਸਰਕਾਰ ਨੂੰ ਬੱਚਿਆਂ ਦੀ ਸਿਹਤ ਦਾ ਵੱਡਾ ਫ਼ਿਕਰ ਹੈ! ਹਾਲਾਂਕਿ ਹਾਲਾਤ ਇਹ ਹਨ ਕਿ ਸਕੂਲਾਂ ਵਿਚ ਪੀ.ਟੀ. ਮਾਸਟਰਾਂ ਦੀਆਂ ਸੀਟਾਂ ਜਾਂ ਤਾਂ ਖਾਲੀ ਪਈਆਂ ਹਨ, ਤੇ ਜਾਂ ਇਹ ਅਸਾਮੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਬਹੁਤ ਜਗ੍ਹਾ ਪੀ.ਟੀ. ਮਾਸਟਰਾਂ ਤੋਂ ਫੁਟਕਲ ਦਫ਼ਤਰੀ ਕੰਮ ਕਰਵਾਏ ਜਾਂਦੇ ਹਨ। ਖੇਡਾਂ ਵਾਸਤੇ ਸਕੂਲਾਂ ਵਿਚੋਂ ਖੇਡ ਮੈਦਾਨ ਖ਼ਤਮ ਹੋ ਰਹੇ ਹਨ ਤੇ ਖੇਡਾਂ ਦਾ ਸਮਾਨ ਵੀ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਸਕੂਲੀ ਬੱਚਿਆਂ ਦੇ ਖੇਡ ਮੁਕਾਬਲੇ ਵੀ ਘਟਦੇ ਜਾ ਰਹੇ ਹਨ।

ਕਿਹਾ ਜਾਂਦਾ ਹੈ ਕਿ ਯੋਗ ਸਰੀਰ ਨੂੰ ਚੁਸਤ ਤੇ ਤੰਦਰੁਸਤ ਰੱਖਣ ਦੀ ਬਹੁਤ ਪ੍ਰਾਚੀਨ ਪ੍ਰਣਾਲੀ ਹੈ ਜੋ ਮੁਲਕ ਦੇ ਰਿਸ਼ੀਆਂ ਮੁਨੀਆਂ ਨੇ ਤਿਆਰ ਕੀਤੀ। ਇਸ ਵਿਚ ਵੱਖ ਵੱਖ ਰਿਸ਼ੀਆਂ ਅਤੇ ਯੋਗ ਅਚਾਰੀਆਂ ਦੇ ਨਾਮ ਲਏ ਜਾਂਦੇ ਹਨ, ਪਰ ਇਸ ਦੇ ਸ਼ੁਰੂ ਹੋਣ ਦਾ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦਾ। ਯੋਗ ਨੂੰ ਹਿੰਦੂ ਧਰਮ ਦੀ ਫਿਲਾਸਫ਼ੀ ਦੇ ਛੇ ਸਤੰਭਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇਸ ਦੇ ਸ਼ਾਬਦਿਕ ਅਰਥਾਂ ਵਿਚ ਇੱਕ ਅਰਥ ਤਪੱਸਿਆ ਹੈ ਜਿਸ ਦਾ ਮੂਲ ਰੂਪ ਸਰੀਰ ਨੂੰ ਕਸ਼ਟ ਦੇਣ ਦੀ ਪ੍ਰਕਿਰਿਆ ਹੈ। ਇਸ ਵਿਚ ਸਮਾਧੀ, ਸਾਧਨਾ, ਤਿਆਗ ਤੇ ਸੰਨਿਆਸ ਵੀ ਸ਼ਾਮਿਲ ਹਨ। ਕਿਸੇ ਯੋਗ ਅਭਿਆਸੀ ਵਾਸਤੇ ਸੰਸਾਰਿਕ ਸੁੱਖਾਂ ਤੋਂ ਅਭਿੱਜ ਹੋਣਾ ਪਹਿਲੀ ਸ਼ਰਤ ਹੈ।

ਮੰਨਿਆ ਜਾ ਸਕਦਾ ਹੈ ਕਿ ਯੋਗ ਦੀਆਂ ਕਸਰਤਾਂ ਕਿਸੇ ਹੱਦ ਤਕ ਸਿਹਤ ਲਈ ਫ਼ਾਇਦੇਮੰਦ ਹੋਣਗੀਆਂ। ਸਵੇਰੇ ਸਵੱਖਤੇ ਉਠਣਾ, ਇਕੱਠਿਆਂ ਬੈਠਣ ਤੇ ਸਰੀਰ ਨੂੰ ਹਿਲਾਉਣ ਦੇ ਜ਼ਰੂਰ ਲਾਭ ਹੋਣਗੇ। ਇਸ ਨਾਲ ਇਨਸਾਨ ਅੰਦਰ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਦੀ ਭਾਵਨਾ ਦਾ ਪੈਦਾ ਹੋਣਾ ਵੀ ਲਾਭਕਾਰੀ ਹੁੰਦਾ ਹੈ, ਪਰ ਕਈ ਕਾਰਨਾਂ ਕਰ ਕੇ ਇਸ ਨੂੰ ਕਸਰਤ ਕਰਨ ਦੇ ਅਧੁਨਿਕ ਤੇ ਵਿਗਿਆਨਕ ਤਰੀਕਿਆਂ ਨਾਲੋਂ ਬਿਹਤਰ ਨਹੀਂ ਮੰਨਿਆ ਜਾ ਸਕਦਾ। ਯੋਗ ਨੂੰ ਹਜ਼ਾਰਾਂ ਸਾਲ ਪੁਰਾਣੀ ਪ੍ਰਣਾਲੀ ਕਿਹਾ ਜਾਂਦਾ ਹੈ। ਵਿਗਿਆਨਕ ਪੱਖ ਤੋਂ ਇਸ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਇਹ ਠੀਕ ਹੈ ਕਿ ਜੋੜਾਂ ਦੇ ਦਰਦਾਂ ਦੀਆਂ ਬਿਮਾਰੀਆਂ ਵਿਚ ਕਸਰਤ ਦਾ ਵੱਡਾ ਮਹੱਤਵ ਹੈ, ਪਰ ਇਹ ਕਸਰਤਾਂ ਕਿਸੇ ਡਿਗਰੀ ਪ੍ਰਾਪਤ ਡਾਕਟਰ ਦੀਆਂ ਹਦਾਇਤਾਂ ਅਨੁਸਾਰ ਹੀ ਕਰਨੀਆਂ ਚਾਹੀਦੀਆਂ ਹਨ। ਜਿਵੇਂ ਬਿਨਾਂ ਡਾਕਟਰ ਦੀ ਸਲਾਹ ਤੋਂ ਖਾਣ ਵਾਲੀਆਂ ਗੋਲੀਆਂ ਵੀ ਨੁਕਸਾਨ ਕਰ ਸਕਦੀਆਂ ਹਨ, ਇਸੇ ਤਰ੍ਹਾਂ ਗ਼ਲਤ ਕਸਰਤਾਂ ਵੀ ਫਾਇਦੇ ਦੀ ਬਜਾਇ ਨੁਕਸਾਨ ਕਰ ਸਕਦੀਆਂ ਹਨ। ਅੱਜ ਸਾਡੇ ਹਸਪਤਾਲਾਂ ਵਿਚ ਵੱਖ ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੇ ਵੱਖਰੇ ਡਾਕਟਰ ਹਨ। ਜੋੜਾਂ ਦੇ ਦਰਦਾਂ ਦੇ ਡਾਕਟਰ ਨੂੰ ਆਰਥੋ ਕਿਹਾ ਜਾਂਦਾ ਹੈ ਅਤੇ ਕਸਰਤਾਂ ਵਾਲੇ ਡਾਕਟਰ ਨੂੰ ਫਿਜ਼ਿਓਥੈਰੇਪਿਸਟ।



ਦੂਜੇ ਪਾਸੇ ਕੋਈ ਅਨਪੜ੍ਹ ਜਾਂ ਘੱਟ ਪੜ੍ਹਿਆ ਬੰਦਾ ਜੋ ਕਿਧਰੇ ਮਹੀਨਾ ਜਾਂ ਸਾਲ ਲਾ ਕੇ ਆਪਣੇ ਆਪ ਨੂੰ ਯੋਗ ਅਚਾਰੀਆ ਐਲਾਨ ਕਰ ਦਿੰਦਾ ਹੈ, ਉਹ ਕਸਰਤਾਂ ਦੇ ਮਾਮਲੇ ਵਿਚ ਨੀਮ ਹਕੀਮ ਹੀ ਹੋ ਸਕਦਾ ਹੈ, ਕਿਉਂਕਿ ਉਸ ਨੂੰ ਸਰੀਰ ਦੀ ਬਣਤਰ ਦਾ ਕੋਈ ਗਿਆਨ ਨਹੀਂ ਹੁੰਦਾ ਅਤੇ ਨਾ ਹੀ ਕਸਰਤਾਂ ਦੇ ਵਿਗਿਆਨਕ ਤਰੀਕੇ ਦਾ। ਹੋਰ ਤਾਂ ਹੋਰ, ਯੋਗ ਦੇ ਆਸਣਾਂ ਵਿਚ ਜਿਸ ਤਰ੍ਹਾਂ ਸਰੀਰ ਨੂੰ ਤਰੋੜਿਆ ਮਰੋੜਿਆ ਜਾਂਦਾ ਹੈ, ਇਹ ਸਿਹਤਮੰਦ ਰੁਝਾਨ ਨਹੀਂ। ਮਸ਼ਹੂਰ ਕਿਰਿਆ 'ਕਪਾਲ ਭਾਰਤੀ' ਵੀ ਆਂਦਰਾਂ ਦੀ ਇਨਫੈਕਸ਼ਨ ਜਾਂ ਸੋਜ਼ਿਸ਼ ਵਿਚ ਨੁਕਸਾਨ ਕਰ ਸਕਦੀ ਹੈ। ਸਾਰੀਆਂ ਆਂਦਰਾਂ ਅੰਦਰ ਖਿੱਚ ਕੇ ਰੀੜ੍ਹ ਦੀ ਹੱਡੀ ਨਾਲ ਲਾਉਣਾ ਤੇ ਅੰਦਰ ਖੋਲ੍ਹ ਤਿਆਰ ਕਰ ਲੈਣਾ, ਸਰੀਰ ਨੂੰ ਬੇਲੋੜਾ ਦੁੱਖ ਦੇਣ ਦੀ ਕਿਰਿਆ ਹੈ। ਯੋਗ ਦੀਆਂ ਬਹੁਤੀਆਂ ਕਿਰਿਆਵਾਂ ਚੌਂਕੜੀ ਮਾਰ ਕੇ ਬੈਠਣ ਤੋਂ ਸ਼ੁਰੂ ਹੁੰਦੀਆਂ ਹਨ ਜਿਸ ਨੂੰ ਹੁਣ ਡਾਕਟਰ ਵੈਸੇ ਹੀ ਚੰਗੀ ਆਦਤ ਨਹੀਂ ਸਮਝਦੇ।

ਸਭ ਤੋਂ ਅਹਿਮ ਗੱਲ ਕਿ ਯੋਗ ਵਿਚ ਸਰੀਰ ਗਰਮ ਕਰਨ ਜਾਂ 'ਵਾਰਮ-ਅੱਪ ਹੋਣ' ਦੀ ਕੋਈ ਧਾਰਨਾ ਨਹੀਂ। ਬਹੁਤੇ ਆਸਣ ਠੰਢੇ ਸਰੀਰ ਨੂੰ ਹੀ ਮਰੋੜਨਾ ਸ਼ੁਰੂ ਕਰ ਦਿੰਦੇ ਹਨ। ਦੂਜੇ ਪਾਸੇ ਜਿੰਮ ਜਾਂ ਹੋਰ ਕਸਰਤਾਂ ਵਿਚ ਪਹਿਲਾਂ ਤੇਜ਼ ਚੱਲ ਕੇ ਜਾਂ ਸਾਈਕਲ ਚਲਾ ਕੇ ਸਰੀਰ ਨੂੰ ਗਰਮ ਕਰਨ ਦੀ ਲੋੜ ਉਪਰ ਜ਼ੋਰ ਦਿੱਤਾ ਜਾਂਦਾ ਹੈ।

ਮੋਟੇ ਤੌਰ 'ਤੇ ਯੋਗ ਬਹੁਤ ਸੁਸਤ ਤੇ ਮੱਧਮ ਰਫ਼ਤਰ ਨਾਲ ਚੱਲਣ ਵਾਲੀ ਗੁੰਝਲਦਾਰ ਕਿਰਿਆ ਹੈ। ਇਸੇ ਵਾਸਤੇ ਬਹੁਤ ਲੋਕਾਂ ਦਾ ਮੰਨਣਾ ਹੈ ਕਿ ਇੱਕ ਘੰਟਾ ਯੋਗ ਦੇ ਆਸਣਾਂ ਵਿਚ ਬੈਠਣ ਨਾਲੋਂ 20 ਮਿੰਟ ਦੀ ਤੇਜ਼ ਦੌੜ ਜਾਂ ਤੇਜ਼ ਕਦਮੀਂ ਸੈਰ ਦਾ ਜ਼ਿਆਦਾ ਲਾਭ ਹੈ। ਜੋ ਲੋਕ ਉਮਰ ਜਾਂ ਬਿਮਾਰੀ ਕਾਰਨ ਚੱਲ ਜਾਂ ਦੌੜ ਨਹੀਂ ਸਕਦੇ, ਉਨ੍ਹਾਂ ਵਾਸਤੇ ਵੀ ਸੰਭਵ ਪੀ.ਟੀ. ਕਸਰਤਾਂ ਤੇ ਫਿਜ਼ਿਓਥੈਰੇਪਿਸਟ ਦੀਆਂ ਦੱਸੀਆਂ ਹੋਈਆਂ ਕਸਰਤਾਂ ਹੀ ਲਾਹੇਵੰਦ ਹੋ ਸਕਦੀਆਂ ਹਨ।

ਜਿਸ ਸ਼ਿੱਦਤ ਤੇ ਢੰਗ ਨਾਲ ਸਰਕਾਰ ਵੱਲੋਂ ਯੋਗ ਪ੍ਰਚਾਰ ਕੀਤਾ ਜਾ ਰਿਹਾ ਹੈ, ਜਾਪਦਾ ਹੈ ਕਿ ਵਿਗਿਆਨ ਦੇ ਮੁਕਾਬਲੇ ਅੰਧਵਿਸ਼ਵਾਸੀ ਧਾਰਨਾਵਾਂ ਦਾ ਗੁਣਗਾਣ ਕੀਤਾ ਜਾ ਰਿਹਾ ਹੈ। ਯੋਗ ਦੀ ਪਹਿਲੀ ਕਾਰਵਾਈ ਚੌਂਕੜੀ ਮਾਰ ਕੇ ਭਗਤੀ ਦੀ ਮੁਦਰਾ ਵਿਚ ਦੋਵੇਂ ਹੱਥ ਗੋਡਿਆਂ 'ਤੇ ਰੱਖ ਕੇ 'ਓਮ' ਦੇ ਉਚਾਰਨ ਨਾਲ ਸ਼ੁਰੂ ਕੀਤੀ ਜਾਂਦੀ ਹੈ। ਯੋਗ ਦੇ ਇਸ਼ਤਿਹਾਰਾਂ ਵਿਚ ਪ੍ਰਧਾਨ ਮੰਤਰੀ ਨੂੰ ਹਮੇਸ਼ਾ ਇਸੇ ਮੁਦਰਾ ਵਿਚ ਦਿਖਾਇਆ ਜਾਂਦਾ ਹੈ। ਯੋਗ ਦਾ ਧਿਆਨ ਤੇ ਭਗਤੀ ਨਾਲ ਅਟੁੱਟ ਰਿਸ਼ਤਾ ਹੈ। ਇਸ ਦੇ ਕੁਝ ਕੇਂਦਰਾਂ ਦਾ ਨਾਮ ਵੀ 'ਯੋਗ ਐਂਡ ਮੈਡੀਟੇਸ਼ਨ' ਰੱਖਿਆ ਗਿਆ ਹੈ। ਇਸ ਤਰ੍ਹਾਂ ਯੋਗ ਦਾ ਜ਼ੋਰ-ਸ਼ੋਰ ਨਾਲ ਹੋ ਰਿਹਾ ਪ੍ਰਚਾਰ ਲੋਕਾਂ ਦੀ ਸਿਹਤ ਪ੍ਰਤੀ ਸਰਕਾਰ ਦੀ ਫ਼ਿਕਰਮੰਦੀ ਨਹੀਂ, ਬਲਕਿ ਖਾਸ ਵਿਚਾਰਧਾਰਾ ਨੂੰ ਲਾਗੂ ਕਰਨ ਦਾ ਜ਼ਰੀਆ ਮਾਤਰ ਜਾਪਦਾ ਹੈ।

# ਇੰਡਿਵਿਜੂਅਲ

ਪਿਛਲੇ ਦਿਨੀਂ ਇਕ ਜਥੇਬੰਦਕ ਗੋਸ਼ਟੀ ਵਿਚ ਇੱਕ ਕਲਾਕਾਰ ਯੁਵਤੀ ਨੇ ਇਕ ਦਰਦ ਭਿੰਨਾ ਸਵਾਲ ਉਠਾਇਆ ਕਿ ਸਾਡੇ ਪਰਿਵਾਰਾਂ ਤੇ ਜਥੇਬੰਦੀਆਂ ਵਿਚ ਵਿਅਕਤੀਗਤ ਨਿਜਤਾ ਨੂੰ ਅਹਿਮੀਅਤ ਨਹੀਂ ਦਿਤੀ ਜਾਂਦੀ। ਉਸ ਪੜ੍ਹੀ ਲਿਖੀ ਲੜਕੀ ਨੇ 'ਇੰਡਿਵਿਜੁਅਲ' ਸ਼ਬਦ ਪ੍ਰਯੋਗ ਕੀਤਾ। ਅਜੋਕੀ ਨੌਜਵਾਨ ਪੀੜ੍ਹੀ ਦੀ ਇਹ ਸਾਂਝੀ ਵੇਦਨਾ ਹੈ। ਉਸ ਦੇ ਸਵਾਲ+ਸ਼ਿਕਾਇਤ ਵੱਲ ਤਵੱਜੋ ਦੇਣ ਦੀ ਸਮੇਂ ਦੀ ਘਾਟ ਨੇ ਇਜਾਜ਼ਤ ਨਾ ਦਿਤੀ। ਮੈਂ ਇਸ ਲੇਖ ਰਾਹੀਂ ਉਸ ਨੂੰ ਅਤੇ ਇਸ ਤਰ੍ਹਾਂ ਦੀ ਵੇਦਨਾ ਰੱਖਣ ਵਾਲੇ ਹੋਰ ਬਹੁਤ ਸਾਰੇ ਯੁਵਕ-ਯੁਵਤੀਆਂ ਨੂੰ ਮੁਖ਼ਾਤਬ ਹਾਂ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384
E-mail: avtar61@gmail.com

ਇੰਡਿਵਿਜੁਅਲ ਦੋ ਸ਼ਬਦਾਂ ਦਾ ਸੁਮੇਲ ਹੈ। ਇੰਨ ਦਾ ਅਰਥ ਹੈ ਨਹੀਂ ਤੇ ਡਿਵਿਜੁਅਲ ਦਾ ਹੈ ਵੰਡਿਆ ਹੋਇਆ। ਇੰਡਿਵਿਜੁਅਲ ਉਹ ਸ਼ਖ਼ਸ ਹੈ, ਜਿਸ ਦਾ ਮਨ ਡਿਵਾਇਡਡ ਅਰਥਾਤ ਵੰਡਿਆ ਨਹੀਂ। ਇਹ ਮਨ ਦਾ ਵੰਡਣਾ ਜਾਂ ਵੰਡ ਹੋਣਾ ਕੀ ਹੈ? ਮਨ ਨੂੰ ਅਸੀਂ ਪੰਜਾਬੀ ਵਿਚ ਦਿਲ ਵੀ ਕਹਿ ਲਈਦਾ ਹੈ। ਦਿਲ ਲੈਣਾ ਜਾਂ ਦਿਲ ਦੇਣਾ ਮਨ ਦਾ ਵੰਡਣਾ ਹੈ। ਜਿਸ ਨੇ ਨਾ ਕਿਸੇ ਨੂੰ ਦਿਲ ਦਿਤਾ ਤੇ ਨਾ ਕਿਸੇ ਦਾ ਲਿਆ, ਉਹ ਇੰਡਿਵਿਜੁਅਲ ਹੈ।

ਪੰਜਾਬੀ ਵਿਚ ਇੰਡਿਵਿਜੁਅਲ ਲਈ ਨਿਜੀ ਸ਼ਬਦ ਇਸਤੇਮਾਲ ਹੁੰਦਾ ਹੈ। ਨਿਜੀ ਨਿਜ ਤੋਂ ਬਣਿਆ। ਨਿਜ ਸ਼ਬਦ 'ਨਿ' ਤੇ 'ਜ' ਦਾ ਜੋੜ ਹੈ। 'ਨਿ' ਦਾ ਅਰਥ ਹੈ 'ਨਹੀਂ' ਤੇ 'ਜ' ਦਾ ਹੈ ਜਨਮ। ਉਹ, ਜਿਸ ਦਾ ਜਨਮ ਨਹੀਂ ਹੋਇਆ। ਪਰ, ਸੋਚਣ ਵਾਲੀ ਗੱਲ ਹੈ ਕਿ ਜਨਮ ਤੋਂ ਬਿਨਾਂ ਵੀ ਕੁਝ ਹੁੰਦਾ ਹੈ? ਜੇ ਨਹੀਂ ਤਾਂ ਨਿਜ ਕਿਸ ਸ਼ੈਅ ਦਾ ਨਾਮ ਹੈ?

ਨਿਜ ਦਾ ਅਰਥ 'ਜਿਸ ਦਾ ਜਨਮ ਨਹੀਂ ਹੋਇਆ' ਨਹੀਂ, ਬਲਕਿ 'ਜਿਸ ਦੇ ਜਨਮ ਨਹੀਂ ਹੋਇਆ' ਹਨ। ਜਿਸ 'ਦਾ' ਅਤੇ ਜਿਸ 'ਦੇ' ਵਿਚ ਅੰਤਰ ਹੈ। ਜਿਸ ਦਾ ਜਨਮ ਹੋ ਚੁੱਕਾ ਹੈ, ਪਰ, ਜਿਸ ਦੇ ਅੱਗੋਂ ਕੋਈ ਜਨਮ ਨਹੀਂ ਹੋਇਆ, ਉਹ ਨਿਜ ਹੈ। ਇਥੇ ਜਨਮ ਦਾ ਅਰਥ ਬੱਚਾ ਜਨਮਣ ਦਾ ਨਹੀਂ, ਬਲਕਿ ਇਨਸਾਨੀ ਮਨ ਦੇ ਇਕ ਤੋਂ ਦੋ ਹੋਣ ਦਾ ਭਾਵ ਹੈ। ਜਿਸ ਦੇ ਮਨ ਵਿਚ ਕੋਈ ਵਸ ਗਿਆ ਜਾਂ ਜਿਹੜਾ ਕਿਸੇ ਦੇ ਮਨ ਵਿਚ ਵਸ ਗਿਆ, ਉਹ ਨਿਜ ਨਹੀਂ, ਅਨਿਜ ਹੋ ਗਿਆ।

ਅਸੀਂ ਅਕਸਰ ਆਪਣੇ ਪੁਰਾਣੇ ਸਮੇਂ ਨੂੰ ਯਾਦ ਕਰਦੇ ਹੋਏ ਆਖ ਦਿੰਦੇ ਹਾਂ ਕਿ ਜਦੋਂ ਮੈਂ ਸੁਰਤ ਸੰਭਾਲੀ। ਇਹ ਉਮਰ ਛੇ ਸੱਤ ਸਾਲ ਦੀ ਹੁੰਦੀ ਹੈ। ਪੁਰਾਣੇ ਸਮਿਆਂ ਵਿਚ ਇਸ ਉਮਰ ਵਿਚ ਬੱਚੇ ਦੀ ਇੱਕ ਰਸਮ ਕੀਤੀ ਜਾਂਦੀ ਸੀ, ਜਿਸ ਨੂੰ ਉਪਨਯਨ ਕਿਹਾ ਜਾਂਦਾ ਸੀ, ਜਿਸ ਦਾ ਅਰਥ ਹੈ, ਲੈ ਜਾਣਾ। ਕਿਧਰ? ਗਿਆਨ ਵੱਲ। ਜਦ ਬੱਚਾ ਸੁਰਤ ਸੰਭਾਲਦਾ ਹੈ ਤਾਂ ਉਸ ਨੂੰ ਸਕੂਲ ਵਿਚ ਦਾਖਲ ਕਰਵਾ ਦਿਤਾ ਜਾਂਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦ ਬੱਚੇ ਦਾ ਮਨ ਨਿਜ ਤੋਂ ਪਰ ਵੱਲ ਪ੍ਰਲੰਘ ਪੁੱਟਦਾ ਹੈ। ਉਹ ਕਿਸੇ ਦਾ ਹੁੰਦਾ ਹੈ ਤੇ ਕੋਈ ਉਸ ਦਾ ਹੁੰਦਾ ਹੈ। ਇਸ ਅਵਸਥਾ ਜਾਂ ਮੋੜ 'ਤੇ ਬੱਚੇ ਨੂੰ ਗਿਆਨ ਦੀ ਸ਼ਰਣ ਵਿਚ ਲੈ ਜਾਣ ਦਾ ਨਾਂ ਹੀ ਉਪਨਯਨ ਹੈ।

ਜਿਸ ਬੱਚੇ ਦੀ ਉਪਨਯਨ ਰਸਮ ਹੋ ਜਾਂਦੀ, ਉਸ ਨੂੰ ਦਵਿਜ ਕਿਹਾ ਜਾਂਦਾ ਸੀ, ਜਿਸ ਦਾ ਅਰਥ ਹੈ, ਦਵੈ+ਜ, ਉਹ ਜਿਸ ਦਾ ਦੂਸਰਾ ਜਨਮ ਹੋ ਗਿਆ। ਸਾਡਾ ਪਹਿਲਾ ਜਨਮ ਮਾਂ-ਬਾਪ ਤੋਂ ਹੁੰਦਾ ਹੈ। ਇਹ ਸਾਡੇ ਨਿਜ ਦਾ ਜਨਮ ਹੁੰਦਾ ਹੈ। ਦੂਸਰਾ ਜਨਮ ਗਿਆਨ ਦੇ ਗ੍ਰਹਿ, ਗੁਰੂ ਜਾਂ ਅਧਿਆਪਕ ਦੀ ਸ਼ਰਣ ਵਿਚ ਹੁੰਦਾ ਹੈ। ਇਸ ਉਪਰੰਤ ਬੱਚਾ ਇੱਕ ਜੀਵ ਤੋਂ ਮਨੁੱਖ ਦੇ ਸਫ਼ਰ 'ਤੇ ਤੁਰਦਾ ਹੈ। ਇਸ ਤੋਂ ਪਹਿਲਾਂ ਬੱਚੇ ਨੇ ਉਹ ਕੁਝ ਕਰਨਾ ਹੁੰਦਾ ਹੈ ਜੋ ਉਸ ਨੂੰ ਚੰਗਾ ਲਗਦਾ ਅਤੇ ਜੋ ਉਹ ਚਾਹੁੰਦਾ ਹੈ। ਇਸ ਰਸਮ ਉਪਰੰਤ ਉਸ ਨੇ ਉਹ ਕੁਝ ਕਰਨਾ ਹੁੰਦਾ ਹੈ, ਜਿਸ ਦੀ ਉਸ ਤੋਂ ਤਵੱਕੋ ਕੀਤੀ ਜਾਂਦੀ ਹੈ। ਇਥੇ ਉਸ ਦਾ ਸਫ਼ਰ ਨਿਜ ਦੀ ਥਾਂ ਪਰ ਵੱਲ ਜਾਰੀ ਹੋ ਜਾਂਦਾ ਹੈ।

ਦਾਈ ਬੱਚੇ ਨੂੰ ਗਰਭ ਵਿਚੋਂ ਸੰਸਾਰ ਵਿਚ ਲੈ ਆਉਂਦੀ ਹੈ। ਗੁਰੂ ਉਸ ਨੂੰ ਸੰਸਾਰ ਵਿਚੋਂ ਸੰਸਕਾਰ ਵਿਚ ਲੈ ਜਾਂਦਾ ਹੈ। ਸੰਸਕਾਰ ਸ਼ਬਦ ਸੰਸਕ੍ਰਿਤ ਤੋਂ ਹੈ। ਸੰਸਕ੍ਰਿਤ ਸ਼ਬਦ ਦੇ ਦੋ ਭਾਗ ਹਨ ਸਮ+ਕ੍ਰਿਤ, ਅਰਥਾਤ ਸਮ ਕੀਤਾ ਹੋਇਆ। ਇਸ ਨੂੰ ਅੰਗਰੇਜ਼ੀ ਵਿਚ ਕੰਪੋਜ਼ਡ ਕਹਿ ਸਕਦੇ ਹਾਂ। ਜਦ ਅਸੀਂ ਕਿਸੇ ਸ਼ੈ ਨੂੰ ਕੰਪੋਜ਼ ਕਰਦੇ ਹਾਂ ਤਾਂ ਅਸਲ ਵਿਚ ਅਸੀਂ ਉਸ ਨੂੰ ਦੂਸਰੀਆਂ ਚੀਜ਼ਾਂ ਦੇ ਅਨੁਕੂਲ ਬਣਾਉਂਦੇ ਹਾਂ। ਸੰਸਕ੍ਰਿਤ ਸ਼ਬਦ ਵਿਚ ਸਹਿ ਭਾਵ ਹੈ, ਕਿਸੇ ਦੇ ਨਾਲ ਹੋਣ ਅਤੇ ਰਹਿਣ ਦਾ। ਕਿਸੇ ਦੇ ਨਾਲ ਰਹਿਣ ਲਈ ਆਪਣੇ ਅਹੰਕਾਰ ਨੂੰ, ਆਪਣੀ ਪਸੰਦ ਤੇ ਨਾਪਸੰਦ ਨੂੰ ਪਾਸੇ ਕਰਨਾ ਪੈਂਦਾ ਹੈ। ਸੰਸਕ੍ਰਿਤ ਸਮਭਾਵ ਅਰਥਾਤ ਬਰਾਬਰੀ ਦਾ ਭਾਵ ਹੈ। ਚੇਤੇ ਰਹੇ, ਇਹ ਬਰਾਬਰੀ ਜਾਂ ਸਮਭਾਵ ਸ਼ਕਲ ਦਾ ਨਹੀਂ, ਅਕਲ ਦਾ ਹੈ, ਇੱਕਸਾਰਤਾ ਦਾ ਨਹੀਂ, ਇੱਕਸੁਰਤਾ ਦਾ ਹੈ। ਅੰਗਰੇਜ਼ੀ 'ਚ ਕਹਿਣਾ ਹੋਵੇ ਤਾਂ ਇਹ ਯੂਨੀਫੌਰਮਿਟੀ ਨਹੀਂ, ਯੂਨਿਟੀ ਹੈ।

ਇੱਕਸਾਰਤਾ ਸੰਭਵ ਨਹੀਂ। ਜੇ ਕੋਈ ਕੋਸ਼ਿਸ਼ ਵੀ ਕਰੇ ਤਾਂ ਇਹ ਕੁਦਰਤ ਦੀ ਵਿਭਿੰਨਤਾ ਦੇ ਵਿਰੁਧ ਹੈ। ਪ੍ਰਕਿਰਤੀ ਦੀ ਇਸ ਵੰਨ-ਸੁਵੰਨਤਾ ਦੇ ਅੰਤ੍ਰੀਵ ਇਕਸੁਰਤਾ ਵੀ ਹੈ। ਇਕਸੁਰਤਾ ਇਸ ਭਾਂਤ-ਸੁਭਾਂਤੀ ਪ੍ਰਕਿਰਤੀ ਵਿਚਲਾ ਸਮਭਾਵ ਹੈ। ਇਹੀ ਅਸਲ ਵਿਚ ਪ੍ਰਕਿਰਤਕ ਸਮਾਜਿਕਤਾ ਹੈ। ਇਸ ਸਮਾਜਿਕਤਾ ਬਗੈਰ ਜੀਣਾ ਦੁਸ਼ਵਾਰ ਹੈ। ਕਹਿੰਦੇ ਹਨ, 'ਕੱਲਾ ਰੁਖ ਨਾ ਬਣਾਂ ਵਿਚ ਹੋਵੇ'।

ਬੱਚਾ ਜਦੋਂ ਨਿਜਤਾ ਤੋਂ ਨਿਜਾਤ ਪਾਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਦੋਸਤ ਦੀ ਤਲਾਸ਼ ਕਰਦਾ ਹੈ। ਦੋਸਤੀ ਦਾ ਸੂਤਰ ਹਾਣ ਭਾਵ ਹੈ। ਪੰਜਾਬੀ ਵਿਚ 'ਹਾਣ-ਪਰਮਾਣ' ਅਤੇ 'ਹਾਣ ਨੂੰ ਹਾਣ ਪਿਆਰਾ' ਮੁਹਾਵਰੇ ਪ੍ਰਚਲਿਤ ਹਨ। ਹਾਣ ਸ਼ਬਦ ਸੰਸਕ੍ਰਿਤ ਦੇ ਹਾਇਨ ਦਾ ਵਿਗੜਿਆ ਰੂਪ ਹੈ। ਹਾਇਨ ਕਹਿੰਦੇ ਹਨ, ਸਾਲ ਨੂੰ। ਜਦ ਅਸੀਂ ਕਹਿੰਦੇ ਹਾਂ ਕਿ ਫਲਾਣਾ ਫਲਾਣੇ ਦਾ ਹਾਣੀ ਹੈ, ਉਦੋਂ ਸਾਡਾ ਭਾਵ ਉਨ੍ਹਾਂ ਵਿਚਲੀ ਦੋਸਤੀ ਤੋਂ ਨਹੀਂ ਹੁੰਦਾ। ਸਿਰਫ ਉਨ੍ਹਾਂ ਦੇ ਇਕੋ ਵਰ੍ਹੇ ਵਿਚ ਪੈਦਾ ਹੋਣ ਅਰਥਾਤ ਹਮ ਉਮਰ ਹੋਣ ਦਾ ਭਾਵ ਹੁੰਦਾ ਹੈ। ਕਿਉਂਕਿ ਮਿੱਤਰਤਾ ਦਾ ਪ੍ਰਕਿਰਤਕ ਅਸੂਲ ਹਮ ਉਮਰ ਨਾਲ ਹੈ, ਇਸ ਲਈ ਅਸੀਂ ਹਮ ਉਮਰ ਅਰਥਾਤ ਹਾਣੀ ਨੂੰ ਮਿੱਤਰ ਜਾਂ ਦੋਸਤ ਦਾ ਸਮ ਭਾਵੀ ਮੰਨ ਲਿਆ ਹੈ।

ਸ਼ਾਇਦ ਇਸੇ ਕਾਰਣ ਇਕੋ ਮਾਂ-ਬਾਪ ਦੇ ਬੱਚੇ ਕਦੀ ਦੋਸਤ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਦਾ ਪੈਦਾਇਸ਼ੀ ਸਾਲ ਇਕ ਨਹੀਂ ਹੋ ਸਕਦਾ ਤੇ ਉਹ ਹਾਣੀ ਨਹੀਂ ਹੁੰਦੇ। ਸਕੇ ਭੈਣ-ਭਰਾਵਾਂ ਦੀ ਉਮਰ ਦਾ ਅੰਤ੍ਰਾਲ ਉਨ੍ਹਾਂ ਵਿਚਲੇ ਹਾਣ-ਮੰਗਲ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਅਕਸਰ ਈਰਖਾ ਵਿਚ ਰਹਿੰਦੇ ਹਨ। ਮਿੱਤਰਤਾ ਸਿਰਫ਼ ਹਮ ਉਮਰ ਅਰਥਾਤ ਹਾਣੀ ਨਾਲ ਹੀ ਸੰਭਵ ਹੁੰਦੀ ਹੈ।

ਸੁਦਾਮਾ ਤੇ ਸ੍ਰੀ ਕ੍ਰਿਸ਼ਨ ਜੀ ਬਾਲ-ਸਖੇ ਭਾਵ ਬਾਲ ਮਿੱਤਰ ਸਨ। ਪ੍ਰੰਜ ਕੇ ਗ਼ਰੀਬ ਸੁਦਾਮੇ ਅਤੇ ਸੋਲਾਂ ਕਲਾਂ ਸੰਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੇ ਮਿਲਾਪ ਦੀ ਕਥਾ ਭਾਰਤੀ ਸਾਹਿਤ ਦਾ ਕਮਾਲ ਹੈ, ਜਿਸ ਦਾ ਅਸਰ ਅਸੀਂ ਭਾਈ ਗੁਰਦਾਸ ਜੀ ਦੇ ਸ਼ਬਦ 'ਛਡਿ ਸਿੰਘਾਸਣੁ ਹਰਿ ਜੀ ਆਏ' ਦੇ ਗਾਇਨ ਵਿਚ ਮਹਿਸੂਸ ਕਰਦੇ ਹਾਂ। ਬਾਲ ਮਿੱਤਰਤਾ ਉਮਰ ਭਰ ਖਿਚ ਪਾਉਂਦੀ ਰਹਿੰਦੀ ਹੈ। ਜਿਨ੍ਹਾਂ ਨੇ ਸ਼ਰਤ ਚੰਦਰ ਦਾ ਨਾਵਲ 'ਦੇਵ ਦਾਸ' ਪੜ੍ਹਿਆ ਹੋਵੇ ਜਾਂ ਉਸ 'ਤੇ ਬਣੀ ਫਿਲਮ ਦੇਖੀ ਹੋਵੇ ਉਹ ਜਾਣ ਸਕਦੇ ਹਨ ਕਿ ਬਾਲ ਮਿੱਤਰਤਾ ਕੀ ਹੁੰਦੀ ਹੈ?

ਅਸਲ ਵਿਚ ਦਵਿਜ ਅਰਥਾਤ ਦੂਸਰੇ ਜਨਮ ਦੀ ਪਹਿਲੀ ਚੇਤਨਾ ਮਿੱਤਰਤਾ ਹੈ। ਜਿਸ ਵਿਚ ਇਹ ਮਿੱਤਰਤਾ ਨਹੀਂ ਉਪਜੀ, ਉਹੀ ਨਿਜ ਜਾਂ ਇੰਡਿਵਿਜੁਅਲ ਹੈ। ਉਸ ਦਾ ਆਪਾ ਸੁੰਗੜਿਆ ਹੋਇਆ ਹੈ, ਫੈਲਿਆ ਨਹੀਂ। ਫੈਲਣਾ ਹੀ ਜ਼ਿੰਦਗੀ ਹੈ। ਜੋ ਫੈਲਦਾ ਨਹੀਂ, ਉਹ ਤੰਦਰੁਸਤ ਨਹੀਂ। ਫੈਲਣਾ ਤੇ ਗਰੋਂ ਕਰਨਾ ਇਕੋ ਗੱਲ ਹੈ। ਇੰਡਿਵਿਜੁਅਲ ਜਾਂ ਨਿਜ, ਖੜੋਤ ਹੈ, ਸੋਸ਼ਲ ਹੋਣਾ ਵਧਣਾ ਤੇ ਫੈਲਣਾ ਹੈ।

# ਅਰਦਾਸੀਏ ਭਾਈ ਬਲਵੀਰ ਸਿੰਘ ਦੇ ਰੋਹ ਦੇ ਅਰਥ

**ਭਖਦਾ ਮਸਲਾ**

ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ ਸਿੱਖ ਕੌਮ ਦੇ 'ਬੇਤਾਜ ਬਾਦਸ਼ਾਹ' ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਰਦਾਸੀਏ ਭਾਈ ਬਲਵੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਹੁਕਮਾਂ ਦੇ ਬਾਵਜੂਦ ਸਿਰੋਪਾਓ ਨਾ ਦੇ ਕੇ ਸਿੱਖ ਜਗਤ ਵਿਚ ਤਹਿਲਕਾ ਮਚਾ ਦਿੱਤਾ। ਦੇਖਿਆ ਜਾਵੇ ਤਾਂ ਅੱਜ ਜੋ ਪੰਜਾਬ ਤੇ ਸਿੱਖ ਧਰਮ ਅੰਦਰ ਹਾਹਾਕਾਰ ਮੱਚੀ ਪਈ ਹੈ, ਇਸ ਦੀ ਸਿੱਧੀ ਜ਼ਿੰਮੇਵਾਰੀ ਮੁੱਖ ਮੰਤਰੀ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਦੇ ਸਿਰ ਪੈਂਦੀ ਹੈ।




ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਕੁਝ ਮਹੀਨੇ ਪਹਿਲਾਂ ਜਦੋਂ ਡੇਰਾ ਸਿਰਸਾ ਮੁਖੀ ਨੂੰ ਜਥੇਦਾਰਾਂ ਤੋਂ ਮਾਫੀ ਦਿਵਾ ਕੇ ਵੋਟ ਬੈਂਕ ਆਪਣੇ ਨਾਂ ਕਰਨ ਦੀ ਚਾਲ ਖੇਡੀ ਗਈ ਤਾਂ ਸਿੱਖਾਂ 'ਚ ਭਾਂਬੜ ਬਲ ਉਠੇ। ਰੋਸ ਵਜੋਂ ਸਿੱਖ ਸੰਗਤ ਸੜਕਾਂ 'ਤੇ ਨਿਕਲ ਆਈ। ਸੜਕਾਂ 'ਤੇ ਇਹ ਹੜ੍ਹ ਵੇਖ ਕੇ ਇਹ ਲੋਕ ਅੰਦਰੋਂ ਕੰਬ ਉਠੇ ਅਤੇ ਇਕ ਹੋਰ ਭਿਆਨਕ ਕਾਰਾ ਸ਼ੁਰੂ ਹੋ ਗਿਆ। ਅਸਲ 'ਚ ਇਹ ਸੋਚੀ ਰਾਜਨੀਤੀ ਦੀ ਘਟੀਆ ਰਣਨੀਤੀ ਸੀ ਕਿ ਸਿੱਖਾਂ ਨੂੰ ਅਸਲੀ ਮੁੱਦੇ ਤੋਂ ਕਿਵੇਂ ਭਟਕਾਇਆ ਜਾਵੇ। ਇਸ ਲਈ ਪੰਜਾਬ ਦੀ ਸਿਆਸਤ ਤੇ ਧਰਮ ਦੇ ਮਾਲਕ ਬਣੇ ਬੈਠੇ ਇਨ੍ਹਾਂ ਲੋਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਪਾੜ ਕੇ ਸੁੱਟਣੇ ਸ਼ੁਰੂ ਕਰ ਦਿਤੇ। ਜਿਉਂ ਹੀ ਇਹ ਮਾੜੀ ਖਬਰ ਆਈ, ਸਾਰਾ ਸਿੱਖ ਜਗਤ ਜਥੇਦਾਰਾਂ ਵੱਲੋਂ ਮੂੰਹ ਮੋੜ ਕੇ ਸ਼ਬਦ ਗੁਰੂ ਦੇ ਸਰੂਪ ਦੀ ਥਾਂ-ਥਾਂ ਹੋ ਰਹੀ ਬੇਅਦਬੀ ਵਾਲੇ ਪਾਸੇ ਹੋ ਤੁਰਿਆ। ਸਰਕਾਰ ਦੀ ਕੂਟਨੀਤੀ ਕੰਮ ਕਰ ਗਈ, ਕਈ ਹਫਤੇ ਸ਼ਬਦ ਗੁਰੂ ਦੇ ਅੰਗ ਗਲੀਆਂ ਤੇ ਸੜਕਾਂ 'ਤੇ ਖਿਲਰਦੇ ਰਹੇ।

ਉਧਰ, ਸਿੱਖ ਪੰਜਾਬ ਸਰਕਾਰ ਨੂੰ ਆਵਾਜ਼ਾਂ ਮਾਰਦੇ ਰਹੇ ਅਤੇ ਰੋਸ ਮੁਜ਼ਾਹਰੇ ਕਰਦੇ ਰਹੇ ਕਿ ਗੁਨਾਹਗਾਰਾਂ ਨੂੰ ਫੜ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਪਰ ਸਜ਼ਾਵਾਂ ਕਿਸ ਨੂੰ ਅਤੇ ਕਿਸ ਨੇ ਦੇਣੀਆਂ ਸਨ? ਹੌਲੀ-ਹੌਲੀ ਡੇਰਾ ਮੁਖੀ ਅਤੇ ਜਥੇਦਾਰਾਂ ਵਾਲਾ ਮਸਲਾ ਠੰਢਾ ਹੋ ਗਿਆ ਅਤੇ ਗੁਰੂ ਦੀ ਬੇਅਦਬੀ ਕਰਨ ਵਾਲਾ ਵੀ ਅੱਜ ਤੱਕ ਨਾ ਫੜਿਆ ਗਿਆ। ਉਂਜ, ਰੱਤ ਪੀਣੀ ਸਰਕਾਰ ਰਾਜਨੀਤੀ ਦੇ ਤਖ਼ਤ ਅਤੇ ਗੁਰੂ ਦੀਆਂ ਗੋਲਕਾਂ ਉਤੇ ਜਿਉਂ ਦੀ ਤਿਉਂ ਬੈਠੀ ਰਹੀ, ਚੰਮ ਦੀਆਂ ਵੀ ਚਲਾਉਂਦੀ ਰਹੀ। ਫਿਰ ਵਕਤ ਆ ਗਿਆ ਕਿ ਮੁੱਖ ਮੰਤਰੀ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਣ ਪਹੁੰਚ ਗਏ, ਪਰ ਸਦਕੇ ਜਾਈਏ ਭਾਈ ਬਲਵੀਰ ਸਿੰਘ ਦੇ ਜੋ ਉਸ ਦਿਨ ਅਰਦਾਸੀਏ ਸਿੰਘ ਦੀ ਡਿਊਟੀ 'ਤੇ ਤਾਇਨਾਤ ਸਨ। ਗੈਰਤ ਜਾਗ ਉਠੀ, ਉਨ੍ਹਾਂ ਪੰਜਾਬ ਦੇ 'ਬਾਦਸ਼ਾਹ' ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰ ਕੇ ਮਿਸਾਲ ਕਾਇਮ ਕਰ ਦਿੱਤੀ। ਉਨ੍ਹਾਂ ਸਿੱਖਾਂ ਦੀ ਇੱਜ਼ਤ ਰੱਖ ਵਿਖਾਈ। ਉਨ੍ਹਾਂ ਅੰਦਰ ਇਕ ਪਾਸੇ ਠਾਠਾਂ ਮਾਰਦਾ ਗੁਰੂ ਦੇ ਸਤਿਕਾਰ ਦਾ ਜਜ਼ਬਾ ਸੀ ਅਤੇ ਦੂਜੇ ਪਾਸੇ ਸੀ ਪੰਜਾਬ ਦਾ ਮੁੱਖ ਮੰਤਰੀ, ਸ਼੍ਰੋਮਣੀ ਕਮੇਟੀ ਦੀ ਨੌਕਰੀ, ਆਪਣਾ ਰੁਤਬਾ ਅਤੇ ਪਰਿਵਾਰ ਦੇ ਨਿਰਬਾਹ ਲਈ ਸਾਹਮਣੇ ਖੜ੍ਹੀਆਂ ਮੁਸ਼ਕਲਾਂ। ਇਨ੍ਹਾਂ ਸਭ ਗੱਲਾਂ ਤੋਂ ਉਤੇ ਉਠ ਕੇ ਇਸ ਸੱਚੇ ਸਿੱਖ ਨੇ ਗੁਰੂ ਵਾਲਾ ਹੋਣ ਦਾ ਸਬੂਤ ਦੇ ਕੇ ਸਿੱਖਾਂ ਦਾ ਮਾਣ ਰੱਖ ਲਿਆ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਫੌਰੀ ਕਾਰਵਾਈ ਕਰਦਿਆਂ ਭਾਈ ਬਲਵੀਰ ਸਿੰਘ ਦੀ ਬਦਲੀ ਗੁਰਦੁਆਰਾ ਚਰਨ ਕਵਲ, ਮਾਛੀਵਾੜਾ ਕਰ ਕੇ ਆਪਣੇ ਸਰਕਾਰੀ ਹੋਣ ਦਾ ਸਬੂਤ ਦੇ ਦਿੱਤਾ ਅਤੇ ਬਿਆਨ ਵੀ ਜਾਰੀ ਕਰ ਦਿੱਤਾ ਕਿ ਬਲਵੀਰ ਸਿੰਘ ਨੂੰ ਇਹ ਪਹਿਲਾਂ ਹੀ ਆਦੇਸ਼ ਮਿਲ ਚੁੱਕਾ ਸੀ ਕਿ ਮੁੱਖ ਮੰਤਰੀ ਮੱਥਾ ਟੇਕਣ ਆ ਰਹੇ ਹਨ, ਉਨ੍ਹਾਂ ਲਈ ਸਿਰੋਪਾਓ ਤਿਆਰ ਰੱਖਿਆ ਜਾਵੇ, ਪਰ ਉਸ ਨੇ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਇਹ 'ਗੁਨਾਹ' ਕੀਤਾ ਹੈ। ਦੋ ਦਿਨ ਮਗਰੋਂ ਹੀ ਸਰਬਤ ਖਾਲਸਾ ਦੁਆਰਾ ਥਾਪੇ ਜਥੇਦਾਰ ਭਾਈ ਬਲਜੀਤ



ਭਾਈ ਬਲਵੀਰ ਸਿੰਘ

ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਜਦ ਹਰਿਮੰਦਰ ਸਾਹਿਬ ਮੱਥਾ ਟੇਕਣ ਜਾ ਰਹੇ ਸਨ ਤਾਂ ਸ਼੍ਰੋਮਣੀ ਕਮੇਟੀ ਦੇ ਮੈਨੇਜਰ ਨੇ ਸੇਵਾਦਾਰਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਇਨ੍ਹਾਂ ਦੋਵਾਂ ਨੂੰ ਸਿਰੋਪਾਓ ਨਾ ਦਿੱਤਾ ਜਾਵੇ, ਬਲਕਿ ਉਥੋਂ ਸਿਰੋਪਾਓ ਚੁਕਵਾ ਕੇ ਲਾਂਭੇ ਕਰ ਦਿੱਤੇ ਗਏ। ਜਦੋਂ ਉਹ ਦੋਵੇਂ ਜਥੇਦਾਰ ਮੱਥਾ ਟੇਕਣ ਆਏ ਤਾਂ ਸੇਵਾਦਾਰ ਗੁਰਪ੍ਰੀਤ ਸਿੰਘ ਨੇ ਉਨ੍ਹਾਂ ਨੂੰ ਪਤਾਸਿਆਂ ਦਾ ਪ੍ਰਸ਼ਾਦ ਦੇ ਦਿੱਤਾ। ਸਿੱਟੇ ਵਜੋਂ ਘੰਟੇ ਪਿਛੋਂ ਹੀ ਉਸ ਖਿਲਾਫ ਕਾਰਵਾਈ ਕਰ ਦਿੱਤੀ ਗਈ।

ਵਿਚਾਰਨਯੋਗ ਹੈ ਕਿ ਬਾਦਲ ਨੂੰ ਅਰਦਾਸੀਏ ਨੇ ਸਿਰੋਪਾਓ ਨਹੀਂ ਦਿੱਤਾ ਤਾਂ ਸਾਰੀ ਸ਼੍ਰੋਮਣੀ ਕਮੇਟੀ ਅੱਗ ਬਬੂਲਾ ਹੋ ਗਈ; ਸਰਬਤ ਖਾਲਸੇ ਦੇ ਦੋ ਜਥੇਦਾਰਾਂ ਨੂੰ ਸੇਵਾਦਾਰ ਨੇ ਪਤਾਸਾ ਪ੍ਰਸ਼ਾਦ ਦੇ ਦਿੱਤਾ ਤਾਂ ਸ਼੍ਰੋਮਣੀ ਕਮੇਟੀ ਨੂੰ ਫਿਰ ਭਾਜੜਾਂ ਪੈ ਗਈਆਂ। ਹੁਣ ਸਿੱਖਾਂ ਨੂੰ ਇਹ ਸੋਚਣਾ ਪਵੇਗਾ ਕਿ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਸਿੱਖ ਕੌਮ ਦੇ ਧਾਰਮਿਕ ਸਥਾਨ ਹਨ ਜਾਂ ਸੱਤਾ 'ਤੇ ਕਾਬਜ਼ ਪਰਿਵਾਰ ਅਤੇ ਸ਼੍ਰੋਮਣੀ ਕਮੇਟੀ ਦੇ ਨਿਜੀ ਅਦਾਰੇ! ਇਸੇ ਪ੍ਰਸੰਗ ਵਿਚ ਅੱਜ ਸਿੱਖਾਂ ਨੂੰ ਧੜੇਬੰਦੀਆਂ ਤੋਂ ਉਤੇ ਉਠ ਕੇ ਕੌਮ ਦੀ ਰਹਿਨੁਮਾਈ ਕਰਨ ਵਾਲੇ ਆਗੂਆਂ ਦੀ ਲੋੜ ਹੈ ਜੋ ਗੁਰੂ ਦੇ ਭੈਅ ਵਿਚ ਰਹਿ ਕੇ ਸੁੱਚਜੀ ਸੇਧ ਦੇ ਸਕਣ ਅਤੇ ਆਪਣੇ ਧਾਰਮਿਕ ਅਸਥਾਨਾਂ ਦੇ ਸਤਿਕਾਰ ਨੂੰ ਬਹਾਲ ਕਰਵਾ ਸਕਣ। ਅੱਜ ਹਰ ਮਾਈ ਭਾਈ ਦੇ ਜਾਗਣ ਦਾ ਵੇਲਾ ਹੈ। ਧੜੇਬੰਦੀਆਂ ਤੇ ਪਾਰਟੀਆਂ ਤੋਂ ਅੱਗੇ ਨਿਕਲ ਕੇ ਆਓ, ਪੰਜਾਬ ਲਈ ਕੁਝ ਕਰੀਏ!

## ਕਾਵਿ-ਜਗਤ

### ਰਾਜਨੀਤੀ ਤੇ ਜਾਨਵਰ

ਕਾਲੇ ਚੂਹੇ ਘਰਾਂ 'ਚ ਰਹਿੰਦੇ,
ਬੱਗੇ ਚੂਹੇ ਖੇਤ ਵੀਰਾਨਾ।
ਕਾਂਗਰਸੀਆਂ ਦੇ ਆਉਣ ਤੋਂ ਪਹਿਲਾਂ,
ਖਾਲੀ 'ਕਾਲੀਆਂ ਦਾ ਖਜ਼ਾਨਾ।
ਖੋਲ੍ਹੀ ਬੈਠੇ ਥਾਂ ਥਾਂ ਡਾਕਟਰ,
ਲੋਕ ਬਚਾਵਣ ਲਈ ਦੁਕਾਨਾਂ।
ਬਚ ਜੋ ਕਾਲ ਦੇ ਪੰਜੇ ਵਿਚੋਂ,
ਹੱਥ ਨਾ ਬੈਠੋ ਮੌਤ ਦਾ ਗਾਨਾ।
ਕੋਹਤ ਕਿਰਲੀ ਜਾਤ ਦੀ,
ਸੁਤੀਰੀਆਂ ਨੂੰ ਜੱਫੇ ਪਵਾਨਾ।
ਹਲਦੀ ਦੀ ਇਕ ਗੰਢੀ ਲੈ ਕੇ,
ਚੂਹਾ ਪੰਸਾਰੀ ਵਿਚ ਦੁਕਾਨਾ।
ਪ੍ਰਧਾਨ ਮੰਤਰੀ ਮਰਦ ਬਣਾਓ,
ਹੋਵੇ ਨਾ ਉਹ ਵਾਂਗ ਜਨਾਨਾ।
ਲੋਕਤੰਤਰ ਦੀ ਤਾਕਤ ਵਰਤੋ,
ਚੋਣਾਂ ਵੇਲੇ ਕਰੋ ਧਿਆਨਾ।
ਕਾਂਵਾਂ ਕਹੇ ਨਾ ਢੱਗੇ ਮਰਦੇ,
ਫੁਕਰਾ ਕਹਿਣ ਲੋਕ ਇਨਸਾਨਾ।
ਰਸ ਮਲਾਈ ਚੂਹੇ ਖਾ ਗਏ,
ਬਚਿਆ ਸੁੱਕਾ ਰਿਹਾ ਬਦਾਨਾ।
ਅੱਗਾ ਦੌੜ ਤੇ ਪਿੱਛਾ ਚੌੜ,
ਭੂਤ, ਭਵਿੱਖ ਕੀ ਵਰਤਮਾਨਾ।
ਰਾਜ ਨਹੀਂ ਉਹ ਸੇਵਾ ਏ,
ਲਾਠੀ, ਗੋਲੀ ਹੈ ਭਗਵਾਨਾ।
ਸੱਪ ਦੇ ਮੂੰਹ ਕਿਰਲੀ,
ਖਾਵੇ ਕੋਹੜੀ, ਛੱਡੇ ਕਲੰਕੀ ਅਪਮਾਨਾ।

-ਹਰਗੋਬਿੰਦ ਸਿੰਘ ਸ਼ੇਖਪੁਰੀਆ

---

### ਨਿੱਤਨੇਮ

ਰੱਬ, ਨਾਮ, ਹੁਕਮ ਤੇ ਧਰਮ ਵਾਲੇ ਅਰਥਾਂ ਦਾ,
ਇੱਕ ਹੀ ਇਸ਼ਾਰਾ ਸਾਂਝੇ ਨਿਯਮ ਦੇ ਵੱਲ ਨੂੰ।
ਜ਼ਿੰਦਗੀ ਸੁਧਾਰਨੇ ਲਈ ਧਾਰੇ ਅਨੁਸ਼ਾਸਨ ਨੂੰ,
ਆਖ ਨਿੱਤਨੇਮ ਬੰਦਾ ਸਮਝਦਾ ਏ ਹੱਲ ਨੂੰ।
ਵਿਵਹਾਰੀ ਹੋਣ ਨਾਲੋਂ ਬਣੇ ਜੋ ਕਰਮ-ਕਾਂਡ,
ਸਿੱਖ ਨਹੀਂ ਸਮਝ ਰਿਹਾ ਇਹੋ ਜਿਹੇ ਛਲ ਨੂੰ।
ਗਿਣ-ਮਿਣ ਪਾਠ ਕਰ ਬੰਦਾ ਇੰਜ ਸੋਚਦਾ ਏ,
ਅੱਜ ਦਾ ਤਾਂ ਹੋ ਗਿਆ ਏ ਬਾਕੀ ਫੇਰ ਕੱਲ ਨੂੰ।
ਵੱਡੇ ਨੇਮੀ ਹੋਣ ਦਾ ਢਿੰਢੋਰਾ ਜਿਹੜੇ ਪਿੱਟਦੇ ਨੇ,
ਗੁਰੂ ਸਵੀਕਾਰਦਾ ਨਾ ਹਉਮੈ ਵਾਲੇ ਝੱਲ ਨੂੰ।
ਹਰ ਬੰਦੇ ਵਾਲਾ ਨਿੱਤਨੇਮ ਨਿਜੀ ਹੋਂਵਦਾ ਏ,
ਜਨਤਕ ਕਰ ਨਾ ਬਜਾਓ ਸਾਹਵੇਂ ਟੱਲ ਨੂੰ।
ਗਿਣਤੀ ਦੇ ਨਾਲੋਂ ਭਾਵੇਂ ਥੋੜਾ-ਥੋੜਾ ਜਾਣੀ ਜਾਵੋ,
ਜਿੰਨਾ ਜਾਣੀ ਜਾਵੋ, ਅਪਨਾਈ ਜਾਵੋ ਗੱਲ ਨੂੰ।
ਅਰਥ ਵਿਚਾਰ ਬਾਣੀ ਧਾਰਨੇ ਦਾ ਨੇਮ ਰੱਖੋ,
ਜੱਗ ਦੇਖੂ ਆਪੇ ਕੌਮੀ ਸੂਝ ਵਾਲੇ ਫਲ ਨੂੰ।

-ਗੁਰਮੀਤ ਸਿੰਘ ਬਰਸਾਲ ਕੈਲੀਫੋਰਨੀਆ

---

### ਪਰਵਾਸੀ ਦੀ ਬੇਨਤੀ

ਡੰਡੇ ਮਾਰਦਾ ਗਾਰਡ ਮੰਤਰੀ ਦਾ
ਇਹਨੂੰ ਮਰਜੀ ਪੁਗਾਉਣ ਤੋਂ ਰੋਕ ਬਾਬਾ।
ਰੇਤਾ-ਬਜਰੀ ਮੁੱਲ ਵਧਾਈ ਜਾਂਦਾ
ਠੇਕੇਦਾਰੀ ਕਰਵਾਉਣ ਤੋਂ ਰੋਕ ਬਾਬਾ।
ਰੋਡਵੇਜ਼ ਦਾ ਘਾਟਾ ਨਾ ਹੋਏ ਪੂਰਾ
ਏ ਸੀ ਬੱਸਾਂ ਵਧਾਉਣ ਤੋਂ ਰੋਕ ਬਾਬਾ।
ਕਾਰਖਾਨੇ ਸ਼ਰਾਬ ਦੇ ਵਧੀ ਜਾਂਦੇ
ਗੰਨਾ ਮੁੱਲ ਘਟਾਉਣ ਤੋਂ ਰੋਕ ਬਾਬਾ।
ਰੋਟੀ ਬਿਨਾ ਭੁੱਖੇ ਗਰੀਬ ਮਰਦੇ
ਨੰਗੀ ਕਣਕ ਰਖਵਾਉਣ ਤੋਂ ਰੋਕ ਬਾਬਾ।
ਧਰਤੀ ਮਾਂ ਦਾ ਸਸਤਾ ਮੁੱਲ ਦੇ ਕੇ
ਵੱਡੇ ਹੋਟਲ ਬਣਾਉਣ ਤੋਂ ਰੋਕ ਬਾਬਾ
ਸਕੂਲਾਂ, ਕਾਲਜਾਂ ਵਾਲੀਆਂ ਸੜਕਾਂ ਤੋਂ
ਬੁਲਟ, ਜੀਪਾਂ ਭਜਾਉਣ ਤੋਂ ਰੋਕ ਬਾਬਾ।
ਮੋਟਰ ਸਾਈਕਲ, ਮੋਬਾਈਲ ਤੇ ਸੂਟ ਚਿੱਟੇ
ਅਵਾਰਾਗਰਦੀ ਕਰਾਉਣ ਤੋਂ ਰੋਕ ਬਾਬਾ।
ਛੋਲੇ ਦੇ ਕੇ ਕਾਕੇ ਹਨ ਪਾਸ ਹੁੰਦੇ
ਨਕਲੀ ਡਿਗਰੀ ਬਣਾਉਣ ਤੋਂ ਰੋਕ ਬਾਬਾ।
ਰਿਸ਼ਵਤ ਖਾ ਕੇ ਜੇ ਈ ਨਾ ਬਿਲ ਲੈਂਦਾ
ਕੁੰਡੀ ਬਿਜਲੀ ਫਸਾਉਣ ਤੋਂ ਰੋਕ ਬਾਬਾ।
ਧਰਨੇ ਲਾਉਂਦੇ ਮੁਲਾਜਮ ਕਿਸਾਨ ਜਿੱਥੇ
ਸਾਨ੍ਹ ਚਾੜ੍ਹ ਖਿਡਾਉਣ ਤੋਂ ਰੋਕ ਬਾਬਾ।
ਜਮੀਨ ਵਲੈਤੀਏ ਦੀ ਉਤੇ ਕਈਆਂ ਦੀ ਅੱਖ
ਉਸ 'ਤੇ ਕਬਜਾ ਕਰਾਉਣ ਤੋਂ ਰੋਕ ਬਾਬਾ।

-ਜੁਗਰਾਜ ਗਿੱਲ, ਸ਼ਾਰਲਟ

---

### ਆਪਣੀ ਤੋਰ


ਮੈਂ ਆਪਣੀ ਤੋਰ ਤੁਰਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।
ਨਾਂ ਤੇਰੇ ਆਖੇ ਮੁੜਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।
ਉੱਚਾ ਅੰਬਰੀਂ ਉਡ'ਜਾਂ,
ਜਾਂ ਲਟਕਾਂ ਟਾਹਣ ਕੰਡਿਆਲੇ;
ਤੇਰੇ ਨਾ ਹੱਥੀਂ ਉਡਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।
ਮੇਰੇ ਰਾਹੀਂ ਤੂੰ ਪੁੱਟ ਟੋਏ,
ਜਾਂ ਮੇਰੀਆਂ ਤੋੜ ਟੰਗਾਂ ਦੇ;
ਮੈਂ ਤੇਰੀ ਖੈਰ ਮੰਗਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।

ਕੱਲ ਜੇ ਰਾਜ ਸੀ ਤੇਰਾ,
ਹੋ ਸਕਦਾ ਕੱਲ ਵੀ ਤੇਰਾ;
ਸ਼ਹਿਨਸ਼ਾਹ ਮੈਂ ਅੱਜ ਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।
'ਥਰੀਕੇ' ਹੋਂਦ ਮੇਰੀ ਤੂੰ,
ਮਿਟਾਉਣੀ ਕੀ ਏ ਮਿੱਟੀ 'ਚੋਂ;
ਮੈਂ ਪਿੰਡ ਦੀ ਹਵਾ 'ਚ ਵੱਸਦਾ ਹਾਂ,
ਤੂੰ ਆਪਣੀ ਚਾਲ ਚੱਲਦਾ ਰਹਿ।

-ਇੰਦਰਜੀਤ ਸਿੰਘ ਗਰੇਵਾਲ
ਸੈਕਰਾਮੈਂਟੋ, ਕੈਲੀਫੋਰਨੀਆ।
ਫੋਨ: 916-248-1535

# ਸਾਡੇ ਸਿਆਸਤਦਾਨ, ਚੋਣ ਵਾਅਦੇ ਅਤੇ ਧਰਮ ਗੁਰੂ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਦੋਂ ਤੋਂ ਰਾਜ ਦੀ ਉਤਪਤੀ ਹੋਈ ਤੇ ਸਮਾਜ ਨੂੰ ਸੇਧਾਂ ਦੇਣ ਦੇ ਨਾਂ 'ਤੇ ਰਾਜੇ ਬਣਨ ਅਤੇ ਰਾਜ ਕਰਨ ਲੱਗੇ, ਉਦੋਂ ਤੋਂ ਹੀ ਰਾਜ ਦੇ ਨਾਲ ਦੋ ਗੱਲਾਂ ਜੁੜ ਗਈਆਂ। ਇੱਕ ਤਾਂ ਇਹ ਕਿ ਰਾਜ ਚੱਲਦਾ ਰੱਖਣ ਲਈ ਰਾਜ ਦੀ ਤਾਕਤ ਇਨੀ ਹੋਣੀ ਚਾਹੀਦੀ ਹੈ ਕਿ ਉਸ ਮੂਹਰੇ ਕੋਈ ਸਿਰ ਚੁੱਕਣ ਦੀ ਜੁਰੱਅਤ ਨਾ ਕਰੇ। ਜਿਹੜੇ ਰਾਜੇ ਬਹੁਤ ਸ਼ਾਂਤ-ਚਿੱਤ ਤੇ ਲੋਕਾਂ ਨਾਲ ਮੋਹ ਰੱਖਣ ਵਾਲੇ ਗਿਣੇ ਜਾਂਦੇ ਸਨ, ਉਹ ਵੀ ਮੋਹ ਦਾ ਪ੍ਰਗਟਾਵਾ ਉਦੋਂ ਹੀ ਕਰਨ ਲੱਗੇ, ਜਦੋਂ ਲੋਕਾਂ ਨੂੰ ਆਪਣੀ ਤਾਕਤ ਦੀ ਝਲਕ ਵਿਖਾ ਕੇ ਸਮਝਾ ਲਿਆ ਸੀ ਕਿ ਮੋਹ ਦੇ ਭਰਮ ਹੇਠ ਕਿਸੇ ਤਰ੍ਹਾਂ ਦੀ 'ਗੁਸਤਾਖੀ' ਕਰਨ ਬਾਰੇ ਨਾ ਸੋਚਣ। ਅਸ਼ੋਕ ਬਹੁਤ ਅਮਨ-ਪਸੰਦ ਰਾਜਾ ਗਿਣਿਆ ਗਿਆ, ਪਰ ਅਮਨ ਦੇ ਰਾਹ ਉਹ ਉਦੋਂ ਪਿਆ, ਜਦੋਂ ਕਾਲਿੰਗਾ ਦੀ ਲੜਾਈ 'ਚ ਸੱਥਰ ਵਿਛਾ ਕੇ ਲੋਕਾਂ ਨੂੰ ਤਾਕਤ ਵਿਖਾ ਲਈ ਸੀ। ਉਦੋਂ ਤੋਂ ਰਾਜ ਦਹਿਸ਼ਤ ਦਾ ਪ੍ਰਤੀਕ ਮੰਨਿਆ ਜਾਣ ਲੱਗਾ।

ਦੂਸਰੀ ਗੱਲ ਰਾਜੇ ਦੇ ਨਾਲ ਇਹ ਜੁੜੀ ਹੋਈ ਹੈ ਕਿ ਉਹ ਆਪਣੇ ਆਪ ਨੂੰ ਰੱਬ ਦਾ ਦੂਤ ਬਣਾ ਕੇ ਪੇਸ਼ ਕਰੇ ਤੇ ਲੋਕਾਂ ਨੂੰ ਇਹ ਸਮਝਾਉਣ ਦਾ ਕੰਮ ਜਾਰੀ ਰੱਖਿਆ ਜਾਵੇ ਕਿ ਰਾਜਾ ਆਪ ਕੁਝ ਨਹੀਂ ਕਰਦਾ, ਉਸ ਤੋਂ ਰੱਬ ਕਰਾਉਂਦਾ ਹੈ। ਇਹੋ ਕਾਰਨ ਹੈ ਕਿ ਮੁੱਢਲੇ ਰਾਜਿਆਂ ਤੋਂ ਲੈ ਕੇ ਅਜੋਕੇ ਦੌਰ ਦੇ ਚੁਣੇ ਹੋਏ ਰਾਜਿਆਂ ਤੱਕ ਰਾਜੇ ਦੀ ਨਿਯੁਕਤੀ ਦਾ ਪ੍ਰਬੰਧ ਹੀ ਬਦਲਦਾ ਰਿਹਾ, ਰਾਜ ਕਰਨ ਦੀ ਰੀਤ ਉਹੋ ਰਹੀ ਹੈ। ਸਾਡੇ ਦੌਰ ਦੇ ਚੁਣੇ ਹੋਏ 'ਰਾਜੇ' ਵੀ ਉਹੋ ਕੁਝ ਕਰਦੇ ਹਨ।




ਰਾਮਦੇਵ

ਰਾਜ ਕਰਨ ਲਈ ਸਭ ਤੋਂ ਪਹਿਲਾ ਕੰਮ ਆਪਣੇ ਅਧਿਕਾਰ ਖੇਤਰ ਦੀ ਜਨਤਾ ਨੂੰ ਤਾਕਤ ਵਿਖਾਉਣ ਦਾ ਹੁੰਦਾ ਹੈ ਅਤੇ ਰਾਜ ਕਰਨ ਵਾਲੇ ਆਗੂ ਇਸ ਤਰ੍ਹਾਂ ਕਰਦਿਆਂ ਕਿਸੇ ਵੀ ਹੱਦ ਤੱਕ ਚਲੇ ਜਾਂਦੇ ਹਨ। ਅਸ਼ੋਕ ਨੇ ਕਾਲਿੰਗਾ ਦੀ ਲੜਾਈ ਵਿਚ ਸੱਥਰ ਵਿਛਾਉਣ ਪਿੱਛੋਂ ਅਮਨ ਦਾ ਮਸੀਹਾ ਬਣ ਕੇ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਸੀ। ਹੁਣ ਦੇ ਰਾਜੇ ਕਿਸੇ ਵੀ ਰਾਜ ਦੇ ਲੋਕਾਂ ਨੂੰ ਆਪੋ ਵਿਚ ਲੜਾਉਣ ਤੇ ਫਿਰ ਇਸ ਭੇੜ ਵਿਚ ਸਭ ਤੋਂ ਤਿੱਖੇ ਵਗਣ ਵਾਲੇ ਦਾਗੀ ਚਿਹਰਿਆਂ ਨੂੰ ਚੋਣ ਲੜਾ ਕੇ ਰਾਜ-ਸੱਤਾ ਸੰਭਾਲਦੇ ਹਨ। ਭਾਰਤ ਦੇ ਕਰੀਬ ਹਰ ਰਾਜ ਵਿਚ ਅਜਿਹੇ ਭੇੜ ਦੇ ਤਜਰਬੇ ਕੀਤੇ ਜਾ ਰਹੇ ਹਨ ਤੇ ਲੋਕਾਂ ਨੂੰ ਕੁੱਕੜਾਂ ਵਾਂਗ ਲੜਾ ਕੇ ਜ਼ਖਮਾਂ ਨੂੰ ਮਲ੍ਹਮ ਲਾਉਣ ਦੇ ਚਲਿੱਤਰ ਨਾਲ ਵੋਟਾਂ ਮੰਗੀਆਂ, ਖਰੀਦੀਆਂ ਜਾਂਦੀਆਂ ਹਨ।

ਪੰਜਾਬ, ਉਤਰ ਪ੍ਰਦੇਸ਼, ਉਤਰਾ ਖੰਡ, ਗੋਆ ਅਤੇ ਮਨੀਪੁਰ ਦੀਆਂ ਚੋਣਾਂ ਅਗਲਾ ਸਾਲ ਚੜ੍ਹਦੇ ਨਾਲ ਹੋਣ ਵਾਲੀਆਂ ਹਨ। ਉਨ੍ਹਾਂ ਦੀ 'ਅਸਲ ਤਿਆਰੀ' ਦੀ ਪ੍ਰਕਿਰਿਆ ਹੁਣੇ ਤੋਂ ਚੱਲ ਪਈ ਹੈ, ਜਿਸ ਵਿਚ ਪਹਿਲਾਂ ਲੋਕਾਂ ਨੂੰ ਰੁਆਇਆ ਤੇ ਫਿਰ ਵਰਾਇਆ ਜਾਂਦਾ ਹੈ ਅਤੇ ਉਨ੍ਹਾਂ ਅੱਗੇ ਚੋਗਾ ਸੁੱਟਣ ਵਿਚ ਵੀ ਕਸਰ ਨਹੀਂ ਰਹਿਣ ਦਿੱਤੀ ਜਾਂਦੀ।

ਉਂਜ ਇਹ ਚੋਗਾ ਜਿਵੇਂ ਚੋਣਾਂ ਮੌਕੇ ਸੁੱਟਿਆ



ਧੀਰੇਂਦਰ ਬ੍ਰਹਮਚਾਰੀ

ਜਾਂਦਾ ਹੈ, ਸੁੱਟਿਆ ਥੋੜ੍ਹਾ ਤੇ ਵਿਖਾਇਆ ਵੱਧ ਜਾਂਦਾ ਹੈ ਤੇ ਨਾਲ ਕਿਹਾ ਜਾਂਦਾ ਹੈ ਕਿ ਬਾਕੀ ਦਾ ਮਾਲ ਚੋਣਾਂ ਮਗਰੋਂ ਤੁਹਾਨੂੰ ਪਰੋਸਿਆ ਜਾਊ। ਦਿੱਲੀ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 1984 ਦੇ ਕਤਲੇਆਮ ਪੀੜਤਾਂ ਨੂੰ ਮੁਆਵਜ਼ੇ ਵਜੋਂ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ, ਕੁਝ ਥਾਂਈਂ ਪੈਸੇ ਵੰਡੇ ਗਏ ਤੇ ਬਾਕੀਆਂ ਨੂੰ ਕਿਹਾ ਗਿਆ ਕਿ ਚੋਣਾਂ ਮਗਰੋਂ ਵੰਡੇ ਜਾਣਗੇ। ਚੋਣਾਂ ਲੰਘ ਗਈਆਂ ਤਾਂ ਕੋਈ ਵੰਡਣ ਨਹੀਂ ਆਇਆ। ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕੋਲੋਂ ਓਨੇ ਪੈਸੇ ਵੰਡ ਕੇ ਉਨ੍ਹਾਂ ਦਾ ਬਿੱਲ ਕੇਂਦਰ ਨੂੰ ਭੇਜ ਕੇ ਨਵਾਂ ਮੁੱਦਾ ਖੜਾ ਕਰ ਦਿੱਤਾ। 'ਆਪ' ਪਾਰਟੀ ਨੇ ਭਾਜਪਾ ਦੇ ਦਾਅਵੇ ਵਾਲਾ ਕੰਮ ਕਰ ਦਿੱਤਾ, ਪਰ ਜਿੰਨੇ ਵਾਅਦੇ ਖੁਦ ਕੀਤੇ ਹੋਏ ਸਨ, ਉਨ੍ਹਾਂ ਵਿਚੋਂ ਕਈਆਂ ਉਤੇ ਅਜੇ ਤੱਕ ਵੀ ਅਮਲ ਕਰਨ ਦਾ ਚੇਤਾ ਨਹੀਂ ਆਇਆ, ਤੇ ਸ਼ਾਇਦ ਅਗਲੀ ਚੋਣ ਵੇਲੇ ਲੋਕ ਚੇਤੇ ਕਰਾਉਣਗੇ।


ਚੋਣ ਚੋਗਾ ਲੋਕਾਂ ਅੱਗੇ ਪਰੋਸਣ ਅਤੇ ਫਿਰ ਕੰਮ ਰੋਕੀ ਰੱਖਣ ਦਾ ਰੁਝਾਨ ਅੱਜ ਦੇ ਲੋਕ-ਰਾਜ ਵਿਚ ਹਰ ਪਾਸੇ ਦਿਖਾਈ ਦਿੰਦਾ ਹੈ। ਕਈ ਕੰਮ ਹੋਣ ਵਾਲੇ ਹੁੰਦੇ ਹਨ, ਕਰਨ ਵਿਚ ਅੜਿੱਕਾ ਕੋਈ ਨਾ ਵੀ ਹੋਵੇ ਤਾਂ ਵੀ ਇਸ ਲਈ ਅਟਕਾ ਕੇ ਰੱਖੇ ਜਾਂਦੇ ਹਨ ਕਿ ਪਹਿਲਾਂ ਕਰ ਦਿੱਤੇ ਤਾਂ ਉਦੋਂ ਤੱਕ ਇਹ ਲੋਕਾਂ ਨੂੰ ਭੁੱਲ ਜਾਣਗੇ, ਇਸ ਲਈ ਅਗਲੀ ਚੋਣ ਨੇੜੇ ਆਉਣ ਵੇਲੇ ਕੀਤੇ ਜਾਣਗੇ। ਸੜਕਾਂ ਦੀ ਹਾਲਤ ਖਸਤਾ ਹੈ ਤਾਂ ਖਸਤਾ ਰਹੇਗੀ ਤੇ ਅੰਤਲੇ ਸਾਲ ਵਿਚ ਚੇਤੇ ਕੀਤੀ ਜਾਵੇਗੀ। ਓਧਰ ਚੋਣ ਜ਼ਾਬਤਾ ਲਾਗੂ ਹੋਣ ਦੇ ਅੰਦਾਜ਼ੇ ਲੱਗ ਰਹੇ ਹੋਣਗੇ ਤੇ ਏਧਰ ਸੜਕਾਂ ਬਣਾਉਣ ਲਈ ਹਰ ਪਾਸੇ ਰੋਡ-ਰੋਲਰ ਅਤੇ ਪ੍ਰੀ-ਮਿਕਸ ਵਾਲੇ ਟਰੱਕ ਦੌੜਦੇ ਦਿਖਾਈ ਦੇਣਗੇ। ਕਈ ਫਲਾਈ ਓਵਰ ਬਣ ਕੇ ਤਿਆਰ ਹੋ ਜਾਂਦੇ ਹਨ, ਸਿਰਫ ਦੋਵਾਂ ਪਾਸਿਆਂ ਤੋਂ ਸੜਕ ਨਾਲ ਜੋੜਨਾ ਬਾਕੀ ਹੁੰਦਾ ਹੈ, ਲੋਕ ਉਨ੍ਹਾਂ ਦੇ ਚੱਲਣ ਨੂੰ ਉਡੀਕਦੇ ਹਨ, ਪਰ ਉਹ ਬਣਾਏ ਨਹੀਂ ਜਾਂਦੇ ਅਤੇ ਜਦੋਂ ਪੰਜਵਾਂ ਸਾਲ ਅੱਧਾ ਲੰਘ ਜਾਂਦਾ ਹੈ, ਫਿਰ 'ਬੂਹੇ ਖਲੋਤੀ ਜੰਵ ਤੇ ਵਿੰਨ੍ਹੋ ਕੁੜੀ ਦੇ ਕੰਨ' ਵਾਲੀ ਕਾਰਵਾਈ ਸ਼ੁਰੂ ਹੋ ਜਾਂਦੀ ਹੈ। ਇਸ ਕੰਮ ਵਿਚ ਅੱਗੋਂ ਠੇਕੇਦਾਰ ਪੂਰਾ ਖਿਆਲ ਰੱਖਦੇ ਹਨ ਕਿ ਸੜਕ ਏਨੀ ਕੁ ਪੱਕੀ ਕਰਨੀ ਹੈ ਕਿ ਚੋਣਾਂ ਤੱਕ ਚੱਲ ਜਾਵੇ, ਬਹੁਤੀ ਖੇਚਲ ਦੀ ਲੋੜ ਨਹੀਂ। ਪੰਜਾਬੀ ਮੁਹਾਵਰਾ ਕਿ ਲਾਗੀਆਂ ਨੇ ਲਾਗ ਲੈ ਲੈਣਾ, ਭਾਵੇਂ ਜਾਂਦੇ ਸਾਰ ਰੰਡੀ ਹੋ ਜਾਵੇ। ਇਨ੍ਹਾਂ ਕੰਮਾਂ ਲਈ ਲੱਗੇ ਹੋਏ ਠੇਕੇਦਾਰ ਅਮਲ ਵਿਚ ਵਰਤ ਜਾਂਦੇ ਹਨ ਤੇ ਡੰਗ-ਟਪਾਊ ਸੜਕਾਂ ਬਣਾ ਕੇ ਵਕਤ ਲੰਘਾਈ ਜਾਂਦੇ ਹਨ।

ਪ੍ਰਾਚੀਨ ਰਾਜ ਪ੍ਰਬੰਧ ਦੀ ਦੂਜੀ ਰਵਾਇਤ ਇਹ ਸੀ ਕਿ ਕੁਝ ਆਪੇ ਬਣੇ ਹੋਏ ਧਰਮ ਗੁਰੂ ਰਾਜਿਆਂ ਨੂੰ ਨਾ ਸਿਰਫ ਰੱਬ ਦਾ ਦੂਤ ਬਣਾ ਕੇ ਪੇਸ਼ ਕਰਦੇ, ਉਨ੍ਹਾਂ ਨੂੰ ਰਾਜ-ਤਿਲਕ ਲਾਉਂਦੇ, ਸਗੋਂ ਉਹ ਤੇ ਰਾਜਾ ਆਪੋ 'ਚ ਏਨੇ ਘਿਓ-ਖਿਚੜੀ ਹੁੰਦੇ ਸਨ ਕਿ ਹਰ ਗੱਲ ਵਿਚ ਸੁਰ ਮਿਲਦੀ ਸੀ। ਸਾਡੇ ਦੌਰ ਵਿਚ ਫਿਰ ਇਹੋ ਕੁਝ ਹੁੰਦਾ ਵੇਖ ਰਹੇ ਹਾਂ। ਹਰ ਰਾਜਸੀ ਆਗੂ ਦੇ ਨਾਲ ਲੋੜ ਜੋਗੇ ਸਾਧ ਤੇ ਜੋਗੀ ਹੀ ਨਹੀਂ, ਤੰਤਰ-ਮੰਤਰ ਦੀ ਠੱਗੀ ਕਰਨ ਵਾਲੇ ਵੀ ਜੁੜੇ ਹੋਏ ਦਿਸਦੇ ਹਨ ਅਤੇ ਉਹ ਰਾਜਿਆਂ ਦੇ ਪਰਦੇ ਢੱਕਣ ਲਈ ਹਰ ਹੱਦ ਪਾਰ ਕਰੀ ਜਾਂਦੇ ਹਨ, ਉਨ੍ਹਾਂ ਉਤੇ ਆਈ ਹਰ ਔਕੜ ਵੇਲੇ ਲੋਕਤੰਤਰੀ ਰਾਜੇ ਵੀ ਮਦਦ ਕਰਨ ਬਹੁੜਦੇ ਹਨ। ਅਸੀਂ ਕਾਂਗਰਸ ਦੇ ਰਾਜ ਵਿਚ ਵੀ ਇਹੋ ਕੁਝ ਹੁੰਦਾ ਕਈ ਵਾਰ ਵੇਖਿਆ ਹੈ, ਜਿਸ ਵਿਚ ਇੰਦਰਾ ਗਾਂਧੀ ਦੇ ਰਾਜ ਵੇਲੇ ਧੀਰੇਂਦਰ ਬ੍ਰਹਮਚਾਰੀ ਦੇ ਇਸ਼ਾਰਿਆਂ ਉਤੇ ਸਰਕਾਰ ਘੁੰਮਦੀ ਹੁੰਦੀ ਸੀ ਤੇ ਨਰਸਿਮਹਾ ਰਾਓ ਦੇ ਵਕਤ ਚੰਦਰਾ ਸਵਾਮੀ ਆਪਣੇ ਆਪ ਨੂੰ ਪੌਣਾ ਪ੍ਰਧਾਨ ਮੰਤਰੀ ਬਣਾ ਕੇ ਪੇਸ਼ ਕਰਿਆ ਕਰਦਾ ਸੀ। ਹੁਣ ਵਾਲੇ ਲੋਕਤੰਤਰੀ ਰਾਜਿਆਂ ਦੇ ਕੋਲ ਉਨ੍ਹਾਂ ਦੇ ਮੁਕਾਬਲੇ ਕੁਝ ਵੱਧ ਤਿੱਖੀ ਚਾਲ ਚੱਲਣ ਵਾਲੇ ਧਰਮ ਗੁਰੂ ਹਨ, ਜਿਹੜੇ ਹਰ ਦੁੱਖ ਦਾ ਦਾਰੂ ਪੇਸ਼ ਕਰੀ ਜਾਂਦੇ ਹਨ।

ਇਸ ਵਕਤ ਦੇ ਕਿੰਨੇ ਸਾਰੇ ਧਰਮ ਗੁਰੂਆਂ ਅਤੇ ਸਵਾਮੀਆਂ ਵਿਚੋਂ ਸਿਰਫ ਯੋਗੀ ਰਾਮਦੇਵ ਦਾ ਮਾਮਲਾ ਵੇਖਣ ਦੇ ਨਾਲ ਕਈ ਤਮਾਸ਼ੇ ਸਮਝ ਆ ਜਾਂਦੇ ਹਨ। ਬੀਤੇ ਦਿਨੀਂ ਜਦੋਂ ਹਰ ਪਾਸੇ ਇਸ ਗੱਲ ਦੀ ਚਰਚਾ ਸੀ ਕਿ ਦੇਸ਼ ਵਿਚ ਮਹਿੰਗਾਈ ਸਿਖਰਾਂ ਛੋਹ ਰਹੀ ਹੈ, ਪ੍ਰਧਾਨ ਮੰਤਰੀ ਵਿਦੇਸ਼ ਯਾਤਰਾ ਲਈ ਗਿਆ ਰਹਿੰਦਾ ਹੈ ਤਾਂ ਯੋਗੀ ਰਾਮਦੇਵ ਉਦੋਂ ਨਰਿੰਦਰ ਮੋਦੀ ਦੀ ਥਾਂ ਸਫਾਈ ਦੇਣ ਲਈ ਇਸ ਤਰ੍ਹਾਂ ਬੋਲਿਆ, ਜਿਵੇਂ ਭਾਜਪਾ ਦਾ ਬੁਲਾਰਾ ਹੋਵੇ। ਇੱਕ ਸਵਾਲ ਇਹ ਪੁੱਛਿਆ ਗਿਆ ਕਿ ਬਾਬਾ ਜੀ, ਤੁਹਾਡੇ ਨੇੜਤਾ ਵਾਲੇ ਇਸ ਰਾਜ ਵਿਚ ਦਾਲ ਦਾ ਭਾਅ ਇੱਕ ਹਫਤੇ ਵਿਚ ਸੌ ਤੋਂ ਤੁਰ ਕੇ ਇੱਕ ਸੌ ਸੱਠ ਰੁਪਏ ਕਿੱਲੋ ਤੱਕ ਜਾ ਪੁੱਜਾ ਹੈ, ਲੋਕਾਂ ਦਾ ਬੁਰਾ ਹਾਲ ਹੈ। ਯੋਗੀ ਬਾਬਾ ਦੀ ਯੋਗ ਸਾਧਨਾ ਦਾ ਸਿਰਾ ਕਰਨ ਵਾਲਾ ਜਵਾਬ ਸੀ ਕਿ ਜਦੋਂ ਦਾਲ ਮਹਿੰਗੀ ਹੋ ਜਾਵੇ ਤਾਂ ਲੋਕਾਂ ਨੂੰ ਦੇਸ਼ ਦੇ ਹਿੱਤ ਦਾ ਧਿਆਨ ਰੱਖ ਕੇ ਦਾਲ ਵਿਚ ਦਾਣੇ ਘੱਟ ਅਤੇ ਪਾਣੀ ਵੱਧ ਪਾ ਕੇ ਉਬਾਲਣਾ ਚਾਹੀਦਾ ਹੈ, ਇਹ ਸਿਹਤ ਵਾਸਤੇ ਵੀ ਚੰਗਾ ਹੈ।

ਸਾਡੇ ਕੋਲ ਇਹ ਪਤਾ ਕਰਨ ਦਾ ਕੋਈ ਵਸੀਲਾ ਨਹੀਂ ਕਿ ਇਹੋ ਜਿਹੀ ਸਥਿਤੀ ਕਦੇ ਪੁਰਾਣੇ ਰਿਸ਼ੀਆਂ ਦੇ ਮੌਕੇ ਆਈ ਹੋਵੇਗੀ ਜਾਂ ਨਹੀਂ ਅਤੇ ਜੇ ਕਦੇ ਆਈ ਸੀ ਤਾਂ ਰਿਸ਼ੀਆਂ ਨੇ ਏਦਾਂ ਦਾ ਫਾਰਮੂਲਾ ਲੋਕਾਂ ਨੂੰ ਦੱਸਣ ਦੀ ਹਿੰਮਤ ਵੀ ਕੀਤੀ ਸੀ ਜਾਂ ਨਹੀਂ, ਪਰ ਸਾਡੇ ਸਮੇਂ ਵਿਚ ਇਸ ਤਰ੍ਹਾਂ ਦੀ ਰਿਸ਼ੀਆਂ ਦੀ ਪੇਸ਼ਕਾਰੀ ਆਮ ਹੁੰਦੀ ਹੈ। ਇਸ ਤੋਂ ਵੀ ਵੱਡੀ ਕਮਾਲ ਦੀ ਗੱਲ ਇਹ ਹੈ ਕਿ ਬਾਬਾ ਆਪਣੇ ਯੋਗ ਆਸਣਾਂ ਵਾਂਗ ਚੋਲੇ ਵੀ ਬਦਲ ਸਕਦਾ ਹੈ ਤੇ ਲੋਕ ਉਸ ਦੀ ਚਾਲ ਨੂੰ ਸਮਝ ਨਹੀਂ ਸਕਦੇ। ਰਾਮਦੇਵ ਪਹਿਲਾਂ ਕਾਂਗਰਸੀਆਂ ਦਾ ਜੋਟੀਦਾਰ ਸੀ। ਉਸ ਦੇ ਕਈ ਆਸ਼ਰਮਾਂ ਲਈ ਸਰਕਾਰੀ ਖਾਤੇ 'ਚੋਂ ਜ਼ਮੀਨਾਂ ਪਹਿਲਾਂ ਕਾਂਗਰਸੀ ਸਰਕਾਰਾਂ ਨੇ ਦਿੱਤੀਆਂ ਸਨ। ਅਗਲੀ ਚੋਣ ਵਾਰੀ ਉਹ ਕੀ ਕਰੇਗਾ, ਇਸ ਦਾ ਅੰਦਾਜ਼ਾ ਕਈ ਲੋਕ ਲਾਈ ਜਾਂਦੇ ਹਨ। ਏਦਾਂ ਦੇ ਅੰਦਾਜ਼ੇ ਲਾਉਣ ਨੂੰ ਵੱਡੇ-ਵੱਡੇ ਮਾਹਰਾਂ ਤੋਂ ਵੱਧ ਮੁਹਾਰਤ ਆਮ ਲੋਕ ਰੱਖਦੇ ਹਨ ਅਤੇ ਉਨ੍ਹਾਂ ਵੱਲੋਂ ਲਾਏ ਅੰਦਾਜ਼ੇ ਆਮ ਕਰ ਕੇ ਗਲਤ ਵੀ ਨਹੀਂ ਹੁੰਦੇ।

ਪਿਛਲੇ ਦਿਨੀਂ ਮਾਲਵੇ ਦੇ ਇੱਕ ਪਿੰਡ ਦੀ



ਚੰਦਰਾ ਸਵਾਮੀ

ਸੱਥ ਵਿਚ ਬੈਠੇ ਕੁਝ ਲੋਕਾਂ ਕੋਲ ਇੱਕ ਪੱਤਰਕਾਰ ਗਿਆ ਤੇ ਪੁੱਛਣ ਲੱਗਾ ਕਿ ਹੁਣ ਪੰਜਾਬ ਵਿਚ ਕਿਹੜੀ ਪਾਰਟੀ ਜਿੱਤ ਸਕਦੀ ਹੈ? ਇੱਕ ਅਮਲੀ ਨੇ ਸਹਿਜ ਭਾਵ ਨਾਲ ਆਖਿਆ ਕਿ ਫਲਾਣੀ ਪਾਰਟੀ ਜਿੱਤ ਜਾਣੀ ਹੈ। ਕਾਰਨ ਪੁੱਛਣ ਉਤੇ ਅਮਲੀ ਨੇ ਕਿਹਾ ਕਿ ਸਾਡੇ ਪਾਸੇ ਦੇ ਮਾੜੇ ਧੰਦੇ ਕਰਨ ਵਾਲੇ ਸਾਰੇ ਬੰਦੇ ਉਸ ਪਾਰਟੀ ਨਾਲ ਜਾ ਜੁੜੇ ਹਨ। ਇਨ੍ਹਾਂ ਬੰਦਿਆਂ ਨੂੰ ਸਰਕਾਰੀ ਢੋਅ ਦੀ ਲੋੜ ਹੁੰਦੀ ਹੈ, ਅਗੇਤੇ ਅੰਦਾਜ਼ਾ ਲਾ ਲੈਂਦੇ ਹਨ ਕਿ ਫਲਾਣੇ ਨੇ ਜਿੱਤਣਾ ਹੈ, ਉਸ ਨਾਲ ਜਾ ਜੁੜਦੇ ਹਨ। ਉਨ੍ਹਾਂ ਦੇ ਅੰਦਾਜ਼ੇ ਗਲਤ ਨਹੀਂ ਹੁੰਦੇ।

ਬਿਹਾਰ ਵਿਚ ਰਾਮ ਵਿਲਾਸ ਪਾਸਵਾਨ ਨੂੰ ਚੋਣਾਂ ਦੇ ਮੌਸਮ ਦਾ ਸਭ ਤੋਂ ਵੱਡਾ ਵਿਗਿਆਨੀ ਕਿਹਾ ਜਾਂਦਾ ਹੈ, ਜਿਹੜਾ ਹਰ ਵਾਰ ਜਿੱਤਣ ਵਾਲੇ ਗੱਠਜੋੜ ਨਾਲ ਅਗੇਤਾ ਜਾ ਜੁੜਦਾ ਹੈ। ਉਹੋ ਜਿਹਾ ਸੁਭਾਅ ਬਾਬਾ ਰਾਮਦੇਵ ਦਾ ਹੋਣ ਕਾਰਨ ਹੁਣ ਤੋਂ ਉਸ ਬਾਰੇ ਅੰਦਾਜ਼ੇ ਲੱਗਣ ਲੱਗੇ ਹਨ ਕਿ ਅਗਲੀ ਵਾਰ ਉਹ ਹੋਰ ਭਾਵੇਂ ਕਿਸੇ ਨਾਲ ਜਾਵੇ, ਭਾਜਪਾ ਨਾਲ ਖੜਾ ਦਿਖਾਈ ਨਹੀਂ ਦੇਵੇਗਾ। ਕਮਾਲ ਦੀ ਗੱਲ ਇਹ ਹੈ ਕਿ ਜਿਹੜੇ ਲੀਡਰ ਵੱਖਰੀ-ਨਿਆਰੀ ਕਿਸਮ ਦੀ ਪਾਰਟੀ ਬਣਾਉਣ ਤੇ ਨਵਾਂ ਸੁਫਨਾ ਵਿਖਾਉਣ ਤੁਰੇ ਸਨ, ਉਨ੍ਹਾਂ ਵਿਚੋਂ ਵੀ ਕਈ ਲੋਕ ਹੁਣ ਏਦਾਂ ਦੇ ਲੋੜ ਜੋਗੇ ਸਾਧ ਲੱਭਣ ਲਈ ਤੁਰੇ ਹੋਏ ਹਨ, ਜਿਨ੍ਹਾਂ ਵਿਚੋਂ ਭਲਕ ਨੂੰ ਕੋਈ ਗੁਰੂ ਦਰੋਣਾਚਾਰੀਆ ਤੇ ਕੋਈ ਚਾਣਕੀਆ ਬਣਾ ਕੇ ਉਭਾਰਿਆ ਜਾ ਸਕੇ। ਜੇ ਇਹੋ ਕੁਝ ਕਰਨਾ ਸੀ ਤਾਂ ਲੋਕਾਂ ਦੇ ਮਨਾਂ ਵਿਚ ਨਵੀਂ ਤਰ੍ਹਾਂ ਦਾ ਸੁਫਨਾ ਵਿਖਾਉਣ ਦੀ ਕੀ ਲੋੜ ਸੀ?




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਸਬੰਧੀ ਸਮਾਗਮ

**ਰੈਂਟਨ, ਵਾਸ਼ਿੰਗਟਨ (ਬਿਊਰੋ):** ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਪਿਛਲੇ ਦਿਨੀਂ ਇਕ ਸਮਾਗਮ ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ। ਸਮਾਗਮ ਵਿਚ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਟਰੱਸਟ ਦੇ ਰੂਹੇ ਰਵਾਂ ਸੈਂਟਰਲ ਜੇਲ੍ਹ ਲਾਹੌਰ ਵਿਚ ਲੱਗੀ ਵਿਸ਼ੇਸ਼ ਅਦਾਲਤ ਵਿਚ ਹੋਇਆ। ਕੇਸ ਵਿਚ ਕੁਲ 76 ਮੁਲਜਮ ਸ਼ਾਮਲ ਸਨ, ਜਿਨ੍ਹਾਂ ਵਿਚੋਂ 5 ਨੂੰ ਫਾਂਸੀ ਲੱਗੀ, 46 ਨੂੰ ਉਮਰ ਕੈਦ ਤੇ 8 ਨੂੰ ਮਿਆਦੀ ਸਜ਼ਾਵਾਂ ਦਿੱਤੀਆਂ ਗਈਆਂ।

ਭਾਈ ਉਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਵੀਰ ਸਿੰਘ, ਭਾਈ ਰੰਗਾ ਸਿੰਘ, ਬਾਬਾ ਵਿਸਾਖਾ ਸਿੰਘ ਦਦੇਹਰ, ਭਾਈ ਹਰਨਾਮ ਸਿੰਘ ਕਾਲਾ ਸੰਘਾ, ਭਾਈ ਅਤਰ ਸਿੰਘ ਢੀਕਮਪੁਰ, ਗਿਆਨੀ ਨਾਹਰ ਸਿੰਘ ਗੁੱਜਰਵਾਲ, ਭਾਈ ਪਾਲਾ ਸਿੰਘ ਢੁੱਡੀਕੇ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਤੇ ਜਾਇਦਾਦ ਕੁਰਕੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਸ. ਅਨੰਤ ਨੇ ਆਪਣੇ ਕਲਾਤਮਿਕ ਸਲਾਈਡ ਸ਼ੋਅ ਰਾਹੀਂ ਕੁਰਬਾਨੀਆਂ,



*ਜੈਤੇਗ ਸਿੰਘ ਅਨੰਤ ਦਾ ਸਨਮਾਨ ਕਰਦਿਆਂ ਪ੍ਰਬੰਧਕ ਕਮੇਟੀ ਤੇ ਵਿਦਵਾਨ*

ਵਿਦਵਾਨ ਜੈਤੇਗ ਸਿੰਘ ਅਨੰਤ ਨੇ ਦੂਸਰੇ ਲਾਹੌਰ ਸਾਜਿਸ਼ ਕੇਸ 'ਤੇ ਆਧਾਰਤ ਆਪਣੇ ਰੰਗਦਾਰ ਸਲਾਈਡ ਸ਼ੋਅ ਰਾਹੀਂ ਭਾਰਤ ਦੀ ਆਜ਼ਾਦੀ ਦੀ ਹਥਿਆਰਬੰਦ ਲੜਾਈ ਦੀ ਇਸ ਅਹਿਮ ਕੜੀ ਤੇ ਗਦਰੀ ਬਾਬਿਆਂ ਦੀ ਕੁਰਬਾਨੀ ਦੇ ਅਣਫੋਲੇ ਵਰਕਿਆਂ ਨੂੰ ਇਕ ਇਕ ਕਰ ਕੇ ਪੇਸ਼ ਕੀਤਾ।

ਦੂਜਾ ਲਾਹੌਰ ਸਾਜਿਸ਼ ਕੇਸ, ਜਿਸ ਦਾ ਫੈਸਲਾ ਸੌ ਸਾਲ ਪਹਿਲਾਂ 30 ਮਾਰਚ 1916 ਨੂੰ ਸਿੰਘ ਤੇ ਭਾਈ ਰੂੜ ਸਿੰਘ ਨੇ ਹੱਸਦੇ ਹੋਏ ਫਾਂਸੀ ਦੇ ਤਖਤੇ 'ਤੇ ਚੜ੍ਹ ਕੇ ਸ਼ਹਾਦਤ ਦੇ ਜਾਮ ਪੀਤੇ। ਇਸ ਕੇਸ ਦੀ ਅਹਿਮ ਗੱਲ ਸੀ ਕਿ ਸਭ ਤੋਂ ਵੱਧ ਸਜ਼ਾਵਾਂ ਭਾਈ ਰਣਧੀਰ ਸਿੰਘ ਦੇ ਸੰਗੀ ਸਾਥੀਆਂ ਤੇ ਮਾਲਵਾ ਖਾਲਸਾ ਸਕੂਲ ਲੁਧਿਆਣਾ ਦੇ ਉਨ੍ਹਾਂ ਜੁਝਾਰੂ ਨੌਜਵਾਨਾਂ ਨੂੰ ਹੋਈਆਂ ਜੋ ਭਾਈ ਰਣਧੀਰ ਸਿੰਘ ਦੀ ਪ੍ਰੇਰਨਾ ਤੇ ਪ੍ਰਭਾਵ ਹੇਠ ਬਾਣੀ ਤੇ ਬਾਣੇ ਨਾਲ ਜੁੜੇ ਸਨ। ਇਸ ਕੇਸ ਵਿਚ ਭਾਈ ਰਣਧੀਰ ਵਿਰਸੇ ਤੇ ਵਿਰਾਸਤ ਨੂੰ ਪੇਸ਼ ਕੀਤਾ। ਉਨ੍ਹਾਂ ਜਿੱਥੇ ਭਾਰਤ ਵਿਚ ਇਕ ਦਰਜਨ ਤੋਂ ਉਤੇ ਲਾਹੌਰ ਸਾਜਿਸ਼ ਕੇਸ ਨੂੰ ਸਮਰਪਿਤ ਸਮਾਗਮਾਂ ਦਾ ਜ਼ਿਕਰ ਕੀਤਾ, ਉਥੇ ਆਪਣੇ 2016 ਵਿਚ ਲਹਿੰਦੇ ਪੰਜਾਬ ਵਿਚ ਪੰਜਾਬ ਯੂਨੀਵਰਸਿਟੀ ਲਾਹੌਰ, ਇਸਲਾਮੀਆ ਕਾਲਜ ਗੁੱਜਰਾਂਵਾਲਾ, ਜੀ ਜੀ ਸੀ ਯੂਨੀਵਰਸਿਟੀ ਫੈਸਲਾਬਾਦ, ਪੰਜਾਬੀ ਅਕਾਦਮੀ ਲਾਹੌਰ ਵਿਚ ਕੀਤੇ ਗਏ ਸਮਾਗਮਾਂ ਵਿਚ ਮਿਲੇ ਭਰਵੇਂ ਹੁੰਗਾਰੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਨਾਮਵਰ ਵਿਦਵਾਨਾਂ ਡਾ. ਮੁਹੰਮਦ ਇਕਬਾਲ ਚਾਵਲਾ (ਡੀਨ ਤੇ ਮੁਖੀ ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ, ਲਾਹੌਰ) ਅਤੇ ਡਾ. ਨਬੀਲਾ ਰਹਿਮਾਨ ਵੱਲੋਂ ਵਿਖਾਈ ਦਿਲਚਸਪੀ ਕਾਰਨ ਲਾਹੌਰ ਤੇ ਫੈਸਲਾਬਾਦ ਦੇ ਅਨੇਕਾਂ ਵਿਦਿਆਰਥੀ, ਲਾਹੌਰ ਸਾਜਿਸ਼ ਕੇਸ, ਗਦਰ ਲਹਿਰ ਤੇ ਭਾਈ ਰਣਧੀਰ ਸਿੰਘ ਉਤੇ ਪੀਐਚ ਡੀ ਅਤੇ ਐਮ ਫਿਲ ਕਰਨ ਦਾ ਪੱਕਾ ਮਨ ਬਣਾ ਚੁੱਕੇ ਹਨ।

ਕੈਨੇਡਾ ਤੋਂ ਪੁੱਜੇ ਭਾਈ ਜਗਜੀਤ ਸਿੰਘ ਤੱਖਰ ਨੇ ਲਾਹੌਰ ਸਾਜਿਸ਼ ਕੇਸ ਦੇ ਪੰਜਾਬ ਦੇ ਨਾਇਕ ਭਾਈ ਰਣਧੀਰ ਸਿੰਘ ਦੇ ਹਜਾਰੀ ਬਾਗ ਜੇਲ੍ਹ ਸਮੇਂ ਗਿਆਨੀ ਹੀਰਾ ਸਿੰਘ ਦਰਦ ਦੀ ਲਿਖੀ ਕਾਵਿ ਟੁਕੜੀ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤੀ।

ਇਸ ਵਿਸ਼ੇਸ਼ ਸਮਾਗਮ ਵਿਚ ਭਾਈ ਜਰਨੈਲ ਸਿੰਘ ਤੇ ਭਾਈ ਪਰਮਜੀਤ ਸਿੰਘ ਦੇ ਕੀਰਤਨੀ ਜਥਿਆਂ ਨੇ ਰਸਭਿੰਨਾ ਸ਼ਬਦ ਕੀਰਤਨ ਕੀਤਾ। ਗਿਆਨੀ ਸ਼ੇਰ ਸਿੰਘ ਤੇ ਭਾਈ ਨਿਸ਼ਾਨ ਸਿੰਘ ਨੇ ਕਥਾ ਰਾਹੀਂ ਗੁਰ ਇਤਿਹਾਸ ਦੇ ਸੁਨਹਿਰੇ ਪੰਨਿਆਂ ਨੂੰ ਸੰਗਤਾਂ ਦੀ ਨਜ਼ਰ ਕੀਤਾ।

ਉਘੇ ਕਵੀ ਭਾਈ ਅਵਤਾਰ ਸਿੰਘ ਆਦਮਪੁਰੀ ਤੇ ਬੀਬੀ ਸੁਰਿੰਦਰ ਕੌਰ ਨੇ ਗਦਰੀ ਯੋਧਿਆਂ ਬਾਰੇ ਲਾਈ ਪੁਸਤਕ ਪ੍ਰਦਰਸ਼ਨੀ ਰਾਹੀਂ ਗਿਆਨ ਦਾ ਚਾਨਣ ਵੰਡਿਆ। ਇਸ ਮੌਕੇ ਜੈਤੇਗ ਸਿੰਘ ਅਨੰਤ ਤੇ ਭਾਈ ਜਗਜੀਤ ਸਿੰਘ ਤੱਖਰ ਨੂੰ ਗੁਰਦੁਆਰਾ ਸਿੰਘ ਸਭਾ ਰੈਂਟਨ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸਮਾਗਮ ਵਿਚ ਭਾਈ ਸ਼ਰਨਜੀਤ ਸਿੰਘ, ਹਰਿੰਦਰਪਾਲ ਸਿੰਘ ਬੈਂਸ, ਮਾਸਟਰ ਦਲਬੀਰ ਸਿੰਘ, ਲੇਖਕ ਵਾਸਦੇਵ ਸਿੰਘ ਪਰਹਾਰ, ਅਮਰਜੀਤ ਸਿੰਘ ਤਰਸਿੱਕਾ, ਈਸ਼ਰ ਸਿੰਘ ਗਰਚਾ, ਭਾਈ ਮਲਕੀਅਤ ਸਿੰਘ ਅਖੰਡ ਕੀਰਤਨੀ ਜਥਾ, ਸ਼ਰਨਜੀਤ ਸਿੰਘ, ਹਰਮਿੰਦਰ ਸਿੰਘ ਜਿੰਦਾ ਤੇ ਡਾ. ਹਰਚੰਦ ਸਿੰਘ ਹਾਜ਼ਰ ਸਨ।

ਸਮਾਗਮ ਨੂੰ ਕਾਮਯਾਬ ਕਰਨ ਵਿਚ ਪ੍ਰਧਾਨ ਹਰਮਿੰਦਰ ਸਿੰਘ, ਸਕੱਤਰ ਗੁਰਦੇਵ ਸਿੰਘ ਤੇ ਸਮਾਗਮ ਦੇ ਵਿਉਂਤਕਾਰ ਅਵਤਾਰ ਸਿੰਘ ਆਦਮਪੁਰੀ ਨੇ ਕੋਈ ਕਸਰ ਬਾਕੀ ਨਾ ਛੱਡੀ।

## ਸਰਾਂਵਾਲੀ ਨੂੰ ਸਾਹਿਤ ਅਕਾਦਮੀ ਦਾ ਯੁਵਾ ਲੇਖਕ ਸਨਮਾਨ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਨੇ ਸਾਲਾਨਾ ਯੁਵਾ ਲੇਖਕ ਸਨਮਾਨ ਲਈ ਵੱਖ-ਵੱਖ ਭਾਸ਼ਾਵਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ।

ਇੰਫਾਲ ਵਿਚ ਹੋਈ ਬੈਠਕ ਦੌਰਾਨ ਪੰਜਾਬੀ ਦੇ ਨੌਜਵਾਨ ਕਵੀ ਰਣਜੀਤ ਸਰਾਂਵਾਲੀ ਨੂੰ ਉਨ੍ਹਾਂ ਦੇ ਕਵਿ ਸੰਗ੍ਰਹਿ 'ਪਾਣੀ ਉਤੇ ਮੀਨਾਕਾਰੀ' ਲਈ ਯੁਵਾ ਲੇਖਕ ਸਨਮਾਨ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਦ ਕਿ ਬਾਲ ਸਾਹਿਤ ਲਈ ਪੰਜਾਬੀ ਵਿਚ ਇਸ ਵਾਰ ਦਾ ਸਨਮਾਨ ਹਿਰਦੇਪਾਲ ਸਿੰਘ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ 14 ਨਵੰਬਰ ਨੂੰ ਹੋਰ ਭਾਸ਼ਾਵਾਂ ਦੇ ਲੇਖਕਾਂ ਨਾਲ ਸਨਮਾਨਤ ਕੀਤਾ ਜਾਵੇਗਾ, ਜਦ ਕਿ ਯੁਵਾ ਪੁਰਸਕਾਰਾਂ ਨੂੰ ਵੰਡਣ ਦੇ ਸਮਾਗਮ ਦੀ ਤਰੀਕ ਬਾਅਦ ਵਿਚ ਐਲਾਨੀ ਜਾਵੇਗੀ।

ਯੁਵਾ ਲੇਖਕ ਦੇ ਸਨਮਾਨ ਲਈ ਚੋਣ ਕਰਨ ਵਾਲੀ ਜਿਊਰੀ ਵਿਚ ਕਿਰਪਾਲ ਕਜ਼ਾਕ, ਡਾ. ਜਸਪਾਲ ਸਿੰਘ ਰੰਧਾਵਾ ਤੇ ਡਾ. ਸੁਰਜੀਤ ਸ਼ਾਮਲ ਸਨ। ਬਾਲ ਸਾਹਿਤ ਲਈ ਲੇਖਕ ਦੀ ਚੋਣ ਕਰਨ ਵਾਲੀ ਜਿਊਰੀ ਵਿਚ ਡਾ. ਮਨਮੋਹਨ ਸਿੰਘ ਦਾਊਂ, ਡਾ. ਸੁਰਿੰਦਰ ਦਵੇਸ਼ਵਰ ਤੇ ਡਾ. ਨਰਵਿੰਦਰ ਕੌਸ਼ਲ ਸ਼ਾਮਲ ਸਨ।

ਹਿੰਦੀ ਵਿਚ ਇਹ ਇਨਾਮ ਨਿਲੋਤਪਾਲ ਮਿਰਾਨਲ ਨੂੰ ਉਨ੍ਹਾਂ ਦੇ ਨਾਵਲ 'ਡਾਰਕ ਹੌਰਸ-ਏਕ ਅਨਕਹੀ ਦਾਸਤਾਂ' ਨੂੰ ਦਿੱਤਾ ਗਿਆ। ਦੋਵਾਂ ਤਰ੍ਹਾਂ ਦੇ ਇਨਾਮਾਂ ਵਿਚ ਪੰਜਾਹ-ਪੰਜਾਹ ਹਜ਼ਾਰ ਰੁਪਏ, ਸਨਮਾਨ ਚਿੰਨ੍ਹ ਤੇ ਲੋਈ ਭੇਟ ਕੀਤੀ ਜਾਵੇਗੀ।

## ਮੋਦੀ ਦੀ ਚਾਹ ਪੀਣ ਵਾਲੇ ਨੂੰ ਦੋ ਲੱਖ ਇਨਾਮ

**ਅਰਨੀ:** ਕਾਂਗਰਸੀ ਨੇਤਾ ਦਿਗਵਿਜੈ ਸਿੰਘ ਨੇ ਐਲਾਨ ਕੀਤਾ ਹੈ ਕਿ ਅਜਿਹਾ ਕੋਈ ਵੀ ਵਿਅਕਤੀ ਜਿਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਚਾਹ ਖਰੀਦੀ ਹੋਵੇ ਜਾਂ ਉਸ ਦੇ ਨਾਲ ਪੜ੍ਹਾਈ ਕੀਤੀ ਹੋਵੇ, ਉਸ ਨੂੰ ਦੋ ਲੱਖ ਦਾ ਇਨਾਮ ਦਿੱਤਾ ਜਾਏਗਾ।



'ਚਾਹ ਉਤੇ ਚਰਚਾ' ਨਾਂ 'ਤੇ ਪਾਰਟੀ ਵੱਲੋਂ ਕੀਤੀ ਗਈ ਕਿਸਾਨ ਵਿਰੋਧੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਕੋਈ ਦਾਅਵਾ ਕਰੇ ਕਿ ਉਹ ਬੀ.ਏ. ਤੱਕ ਮੋਦੀ ਦੇ ਨਾਲ ਪੜ੍ਹਿਆ ਹੈ ਤਾਂ ਦਿਗਵਿਜੈ ਉਸ ਨੂੰ ਇਨਾਮ ਦੇਣਗੇ। ਕਾਂਗਰਸ ਨੇਤਾ ਨੇ ਦਾਅਵਾ ਕੀਤਾ ਹੈ ਕਿ ਮੋਦੀ ਨੇ ਇਕ ਵਾਰ ਆਪ ਮੰਨਿਆ ਸੀ ਕਿ ਉਹ ਮੈਟ੍ਰਿਕ ਪਾਸ ਹਨ, ਪਰ ਹੁਣ ਉਹ ਐਮ.ਏ. ਹੋਣ ਦਾ ਦਾਅਵਾ ਕਰ ਰਹੇ ਹਨ।

## ਅਮਰੀਕਾ ਵਲੋਂ ਮਦਦ ਵਿਚ ਕਟੌਤੀ ਦੇ ਮਾਮਲੇ 'ਚ ਪਾਕਿਸਤਾਨ ਨੂੰ ਰਾਹਤ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ ਹਾਊਸ ਆਫ ਰੀਪ੍ਰਜ਼ੈਂਟੇਟਿਵ ਨੇ ਪਾਕਿਸਤਾਨ ਨੂੰ ਮਦਦ ਵਿਚ ਕਟੌਤੀ ਕਰਨ ਵਾਲੀਆਂ ਦੋ ਸੋਧਾਂ ਨੂੰ



ਨਾ-ਮਨਜ਼ੂਰ ਕਰ ਦਿੱਤਾ ਹੈ। ਜ਼ਿਆਦਾਤਰ ਸੰਸਦ ਮੈਂਬਰਾਂ ਦਾ ਕਹਿਣਾ ਸੀ ਕਿ ਅਤਿਵਾਦ ਖਿਲਾਫ ਜਾਰੀ ਜੰਗ ਦੇ ਲਿਹਾਜ਼ ਨਾਲ ਕਟੌਤੀ ਕਰਨਾ ਸਹੀ ਨਹੀਂ। ਹਾਲ ਹੀ ਵਿਚ ਨੈਸ਼ਨਲ ਡਿਫੈਂਸ ਆਥਰਾਈਜੇਸ਼ਨ ਬਿੱਲ ਪਾਸ ਕੀਤਾ ਸੀ। ਇਸ ਤਹਿਤ ਪਾਕਿ ਨੂੰ 5400 ਕਰੋੜ ਰੁਪਏ ਦਾ ਫੰਡ ਜਾਰੀ ਕਰਨ ਦੀ ਮਨਜ਼ੂਰੀ ਮਿਲ ਗਈ। ਇਸ ਦੇ ਵਿਰੋਧ ਵਿਚ ਹੀ ਸੋਧਾਂ ਲਿਆਂਦੀਆਂ ਗਈਆਂ ਸਨ। ਇਸ ਬਿੱਲ ਨੂੰ ਮਨਜ਼ੂਰੀ ਅਜਿਹੇ ਸਮੇਂ ਦਿੱਤੀ ਗਈ, ਜਦੋਂ ਭਾਰਤ ਨੂੰ ਸਪੈਸ਼ਲ ਸਟੇਟਸ ਦਿਵਾਉਣ ਵਾਲਾ ਬਿੱਲ ਰੱਦ ਕੀਤਾ ਗਿਆ ਹੈ।

ਪਹਿਲਾ ਸੋਧ ਮਤਾ ਟੇਡ ਪੋ ਨੇ ਪੇਸ਼ ਕੀਤਾ ਸੀ। ਪੋ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 90 ਕਰੋੜ ਡਾਲਰ ਦੀ ਫੰਡਿੰਗ ਨੂੰ ਘਟਾ ਕੇ 70 ਕਰੋੜ ਡਾਲਰ ਕਰਨ ਦਾ ਮਤਾ ਦਿੱਤਾ ਸੀ। ਹਾਲਾਂਕਿ ਪੋ ਦਾ ਮਤਾ 191 ਦੇ ਮੁਕਾਬਲੇ 230 ਵੋਟਾਂ ਨਾਲ ਡਿੱਗ ਗਿਆ। ਦੂਜਾ ਮਤਾ ਡਾਨਾ ਰੋਹਾਬੇਕਰ ਨੇ ਪੇਸ਼ ਕੀਤਾ ਸੀ। ਇਹ ਮਤਾ 84 ਦੇ ਮੁਕਾਬਲੇ 236 ਵੋਟਾਂ ਤੋਂ ਡਿੱਗ ਗਿਆ। ਪੋ ਦਾ ਤਰਕ ਸੀ, ਪਾਕਿਸਤਾਨ ਜੰਗ ਦੀ ਗਲਤ ਸਾਈਡ 'ਤੇ ਹੈ। ਪਾਕਿਸਤਾਨ ਨੇ ਉਸਾਮਾ ਨੂੰ ਆਪਣੇ ਕੋਲ ਛੁਪਾਇਆ ਸੀ। ਸਾਨੂੰ ਉਥੇ ਜਾ ਕੇ ਉਸ ਨੂੰ ਲੱਭ ਕੇ ਮਾਰਨਾ ਪਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਾਰਿਆਂ ਨਾਲ ਖੇਡ ਰਿਹਾ ਹੈ। ਉਹ ਸਾਡੇ ਤੋਂ ਪੈਸੇ ਲੈਂਦਾ ਹੈ ਤੇ ਆਈ.ਐਸ.ਆਈ. ਰਾਹੀਂ ਇਹ ਪੈਸੇ ਤਾਲਿਬਾਨ ਨੂੰ ਭੇਜਦਾ ਹੈ। ਪਾਕਿਸਤਾਨ ਨੂੰ 5383 ਕਰੋੜ ਰੁਪਏ ਦੀ ਰਕਮ ਅਤਿਵਾਦ ਖਿਲਾਫ ਲੜਾਈ ਲੜਨ ਲਈ ਦਿੱਤੀ ਜਾ ਰਹੀ ਹੈ। ਇਸ ਵਿਚੋਂ 2018 ਕਰੋੜ ਰੁਪਏ (300 ਮਿਲੀਅਨ ਡਾਲਰ) ਹੱਕਾਨੀ ਨੈੱਟਵਰਕ ਦੇ ਖਾਤਮੇ ਲਈ ਦਿੱਤੇ ਜਾ ਰਹੇ ਹਨ।

## ਸਿੱਖਾਂ ਦੀ ਕੌਮੀ ਪਹਿਚਾਣ ਮੁਹਿੰਮ ਲਈ ਸਿਆਟਲ 'ਚ ਫੰਡਰੇਜ਼ਰ

**ਸਿਆਟਲ (ਬਿਊਰੋ):** 'ਨੈਸ਼ਨਲ ਸਿੱਖ ਕੰਪੇਨ' ਵਲੋਂ ਸਿੱਖਾਂ ਦੀ ਰਾਸ਼ਟਰੀ ਪਹਿਚਾਣ ਮੁਹਿੰਮ ਤਹਿਤ ਇਕ ਫੰਡਰੇਜ਼ਰ ਕੀਤਾ ਗਿਆ ਜਿਸ ਵਿਚ ਸਿਆਟਲ ਦੇ ਸਿੱਖ ਭਾਈਚਾਰੇ ਨੇ ਕਰੀਬ ਡੇਢ ਲੱਖ ਡਾਲਰ ਇਕੱਤਰ ਕੀਤੇ।

ਸੰਸਥਾ ਦੇ ਫਾਊਂਡਰ ਅਤੇ ਚੇਅਰਮੈਨ ਡਾ. ਰਾਜਵੰਤ ਸਿੰਘ ਅਤੇ ਸੰਸਥਾ ਦੀ ਸਿਆਟਲ ਇਕਾਈ ਦੇ ਕੋਆਰਡੀਨੇਟਰ ਇੰਦਰਪਾਲ ਸਿੰਘ ਅਨੁਸਾਰ ਟੀਚਾ ਵੱਧ ਤੋਂ ਵੱਧ ਪ੍ਰਸਾਰ-ਪਸਾਰ ਸਾਧਨਾਂ ਰਾਹੀਂ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਦੇਣ ਦਾ ਮਿੱਥਿਆ ਗਿਆ ਹੈ। ਇਸ ਮੁਹਿੰਮ ਲਈ ਸਿੱਖ ਭਾਈਚਾਰੇ ਤੋਂ ਇਲਾਵਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਸਾਬਕਾ ਪ੍ਰਚਾਰ ਟੀਮ ਏ.ਕੇ.ਪੀ.ਡੀ. ਦੇ ਬਾਨੀ ਡੇਵਿਡ ਐਕਸਲਰੋਡ ਅਤੇ ਹਿਲੇਰੀ ਕਲਿੰਟਨ ਦੇ ਸਾਬਕਾ ਮੁੱਖ ਰਣਨੀਤੀਕਾਰ ਜੈਫ ਗਾਰਿਨ ਵੀ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਕੱਤਰ ਹੋਇਆ ਫੰਡ ਆ ਰਹੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਸਿੱਖਾਂ ਦੀ ਪਹਿਚਾਣ ਦੇ ਪ੍ਰਚਾਰ ਉਤੇ ਖਰਚ ਕੀਤਾ ਜਾਵੇਗਾ। ਇਸ ਮੁਹਿੰਮ ਹੇਠ ਸਿੱਖਾਂ ਦੀ ਦਸਤਾਰ ਮਹੱਤਤਾ ਤੇ ਇਨਸਾਫ ਦੇ ਸਿਧਾਂਤ ਨੂੰ ਅਮਰੀਕੀ ਚੈਨਲਾਂ, ਲੋਕਲ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਿਆ ਜਾਵੇਗਾ।




## ਪਾਕਿਸਤਾਨ ਸਿੱਖ ਕੌਂਸਲ ਗੁਰਦੁਆਰਾ ਸੱਚਖੰਡ ਹਜ਼ੂਰ ਸਾਹਿਬ ਦਾ ਵਿਕਾਸ ਕਰੇਗੀ

**ਲਾਹੌਰ (ਬਿਊਰੋ):** ਗੁਰਦੁਆਰਾ ਸੱਚਖੰਡ ਹਜ਼ੂਰ ਸਾਹਿਬ ਸ਼ਿਕਾਰਪੁਰ ਦੇ ਸਾਰੇ ਮਸਲਿਆਂ 'ਤੇ ਵਿਚਾਰ ਕਰਕੇ ਪਾਕਿਸਤਾਨ ਸਿੱਖ ਕੌਂਸਲ ਨੇ ਫੈਸਲਾ ਕੀਤਾ ਹੈ ਕਿ ਗੁਰੂਘਰ ਦੀ ਸੁਰੱਖਿਆ ਪ੍ਰਗਟਾਉਂਦਿਆਂ ਕਿਹਾ ਕਿ ਇੱਥੋਂ ਦੀ ਸਿੱਖ ਸੰਗਤ ਨੂੰ ਆਉਂਦੀਆਂ ਮੁਸ਼ਕਿਲਾਂ ਸਰਕਾਰੇ ਦਰਬਾਰੇ ਗੱਲ ਕਰਕੇ ਹੱਲ ਕੀਤੀਆਂ ਗਈਆਂ ਹਨ।

ਕੌਂਸਲ ਦੇ ਉਪ ਪ੍ਰਧਾਨ ਭਾਈ ਅਰਸ਼ਜੀਤ



*ਪਾਕਿਸਤਾਨ ਸਿੱਖ ਕੌਂਸਲ ਦੇ ਮੈਂਬਰ*

ਉਸਾਰੂ ਅਤੇ ਵਿਉਂਤਬੰਦੀ ਨਾਲ ਉਲੀਕੀ ਜਾਏਗੀ। ਕੌਂਸਲ ਦੀ ਇਕ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਗੁਰੂਘਰ ਨੂੰ ਵਿਕਸਿਤ ਕਰਨ ਅਤੇ ਇਸ ਦੀ ਸਾਂਭ ਸੰਭਾਲ ਸਬੰਧੀ ਜ਼ਿੰਮੇਵਾਰੀਆਂ ਸਹੀ ਤਰੀਕੇ ਨਾਲ ਸੰਭਾਲੀਆਂ ਜਾਣਗੀਆਂ।

ਪਾਕਿਸਤਾਨ ਸਿੱਖ ਕੌਂਸਲ ਦੇ ਪੈਟਰਨ ਇਨ ਚੀਫ਼ ਤੇ ਘੱਟ ਗਿਣਤੀ ਕਮਿਸ਼ਨ ਸਿੰਧ ਸਰਕਾਰ ਦੇ ਮੈਂਬਰ ਭਾਈ ਰਮੇਸ਼ ਸਿੰਘ ਖਾਲਸਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਬਾਰੇ ਸਹਿਮਤੀ ਸਿੰਘ ਗਿੱਲ ਨੇ ਕਿਹਾ ਕਿ ਸਾਨੂੰ ਪੰਜਾਬੀ ਪੜ੍ਹਾਉਣ ਅਤੇ ਇਸ ਨੂੰ ਗੁਰੂਘਰਾਂ ਵਿਚ ਵਿਕਸਿਤ ਕਰਨ 'ਤੇ ਜੋਰ ਦੇਣਾ ਚਾਹੀਦਾ ਹੈ ਤਾਂ ਜੋ ਪਾਕਿਸਤਾਨ ਵਿਚ ਬੈਠਾ ਸਿੱਖ ਬਾਣੀ ਨਾਲ ਜੁੜ ਸਕੇ।

ਹੋਰਨਾਂ ਤੋਂ ਇਲਾਵਾ ਇਸ ਮੀਟਿੰਗ ਵਿਚ ਵਿਕਾਸ ਸਿੰਘ, ਰਾਮ ਸਿੰਘ, ਅਰਜਨ ਸਿੰਘ ਵੀ ਮੌਜੂਦ ਸਨ ਜਿਨ੍ਹਾਂ ਨੇ ਇਨ੍ਹਾਂ ਉਪਰਾਲਿਆਂ 'ਤੇ ਸਹਿਮਤੀ ਪ੍ਰਗਟਾ ਕੇ ਸ਼ਿਕਾਰਪੁਰ ਦੇ ਗੁਰੂਘਰ ਨੂੰ ਅੰਤਰਰਾਸ਼ਟਰੀ ਪੱਧਰ ਤੇ ਉਭਾਰਨ ਸਬੰਧੀ ਯੋਗਦਾਨ ਪਾਇਆ ਹੈ।

# The American Petroleum & Convenience Store Association

APCA
AMERICAN PETROLEUM AND CONVENIENCE STORE ASSOCIATION

## ਕੈਲੀਫੋਰਨੀਆ ਦੇ ਗੈਸ ਸਟੇਸ਼ਨ, ਲੀਕਰ ਸਟੋਰ, ਕਨਵੀਨਿਅੰਸ ਸਟੋਰ SB 1400 ਬਿੱਲ ਨਾਲ ਬੰਦ ਹੋ ਸਕਦੇ ਹੈ




## ਅਮਰੀਕਨ ਪੈਟਰੋਲੀਅਮ ਐਂਡ ਕਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ SB 1400 ਬਿੱਲ ਦਾ ਵਿਰੋਧ

### ਆਓ ਸਾਰੇ ਸਟੋਰ ਮਾਲਕ ਰੱਲ ਕੇ ਇਸ ਬਿੱਲ ਨੂੰ ਪਾਸ ਹੋਣ ਤੋਂ ਰੋਕੀਏ

ਇਸ ਬਿੱਲ ਦੇ ਵਿਰੋਧ ਵਿਚ ਏਪੀਸੀਏ ਵੱਲੋਂ ਇਕ ਅਹਿਮ ਡੀਨਰ ਮੀਟਿੰਗ ਰੱਖੀ ਗਈ ਹੈ

**Thursday June 23rd at 6pm**

**Flamingo Banquet Hall, 910 Lincoln Rd, Vallejo CA**

ਸਮੂਹ ਸਟੋਰ ਮਾਲਕਾਂ ਨੂੰ ਇਸ ਅਹਿਮ ਮੀਟਿੰਗ ਵਿਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ

ਇਸ Bill ਪ੍ਰਤੀ ਇਕ Commettee ਦੀ Meeting

**28 June ਸਵੇਰੇ 8 ਵਜੇ**

State Capital Sacramento ਵਿਚ 14 Members ਦੀ Meeting ਹੋਵੇਗੀ।

ਆਓ ਸਾਰੇ ਗੈਸ ਸਟੇਸ਼ਨ, ਲੀਕਰ ਸਟੋਰ ਅਤੇ ਕਨਵੀਨਿਅੰਸ ਸਟੋਰਾਂ ਦੇ ਮਾਲਕ ਇਸ ਮੀਟਿੰਗ ਦੇ ਵਿਰੋਧ ਵਿਚ ਸਟੇਟ ਕੈਪੀਟਲ ਸੈਕਰਾਮੈਂਟੋ ਇਕੱਠੇ ਹੋਈਏ।

ਕੈਲੀਫੋਰਨੀਆ ਦੇ ਸਾਰੇ ਹੀ ਗੈਸ ਸਟੇਸ਼ਨ, ਲੀਕਰ ਸਟੋਰ ਅਤੇ ਕਨਵੀਨਿਅੰਸ ਸਟੋਰਾਂ ਲਈ ਬਹੁਤ ਹੀ ਮੰਦ ਭਾਗੀ ਖਬਰ ਹੈ ਕਿ ਕੈਲੀਫੋਰਨੀਆ ਦੀ ਸੈਨੇਟ ਨੇ ਪਿਛਲੇ ਦਿਨੀ Bill SB 1400 ਪਾਸ ਕਰ ਦਿੱਤਾ ਹੈ ਤੇ ਹੁਣ Assembly 'ਚ ਪਾਸ ਹੋਣ ਲਈ ਜਾ ਰਿਹਾ ਹੈ।

ਇਸ Bill ਦੇ ਪਾਸ ਹੋਣ ਨਾਲ ਕੋਈ ਵੀ Gas Station Liquor, Store ਜਾਂ Convenience store ਵਾਲੇ ਸਿਗਰਿਟ ਅਤੇ Tabbaco Items ਮਤਲਬ 30 ਤੋਂ 50 % ਘੱਟ ਜਾਏਗੀ, ਇਕਲਾ Cigrette ਜਾਂ Tabboco Items ਦਾ ਹੀ ਫਰਕ ਨਹੀਂ ਪਏਗਾ ਨਾਲ-ਨਾਲ ਸੋਡਾ-ਸਨੈਕ, ਲਾਟੋ ਅਤੇ ਹੋਰ related Items 'ਚ ਵੀ ਬਹੁਤ ਫ਼ਰਕ ਪਏਗਾ।

ਇਹ Bill Assembly 'ਚ ਪਾਸ ਨਾ ਹੋ ਸਕੇ ਇਸ ਪ੍ਰਤੀ ਸਾਰੇ ਹੀ Gas Station, Liquor Store ਤੇ Convenience ਸਟੋਰਾਂ ਵਾਲਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਅਸੀਂ ਸਾਰੇ ਇਕੱਠੇ ਹੋ ਕਿ ਆਪਣੇ-ਆਪਣੇ ਇਲਾਕੇ ਦੇ Assembly Member ਨੂੰ Phone ਕਰਕੇ email ਕਰਕੇ ਜਾਂ ਮਿਲ ਕੇ ਉਹਨਾਂ ਨੂੰ ਜਾਗਰਿਤ ਕਰੀਏ ਕਿ ਇਹ Bill ਪਾਸ ਨਾ ਕਰਨ।

ਕਿਉਂਕਿ ਜੇ ਇਹ Bill ਪਾਸ ਹੋ ਜਾਂਦਾ ਹੈ ਤਾਂ ਸਾਰੇ Small Bussiness ਬੰਦ ਹੋਣ ਜਾਣ ਦਾ ਖੱਤਰਾ ਹੈ ਸਾਨੂੰ ਸਾਰਿਆਂ ਨੂੰ Un-Employment ਜਾਣਾ ਪਏਗਾ। ਅਸੀਂ ਆਪਣੇ ਬੱਚਿਆਂ ਨੂੰ ਉੱਚ ਵਿਦਿਆ ਨਹੀਂ ਦੇ ਸਕਾਂਗੇ। ਹੋਰ ਵੀ ਪਰਿਵਾਰਕ ਸਮਸਿਆਵਾਂ ਹੋ ਸਕਦੀਆਂ ਹਨ।

ਇਸ Bill ਪ੍ਰਤੀ ਇਕ Commettee ਦੀ Meeting 28 June ਸਵੇਰੇ 8 ਵਜੇ State Capital Sacramento ਵਿਚ 14 Members ਦੀ Meeting ਹੋਵੇਗੀ। ਸਾਨੂੰ California ਦੇ ਸਾਰੇ Gas Station, Liquor Stores ਅਤੇ Convenience ਸਟੋਰਾਂ ਦੇ ਮਾਲਕਾਂ ਨੂੰ ਇਕੱਠੇ ਹੋ ਕੇ Capital 'ਚ ਵੱਧ ਤੋਂ ਵੱਧ ਗਿਣਤੀ 'ਚ ਆ ਕੇ ਅਸੀਂ ਆਪਣੇ ਹਕ ਲਈ ਸੰਘਰਸ਼ ਕਰੀਏ ਤਾਂ ਕਿ ਇਹ ਮੰਦ ਭਾਗਾ Bill ਪਾਸ ਨਾ ਹੋ ਸਕੇ।

## Oppose SB 1400
### Stop California Senate's Ban on Convenience Store Tobacco Sales

» On June 2nd, the California State Senate Passed SB 1400, a bill that would effectively outlaw tobacco sales in convenience stores. SB 1400 redefines "retail location" for purposes of selling tobacco products as any retail business that, in addition to other requirements, generates 60% of its revenue through tobacco product sales.

» This bill would cut off sales to over 50,000 convenience store owners in the state. It is another example of blatant regulatory over reach by a state legislature that seems more and more motivated to micromanage the daily lives of its citizens, while squeezing the very businesses that provide it with needed tax revenue. In some stores, tobacco and paraphenalia sales account for 30% of revenue. Removing this stream would be devastating for our industry. APCA is encouraging its California members to reach out to their state Assemblymen to strongly oppose this ill-conceived measure. APCA members are encouraged to write their representative to stop SB 1400, a bill that would outlaw tobacco sales in convenience stores, limiting them to cigar and tobacco specific shops.

## A few talking points during your conversation with any politician.

1. Our businesses will lose 30 to 50% sales.
2. At least 30,000 will be forced shut down!
3. Impact on STATE lotto that helps funds schools will take a major hit.
4. Loss of jobs at stores and suppliers.

We should turn all of the signatures to your local Assemblymen office. Also please CONTINUE collecting signatures after the first batch.

Call all of these committee members and let them know that you Oppose SB 1400. They can kill the bill before it moves to the assembly as well!

There are sixty plus Assembly Members in the state of California who are going to decide the future of your lively hood. If everyone thinks it is important issue, then let us all get together.

For More Information : 510-290-7174, 707-290-8530, 707-322-9223, 707-315-2468

email : admin@apca.us, Web : www.apca.us

# ਫਿਲਮ 'ਤੂਫਾਨ ਸਿੰਘ' ਦਾ ਪੋਸਟਰ ਰਿਲੀਜ਼

**ਯੂਬਾ ਸਿਟੀ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਅਮੈਰਿਕਨ ਹੈਰੀਟੇਜ ਸੁਸਾਇਟੀ ਵਲੋਂ ਇਥੇ ਕਰਵਾਏ ਗਏ ਸਲਾਨਾ ਮੇਲੇ ਦੌਰਾਨ ਸ਼ਹੀਦ ਭਾਈ ਯੁਵਰਾਜ ਸਿੰਘ ਦੀ ਜੀਵਨੀ 'ਤੇ ਆਧਾਰਤ ਫਿਲਮ 'ਤੂਫਾਨ ਸਿੰਘ' ਦਾ ਪੋਸਟਰ ਉਘੇ ਪ੍ਰਮੋਟਰ ਜੱਸੀ ਬੰਗਾ ਦੀ ਅਗਵਾਈ ਹੇਠ ਕਾਂਗਰਸਮੈਨ ਜੋਹਨ ਗਰਮਿੰਡੀ ਅਤੇ ਹੋਰ ਸ਼ਖਸੀਅਤਾਂ ਵਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਰਾਇਲ ਫਿਨੇ ਆਰਟਸ ਦੇ ਪ੍ਰੋਡਿਊਸਰ ਦਿਲਬਾਗ ਸਿੰਘ ਯੂ.ਕੇ. ਵੀ ਉਚੇਚਾ ਪੁੱਜੇ।

ਜੱਸੀ ਬੰਗਾ ਨੇ ਦੱਸਿਆ ਕਿ ਇਸ ਫਿਲਮ ਦੇ ਪ੍ਰੋਡਿਊਸਰ ਸ: ਦਿਲਬਾਗ ਸਿੰਘ ਪਿਛਲੀ ਦਿਨੀਂ ਹੀ ਸਵਰਗੀ ਹਰਭਜਨ ਲਾਖਾ ਦੇ ਪਰਿਵਾਰ ਨੂੰ ਮਿਲੇ ਸਨ। ਕਿਉਂਕਿ ਹਰਭਜਨ ਲਾਖਾ ਨੇ ਹੀ ਪਾਰਲੀਮੈਂਟ ਵਿਚ ਭਾਈ ਯੁਵਰਾਜ ਸਿੰਘ ਉਰਫ਼ ਤੂਫ਼ਾਨ ਸਿੰਘ ਦਾ ਮੁੱਦਾ ਉਠਾਇਆ ਸੀ ਕਿ ਉਹ ਬਿਲਕੁਲ ਨਿਰਦੋਸ਼ ਸੀ ਅਤੇ ਉਸਨੂੰ ਨਿਹੱਥਾ ਹੀ ਸ਼ਹੀਦ ਕੀਤਾ ਗਿਆ ਹੈ। ਉਨ੍ਹਾਂ ਦਲੀਲ ਦਿੱਤੀ ਸੀ ਕਿ ਜੇ ਉਹ ਅਤਿਵਾਦੀ ਹੁੰਦਾ ਤਾਂ ਉਸ ਦੇ ਸੰਸਕਾਰ ਮੌਕੇ ਦਸ ਲੱਖ ਵਿਅਕਤੀ ਇਕੱਠੇ ਨਾ ਹੁੰਦੇ। ਫਿਲਮ ਵਿਚ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਨਿਹੱਥਿਆਂ ਦੀ ਕਹਾਣੀ ਨੂੰ ਵੀ ਉਜਾਗਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਫਿਲਮ 15 ਜੁਲਾਈ 2016 ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਵਿਚ ਮੁਖ ਭੂਮਿਕਾ ਗਾਇਕ ਰਣਜੀਤ ਬਾਵਾ ਨੇ ਨਿਭਾਈ ਹੈ ਅਤੇ ਰਣਜੀਤ ਬਾਵੇ ਦੀ ਇਹ ਪਲੇਠੀ ਫਿਲਮ ਹੈ।




# ਕਸ਼ਮੀਰ ਸਿੰਘ ਧੁੱਗਾ ਦੀ ਇੰਟਰਨੈਸ਼ਨਲ ਅਲਾਇੰਸ ਕਲੱਬ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ

**ਫਰੀਮਾਂਟ (ਬਿਊਰੋ):** ਹਾਲ ਹੀ ਵਿਚ ਆਸਟਰੇਲੀਆ ਦੇ ਸ਼ਹਿਰ ਕੈਸਲਵੁਡ ਵਿਚ ਹੋਏ ਗਰੈਂਡ ਮਾਸਟਰਜ਼ ਵਰਲਡ ਕੱਪ ਹਾਕੀ ਟੂਰਨਾਮੈਂਟ ਵਿਚ ਇੰਟਰਨੈਸ਼ਨਲ ਅਲਾਇੰਸ ਕਲੱਬ ਦੀ ਟੀਮ ਨੇ 65 ਸਾਲ ਦੇ ਉਮਰ ਵਰਗ ਵਿਚ ਤੀਜੇ ਥਾਂ 'ਤੇ ਰਹਿ ਕੇ ਕਾਂਸੀ ਦਾ ਤਮਗਾ ਜਿੱਤਿਆ। ਹੇਵਰਡ ਵਾਸੀ ਕੈਸ਼ ਫੈਬਰਿਕਸ ਦੇ ਮਾਲਕ ਅਤੇ ਕੈਲੀਫੋਰਨੀਆ ਦੀ ਉਘੀ ਹਸਤੀ ਮੰਨੇ ਜਾਂਦੇ ਕਸ਼ਮੀਰ ਸਿੰਘ ਧੁੱਗਾ ਇਕ ਲੰਮੇ ਅਰਸੇ ਤੋਂ ਇੰਟਰਨੈਸ਼ਨਲ ਅਲਾਇੰਸ ਕਲੱਬ ਦੀ ਟੀਮ ਨਾਲ ਖੇਡਦੇ ਆ ਰਹੇ ਹਨ। ਕੈਮ ਗਿੱਲ, ਅਵਤਾਰ ਸਿੰਘ ਤਾਰੀ (ਐਲਾਮੀਡਾ ਕਾਊਂਟੀ ਦੇ ਹਾਊਸਿੰਗ ਡਿਵੈਲਪਮੈਂਟ ਦੇ ਕਮਿਸ਼ਨਰ) ਅਤੇ ਜੌਹਨ ਪਾਲ ਸਿੰਘ ਨੇ ਉਨ੍ਹਾਂ ਦਾ ਭਰਵਾਂ ਸਾਥ ਦਿੱਤਾ।



ਇਸ ਟੂਰਨਾਮੈਂਟ ਵਿਚ 60, 65 ਅਤੇ 70 ਸਾਲ ਉਮਰ ਵਰਗ ਦੇ ਖਿਡਾਰੀਆਂ ਨੇ ਹਿੱਸਾ ਲਿਆ ਅਤੇ ਟੀਮਾਂ ਆਸਟਰੇਲੀਆ ਤੋਂ ਇਲਾਵਾ ਨਿਊਜ਼ੀਲੈਂਡ, ਨੀਦਰਲੈਂਡ (ਹੌਲੈਂਡ), ਸਕਾਟਲੈਂਡ, ਜਪਾਨ, ਆਇਰਲੈਂਡ, ਵਾਲੇਸ, ਸਪੇਨ, ਸਿੰਗਾਪੁਰ, ਜਰਮਨੀ, ਮਲੇਸ਼ੀਆ, ਇੰਗਲੈਂਡ, ਸਾਊਥ ਅਫਰੀਕਾ, ਬੈਲਜੀਅਮ ਅਤੇ ਕਈ ਹੋਰ ਦੇਸ਼ਾਂ ਤੋਂ ਪਹੁੰਚੀਆਂ ਸਨ।

60 ਸਾਲ ਉਮਰ ਵਰਗ ਦੇ ਮੁਕਾਬਲੇ ਵਿਚ ਹਾਲੈਂਡ ਪਹਿਲੇ, ਆਸਟਰੇਲੀਆ ਦੂਜੇ ਅਤੇ ਇੰਗਲੈਂਡ ਤੀਜੇ ਥਾਂ ਰਹੀ ਜਦੋਂਕਿ 65 ਸਾਲ ਉਮਰ ਵਰਗ ਵਿਚ ਹਾਲੈਂਡ ਪਹਿਲੇ, ਇੰਗਲੈਂਡ ਦੂਜੇ ਅਤੇ ਇੰਟਰਨੈਸ਼ਨਲ ਅਲਾਇੰਸ ਕਲੱਬ ਦੀ ਟੀਮ ਤੀਜੇ ਥਾਂ 'ਤੇ ਰਹੀ।




# ਆਸਟਰੇਲੀਆ ਵਿਚ ਪਰਵਾਸੀਆਂ ਨੂੰ ਰਾਹਤ

**ਸਿਡਨੀ:** ਆਸਟਰੇਲੀਆ ਵਿਚ ਤਕਰੀਬਨ 26 ਹਜ਼ਾਰ ਤੋਂ ਵੱਧ ਪਰਵਾਸੀਆਂ ਵੱਲੋਂ ਆਪਣੇ ਮਾਪਿਆਂ ਦੀ ਆਮਦ ਲਈ ਕੀਤੀ ਬੇਨਤੀ 'ਤੇ ਗੌਰ ਹੋਣ ਦੇ ਆਸਾਰ ਬਣੇ ਹਨ, ਕਿਉਂਕਿ ਆਸਟਰੇਲੀਆ ਦੀ ਮੁੱਖ ਵਿਰੋਧੀ ਪਾਰਟੀ ਲੇਬਰ ਨੇ ਮਾਪਿਆਂ ਦੇ ਵੀਜ਼ੇ ਨੂੰ ਅਹਿਮ ਮੰਨਦੇ ਹੋਏ ਇਸ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ ਹੈ।

ਇਸ ਬਾਰੇ ਪਰਵਾਸ ਤੇ ਸਰਹੱਦ ਸੁਰੱਖਿਆ ਵਿਭਾਗ ਦੇ 'ਸ਼ੈਡੋ ਮੰਤਰੀ' ਤੇ ਸੰਸਦ ਮੈਂਬਰ ਰਿਚਰਡ ਮਾਰਲਸ ਅਤੇ ਨਾਗਰਿਕਤਾ ਤੇ ਬਹੁ ਸਭਿਆਚਾਰਕ ਵਿਭਾਗ ਦੇ 'ਸ਼ੈਡੋ ਮੰਤਰੀ' ਤੇ ਸੰਸਦ ਮੈਂਬਰ ਮਿਸ਼ੈਲ ਰੈਨਾਲਡ ਨੇ ਸਾਂਝੇ ਲਿਖਤੀ ਬਿਆਨ ਰਾਹੀਂ ਕਿਹਾ ਕਿ ਆਸਟਰੇਲੀਆ ਦੀ ਜਨਸੰਖਿਆ ਵਿਚ ਪਰਵਾਸੀਆਂ ਦੀ ਵੱਡੀ ਗਿਣਤੀ ਹੈ। ਲੇਬਰ ਸਰਕਾਰ ਬਣਨ ਉਤੇ ਵਿਜ਼ਟਰ ਵੀਜ਼ਾ ਪ੍ਰੋਗਰਾਮ ਵਿਚ ਪਰਵਾਸੀ ਭਾਈਚਾਰੇ ਦੀ ਮਦਦ ਲਈ ਮਾਪਿਆ ਦਾ ਵੀਜ਼ਾ ਤਿੰਨ ਸਾਲ ਤੱਕ ਦਾ ਕਰ ਦਿੱਤਾ ਜਾਵੇਗਾ ਜੋ ਹੁਣ 12 ਮਹੀਨੇ ਤੱਕ ਦਾ ਹੈ। ਤਿੰਨ ਸਾਲ ਪੂਰੇ ਹੋਣ 'ਤੇ ਮਾਪੇ ਸਿਰਫ ਚਾਰ ਹਫਤੇ ਲਈ ਆਸਟਰੇਲੀਆ ਤੋਂ ਬਾਹਰ ਰਹਿ ਕੇ ਫਿਰ ਦੁਬਾਰਾ ਆਪਣਾ ਤਿੰਨ ਸਾਲ ਦਾ ਵੀਜ਼ਾ ਲਗਵਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਮੌਜੂਦਾ ਨਿਯਮਾਂ ਅਨੁਸਾਰ ਇਕ ਸਾਲ ਪੂਰਾ ਹੋਣ 'ਤੇ 6 ਮਹੀਨੇ ਲਈ ਆਸਟਰੇਲੀਆ ਤੋਂ ਬਾਹਰ ਰਹਿਣਾ ਪੈਂਦਾ ਹੈ। ਵੀਜ਼ਾ ਹੋਲਡਰ ਲਈ ਸਿਹਤ ਬੀਮਾ ਪਾਲਸੀ ਕਿਸੇ ਵੀ ਆਸਟਰੇਲੀਅਨ ਕੰਪਨੀ ਤੋਂ ਦੇਸ਼ ਵਿਚ ਦਾਖਲ ਹੋਣ ਤੋਂ ਪਹਿਲਾਂ ਖਰੀਦਣੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪ੍ਰਤੀ ਵੀਜ਼ਾ ਹੋਲਡਰ ਲਈ 5000 ਡਾਲਰ ਦਾ ਬਾਂਡ ਦੇਣਾ ਹੋਵੇਗਾ। ਲਿਬਰਲ ਸਰਕਾਰ ਨੇ ਮਾਪਿਆਂ ਦੀਆਂ ਕੁਝ ਸ਼੍ਰੇਣੀਆਂ ਨੂੰ 2014 ਵਿਚ ਖਤਮ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਸਰਕਾਰ ਨੇ ਪੇਰੈਂਟਸ ਵੀਜ਼ੇ ਨੂੰ ਘੱਟ ਤਰਜੀਹ ਦੇ ਤੌਰ 'ਤੇ ਪਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਪੰਜਾਬੀਆਂ ਸਣੇ ਹਜ਼ਾਰਾਂ ਬਾਹਰਲੇ ਲੋਕਾਂ ਨੇ 'ਲੌਂਗ ਸਟੇਅ ਵੀਜ਼ਾ ਫੌਰ ਪੇਰੈਂਟਸ' ਪ੍ਰਣਾਲੀ ਬਣਾਉਣ ਪਟੀਸ਼ਨ ਦਾਇਰ ਕੀਤੀ ਸੀ ਜੋ ਮੌਜੂਦਾ ਇਮੀਗ੍ਰੇਸ਼ਨ ਮੰਤਰੀ ਨੇ ਨਾਮਨਜ਼ੂਰ ਕਰ ਦਿੱਤੀ ਸੀ।

# ਨਾਈਟ ਕਲੱਬ ਵਿਚ 70 ਲੋਕਾਂ ਦੀ ਜਾਨ ਬਚਾਉਣ ਵਾਲੇ ਭਾਰਤੀ ਦੀ ਚਰਚਾ

**ਵਾਸ਼ਿੰਗਟਨ:** ਅਮਰੀਕੀ ਜਲ ਸੈਨਾ ਦੇ ਭਾਰਤੀ ਮੂਲ ਦੇ ਸਾਬਕਾ ਅਫਸਰ ਇਮਰਾਨ ਯੂਸਫ ਨੂੰ ਅੱਜ-ਕੱਲ੍ਹ ਹੀਰੋ ਕਿਹਾ ਜਾ ਰਿਹਾ ਹੈ। ਉਸ ਨੇ ਪਿਛਲੇ ਦਿਨੀਂ ਫਲੋਰੀਡਾ ਦੇ ਇਕ ਨਾਈਟ ਕਲੱਬ ਵਿਚ ਹੋਏ ਹਮਲੇ ਵਿਚ 70 ਤੋਂ ਵੱਧ ਲੋਕਾਂ ਦੀ ਜਾਨ ਬਚਾਈ ਸੀ।



ਮੀਡੀਆ ਰਿਪੋਰਟਾਂ ਮੁਤਾਬਕ ਜਦੋਂ ਕਲੱਬ 'ਤੇ ਹਮਲਾ ਹੋਇਆ, ਉਸ ਵੇਲੇ ਯੂਸਫ ਕਲੱਬ ਵਿਚ ਬਾਊਂਸਰ ਵਜੋਂ ਕੰਮ ਕਰ ਰਿਹਾ ਸੀ। ਇਸ ਦੌਰਾਨ ਉਸ ਨੂੰ ਗੋਲੀਆਂ ਚੱਲਣ ਦੀ ਆਵਾਜ਼ ਆਈ। ਇਸ ਤੋਂ ਬਾਅਦ ਸਾਰੇ ਸਹਿਮ ਗਏ। ਇਸ ਦੌਰਾਨ ਹੀ ਯੂਸਫ ਖਾਨ ਨੂੰ ਲੱਗਿਆ, ਜੇਕਰ ਪਿੱਛੇ ਦਾ ਦਰਵਾਜ਼ਾ ਖੋਲ੍ਹਿਆ ਜਾਵੇ ਤਾਂ ਉਥੋਂ ਬਾਹਰ ਨਿਕਲਿਆ ਜਾ ਸਕਦਾ ਹੈ। ਯੂਸਫ ਨੇ ਛਾਲ ਮਾਰ ਕੇ ਪਿਛਲਾ ਦਰਵਾਜ਼ਾ ਖੋਲ੍ਹ ਦਿੱਤਾ। ਬਹੁਤ ਸਾਰੇ ਲੋਕਾਂ ਨੇ ਬਾਹਰ ਆ ਕੇ ਆਪਣੀ ਜਾਨ ਬਚਾਈ। ਇਕ ਮੀਡੀਆ ਅਦਾਰੇ ਨਾਲ ਗੱਲਬਾਤ ਕਰਦਿਆਂ ਉਸ ਨੇ ਦੱਸਿਆ, "ਮੈਂ ਚੀਖ ਰਿਹਾ ਸੀ ਕਿ ਬੂਹਾ ਖੋਲ੍ਹੋ, ਬੂਹਾ ਖੋਲੋ ਪਰ ਸਾਰੇ ਡਰੇ ਹੋਏ ਸਨ, ਇਸ ਕਾਰਨ ਕਿਸੇ ਨੇ ਵੀ ਬੂਹਾ ਨਹੀਂ ਖੋਲ੍ਹਿਆ। ਇਸ ਤੋਂ ਬਾਅਦ ਮੇਰੇ ਕੋਲ ਇਕੋ ਹੀ ਰਸਤਾ ਸੀ ਕਿ ਮੈਂ ਛਾਲ ਮਾਰ ਕੇ ਬੂਹਾ ਖੋਲ੍ਹ ਦਿਆਂ ਜਾਂ ਫਿਰ ਸਾਰੇ ਡਰ ਕੇ ਉਥੇ ਹੀ ਬੈਠੇ ਰਹਿੰਦੇ ਤੇ ਮੌਤ ਦੇ ਮੂੰਹ ਵਿਚ ਪੈ ਜਾਂਦੇ।

ਯੂਸਫ ਨੇ ਕਿਹਾ ਕਿ ਇਸ ਤੋਂ ਬਾਅਦ ਉਸ ਨੇ ਛਾਲ ਮਾਰ ਕੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਇਸ ਰਸਤੇ ਤੋਂ ਕਈ ਲੋਕਾਂ ਨੇ ਬਾਹਰ ਆ ਕੇ ਆਪਣੀ ਜਾਨ ਬਚਾਈ। ਮੀਡੀਆ ਰਿਪੋਰਟ ਮੁਤਾਬਕ, ਯੂਸਫ 60-70 ਲੋਕਾਂ ਦੀ ਜਾਨ ਬਚਾਉਣ ਵਿਚ ਸਫਲ ਰਹੇ। ਇਮਰਾਮ ਦੇ ਭਰਾ ਅਮੀਰ ਯੂਸਫ ਨੇ ਕਿਹਾ, ਸਾਨੂੰ ਬਿਲਕੁਲ ਉਮੀਦ ਨਹੀਂ ਸੀ ਕਿ ਯੂਸਫ ਦੀ ਜਲ ਸੈਨਾ ਦੀ ਟ੍ਰੇਨਿੰਗ ਇਸ ਤਰ੍ਹਾਂ ਕੰਮ ਆਵੇਗੀ। ਜਲ ਸੈਨਾ ਐਸੋਸੀਏਸ਼ਨ ਨੇ ਇਮਰਾਨ ਦੀ ਫੋਟੋ ਦੇ ਨਾਲ ਟਵੀਟ ਕੀਤਾ, ਸ਼ੂਟਿੰਗ ਦੇ ਦੌਰਾਨ ਇਮਰਾਨ ਨੇ ਕਈ ਲੋਕਾਂ ਦੀ ਜਾਨ ਬਚਾਈ। ਦੱਸਣਯੋਗ ਹੈ ਕਿ ਯੂਸਫ ਦੇ ਮਾਤਾ-ਪਿਤਾ ਹਿੰਦੂ ਹਨ। ਉਸ ਦੇ ਬਜ਼ੁਰਗ ਵੀ ਭਾਰਤ ਤੋਂ ਹੀ ਸਨ।

## ਹਮਲਾਵਰ ਦੀ ਪਤਨੀ ਨੂੰ ਸੀ ਸਾਜ਼ਿਸ਼ ਦੀ ਜਾਣਕਾਰੀ

**ਨਿਊ ਯਾਰਕ:** ਅਰਲੈਂਡੋ ਵਿਚ ਗੋਲੀਬਾਰੀ ਕਰਨ ਵਾਲੇ ਉਮਰ ਮਤੀਨ ਦੀ ਪਤਨੀ ਨੂੰ ਗੇਅ ਨਾਈਟ ਕਲੱਬ ਵਿਚ ਉਸ ਦੇ ਹਮਲੇ ਦੀ ਸਾਜ਼ਿਸ਼ ਦੀ ਜਾਣਕਾਰੀ ਸੀ ਤੇ ਜਦ ਉਸ ਨੇ ਹਥਿਆਰ ਖਰੀਦੇ ਤਾਂ ਉਹ ਪਤੀ ਦੇ ਨਾਲ ਸੀ। ਮੀਡੀਆ ਦੀਆਂ ਰਿਪੋਰਟਾਂ ਵਿਚ ਇਹ ਗੱਲ ਕਹੀ ਜਾ ਰਹੀ ਹੈ ਕਿ ਇਸ ਬਾਰੇ ਪੁਲੀਸ ਨੂੰ ਚੌਕਸ ਨਾ ਕਰਨ ਕਾਰਨ ਮਤੀਨ ਦੀ ਪਤਨੀ ਖਿਲਾਫ਼ ਫੌਜਦਾਰੀ ਕੇਸ ਚਲਾਇਆ ਜਾ ਸਕਦਾ ਹੈ।

ਐਨ.ਬੀ.ਸੀ. ਨਿਊਜ਼ ਨੇ ਇਸ ਮਾਮਲੇ ਨਾਲ ਸਬੰਧਤ ਕਈ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਨੂਰ ਜਾਹੀ ਸਲਮਾਨ ਨੇ ਐਫ.ਬੀ.ਆਈ. ਨੂੰ ਦੱਸਿਆ ਹੈ ਕਿ ਜਦੋਂ ਮਤੀਨ ਨੇ ਹਥਿਆਰ ਤੇ ਪਿਸਤੌਲ ਰੱਖਣ ਵਾਲਾ ਕਵਰ ਖਰੀਦਿਆ ਤਾਂ ਉਹ ਉਸ ਦੇ ਨਾਲ ਸੀ। ਸਲਮਾਨ ਨੇ ਦੱਸਿਆ ਕਿ ਉਸ ਨੇ ਆਪਣੇ ਪਤੀ ਨਾਲ ਗੇਅ ਨਾਈਟ ਕਲੱਬ 'ਤੇ ਹਮਲੇ ਬਾਰੇ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਰਿਪੋਰਟ ਮੁਤਾਬਕ ਇਸ ਦੀ ਜਾਣਕਾਰੀ ਪੁਲੀਸ ਨੂੰ ਨਾ ਦੇਣ ਕਾਰਨ ਹੁਣ ਮਤੀਨ ਦੀ ਪਤਨੀ ਖਿਲਾਫ਼ ਅਪਰਾਧਕ ਮੁਕੱਦਮਾ ਚੱਲ ਸਕਦਾ ਹੈ।

## ਬੰਦੂਕ ਸਭਿਆਚਾਰ ਖਿਲਾਫ਼ ਸਖਤੀ ਹੋਵੇ: ਹਿਲੇਰੀ ਕਲਿੰਟਨ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਦੀ ਡੈਮੋਕਰੈਟਿਕ ਉਮੀਦਵਾਰ ਬਣਨ ਲਈ ਮਜ਼ਬੂਤ ਦਾਅਵੇਦਾਰ ਹਿਲੇਰੀ ਕਲਿੰਟਨ ਨੇ ਦੇਸ਼ ਵਿਚ ਗੋਲੀਬਾਰੀ ਦੀਆਂ ਵਧਦੀਆਂ ਘਟਨਾਵਾਂ ਦੇ ਮੱਦੇਨਜ਼ਰ ਬੰਦੂਕ ਸੱਭਿਆਚਾਰ ਖਿਲਾਫ਼ ਸਖਤੀ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਸਖਤ ਕਾਨੂੰਨ ਬਣਨਾ ਚਾਹੀਦਾ ਹੈ। ਹਿਲੇਰੀ ਨੇ ਮੌਜੂਦਾ ਕਾਨੂੰਨ ਦੇ ਨਿਯਮਾਂ ਵਿਚਲੇ ਬਚਾਅ ਦੇ ਰਸਤਿਆਂ ਨੂੰ ਬੰਦ ਕਰ ਦੇਣ ਦੀ ਮੰਗ ਕੀਤੀ ਹੈ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

# 'ਬਦਲਦੀਆਂ ਪ੍ਰਸਥਿਤੀਆਂ ਵਿਚ ਪ੍ਰਗਤੀਸ਼ੀਲ ਲਹਿਰਾਂ' ਬਾਰੇ ਵਿਚਾਰ ਗੋਸ਼ਟੀ

**ਸਲੋਅ, ਯੂ.ਕੇ. (ਬਿਊਰੋ):** ਲੇਖਕ-ਪਾਠਕ ਸਭਿਆਚਾਰਕ ਮੰਚ ਸਲੋਅ ਵਲੋਂ 11 ਜੂਨ 2016 ਨੂੰ ਸਥਾਨਕ 'ਪੈਰਿਸ ਹਾਲ' ਵਿਚ ਆਪਣੇ ਸਾਲਾਨਾ ਸਮਾਗਮ ਮੌਕੇ ਇਕ ਵਿਚਾਰ ਗੋਸ਼ਟੀ ਕੀਤੀ ਗਈ ਜਿਸ ਵਿਚ ਵੱਡੀ ਗਿਣਤੀ ਵਿਚ ਨਾਮਵਰ ਲੇਖਕ, ਬੁੱਧੀਜੀਵੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

ਸਮਾਗਮ ਦਾ ਮੁੱਖ ਮੰਤਵ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਸਿੰਘ ਧਾਲੀਵਾਲ ਵਲੋਂ ਸੰਪਾਦਤ ਨਿਬੰਧ-ਸੰਗ੍ਰਿਹ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਬਾਰੇ ਵਿਚਾਰ ਚਰਚਾ ਕਰਨਾ ਅਤੇ ਬਦਲ ਰਹੀਆਂ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਪ੍ਰਸਥਿਤੀਆਂ ਵਿਚ ਪ੍ਰਗਤੀਸ਼ੀਲ ਲਹਿਰਾਂ ਦੀ ਇਕਮੁੱਠਤਾ ਤੇ ਲੋੜ ਅਨੁਸਾਰ ਨਵੇਂ ਦਿਸ਼ਾ ਨਿਰਦੇਸ਼ਾਂ ਦੀ ਟੋਹ ਲਾਉਣਾ ਸੀ।




ਸਮਾਗਮ ਦੋ ਭਾਗਾਂ ਵਿਚ ਵੰਡਿਆ ਗਿਆ ਸੀ। ਪਹਿਲੇ ਭਾਗ ਦੇ ਪ੍ਰਧਾਨਗੀ ਮੰਡਲ ਵਿਚ ਡਾ. ਸੁਖਦੇਵ ਸਿੰਘ ਸਿਰਸਾ (ਪ੍ਰਧਾਨ, ਸਾਹਿਤ ਅਕੈਡਮੀ ਲੁਧਿਆਣਾ), ਹਰਜਿੰਦਰ ਪੰਧੇਰ (ਪ੍ਰਧਾਨ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਸਟਾਕਟਨ ਯੂਨਿਟ), ਅਵਤਾਰ ਸਾਦਿਕ (ਇੰਗਲੈਂਡ) ਅਤੇ ਹਰਜੀਤ ਦੌਧਰੀਆ (ਕੈਨੇਡਾ) ਸ਼ਾਮਲ ਹੋਏ। ਸਮਾਗਮ ਦਾ ਅਰੰਭ ਨਕਸਲੀ ਆਗੂ ਸਤਨਾਮ 'ਜੰਗਲਨਾਮਾ', ਸਤਵਿੰਦਰ ਕੌਰ ਉਪਲ, ਟੋਨੀ ਬਾਤਿਸ਼ ਅਤੇ ਕਹਾਣੀਕਾਰਾ ਸੁਖਵੰਤ ਕੌਰ ਨੂੰ ਸ਼ਰਧਾਂਜਲੀ ਨਾਲ ਹੋਇਆ। ਇਸ ਉਪਰੰਤ ਦੋ ਆਲੋਚਨਾਤਮਕ ਪੇਪਰ ਪੜ੍ਹੇ ਗਏ। ਪਹਿਲਾ ਪੇਪਰ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ: ਇਕ ਅਧਿਐਨ' ਹਰਜਿੰਦਰ ਪੰਧੇਰ ਨੇ ਪੜ੍ਹਿਆ ਜਿਸ ਵਿਚ ਇਨਕਲਾਬੀ ਲਹਿਰ ਦੀਆਂ ਨਵੀਆਂ ਸੰਭਾਵਨਾਵਾਂ ਅਤੇ ਦਿਸਹੱਦਿਆਂ ਵੱਲ ਇਸ਼ਾਰਾ ਕੀਤਾ ਗਿਆ ਸੀ। ਦੂਸਰਾ ਪੇਪਰ ਕੁਲਵੰਤ ਢਿੱਲੋਂ ਨੇ 'ਨਕਸਲਬਾੜੀ ਲਹਿਰ ਅਤੇ ਕੁਝ ਸਵਾਲ' ਪੜ੍ਹਿਆ ਜਿਸ ਵਿਚ ਅੰਨ੍ਹੇ ਤਕਨੀਕੀ ਵਿਕਾਸ ਕਾਰਨ ਨਿਹੱਥੇ ਹੋ ਰਹੇ ਮਜ਼ਦੂਰ ਵਰਗ ਬਾਰੇ ਚਿੰਤਾ ਪ੍ਰਗਟਾਈ ਗਈ।

ਇਨ੍ਹਾਂ ਪੇਪਰਾਂ ਉਤੇ ਬਹਿਸ ਵਿਚ ਅਵਤਾਰ ਸਾਦਿਕ, ਅਵਤਾਰ ਉਪਲ, ਸੁਖਦੇਵ ਸਿੱਧੂ, ਹਰਜੀਤ ਦੌਧਰੀਆ, ਦਵਿੰਦਰ ਨੌਰਾ, ਐਸ ਬਲਵੰਤ, ਦਰਸ਼ਨ ਬੁਲੰਦਵੀ ਸਹਿਤ ਕਈ ਵਿਦਵਾਨਾਂ ਨੇ ਭਾਗ ਲਿਆ। ਇਨ੍ਹਾਂ ਭਾਸ਼ਣਾਂ ਦੀ ਪ੍ਰਮੁੱਖ ਧਾਰਾ, ਮੌਜੂਦਾ ਪ੍ਰਸਥਿਤੀਆਂ ਵਿਚ ਕਾਰਪੋਰੇਟ ਵਿਸ਼ਵੀਕਰਨ ਨਾਲ ਸਿੱਝਣ ਅਤੇ ਬਿਹਤਰ ਦੁਨੀਆਂ ਦੇ ਨਿਰਮਾਣ ਲਈ ਸਮੁਚੀ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਸਮਰਥਕਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦਾ ਹੋਕਾ ਦੇਣਾ ਸੀ। ਸਮਾਗਮ ਦੇ ਪਹਿਲੇ ਭਾਗ ਨੂੰ ਸਮੇਟਦਿਆਂ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਮੌਜੂਦਾ ਸਥਿਤੀ ਵਿਚ ਸੱਤਾ ਦੇ ਦਮਨ ਦਾ ਜਵਾਬ ਕਿਵੇਂ ਦਿਤਾ ਜਾਵੇ ਤੇ ਫਾਸ਼ੀਵਾਦੀ ਸ਼ਕਤੀਆਂ ਨਾਲ ਕਿਵੇਂ ਨਿਪਟਿਆ ਜਾਵੇ, ਇਕ ਅਹਿਮ ਮਸਲਾ ਹੈ।

ਇਸ ਦੌਰਾਨ ਤਿੰਨ ਕਿਤਾਬਾਂ ਗਗਨ ਦੀ ਨਵੀਂ ਕਾਵਿ ਪੁਸਤਕ 'ਚੱਲ ਚੱਲੀਏ', ਰੂਪ ਢਿੱਲੋਂ ਦੀ 'ਗੁੰਡਾ' ਅਤੇ ਕੁਲਤਾਰ ਖਾਲੜਾ ਦੀ 'ਕੋਸੇ ਕੋਸੇ ਸਾਹਾਂ ਦੀ ਟਕੋਰ' ਵੀ ਰਿਲੀਜ਼ ਕੀਤੀਆਂ ਗਈਆਂ।

ਦੂਜੇ ਭਾਗ ਦੇ ਪ੍ਰਧਾਨਗੀ ਮੰਡਲ ਵਿਚ ਪਾਕਿਸਤਾਨ ਪ੍ਰੋਗਰੈਸਿਵ ਲੇਖਕ ਐਸੋਸੀਏਸ਼ਨ ਦੇ ਪ੍ਰਧਾਨ ਰਾਹਿਤ ਸਈਦ, ਡਾ. ਦਵਿੰਦਰ ਕੌਰ, ਡਾ. ਅਮਰ ਜਯੋਤੀ, ਕੁਲਵੰਤ ਕੌਰ ਢਿੱਲੋਂ ਅਤੇ ਕਿਰਪਾਲ ਪੂਨੀ ਸ਼ਾਮਲ ਹੋਏ। ਇਸ ਦੀ ਸ਼ੁਰੂਆਤ ਜਸਵਿੰਦਰ ਸਿੱਧੂ ਦੇ ਸੋਲੋ ਨਾਟਕ 'ਮੈਂ ਭਗਤ ਸਿੰਘ ਬੋਲਦਾ ਹਾਂ' ਨਾਲ ਹੋਈ ਜਿਸ ਦੀ ਭਰਪੂਰ ਸ਼ਲਾਘਾ ਹੋਈ। ਇਸ ਤੋਂ ਬਾਅਦ ਯੂ ਕੇ ਭਰ ਤੋਂ ਆਏ ਕਵੀਆਂ ਨੇ ਆਪਣੇ ਸ਼ਾਇਰਾਨਾ ਰੰਗ ਪੇਸ਼ ਕੀਤੇ। ਇਨ੍ਹਾਂ ਸ਼ਾਇਰਾਂ ਵਿਚ ਅਜ਼ੀਮ ਸ਼ੇਖਰ, ਰਜਿੰਦਰਜੀਤ, ਗਗਨ, ਦਰਸ਼ਨ ਬੁਲੰਦਵੀ, ਰਾਜ ਸੇਖੋਂ, ਦਵਿੰਦਰ ਕੌਰ, ਕੁਲਵੰਤ ਕੌਰ ਢਿੱਲੋਂ, ਨਿਰਮਲ ਲਿਸਟਰ ਸਮੇਤ ਚਾਲੀ ਦੇ ਕਰੀਬ ਕਵੀ ਸ਼ਾਮਲ ਸਨ। ਸਟੇਜ ਦੀ ਜ਼ਿੰਮੇਵਾਰੀ ਮਹਿੰਦਰਪਾਲ ਧਾਲੀਵਾਲ ਨੇ ਬਾਖੂਬੀ ਨਿਭਾਈ। ਅੰਤ ਵਿਚ ਮੰਚ ਦੇ ਪ੍ਰਧਾਨ ਗੁਰਬਚਨ ਆਜ਼ਾਦ ਨੇ ਸਮਾਗਮ ਵਿਚ ਹਿੱਸਾ ਲੈਣ ਵਾਲੇ ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।


ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ
ਨੀਲਮ ਸੈਣੀ, ਫੋਨ: 510-502-0551






## ਕਲਾ ਪਰਿਕਰਮਾ




ਬੂਟ : 1971 ਦੀ ਜੰਗ ਦੌਰਾਨ ਕਿਸ਼ੋਰ ਪਾਰਿਖ ਵੱਲੋਂ ਖਿੱਚੀ ਤਸਵੀਰ।

# ਕਿਸ਼ੋਰ ਪਾਰਿਖ ਦੀ ਫੋਟੋਗ੍ਰਾਫੀ

ਹਰਭਜਨ ਸਿੰਘ ਬਾਜਵਾ
ਫੋਨ: +91-98767-41231

ਕਿਸ਼ੋਰ ਪਾਰਿਖ ਭਾਰਤੀ ਫੋਟੋ ਪੱਤਰਕਾਰੀ ਦੇ ਖੇਤਰ ਦੀ ਮਹਾਨ ਸ਼ਖਸੀਅਤ ਸੀ। ਉਸ ਦਾ ਜਨਮ ਗੁਜਰਾਤ ਦੇ ਸ਼ਹਿਰ ਭਾਵਨਗਰ ਵਿਚ 1930 ਨੂੰ ਹੋਇਆ। ਜਦੋਂ ਉਹਨੇ ਆਪਣੀ ਪੜ੍ਹਾਈ ਰਸਾਇਣ ਵਿਗਿਆਨ ਵਿਚ ਸ਼ੁਰੂ ਕੀਤੀ ਤਾਂ ਡਿਗਰੀ ਕਰਨ ਤੋਂ ਪਹਿਲਾਂ ਹੀ ਉਸ ਨੇ ਕਾਲਜ ਪੜ੍ਹਦੇ ਸਮੇਂ ਬਾਕਸ ਕੈਮਰਾ ਖਰੀਦ ਲਿਆ। ਰਸਾਇਣ




ਵਿਗਿਆਨ ਦੀ ਡਿਗਰੀ ਕਰਨ ਤੋਂ ਬਾਅਦ ਪਾਰਿਖ ਨੇ ਫਿਲਮ ਨਿਰਮਾਣ ਅਤੇ ਡਾਕੂਮੈਂਟਰੀ ਫੋਟੋਗ੍ਰਾਫੀ ਦੀ ਸਿੱਖਿਆ ਲੈਣ ਲਈ ਸਾਊਥ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਵਿਦਿਆਰਥੀ ਜੀਵਨ ਦੌਰਾਨ ਹੀ ਉਸ ਨੇ ਬਹੁਤ ਸਾਰੇ ਇਨਾਮ ਜਿੱਤ ਲਏ ਸਨ।

1960 ਵਿਚ ਉਹ ਭਾਰਤ ਵਾਪਸ ਆ ਕੇ 'ਹਿੰਦੁਸਤਾਨ ਟਾਈਮਜ਼' ਦਾ ਮੁੱਖ ਫੋਟੋਗ੍ਰਾਫਰ ਬਣ ਗਿਆ। ਇਸ ਸਮੇਂ ਦੌਰਾਨ ਉਸ ਨੇ 1962 ਵਿਚ ਭਾਰਤ-ਚੀਨ ਜੰਗ ਅਤੇ ਉਸ ਤੋਂ ਬਾਅਦ 1965 ਵਿਚ ਭਾਰਤ-ਪਾਕਿਸਤਾਨ ਜੰਗ ਦੀ ਫੋਟੋਗ੍ਰਾਫੀ ਕੀਤੀ। ਸੋਵੀਅਤ ਲੈਂਡ ਨੇ ਉਸ ਨੂੰ ਤਾਸ਼ਕੰਦ ਸੰਮੇਲਨ ਜੋ ਜੰਗ ਦੇ ਸਿੱਟਿਆਂ ਤੋਂ ਬਾਅਦ ਹੋਈ ਸੀ, ਦੀ ਕਵਰੇਜ ਕਰਨ ਲਈ ਸੋਨੇ ਦੇ ਤਗਮੇ ਨਾਲ ਸਨਮਾਨਿਤ ਕੀਤਾ ਸੀ। 1966-67 ਵਿਚ ਬਿਹਾਰ ਵਿਚ ਪਏ ਸੋਕੇ ਦੀਆਂ ਉਸ ਦੀਆਂ ਤਸਵੀਰਾਂ ਨੂੰ ਸੰਯੁਕਤ ਰਾਸ਼ਟਰ ਵਿਚ ਪ੍ਰਦਰਸ਼ਿਤ ਕੀਤਾ ਗਿਆ ਸੀ। ਉਸ ਤੋਂ ਬਾਅਦ ਉਹ ਪੰਡਤ ਜਵਾਹਰ ਲਾਲ ਨਹਿਰੂ ਦੇ ਆਖਰੀ ਸਮੇਂ ਤਕ ਉਨ੍ਹਾਂ ਦਾ ਫੋਟੋਗ੍ਰਾਫਰ ਰਿਹਾ।

'ਹਿੰਦੁਸਤਾਨ ਟਾਈਮਜ਼' ਵਿਚ ਉਸ ਨੇ ਛੇ ਸਾਲ ਕੰਮ ਕੀਤਾ। ਉਸ ਤੋਂ ਬਾਅਦ ਪਾਰਿਖ ਨੇ 1967 ਵਿਚ ਹਾਂਗਕਾਂਗ ਦੇ 'ਏਸ਼ੀਆ' ਮੈਗਜ਼ੀਨ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਕੰਮ ਦੇ ਸਿਲਸਿਲੇ ਵਿਚ ਸਾਰੇ ਏਸ਼ੀਆ ਵਿਚ ਘੁੰਮਿਆ-ਫਿਰਿਆ। 1972 ਤਕ ਉਹ 'ਪੈਸਿਫਿਕ' ਮੈਗਜ਼ੀਨ ਦਾ ਫੋਟੋ ਐਡੀਟਰ ਰਿਹਾ। ਇਸ ਤੋਂ ਬਾਅਦ ਉਹ ਵਾਪਸ ਮੁੰਬਈ ਆ ਗਿਆ।

ਪਾਰਿਖ ਸਭ ਤੋਂ ਵੱਧ ਆਪਣੇ ਕੰਮ ਬੰਗਲਾਦੇਸ਼ ਦੀ ਮੁਕਤੀ ਦੀ ਜੰਗ 1971 ਲਈ ਜਾਣਿਆ ਜਾਂਦਾ ਹੈ। ਉਸ ਦੀ ਕਿਤਾਬ 'ਬੰਗਲਾਦੇਸ਼: ਏ ਬਰੂਟਲ ਬਰਥ' ਪਾਕਿਸਤਾਨੀ ਫੌਜ ਦੁਆਰਾ ਬੰਗਲਾਦੇਸ਼ੀ ਲੋਕਾਂ 'ਤੇ ਕੀਤੇ ਗਏ ਜ਼ੁਲਮ ਨੂੰ ਦਰਸਾਉਂਦੀ ਹੈ। ਫੋਟੋਗ੍ਰਾਫਰ ਪਾਬਲੋ ਬਾਰਥੋਲੋਮਿਊ ਅਨੁਸਾਰ 'ਬੰਗਲਾਦੇਸ਼: ਏ ਬਰੂਟਲ ਬਰਥ' ਕਿਸ਼ੋਰ ਪਾਰਿਖ ਦੀ ਕਲਾ ਦਾ ਉਚਤਮ ਬਿੰਦੂ ਹੈ। ਆਪਣੀ ਮਰਜ਼ੀ ਨਾਲ ਆਪਣੇ ਰੁਪਏ ਅਤੇ ਦਲੇਰੀ ਨਾਲ ਸਿਰਫ ਦੋ ਹਫ਼ਤੇ ਦੇ ਸਮੇਂ ਵਿਚ ਹੀ ਉਸ ਨੇ ਬੇਹੱਦ ਸ਼ਾਨਦਾਰ ਤਰੀਕੇ ਨਾਲ ਬਹੁਤ ਪ੍ਰਭਾਵਸ਼ਾਲੀ ਤਸਵੀਰਾਂ ਖਿੱਚੀਆਂ ਸਨ। ਇਹ ਬੇਹੱਦ ਵਧੀਆ ਕਿਤਾਬ ਅਤੇ ਸੂਚਨਾ ਦਾ ਸਾਧਨ ਹੈ। ਭਾਰਤ ਸਰਕਾਰ ਨੇ ਇਸ ਕਿਤਾਬ ਦੀਆਂ 20,000 ਕਾਪੀਆਂ ਛਪਵਾ ਕੇ ਵੰਡੀਆਂ। ਇਹ ਕਿਤਾਬ ਮੈਨੂੰ 1977 ਵਿਚ ਮਿਲੀ ਸੀ। ਉਸ ਵਕਤ ਕਿਸ਼ੋਰ ਪਾਰਿਖ ਜਿਉਂਦਾ ਸੀ। ਪਾਰਿਖ ਨੇ



ਫੋਟੋ ਪੱਤਰਕਾਰ ਕਿਸ਼ੋਰ ਪਾਰਿਖ

ਜਿਹੜੀਆਂ ਜੰਗਾਂ ਦੀ ਫੋਟੋਗ੍ਰਾਫੀ ਕੀਤੀ ਅਤੇ ਜੋ ਕੁਝ ਆਪਣੀਆਂ ਤਸਵੀਰਾਂ ਰਾਹੀਂ ਪੇਸ਼ ਕੀਤਾ, ਉਸ ਨੂੰ ਕੋਈ ਲਿਖਾਰੀ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਇੱਕ ਦਿਨ ਹਿਮਾਲਿਆ ਦੀ ਫੋਟੋਗ੍ਰਾਫੀ ਕਰਦੇ ਸਮੇਂ 1982 ਵਿਚ ਉਹ ਸਦਾ ਲਈ ਗੁੰਮ ਹੋ ਗਿਆ।



ਕਿਸ਼ੋਰ ਪਾਰਿਖ ਵੱਲੋਂ ਬੰਗਲਾਦੇਸ਼ ਦੀ ਜੰਗ ਦੌਰਾਨ ਖਿੱਚੀ ਫੋਟੋ ਜਿਸ ਵਿਚ ਪਾਕਿਸਤਾਨੀ ਸਿਪਾਹੀ ਸ਼ਨਾਖਤ ਲਈ ਤਲਾਸ਼ੀ ਲੈ ਰਿਹਾ ਹੈ।



### ਪੁੱਤ ਸਵੱਪਨ ਦੀ ਪ੍ਰਤਿਭਾ



ਖੱਬੇ ਹੱਥ ਵਾਲੀ ਤਸਵੀਰ ਲਾਤੂਰ ਵਿਚ 1994 ਵਿਚ ਆਏ ਭੂਚਾਲ ਦੀ ਹੈ ਜੋ ਕਿਸ਼ੋਰ ਪਾਰਿਖ ਦੇ ਪੁੱਤਰ ਸਵੱਪਨ ਪਾਰਿਖ ਦੀ ਖਿੱਚੀ ਹੋਈ ਹੈ। ਇਸ ਤਸਵੀਰ ਨੂੰ ਵਰਲਡ ਪ੍ਰੈਸ ਫੋਟੋ ਦਾ ਪਹਿਲਾ ਇਨਾਮ ਮਿਲਿਆ ਸੀ। ਸਵੱਪਨ ਵੀ ਉਮਦਾ ਫੋਟੋਗ੍ਰਾਫਰ ਹੈ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਜੁਲਾਈ 2016 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-227



ਤੁਰ ਗਈ ਕਿਧਰੇ ਬਿਨ ਦੱਸਿਆਂ ਹੀ, ਜਾਂਦੀ ਬਾਂਦਰ ਨੇ ਨਾ ਡਿੱਠੀ।
ਰੁੱਸ ਬਾਂਦਰੀ ਪੇਕੀਂ ਬਹਿ ਗਈ, ਸਹੁਰਿਉਂ ਆ ਗਈ ਚਿੱਠੀ।

## ਕੈਪਸ਼ਨ ਮੁਕਾਬਲਾ-225



ਦੁਪਹਿਰ ਤੋਂ ਬਾਅਦ ਉਡੀਕਣ ਲੱਗਦੇ
ਕਦੋਂ ਆਊਗੀ ਭੱਠੀ ਵਾਲੀ।
ਭੂੰਨੂਗੀ 'ਭੁੱਖ' ਦੀ ਪੀੜ ਦਾ ਪਰਾਗਾ
ਸ਼ਿਵ ਦੀ ਸੀ ਜੋ 'ਚੰਬੇ ਦੀ ਡਾਲੀ।'
ਕੱਚੀ ਭੱਟੀ 'ਤੇ ਰੱਖ ਕੜਾਹੀ
ਵਿਚ ਪਾ ਰੇਤਾ ਫਿਰ ਝੋਕਾ ਪਾਉਣਾ।
ਤਪ ਜਾਏ ਤਾਂ ਝੁੰਗਾ ਕੱਢ ਕੇ
ਵਿਚ ਲੱਪ ਦਾਣਿਆਂ ਦੀ ਪਾਉਣਾ।
ਪਹਿਲਾਂ ਮੇਰੀ, ਪਹਿਲਾਂ ਮੇਰੀ ਵਾਰੀ
ਉਚੀ ਸਾਰਿਆਂ ਨੇ ਰੌਲਾ ਪਾਉਣਾ।
ਬੱਚਿਆਂ ਨੂੰ ਗੱਲੀਂ ਲਾ 'ਭਾਗੋ' ਨੇ
ਦਾਤੀ ਨਾਲ ਹੌਲੀ ਰੇਤ ਹਿਲਾਉਣਾ।
ਕਿੰਨਾ ਮਜ਼ਾ ਆਉਂਦਾ ਸੀ ਉਦੋਂ
ਜਦੋਂ ਸੁਗਾਤ ਹੁੰਦੇ ਸੀ ਭੁੱਜੇ ਦਾਣੇ।
ਮੱਕੀ, ਛੋਲੇ, ਕਣਕ ਭੁੰਨਾਉਣੀ
ਮੁਰਮੁਰੇ, ਖਿੱਲਾਂ, ਦਾਲ ਸੀ ਖਾਣੇ।
ਹੱਟੀ-ਭੱਠੀ ਤੇ ਜੁੜਦੀ ਢਾਣੀ
ਯਾਦ ਆਉਂਦੇ ਨੇ ਬੜੇ ਦਿਨ ਪੁਰਾਣੇ।
ਸਭਿਆਚਾਰ ਦੀ ਝਲਕ ਸੀ ਪੈਂਦੀ
ਇਕ 'ਤੇ ਵਿਕਦੇ, ਇਕ 'ਤੇ ਭੁੱਜਦੇ ਦਾਣੇ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਝੋਕਾ ਲਾਉਣਾ ਤਾਈ ਭੁੱਲ ਗਈ
ਐਵੇਂ ਈ ਡੰਗ ਟਪਾਈ ਜਾਵੇ।
ਠੰਡੇ ਰੇਤੇ ਦਾਣੇ ਪਾ ਲਏ
ਵਾਰੀਆਂ ਸਾਡੀਆਂ ਲਾਈ ਜਾਵੇ।
ਦਾਤੀ ਦੀ ਥਾਂ ਤੈਂਬੜ ਫੜ ਕੇ
ਬੱਠਲ ਵਿਚ ਘੁਮਾਈ ਜਾਵੇ।
ਬੱਸ ਫੋਟੋ ਖਿਚਵਾਉਣ ਦੀ ਖਾਤਰ
ਸਾਨੂੰ ਕੋਲ ਬਿਠਾਈ ਜਾਵੇ।
**-ਜਗਮੀਤ ਸਿੰਘ ਪੰਧੇਰ**

---

ਬਿਸ਼ਨੀ ਤਾਈ ਨੇ ਭੱਠੀ ਤਾ ਲਈ
ਰੇਤ ਪਾ ਕੜਾਹੀ ਭੱਠੀ 'ਤੇ ਚੜ੍ਹਾ ਲਈ।
ਆਪਣਾ ਸਾਜ਼ੋ ਸਮਾਨ ਸਜਾ ਲਿਆ
ਮੁੰਡੇ-ਕੁੜੀਆਂ ਨੂੰ ਅੱਡੋ ਅੱਡ ਬਿਠਾ ਲਿਆ।
ਕਰਿਓ ਨਾ ਤੁਸੀਂ ਕੋਈ ਵੀ ਕਾਹਲੀ
ਭੂੰਨਾਂਗੀ ਦਾਣੇ ਮੈਂ ਵਾਰੋ ਵਾਰੀ।
ਖਿੱਚ ਦੇ ਫੋਟੋ ਹੁਣ ਤੂੰ ਭਾਈ
ਵਿਰਸਾ ਹੁਣ ਸਭ ਜਾਂਦੇ ਭੁਲਾਈ।
**-ਕੁਲਦੀਪ ਕੌਰ ਪਨੂੰ, ਇੰਡੀਆਨਾ**

---


ਹਰ ਸ਼ਾਮ ਕਰਨ ਉਡੀਕ ਨਿਆਣੇ
ਭੱਠੀ ਉਪਰ ਹੁੰਦੇ ਭੁੰਨਾਉਣੇ ਦਾਣੇ।
ਤਾਈ ਸੰਤੀ ਨੇ ਬਣਾਈ ਸੀ ਭੱਠੀ
ਦਿਨੇ ਬਾਲਣ ਕਰਦੀ ਸੀ ਇਕੱਠੀ।
ਵੱਧ ਜਾਂਦਾ ਸੀ ਜਦੋਂ ਅੱਗ ਦਾ ਸੇਕ
ਦਾਣੇ ਉਡਦੇ ਸੀ ਫਿਰ ਵਿਚ ਰੇਤ।
ਹਰ ਚਾਹੇ ਪਹਿਲੋਂ ਭੁਜਣ ਮੇਰੇ ਦਾਣੇ
ਵਾਰੀ ਪਿੱਛੇ ਲੜਦੇ ਜਵਾਕ ਸਿਆਣੇ।
ਵਿਸਰੀ ਭੱਠੀ ਨਾ ਅੱਜ ਭੁੱਜਣ ਦਾਣੇ
ਥਾਂਦੀ ਪੋਪ-ਕੋਰਨ ਨੇ ਪੱਟ ਲਏ ਸਾਰੇ।
**-ਸਤਵਿੰਦਰ ਥਾਂਦੀ ਦੌਲਤਪੁਰੀਆ**

---

ਢਲ ਜਾਂਦੀਆਂ ਜਦ ਛਾਂਵਾਂ
ਜੁੜਦੀ ਢਾਣੀ ਧੰਤੀ ਦੀ ਭੱਠੀ 'ਤੇ।
ਝੁਲਕਾ ਖੋਰੀ ਸੁੱਕੇ ਪੁੱਤਿਆਂ ਦਾ
ਤਾਅ ਚੜ੍ਹ ਜਾਂਦਾ ਭੱਠੀ ਨੂੰ
ਲੈ ਜਾਂਦੇ ਸਭ ਚੁੰਗਾ ਸ਼ਤਾਬੀ।
ਹੁੰਦਾ ਹਰ ਇਕ ਕਾਹਲੀ 'ਚ
ਭੁੰਨ ਮੇਰੇ ਪਹਿਲਾਂ ਸਭ ਬੋਲਦੇ
ਧੰਤੀ ਬੜੀ ਠੰਢੀ।
ਬਹਿ ਜਾ ਪੁੱਤ ਤੇਰੀ ਵੀ ਵਾਰੀ ਆਊ।
ਬਿਰਹੋਂ ਦਾ ਬਾਦਸ਼ਾਹ
ਆਪਣੀ ਬੋਲੀ ਅਰਚਦਾ,
ਭੱਠੀ ਵਾਲੀਏ ਚੰਬੇ ਦੀ ਡਾਲੀਏ
ਹੋ ਗਿਆ ਕੁਵੇਲਾ ਮੈਨੂੰ
ਢਲ ਗਈਆਂ ਛਾਂਵਾਂ ਨੀ
ਬੇਲਿਆਂ 'ਚੋਂ ਮੁੜ ਆਈਆਂ
ਮੱਝੀਆਂ ਤੇ ਗਾਂਵਾਂ ਨੀ।
ਛੇਤੀ ਛੇਤੀ ਕਰ ਮੈਂ ਜਾਣਾ ਬੜੀ ਦੂਰ ਨੀ।
**-ਦਰਸ਼ਨਪਾਲ ਦੋਸਾਂਝ**

---

ਪਿੰਡਾਂ ਦਾਣੇ ਭੁੰਨਦੀ ਹੁੰਦੀ ਸੀ ਝੀਰੀ।
'ਕੱਠੇ ਹੋ ਕੇ ਜਾਂਦੇ ਜੱਗਾ, ਤਾਰੀ, ਬੀਰੀ।
ਪਹਿਲਾਂ ਗੇਰਨੀਆਂ ਛੱਲੀਆਂ
ਦਾਣੇ ਭੁੰਨਣ ਲਈ ਕਰਨੇ ਤਿਆਰ।
ਫਿਰ 'ਕੱਠੇ ਹੋ ਕੇ ਤੁਰ ਪੈਣਾ
ਨਾਲ ਇਤਫਾਕ ਤੇ ਪਿਆਰ।
ਆ'ਗੀਆਂ ਮਸ਼ੀਨਾਂ ਅੱਜ ਜ਼ਮਾਨਾ ਹੋਰ।
ਪਿੰਡ ਦਾਣੇ ਭੁੰਨਦੀ ਤਾਈ ਬੇਅੰਤ ਕੌਰ।
ਅੱਧੋ-ਅੱਧ ਦਾ ਕੱਢਣਾ ਭਾੜਾ
ਬਸ ਇਥੋਂ ਹੀ ਪੈ ਜਾਣਾ ਪੁਆੜਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**


ABHIRAJ PRODUCTIONS PRESENTS
KISSAN KHUDKASHI DE MOD TE
ਕਿਸਾਨ ਖੁਦਕਸ਼ੀ ਦੇ ਮੋੜ 'ਤੇ
A Punjabi Play
Costume & Set by Jaspreet Tangri
Writer Kuldeep Singh Deep
Producer Tara Singh Sagar
Music Abhiraj Tangri
Overseas Manager Praveen Kumar
AT JAMES LOGAN HIGH SCHOOL
1800 H ST., UNION CITY, CA
DATE: JULY 2, 2016 AT 7 PM
DIRECTED BY ASHOK TANGRI
CAST: JASWANT SHAAD • DIMPLE BAINS • JANVI BAINS • JASSI DHILHON • SONU BAINS • SIKANDER TANGRI • TARA SAGAR
HOST: HARJIT UPPAL CONTACT FOR TICKETS: (510) 453-5779 | (510) 427-7963

# ਬੇਅਦਬੀ ਵਾਲੇ ਮਾਮਲੇ ਵਿਚ ਸੁਖਬੀਰ ਅਕਾਲ ਤਖਤ 'ਤੇ ਤਲਬ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਾ ਵਿਚ ਉਪ ਮੁੱਖ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ 'ਤੇ ਤਲਬ ਕੀਤਾ ਗਿਆ ਹੈ। ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਦੇਸ਼ ਜਾਰੀ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਉਪ ਮੁੱਖ ਸੁਖਬੀਰ ਬਾਦਲ 20 ਜੁਲਾਈ ਨੂੰ ਜਥੇਦਾਰਾਂ ਦੇ ਸਾਹਮਣੇ ਪੇਸ਼ ਹੋ ਕੇ ਬਰਗਾੜੀ ਕਾਂਡ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਹੁਣ ਤੱਕ ਕੀਤੀ ਗਈ ਜਾਂਚ ਦੀ ਰਿਪੋਰਟ ਪੇਸ਼ ਕਰਨ। ਸਰਬੱਤ ਖਾਲਸਾ ਵੱਲੋਂ ਥਾਪੇ ਗਏ ਤਿੰਨਾਂ ਤਖਤਾਂ ਦੇ ਜਥੇਦਾਰ ਗਿਆਨੀ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਤੇ ਭਾਈ ਅਮਰੀਕ ਸਿੰਘ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ। ਇਸ ਤੋਂ ਬਾਅਦ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਵੀ ਟੇਕਿਆ।

ਮੱਥਾ ਟੇਕਣ ਤੋਂ ਕਾਫੀ ਦੇਰ ਬਾਅਦ ਬਾਹਰ ਆਏ ਜਥੇਦਾਰਾਂ ਨੇ ਕਿਹਾ ਵਿਸ਼ੇਸ਼ ਬੈਠਕ ਕਰ ਕੇ ਕਈ ਅਹਿਮ ਗੁਰਮਤੇ ਪਾਸ ਕੀਤੇ ਗਏ ਹਨ। ਹਰਿਮੰਦਰ ਸਾਹਿਬ ਦੇ ਬਾਹਰ ਖੜ੍ਹੇ ਹੋ ਕੇ ਧਿਆਨ ਸਿੰਘ ਮੰਡ ਨੇ ਗੁਰਮਤੇ ਪੜ੍ਹੇ। ਇਨ੍ਹਾਂ ਗੁਰਮਤਿਆਂ ਵਿਚੋਂ ਪਹਿਲਾਂ ਗੁਰਮਤਾ ਇਹ ਸੀ ਕਿ ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ ਤੇ ਪੰਜਾਬ ਵਿਚ ਹੋਰ ਥਾਵਾਂ ਉਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਗੋਲੀ ਚਲਾਉਣ ਦੇ ਮਾਮਲਿਆਂ ਵਿਚ ਹੁਣ ਤੱਕ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਕਰ ਕੇ ਦੇਸ਼ ਵਿਦੇਸ਼ ਦੇ ਸਿੱਖਾਂ ਦੇ ਮਨਾਂ ਵਿਚ ਰੋਸ ਹੈ। ਉਨ੍ਹਾਂ ਸੁਖਬੀਰ ਬਾਦਲ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਗ੍ਰਹਿ ਮੰਤਰਾਲੇ ਦਾ ਮੁਖੀ ਹੋਣ ਦੇ ਨਾਤੇ ਉਹ ਇਸ ਸਾਰੇ ਘਟਨਾਕ੍ਰਮ ਬਾਰੇ ਹੁਣ ਤੱਕ ਕੀਤੀ ਗਈ ਜਾਂਚ ਰਿਪੋਰਟ 20 ਜੁਲਾਈ ਨੂੰ ਸਾਡੇ ਕੋਲ ਪੇਸ਼ ਕਰੇ। ਇਨ੍ਹਾਂ ਗੁਰਮਤਿਆਂ ਤੋਂ ਇਲਾਵਾ ਪਾਸ ਕੀਤੇ ਗਏ ਕੁੱਲ ਪੰਜ ਮਤਿਆਂ ਵਿਚ ਦੇਸ਼ ਵਿਦੇਸ਼ ਵਿਚ ਅੰਮ੍ਰਿਤ ਸੰਚਾਰ ਦੀ ਮਰਿਆਦਾ ਨਾਲ ਕੀਤੀ ਜਾ ਰਹੀ ਛੇੜਛਾੜ ਤੇ ਕਈ ਹੋਰ ਪੰਥਕ ਮਸਲਿਆਂ ਉਤੇ ਗੰਭੀਰ ਵਿਚਾਰ ਕੀਤੇ ਗਏ।



## ਥਾਪੇ ਜਥੇਦਾਰਾਂ ਨੂੰ ਗੁਰਮਤੇ ਦਾ ਕੋਈ ਹੱਕ ਨਹੀਂ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਵੱਲੋਂ ਜਾਰੀ ਕੀਤੇ ਮਤਿਆਂ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਖਿਆ ਕਿ ਇਨ੍ਹਾਂ ਜਥੇਦਾਰਾਂ ਨੂੰ ਗੁਰਮਤਾ ਜਾਰੀ ਕਰਨ ਦਾ ਕੋਈ ਹੱਕ ਨਹੀਂ ਹੈ। ਜੋ ਗੁਰਮਤਾ ਪੇਸ਼ ਕੀਤਾ ਗਿਆ ਹੈ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਨਹੀਂ ਬਲਕਿ ਬਾਹਰ ਪੇਸ਼ ਕੀਤਾ ਗਿਆ ਹੈ।

## ਅਕਾਲੀ ਦਲ ਕੋਲ ਅਜਿਹੇ ਬਥੇਰੇ ਜਥੇਦਾਰ: ਸੁਖਬੀਰ

**ਅੰਮ੍ਰਿਤਸਰ:** ਸੁਖਬੀਰ ਸਿੰਘ ਬਾਦਲ ਨੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਦੀ ਤੁਲਣਾ ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰਾਂ ਨਾਲ ਕੀਤੀ ਹੈ। ਅਕਾਲ ਤਖਤ 'ਤੇ ਤਲਬ ਕੀਤੇ ਜਾਣ ਬਾਰੇ ਪੁੱਛੇ ਸਵਾਲ ਉਤੇ ਸੁਖਬੀਰ ਨੇ ਮਾਮਲੇ ਨੂੰ ਅਣਡਿੱਠਾ ਕਰਦਿਆਂ ਆਖਿਆ, 'ਕਿਹੜੇ ਜਥੇਦਾਰ, ਅਜਿਹੇ ਜਥੇਦਾਰ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਕਈ ਹਨ, ਜਿਨ੍ਹਾਂ ਵਿਚ ਜ਼ਿਲ੍ਹਾ ਅਕਾਲੀ ਜਥੇ ਦੇ ਜਥੇਦਾਰ ਸ਼ਾਮਲ ਹਨ।'

# ਪਾਕਿਸਤਾਨੀਆਂ ਦੇ ਵੀਜ਼ਿਆਂ ਉਤੇ ਕੱਟ

**ਨਵੀਂ ਦਿੱਲੀ:** ਪਠਾਨਕੋਟ ਹਮਲੇ ਤੋਂ ਬਾਅਦ ਇਸ ਸਾਲ ਜਨਵਰੀ ਤੋਂ ਲੈ ਕੇ ਮਈ ਤੱਕ ਭਾਰਤ ਦਾ ਵੀਜ਼ਾ ਅਪਲਾਈ ਕਰਨ ਵਾਲੇ ਪਾਕਿਸਤਾਨੀ ਨਾਗਰਿਕਾਂ ਦੇ 50 ਫੀਸਦੀ ਵੀਜ਼ਾ ਫਾਰਮ ਰਿਜੈਕਟ ਕਰ ਦਿੱਤੇ ਗਏ ਹਨ। ਇਕ ਮੀਡੀਆ ਰਿਪੋਰਟ ਮੁਤਾਬਕ, ਇਹ ਮੁੱਦਾ ਹਾਲ ਹੀ ਵਿਚ ਦਿੱਲੀ ਹੋਈ ਮੀਟਿੰਗ ਦੌਰਾਨ ਪਾਕਿਸਤਾਨ ਦੇ ਭਾਰਤੀ ਹਾਈ ਕਮਿਸ਼ਨਰ ਗੌਤਮ ਬੰਵਾਲੇ ਨੇ ਚੁੱਕਿਆ ਹੈ। ਉਨ੍ਹਾਂ ਭਾਰਤ ਦੇ ਗ੍ਰਹਿ ਸਕੱਤਰ ਰਾਜੀਵ ਮਹਾਰਿਸ਼ੀ ਸਾਹਮਣੇ ਇਹ ਮੁੱਦਾ ਰਖਿਆ।

ਪਤਾ ਲੱਗਿਆ ਹੈ ਕਿ ਪਹਿਲੀ ਜਨਵਰੀ ਤੋਂ 31 ਮਈ ਤੱਕ 35 ਹਜ਼ਾਰ 21 ਪਾਕਿਸਤਾਨੀ ਨਾਗਰਿਕਾਂ ਨੇ ਵੀਜ਼ਾ ਅਪਲਾਈ ਕੀਤਾ। ਇਨ੍ਹਾਂ ਵਿਚੋਂ 17,540 ਅਰਜ਼ੀਆਂ ਨੂੰ ਰਿਜੈਕਟ ਕਰ ਦਿੱਤਾ ਗਿਆ। ਰਿਜੈਕਟ ਕੀਤੀਆਂ ਜਾ ਰਹੀਆਂ ਵੀਜ਼ਾ ਅਰਜ਼ੀਆਂ ਦਾ ਇਕ ਕਾਰਨ ਏਜੰਸੀਆਂ ਵੱਲੋਂ ਬਣਾਏ ਗਏ ਸਖਤ ਕਾਨੂੰਨ ਹਨ। ਇਕ ਸੀਨੀਅਰ ਅਫਸਰ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਮਾਮਲੇ ਵਿਚ ਜਾਂਚ ਪ੍ਰਕ੍ਰਿਆ ਬਹੁਤ ਲੰਬੀ ਹੈ। ਇਸ ਕੰਮ ਵਿਚ ਕਈ ਮਹੀਨੇ ਲੱਗ ਜਾਂਦੇ ਹਨ। ਇਹ ਦੇਰ ਖਾਸਕਰ ਆਈ.ਬੀ. ਦੀ ਵਜ੍ਹਾ ਨਾਲ ਹੁੰਦੀ ਹੈ। ਇਹ ਦਿੱਲੀ ਦੇ ਬਾਹਰ ਦੇ ਮਾਮਲੇ ਵਿਚ ਸਟੇਟ ਏਜੰਸੀਆਂ ਦੀ ਫੀਡਬੈਕ 'ਤੇ ਵੀ ਨਿਰਭਰ ਕਰਦੀ ਹੈ।

# ਹਵਾਰਾ ਦੀ ਪੰਜਾਬ ਵਾਪਸੀ ਨੇ ਵਧਾਈਆਂ ਬਾਦਲ ਸਰਕਾਰ ਦੀਆਂ ਮੁਸ਼ਕਲਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਇਕ ਵਾਰ ਫਿਰ ਕੁੜਿੱਕੀ ਵਿਚ ਫਸ ਗਈ ਹੈ। ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ ਵਿਚ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦਿੱਲੀ ਪੁਲਿਸ ਵੱਲੋਂ ਪੰਜਾਬ ਸਰਕਾਰ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਹੈ। ਹਵਾਰਾ ਪਿਛਲੇ ਸੱਤ ਸਾਲ ਤੋਂ ਤਿਹਾੜ ਜੇਲ੍ਹ ਵਿਚ ਬੰਦ ਹੈ। ਸੂਤਰਾਂ ਮੁਤਾਬਕ ਬਾਦਲ ਸਰਕਾਰ ਨਹੀਂ ਚਾਹੁੰਦੀ ਕਿ ਹਵਾਰਾ ਨੂੰ ਪੰਜਾਬ ਵਿਚ ਤਬਦੀਲ ਕੀਤਾ ਜਾਏ। ਕਾਬਲੇਗੌਰ ਹੈ ਕਿ ਹਵਾਰਾ ਨੂੰ ਪਿਛਲੇ ਸਾਲ 15 ਨਵੰਬਰ ਨੂੰ ਸਰਬੱਤ ਖਾਲਸਾ ਵਿਚ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਾਮਜ਼ਦ ਕੀਤਾ ਗਿਆ ਸੀ। ਹਵਾਰਾ ਦੇ ਪੰਜਾਬ ਵਿਚ ਆਉਣ ਨਾਲ ਗਰਮ ਖਿਆਲੀਆਂ ਨੂੰ ਬਲ ਮਿਲੇਗਾ।

ਇਸ ਤੋਂ ਇਲਾਵਾ ਉਨ੍ਹਾਂ ਦੀ ਰਿਹਾਈ ਲਈ ਵੀ ਮੰਗ ਭਖ ਸਕਦੀ ਹੈ ਕਿਉਂਕਿ ਸਿੱਖਾਂ ਦਾ ਇਕ ਵਰਗ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਮੰਨਦਾ ਹੈ। ਹਵਾਰਾ ਤਿਹਾੜ ਜੇਲ੍ਹ ਵਿਚੋਂ ਵੀ ਸਿੱਖ ਸਿਆਸਤ ਵਿਚ ਸਰਗਰਮ ਸੀ। ਉਸ ਨੇ ਬਿਆਨ ਜਾਰੀ ਕਰ ਕੇ ਸਿੱਖ ਕੌਮ ਨੂੰ ਅਕਾਲ ਤਖ਼ਤ ਸਾਹਿਬ ਦੀਆਂ ਰਵਾਇਤਾਂ ਵਿਚ ਕਿਸੇ ਕਿਸਮ ਦੀ ਤਬਦੀਲੀ ਦੇ ਹੱਕ ਵਿਚ ਨਾ ਭੁਗਤਣ ਦੀ ਅਪੀਲ ਕੀਤੀ ਸੀ। ਉਸ ਨੇ ਨਵੰਬਰ ਵਿਚ ਹੋਣ ਵਾਲੇ ਦੂਜੇ ਸਰਬੱਤ ਖਾਲਸਾ ਵਿਚ ਸਾਰੀਆਂ ਪੰਥਕ ਧਿਰਾਂ ਨੂੰ ਮਤਭੇਦ ਭੁਲਾ ਕੇ ਸ਼ਾਮਲ ਹੋਣ ਲਈ ਪ੍ਰੇਰਿਆ ਸੀ। ਪੰਜਾਬ ਸਰਕਾਰ ਲਈ ਹੁਣ ਔਖੀ ਹਾਲਤ ਬਣ ਗਈ ਹੈ ਕਿਉਂਕਿ ਹਵਾਰਾ ਨੂੰ ਤਿਹਾੜ ਜੇਲ੍ਹ ਵਿਚ ਰੱਖਣ ਦੀ ਹੁਣ ਕੋਈ ਤੁਕ ਨਹੀਂ ਰਹਿ ਗਈ।



ਪਤਾ ਲੱਗਾ ਹੈ ਕਿ ਦਿੱਲੀ ਦੀਆਂ ਵੱਖ-ਵੱਖ ਅਦਾਲਤਾਂ ਵਿਚ ਉਸ ਵਿਰੁੱਧ ਚੱਲ ਰਹੇ ਛੇ ਕੇਸਾਂ ਦੀ ਸੁਣਵਾਈ ਪੂਰੀ ਹੋ ਗਈ ਹੈ। ਆਖਰੀ ਕੇਸ ਵਿਚ ਉਹ 29 ਮਈ ਨੂੰ ਬਰੀ ਹੋ ਗਿਆ ਸੀ। ਪੰਜਾਬ ਦੀਆਂ ਅੱਧੀ ਦਰਜਨ ਅਦਾਲਤਾਂ ਵਿਚ ਉਸ ਖਿਲਾਫ਼ 29 ਕੇਸ ਚੱਲ ਰਹੇ ਹਨ। ਦਿੱਲੀ ਤੋਂ ਉਸ ਨੂੰ ਪੇਸ਼ੀ 'ਤੇ ਲਿਆਉਣ ਵੇਲੇ ਭਾਰੀ ਸੁਰੱਖਿਆ ਦੇ ਬੰਦੋਬਸਤ ਦੀ ਲੋੜ ਪੈਂਦੀ ਹੈ, ਜਿਸ ਕਾਰਨ ਉਸ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਭੇਜਿਆ ਜਾ ਰਿਹਾ ਹੈ।

ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਉਸ ਨੂੰ ਤਬਦੀਲ ਕਰਨ ਦੇ ਆਸਾਰ ਘੱਟ ਹਨ। ਚੰਡੀਗੜ੍ਹ ਦੀ ਅਦਾਲਤ ਵਿਚ ਉਸ ਖਿਲਾਫ਼ ਕੋਈ ਕੇਸ ਨਹੀਂ ਚੱਲ ਰਿਹਾ। ਉਸ ਵਿਰੁੱਧ ਤਿੰਨ ਕੇਸ ਲੁਧਿਆਣਾ ਦੀਆਂ ਅਦਾਲਤਾਂ ਵਿਚ ਚੱਲ ਰਹੇ ਹਨ। ਜਲੰਧਰ ਦੀਆਂ ਅਦਾਲਤਾਂ ਵਿਚ ਦੋ, ਸਮਰਾਲਾ ਦੀ ਅਦਾਲਤ ਵਿਚ ਛੇ, ਧੂਰੀ ਦੀ ਅਦਾਲਤ ਵਿਚ ਇਕ, ਚਮਕੌਰ ਸਾਹਿਬ ਦੀ ਅਦਾਲਤ ਵਿਚ ਤਿੰਨ ਅਤੇ ਇਕ ਕੇਸ ਅੰਬਾਲਾ ਦੀ ਅਦਾਲਤ ਵਿਚ ਸੁਣਵਾਈ ਅਧੀਨ ਹੈ। ਕਈ ਹੋਰ ਕੇਸਾਂ ਦੀ ਸੁਣਵਾਈ ਵੀ ਅਦਾਲਤਾਂ ਵਿਚ ਚੱਲ ਰਹੀ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਹੇਠ ਉਸ ਨੂੰ ਅੱਠ ਜਣਿਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ, ਪਰ ਉਹ ਆਪਣੇ ਤਿੰਨ ਸਾਥੀਆਂ ਸਮੇਤ ਬੁੜੈਲ ਜੇਲ੍ਹ ਵਿਚੋਂ 21 ਜਨਵਰੀ 2003 ਦੀ ਰਾਤ ਨੂੰ ਫਰਾਰ ਹੋਣ ਵਿਚ ਸਫਲ ਹੋ ਗਿਆ ਸੀ। ਦੋ ਸਾਲ ਬਾਅਦ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇੜਿਉਂ ਦਿੱਲੀ ਪੁਲਿਸ ਦੇ ਹੱਥ ਆ ਗਿਆ ਸੀ। ਪੁਲਿਸ ਉਸ ਨੂੰ ਦਿੱਲੀ ਲੈ ਗਈ ਜਿਥੇ ਉਸ ਵਿਰੁੱਧ ਪੁਲਿਸ 'ਤੇ ਗੋਲੀ ਚਲਾਉਣ ਦਾ ਅਲੀਪੁਰ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਸੀ। ਦਿੱਲੀ ਦੀ ਅਦਾਲਤ ਵਿਚ ਚੱਲਣ ਵਾਲਾ ਇਹ ਆਖਰੀ ਕੇਸ ਸੀ, ਜਿਸ ਵਿਚੋਂ ਉਹ ਬਰੀ ਹੋ ਗਿਆ ਹੈ। ਬੇਅੰਤ ਕਤਲ ਕੇਸ ਵਿਚ ਉਸ ਨੂੰ ਮਰਦੇ ਦਮ ਤੱਕ ਉਮਰ ਕੈਦ ਦੀ ਸਜ਼ਾ ਹੋਈ ਸੀ।

# ਬਾਬਾ ਬੰਦਾ ਬਹਾਦਰ ਦੇ ਸਮਾਗਮ ਵਿਚ ਮੋਦੀ ਭਰਨਗੇ ਹਾਜ਼ਰੀ

**ਨਵੀਂ ਦਿੱਲੀ:** ਬਾਬਾ ਬੰਦਾ ਬਹਾਦਰ ਦੀ ਤੀਜੀ ਸ਼ਹੀਦੀ ਸ਼ਤਾਬਦੀ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਤਿੰਨ ਜੁਲਾਈ ਨੂੰ ਦਿੱਲੀ ਦੇ ਇੰਦਰਾ ਗਾਂਧੀ ਇੰਡੋਰ ਸਟੇਡੀਅਮ ਵਿਖੇ ਹੋਣ ਵਾਲੇ ਸਮਾਗਮ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਮਲ ਹੋਣਗੇ।

ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਵਿਚ ਦਿੱਲੀ ਕਮੇਟੀ ਵੱਲੋਂ ਯੂਰਪੀਅਨ ਤੇ ਪੱਛਮੀ ਦੇਸ਼ਾਂ ਦੇ ਸਫ਼ੀਰਾ ਪਰਿਵਾਰਕ ਮੈਂਬਰਾਂ, ਸਟਾਫ ਤੇ ਕੌਮਾਂਤਰੀ ਪੱਧਰ ਦੇ ਮੀਡੀਆ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਦਿੱਲੀ ਕਮੇਟੀ ਅਨੁਸਾਰ ਸੱਦਾ ਪੱਤਰ ਕੈਨੇਡਾ, ਅਮਰੀਕਾ, ਫਰਾਂਸ, ਬ੍ਰਿਟੇਨ, ਇਟਲੀ, ਜਰਮਨ, ਸਪੇਨ, ਗਰੀਸ, ਡੈਨਮਾਰਕ, ਰੂਸ ਤੇ ਆਇਰਲੈਂਡ ਦੇ ਦੂਤਘਰਾਂ ਨੂੰ ਭੇਜੇ ਗਏ ਹਨ। ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਸੱਦਾ ਪੱਤਰ ਵਿਚ ਬਾਬਾ ਬੰਦਾ ਬਹਾਦਰ ਦੇ ਜੀਵਨ ਉਤੇ ਰਾਜ ਦਾ ਵਿਸਤਾਰ ਨਾਲ ਵੇਰਵਾ ਦਿੱਤਾ ਗਿਆ ਹੈ। ਕਮੇਟੀ ਪ੍ਰਬੰਧਕਾਂ ਨੇ ਆਪਣੇ ਪੱਤਰ ਵਿਚ ਵਿਦੇਸ਼ੀਆਂ ਨੂੰ ਸਿੱਖ ਧਰਮ ਦੀ ਜਾਣਕਾਰੀ ਨਾ ਹੋਣ ਕਰ ਕੇ ਵਿਦੇਸ਼ਾਂ ਵਿਚ ਸਿੱਖਾਂ ਨੂੰ ਝੱਲਣੇ ਪੈਂਦੇ ਨਸਲੀ ਤੇ ਗਲਤ ਪਛਾਣ ਦੇ ਹਮਲੇ, ਦਸਤਾਰ ਤੇ ਪਾਬੰਦੀ ਤੇ ਕਿਰਪਾਨ ਦੀ ਹਵਾਈ ਯਾਤਰਾ ਦੌਰਾਨ ਮਨਾਹੀ ਦਾ ਵੀ ਵਿਦੇਸ਼ੀ ਸਫ਼ੀਰਾਂ ਨੂੰ ਹਵਾਲਾ ਦਿੱਤਾ ਗਿਆ ਹੈ।

# ਦੁਬਈ ਵਿਚ ਭਾਰਤੀ ਦੀ ਹੱਤਿਆ

**ਦੁਬਈ:** ਓਮਾਨ ਇਲਾਕੇ ਵਿਚ ਚੋਰੀ ਦਾ ਵਿਰੋਧ ਕਰਨ ਉਤੇ ਇਕ ਭਾਰਤੀ ਦੀ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿਚ ਓਮਾਨ ਪੁਲਿਸ ਵੱਲੋਂ ਸਥਾਨਕ ਛੇ ਵਿਅਕਤੀਆਂ ਦੀ ਗ੍ਰਿਫਤਾਰੀ ਕੀਤੀ ਗਈ ਹੈ।

ਮ੍ਰਿਤਕ ਦੀ ਪਛਾਣ ਜੌਹਨ ਫਿਲਿਪ ਵਜੋਂ ਹੋਈ ਹੈ। ਉਹ ਕੇਰਲਾ ਦਾ ਰਹਿਣ ਵਾਲਾ ਸੀ ਤੇ ਓਮਾਨ ਵਿਚ ਪੈਟਰੋਲ ਪੰਪ ਉਤੇ ਕੰਮ ਕਰਦਾ ਸੀ। ਮ੍ਰਿਤਕ ਦੀ ਲਾਸ਼ ਦੀ ਰਾਇਲ ਓਮਾਨ ਪੁਲਿਸ ਨੇ ਭਾਲ ਕਰ ਲਈ ਹੈ ਤੇ ਕਬਜ਼ੇ ਵਿਚ ਲੈ ਲਿਆ ਹੈ। ਮ੍ਰਿਤਕ ਦੇ ਨਾਲ ਕੰਮ ਕਰਨ ਵਾਲੇ ਵਿਅਕਤੀ ਨੇ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਕੀਤੀ ਸੀ। ਪੁਲਿਸ ਅਫਸਰ ਮੁਤਾਬਕ, ਫਿਲਿਪ ਦੀ ਲਾਸ਼ ਮਿਲ ਗਈ ਹੈ ਤੇ ਉਸ ਦੀ ਹੱਤਿਆ ਕੀਤੀ ਗਈ ਸੀ।ਪੈਟਰੋਲ ਪੰਪ ਦੇ ਮਾਲਕ ਮੁਤਾਬਕ, ਪੰਪ ਤੋਂ ਤਕਰੀਬਨ 6.5 ਲੱਖ ਰੁਪਏ ਵੀ ਗਾਇਬ ਸਨ। ਉਨ੍ਹਾਂ ਮੁਤਾਬਕ, ਸੀ.ਸੀ.ਟੀ.ਵੀ. ਕੈਮਰੇ ਨੂੰ ਤੋੜ ਦਿੱਤਾ ਗਿਆ ਸੀ। ਨਾਲ ਹੀ ਸੀ.ਸੀ.ਟੀ.ਵੀ. ਦੀਆਂ ਕੈਸਟਾਂ ਵੀ ਗਾਇਬ ਸਨ।

# ਫਿਲਮ 'ਡਿਸ਼ੂਮ' ਖਿਲਾਫ ਡਟੀ ਸ਼੍ਰੋਮਣੀ ਕਮੇਟੀ

**ਨਵੀਂ ਦਿੱਲੀ:** ਸਿੱਖ ਧਰਮ ਦੇ ਪੰਜ ਕਕਾਰਾਂ ਵਿਚੋਂ ਇਕ ਕਿਰਪਾਨ ਦੀ ਬੇਅਦਬੀ ਦੇ ਮਾਮਲੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਡਿਸ਼ੂਮ' ਫਿਲਮ ਦੇ ਨਿਰਮਾਤਾ ਤੇ ਅਦਾਕਾਰਾ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਡੀ.ਐਸ.ਜੀ.ਪੀ.ਸੀ. ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਨੇ ਇਹ ਨੋਟਿਸ ਭੇਜਿਆ ਹੈ। ਸਿਰਸਾ ਨੇ ਮੰਗ ਕੀਤੀ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾਉਣ ਲਈ ਸਿੱਖ ਸੰਗਤ ਤੋਂ ਮੁਆਫੀ ਮੰਗਣ। ਨਾਲ ਹੀ ਉਨ੍ਹਾਂ ਨੇ ਯੂ-ਟਿਊਬ ਤੋਂ ਇਹ ਟਰੇਲਰ ਹਟਾ ਕੇ ਗਾਣੇ ਵਿਚੋਂ ਵੀ ਇਹ ਸੀਨ ਕੱਟਣ ਦੀ ਮੰਗ ਕੀਤੀ ਹੈ।

ਸਿਰਸਾ ਵੱਲੋਂ ਭੇਜੇ ਗਏ ਨੋਟਿਸ ਵਿਚ ਫਿਲਮ ਦੇ ਨਿਰਦੇਸ਼ਕ ਰੋਹਿਤ ਧਵਨ ਤੇ ਫਿਲਮ ਦੀ ਅਦਾਕਾਰ ਜੈਕਲਿਨ ਫਰਨਾਂਡਿਸ ਨੂੰ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਣ ਲਈ ਲੋਕਾਂ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਫਿਲਮ ਦੇ ਟ੍ਰੇਲਰ ਨੂੰ ਯੂ-ਟਿਊਬ ਤੋਂ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਅਗਲੇ ਸੱਤ ਦਿਨਾਂ ਵਿਚ ਹੀ ਮੁਆਫੀ ਮੰਗਣ ਦੀ ਗੱਲ ਆਖੀ ਹੈ। ਸਿਰਸਾ ਵੱਲੋਂ ਭੇਜੇ ਗਏ ਨੋਟਿਸ ਵਿਚ ਕਿਹਾ ਗਿਆ ਹੈ ਕਿ ਇਸ ਗਾਣੇ ਨੂੰ ਦੁਬਾਰਾ ਸ਼ੂਟ ਕੀਤਾ ਜਾਵੇ ਤੇ ਕਿਰਪਾਨ ਦੀ ਬੇਅਦਬੀ ਵਾਲੇ ਸਾਰੇ ਹੀ ਦ੍ਰਿਸ਼ਾਂ ਨੂੰ ਕੱਟਣ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਫਿਲਮ 'ਡੀਸ਼ੂਮ' ਦੇ ਇਕ ਗਾਣੇ ਵਿਚ ਅਦਾਕਾਰਾ ਜੈਕਲੀਨ ਲੱਕ ਨਾਲ ਕਿਰਪਾਨ ਬੰਨ੍ਹ ਕੇ ਨੱਚ ਰਹੀ ਹੈ ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਇਸ ਤੋਂ ਪਹਿਲਾਂ ਡੀ.ਐਸ.ਜੀ.ਐਮ.ਪੀ.ਸੀ. ਨੇ ਸੈਂਸਰ ਬੋਰਡ ਦੇ ਚੀਫ ਪਹਿਲਾਜ ਨੂੰ ਲਿਖਿਆ ਸੀ ਕਿ ਗਾਣੇ ਇਸ਼ਕ ਦਾ ਮਰਜ਼ ਨੂੰ ਫਿਲਮ ਵਿਚੋਂ ਹਟਵਾਇਆ ਜਾਵੇ।



## ਕਿਰਪਾਨ ਪਾਉਣ 'ਤੇ ਜੈਕਲਿਨ ਵਿਰੁੱਧ ਕੇਸ ਦਰਜ

**ਚੰਡੀਗੜ੍ਹ:** ਬਾਲੀਵੁੱਡ ਅਦਾਕਾਰਾ ਜੈਕਲਿਨ ਫਰਨਾਂਡਿਸ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਲਜ਼ਾਮ ਤਹਿਤ ਚੰਡੀਗੜ੍ਹ ਵਿਚ ਕੇਸ ਦਾਇਰ ਕੀਤਾ ਗਿਆ ਹੈ। ਐਡਵੋਕੇਟ ਰਵਿੰਦਰ ਸਿੰਘ ਬੱਸੀ ਨੇ ਸਿੱਖ ਧਰਮ ਦੇ ਪੰਜ ਕਕਾਰਾਂ ਵਿਚੋਂ ਇਕ ਕਿਰਪਾਨ ਦੀ ਬੇਅਦਬੀ ਦੇ ਮਾਮਲੇ ਵਿਚ 'ਡਿਸ਼ੂਮ' ਫਿਲਮ ਦੇ ਨਿਰਮਾਤਾ ਤੇ ਅਦਾਕਾਰਾ ਖਿਲਾਫ ਚੰਡੀਗੜ੍ਹ ਦੀ ਜਿਲ੍ਹਾ ਅਦਾਲਤ ਵਿਚ ਕੇਸ ਦਾਇਰ ਕੀਤਾ ਹੈ। ਇਸ ਮਾਮਲੇ ਦੀ ਸੁਣਵਾਈ ਪਹਿਲੀ ਜੁਲਾਈ ਨੂੰ ਹੋਵੇਗੀ। ਇਸ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ 'ਡਿਸ਼ੂਮ' ਫਿਲਮ ਦੇ ਨਿਰਮਾਤਾ ਤੇ ਅਦਾਕਾਰਾ ਨੂੰ ਕਾਨੂੰਨੀ ਨੋਟਿਸ ਭੇਜਿਆ ਸੀ। ਡੀ.ਐਸ.ਜੀ.ਪੀ.ਸੀ. ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਨੇ ਨੋਟਿਸ ਭੇਜ ਕੇ ਮੰਗ ਕੀਤੀ ਸੀ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾਉਣ ਲਈ ਸਿੱਖ ਸੰਗਤ ਤੋਂ ਮੁਆਫੀ ਮੰਗਣ।

# ਸੋਕਾ ਪੀੜਤਾਂ ਨੂੰ ਰਾਹਤ ਦੇਣ ਵਿਚ ਨਾਕਾਮ ਰਹੀ ਮੋਦੀ ਸਰਕਾਰ

**ਚੰਡੀਗੜ੍ਹ:** ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੁਲਕ ਦੇ ਤਕਰੀਬਨ ਇਕ ਤਿਹਾਈ ਸੋਕਾ ਪੀੜਤ ਲੋਕਾਂ ਨੂੰ ਲੋੜੀਂਦੀ ਰਾਹਤ ਮੁਹੱਈਆ ਕਰਵਾਉਣ ਵਿਚ ਕੀਤੀ ਜਾ ਰਹੀ ਢਿੱਲ-ਮੱਠ ਦਾ ਮਾਮਲਾ ਮੁੜ ਅਦਾਲਤ ਪਹੁੰਚ ਗਿਆ ਹੈ। ਇਸ ਸਾਲ ਮੌਨਸੂਨ ਦੀ ਬੇਰੁਖੀ ਕਾਰਨ ਮੁਲਕ ਦੇ 10 ਸੂਬਿਆਂ ਦੇ 256 ਜ਼ਿਲ੍ਹਿਆਂ ਦੇ ਲਗਪਗ 33 ਕਰੋੜ ਲੋਕ ਸੋਕੇ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਕੁਝ ਗ਼ੈਰ-ਸਰਕਾਰੀ ਸੰਸਥਾਵਾਂ ਨੇ ਪੀੜਤ ਲੋਕਾਂ ਨੂੰ ਲੋੜੀਂਦੀ ਰਾਹਤ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਇਸ ਸੰਕਟ 'ਚੋਂ ਉੱਭਰਨ ਅਤੇ ਆਪਣੇ ਪੈਰਾਂ ਸਿਰ ਖਲੋਣ ਲਈ ਠੋਸ ਰਾਹਤ ਯੋਜਨਾਵਾਂ ਤਹਿਤ ਸਹਾਇਤਾ ਦੇਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

### ਰਾਹਤ ਵਿਚ ਢਿੱਲ-ਮੱਠ ਦਾ ਮਾਮਲਾ ਮੁੜ ਅਦਾਲਤ ਵਿਚ



ਸਰਵਉੱਚ ਅਦਾਲਤ ਨੇ ਸਮੱਸਿਆ ਦੀ ਅਹਿਮੀਅਤ ਦੇ ਮੱਦੇਨਜ਼ਰ ਸੋਕਾ ਪੀੜਤਾਂ ਪ੍ਰਤੀ ਚਿੰਤਾ ਅਤੇ ਸੰਵੇਦਨਸ਼ੀਲਤਾ ਜ਼ਾਹਿਰ ਕਰਦਿਆਂ ਕੇਂਦਰ ਅਤੇ ਸੋਕਾਗ੍ਰਸਤ ਸੂਬਿਆਂ ਦੀਆਂ ਸਰਕਾਰਾਂ ਨੂੰ ਆਫਤ ਰਾਹਤ ਫੰਡ ਬਣਾਉਣ, ਕੌਮੀ ਖ਼ੁਰਾਕ ਸੁਰੱਖਿਆ ਕਾਨੂੰਨ ਅਤੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (ਮਗਨਰੇਗਾ) ਤਹਿਤ ਪੀੜਤਾਂ ਨੂੰ ਵੱਧ ਤੋਂ ਵੱਧ ਮਦਦ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ ਅਦਾਲਤ ਨੇ ਪੀੜਤਾਂ ਨੂੰ ਜਨਤਕ ਖ਼ੁਰਾਕ ਸਪਲਾਈ ਸਿਸਟਮ ਰਾਹੀਂ ਅਤੇ ਸਕੂਲੀ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦੇ ਸਮੇਂ ਦੌਰਾਨ ਮਿਡ ਡੇਅ ਮੀਲ ਤਹਿਤ ਭੋਜਨ ਮੁਹੱਈਆ ਕਰਵਾਉਣ ਲਈ ਆਦੇਸ਼ ਦਿੱਤੇ ਸਨ। ਅਦਾਲਤ ਨੇ ਬੈਂਕਾਂ ਨੂੰ ਸੋਕਾਗ੍ਰਸਤ ਕਿਸਾਨਾਂ ਦੇ ਕਰਜ਼ੇ ਲੰਬਿਤ ਕਰਨ ਅਤੇ ਅਗਲੀ ਫ਼ਸਲ ਬੀਜਣ ਲਈ ਹੋਰ ਕਰਜ਼ੇ ਦੇਣ ਲਈ ਵੀ ਹੁਕਮ ਦਿੱਤੇ ਸਨ।

ਇਕ ਮਹੀਨਾ ਬੀਤਣ ਮਗਰੋਂ ਵੀ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਵਿਚ ਕੋਈ ਖਾਸ ਦਿਲਚਸਪੀ ਨਾ ਦਿਖਾਉਣ ਕਰ ਕੇ ਗ਼ੈਰ-ਸਰਕਾਰੀ ਸੰਸਥਾਵਾਂ ਨੇ ਇਹ ਮਾਮਲਾ ਮੁੜ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਂਦਾ। ਇਨ੍ਹਾਂ ਸੰਸਥਾਵਾਂ ਨੇ ਅਦਾਲਤ ਨੂੰ ਦੱਸਿਆ ਕਿ ਪੀੜਤ ਲੋਕਾਂ ਨੂੰ ਢਿੱਡ ਭਰਨ ਲਈ ਅਨਾਜ ਨਹੀਂ ਮਿਲ ਰਿਹਾ, ਸਕੂਲੀ ਬੱਚਿਆਂ ਨੂੰ ਮਿਡ-ਡੇ ਮੀਲ ਨਹੀਂ ਦਿੱਤਾ ਜਾ ਰਿਹਾ ਅਤੇ ਮਗਨਰੇਗਾ ਤਹਿਤ ਪੀੜਤਾਂ ਨੂੰ ਵੱਧ ਦਿਨਾਂ ਲਈ ਕੰਮ ਕਰਨ ਬਦਲੇ ਲੋੜੀਂਦੀ ਰਾਸ਼ੀ ਨਹੀਂ ਦਿੱਤੀ ਜਾ ਰਹੀ। ਬੈਂਕਾਂ ਵੱਲੋਂ ਕਰਜ਼ੇ ਲੰਬਿਤ ਕਰਨ ਦੀ ਥਾਂ ਵਸੂਲੀ ਦੇ ਹੁਕਮ ਜਾਰੀ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਨਵੇਂ ਕਰਜ਼ੇ ਨਹੀਂ ਦਿੱਤੇ ਜਾ ਰਹੇ ਜਿਸ ਕਰ ਕੇ ਉਹ ਅਗਲੀ ਫਸਲ ਬੀਜਣ ਤੋਂ ਅਸਮਰੱਥ ਹਨ।

ਅਦਾਲਤ ਨੇ ਇਸ ਗੱਲ ਉਤੇ ਚਿੰਤਾ ਪ੍ਰਗਟ ਕਰਦਿਆਂ ਮੁੜ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੋਕਾ ਪੀੜਤਾਂ ਨੂੰ ਰਾਹਤ ਦੇਣ ਲਈ ਦਿੱਤੇ ਗਏ ਹੁਕਮਾਂ ਦੀ ਤਾਮੀਲ ਕਰਨ ਸਬੰਧੀ ਕੀਤੀ ਗਈ ਕਾਰਵਾਈ ਦੀ ਪ੍ਰਗਤੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਸੋਕਾ ਪੀੜਤ ਕਿਸਾਨਾਂ ਦੇ ਕਰਜ਼ੇ ਲੰਬਿਤ ਕਰਨੇ ਵੱਸ ਤੋਂ ਬਾਹਰ ਹਨ, ਪਰ ਰਸੂਖ਼ਵਾਨਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ ਕਰਨ ਉਤੇ ਸਰਕਾਰ ਘਿਰੀ ਹੋਈ ਹੈ। ਸਰਕਾਰਾਂ ਕਾਰਪੋਰੇਟਾਂ ਅਤੇ ਕੰਪਨੀਆਂ ਦੇ ਕਰੋੜਾਂ ਦੇ ਕਰਜ਼ਾਈ ਹੋਣ ਦੇ ਬਾਵਜੂਦ ਸੰਕਟ ਵਿਚੋਂ ਮੁੜ ਉਭਰਨ ਦੇ ਨਾਂ ਉਤੇ ਮੁੜ ਕਰੋੜਾਂ ਦੇ ਕਰਜ਼ੇ ਦਿੰਦੀਆਂ ਹਨ ਪਰ ਕੁਦਰਤੀ ਆਫਤਾਂ ਦੇ ਮਾਰੇ ਲੋਕਾਂ, ਵਿਸ਼ੇਸ਼ ਕਰ ਕੇ ਕਿਸਾਨਾਂ ਨੂੰ ਅਗਲੀ ਫਸਲ ਬੀਜਣ ਲਈ ਮਾਮੂਲੀ ਕਰਜ਼ੇ ਦੇਣ ਤੋਂ ਵੀ ਇਨਕਾਰੀ ਹਨ।

## ਮਈ ਮਹੀਨਾ ਸਭ ਤੋਂ ਵੱਧ ਗਰਮ ਰਿਹਾ

**ਵਾਸ਼ਿੰਗਟਨ:** ਨਾਸਾ ਵੱਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਅਨੁਸਾਰ ਇਸ ਸਾਲ ਮਈ ਮਹੀਨਾ ਸਭ ਤੋਂ ਵੱਧ ਗਰਮ ਰਿਹਾ ਹੈ ਤੇ ਇਸ ਵਾਰ ਵਿਸ਼ਵ-ਵਿਆਪੀ ਤਾਪਮਾਨ ਦਾ ਰਿਕਾਰਡ ਟੁੱਟ ਗਿਆ। ਰਿਪੋਰਟ ਅਨੁਸਾਰ ਉੱਤਰੀ ਧਰੁਵ ਵਿਸ਼ੇਸ਼ ਰੂਪ ਵਿਚ ਗਰਮ ਹੈ ਜਿਸ ਨਾਲ ਉੱਤਰੀ ਧਰੁਵ ਸਾਗਰ ਦੀ ਬਰਫ ਤੇ ਗ੍ਰੀਨਲੈਂਡ ਦੀ ਬਰਫ ਦੀ ਪਰਤ ਦੇ ਪਿਘਲਣ ਦਾ ਸਿਲਸਿਲਾ ਇਸ ਵਾਰ ਜਲਦ ਸ਼ੁਰੂ ਹੋ ਗਿਆ। ਉੱਤਰੀ ਗੋਲਾਅਰਧ ਵਿਚ ਬਰਫ ਦੀ ਪਰਤ ਅਸਧਾਰਨ ਤੌਰ 'ਤੇ ਘੱਟ ਸੀ। ਮਈ ਦੇ ਇਸ ਰਿਕਾਰਡ ਤਾਪਮਾਨ ਕਾਰਨ ਯੂਰਪ ਤੇ ਦੱਖਣੀ ਅਮਰੀਕਾ ਵਿਚ ਭਾਰੀ ਬਾਰਸ਼ਾਂ ਹੋਈਆਂ ਤੇ ਮੂੰਗੇ ਦੀਆਂ ਚਟਾਨਾਂ ਦੇ ਰੰਗ ਉੱਡ ਗਏ। ਵਿਸ਼ਵ-ਵਿਆਪੀ ਜਲਵਾਯੂ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਡੇਵਿਡ ਕਾਰਲਸਨ ਨੇ ਕਿਹਾ ਇਸ ਸਾਲ ਹੁਣ ਤੱਕ ਦੀ ਜਲਵਾਯੂ ਦੀ ਸਥਿਤੀ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।

## ਚੀਨ ਵੱਲੋਂ ਕਲਾਊਡ ਸੀਡਿੰਗ ਤਕਨੀਕ ਦੀ ਪੇਸ਼ਕਸ਼

**ਬੀਜਿੰਗ:** ਸੋਕਾ ਪ੍ਰਭਾਵਿਤ ਮਹਾਰਾਸ਼ਟਰ ਵਿਚ ਬਾਰਸ਼ ਕਰਵਾਉਣ ਵਾਲੀ ਤਕਨੀਕ 'ਕਲਾਊਡ ਸੀਡਿੰਗ' ਉਪਲੱਬਧ ਕਰਵਾਉਣ ਨੂੰ ਲੈ ਕੇ ਚੀਨ ਲਗਾਤਾਰ ਭਾਰਤ ਨਾਲ ਗੱਲਬਾਤ ਕਰ ਰਿਹਾ ਹੈ। ਮੌਸਮ ਵਿਭਾਗ ਦੇ ਸਥਾਨਕ ਕਰਮਚਾਰੀਆਂ ਨੂੰ ਵੀ ਇਸ ਤਕਨੀਕ ਦੀ ਸਿਖਲਾਈ ਦਿੱਤੀ ਜਾਵੇਗੀ। ਬੀਜਿੰਗ, ਸ਼ਿੰਘਾਈ ਤੇ ਚੀਨ ਦੇ ਪੂਰਬੀ ਅਨਹੁਈ ਸੂਬੇ ਦੇ ਵਿਗਿਆਨਕਾਂ ਤੇ ਅਧਿਕਾਰੀਆਂ ਦੀ ਇਕ ਟੀਮ ਨੇ ਮਹਾਰਾਸ਼ਟਰ ਦੇ ਹਾਲੀਆ ਦੌਰੇ ਦੌਰਾਨ ਇਸ ਸਹਿਯੋਗ ਦੀ ਪੇਸ਼ਕਸ਼ ਕੀਤੀ। 'ਚਾਈਨਾ ਡੇਲੀ' ਅਨੁਸਾਰ ਜੇਕਰ ਇਹ ਗੱਲਬਾਤ ਸਫਲ ਹੁੰਦੀ ਹੈ ਤਾਂ ਚੀਨ ਭਾਰਤ ਨੂੰ ਇਸ ਤਕਨੀਕ ਨਾਲ ਜੁੜੀ ਟਰੇਨਿੰਗ ਉਪਲੱਬਧ ਕਰਵਾਏਗਾ। ਇਸ ਦਾ ਉਦੇਸ਼ ਸਾਲ 2017 'ਚ ਜ਼ਰੂਰਤ ਪੈਣ ਉਤੇ ਗਰਮੀਆਂ 'ਚ ਮਹਾਰਾਸ਼ਟਰ ਦੇ ਮਰਾਠਵਾੜਾ ਵਿਚ ਬਾਰਸ਼ ਕਰਵਾਉਣਾ ਹੋਵੇਗਾ।

# ਸ੍ਰੀ ਹਰਿਮੰਦਰ ਸਾਹਿਬ ਤੋਂ ਕੌਮੀ ਸਦਭਾਵਨਾ ਦੌਰਾ ਸ਼ੁਰੂ

**ਅੰਮ੍ਰਿਤਸਰ:** ਦੇਸ਼ ਵਿਚ ਫਿਰਕੂ ਕੱਟੜਵਾਦ ਅਤੇ ਜਾਤੀਵਾਦੀ ਜਨੂਨ ਵੱਲੋਂ ਜ਼ਮਹੂਰੀਅਤ ਦੇ ਕੀਤੇ ਜਾ ਰਹੇ ਨੁਕਸਾਨ ਖਿਲਾਫ਼ ਆਮ ਲੋਕਾਂ ਨੂੰ ਜਾਗਰੂਕ ਕਰਨ ਹਿੱਤ ਭਾਰਤੀ ਸਰਵ ਧਰਮ ਸੰਸਦ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਕੌਮੀ ਸਦਭਾਵਨਾ ਦੌਰਾ ਆਰੰਭ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਰਦਾਸ ਕਰਦਿਆਂ ਇਸ ਯਾਤਰਾ ਨੂੰ ਰਸਮੀ ਹਮਾਇਤ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਦੇਸ਼ ਭਰ ਵਿਚ ਚੱਲਣ ਵਾਲੀ ਇਸ ਯਾਤਰਾ ਦੀ ਸ਼ੁਰੂਆਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਕਰਨ ਪਿਛਲੀਆਂ ਭਾਵਨਾਵਾਂ ਨੂੰ ਉਜਾਗਰ ਕਰਦਿਆਂ ਪ੍ਰਤੀਨਿਧ ਮੰਡਲ ਦੇ ਕੌਮੀ ਸੰਯੋਜਕ ਗੋਸਵਾਮੀ ਸੁਸ਼ੀਲ ਨੇ ਕਿਹਾ ਕਿ ਇਸ ਮੁਕੱਦਸ



ਅਸਥਾਨ ਨੂੰ ਸਮੁੱਚੇ ਵਿਸ਼ਵ ਵਿਚ ਮਨੁੱਖਤਾ ਦੇ ਘਰ ਵਜੋਂ ਜਾਣਿਆ ਜਾਂਦਾ ਹੈ ਅਤੇ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣ ਲਈ ਇਸ ਤੋਂ ਬਿਹਤਰ ਕੋਈ ਸਥਾਨ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਸ਼ਾਂਤੀ ਸਦਭਾਵਨਾ ਦੇ ਨਾਲ-ਨਾਲ ਕੰਨਿਆ ਭਰੂਣ ਹੱਤਿਆ, ਨਸ਼ਾਖੋਰੀ, ਪਾਣੀ ਦੀ ਬਰਬਾਦੀ ਆਦਿ ਸਮਾਜਿਕ ਮੁੱਦਿਆਂ 'ਤੇ ਵੀ ਮੁਹਿੰਮ ਚਲਾਵੇਗੀ।

ਇਸ ਸਮੇਂ ਸਮਾਜ ਧਾਰਮਿਕ ਏਕਤਾ ਦੀ ਥਾਂ ਸੰਪਰਦਾਇਕ ਕੱਟੜਤਾ ਵੱਲ ਵਧ ਰਿਹਾ ਹੈ, ਜਿਸ 'ਤੇ ਰੋਕ ਲਗਾਉਣ ਲਈ ਸਾਂਝੇ ਸ਼ਾਂਤੀ ਸੁਨੇਹੇ ਦੀ ਲੋੜ ਹੈ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਪ੍ਰਤੀਨਿਧ ਮੰਡਲ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਉਪਰੰਤ ਉਨ੍ਹਾਂ ਦੇ ਉਦੇਸ਼ ਦੀ ਸਰਾਹਨਾ ਕੀਤੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਅਰਦਾਸ ਵੀ ਕੀਤੀ।

# ਰਘੂਰਾਮ ਰਾਜਨ ਦੀ ਗਵਰਨਰ ਵਜੋਂ ਅਗਲਾ ਕਾਰਜਕਾਲ ਲੈਣ ਤੋਂ ਤੌਬਾ

**ਮੁੰਬਈ:** ਰਾਜਸੀ ਹਮਲਿਆਂ ਤੋਂ ਤੰਗ ਆਏ ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ ਨੇ ਇਕ ਚਾਣਚੱਕ ਐਲਾਨ ਵਿਚ ਆਪਣੇ ਅਹੁਦੇ 'ਤੇ ਅਗਲੇ ਕਾਰਜਕਾਲ ਲਈ ਬਣੇ ਰਹਿਣ ਤੋਂ ਨਾਂਹ ਕਰ ਦਿੱਤੀ ਹੈ। ਰਾਜਨ ਦੇ ਇਸ ਐਲਾਨ ਨਾਲ ਉਨ੍ਹਾਂ ਦੇ ਇਸ ਅਹੁਦੇ ਉਤੇ ਬਣੇ ਰਹਿਣ ਬਾਰੇ ਲਾਈਆਂ ਜਾ ਰਹੀਆਂ ਕਿਆਸਰਾਈਆਂ ਨੂੰ ਵਿਰਾਮ ਲੱਗ ਗਿਆ ਹੈ।

ਸ੍ਰੀ ਰਾਜਨ ਨੇ ਰਿਜ਼ਰਵ ਬੈਂਕ ਦੇ ਸਟਾਫ ਨੂੰ ਭੇਜੇ ਸੰਦੇਸ਼ ਵਿਚ ਕਿਹਾ ਕਿ ਸੋਚ ਵਿਚਾਰ ਅਤੇ ਸਰਕਾਰ ਨਾਲ ਸਲਾਹ ਮਸ਼ਵਰਾ ਕਰਨ ਪਿਛੋਂ ਉਹ ਤੁਹਾਡੇ ਨਾਲ ਇਹ ਗੱਲ ਸਾਂਝੀ ਕਰਨੀ ਚਾਹੁੰਦੇ ਹਨ ਕਿ ਜਦੋਂ ਚਾਰ ਸਤੰਬਰ 2016 ਨੂੰ ਉਨ੍ਹਾਂ ਦੇ ਅਹੁਦੇ ਦੀ ਮਿਆਦ ਖਤਮ ਹੋ ਜਾਵੇਗੀ ਤਾਂ ਉਹ ਅਕਾਦਮਿਕ ਖੇਤਰ ਵਿਚ ਵਾਪਸ ਚਲੇ ਜਾਣਗੇ। ਪਹਿਲਾਂ ਇਹ ਅਟਕਲਪੱਚੂ ਲਾਏ ਜਾ ਰਹੇ ਸਨ ਕਿ ਕੀ ਅੰਤਰਰਾਸ਼ਟਰੀ ਮੁਦਰਾ ਕੋਸ਼ ਤੋਂ ਸਨਮਾਨਤ ਅਰਥਸ਼ਾਸਤਰੀ ਰਾਜਨ ਜਿਹੜੇ 2008 ਦੇ ਵਿਸ਼ਵ ਵਿੱਤੀ ਸੰਕਟ ਦੀ ਭਵਿੱਖਬਾਣੀ ਕਰਨ ਲਈ ਜਾਣੇ ਜਾਂਦੇ ਹਨ, ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਵਲੋਂ ਕੀਤੇ ਜਾ ਰਹੇ ਹਮਲੇ ਪਿੱਛੋਂ ਦੂਸਰੇ ਕਾਰਜਕਾਲ ਲਈ ਰਿਜ਼ਰਵ ਬੈਂਕ ਦੇ ਗਵਰਨਰ ਬਣੇ ਰਹਿਣਗੇ ਜਾਂ ਨਹੀਂ? ਆਪਣੇ ਸਾਥੀਆਂ ਨੂੰ ਲਿਖੇ ਪੱਤਰ ਵਿਚ 53 ਸਾਲਾ ਰਾਜਨ ਜਿਨ੍ਹਾਂ ਨੂੰ ਸਤੰਬਰ 2013 ਨੂੰ ਪਿਛਲੀ ਯੂ.ਪੀ.ਏ. ਸਰਕਾਰ ਨੇ ਨਿਯੁਕਤ ਕੀਤਾ ਸੀ, ਨੇ ਕਿਹਾ ਕਿ ਜਦੋਂ ਵੀ ਦੇਸ਼ ਨੂੰ ਉਨ੍ਹਾਂ ਦੀ ਲੋੜ ਹੋਵੇਗੀ ਉਹ ਸੇਵਾ ਲਈ ਯਕੀਕਨ ਉਪਲਬਧ ਰਹਿਣਗੇ।

# ਸਿੱਖ ਕਤਲੇਆਮ: ਮੋਦੀ ਸਰਕਾਰ ਦੇ ਦਾਅਵਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਮੋਦੀ ਸਰਕਾਰ ਵੱਲੋਂ 1984 ਦੇ ਦਿੱਲੀ ਸਿੱਖ ਕਤਲੇਆਮ ਦੀ ਜਾਂਚ ਲਈ ਗਠਿਤ ਕੀਤੀ ਗਈ ਐਸ.ਆਈ.ਟੀ. ਨੇ ਆਖਰਕਾਰ 16 ਮਹੀਨੇ ਬਾਅਦ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਟੀਮ ਨੂੰ ਮਹਿਜ਼ ਛੇ ਮਹੀਨੇ ਵਿਚ ਜਾਂਚ ਪੂਰੀ ਕਰ ਕੇ ਰਿਪੋਰਟ ਦੇਣ ਲਈ ਆਖਿਆ ਗਿਆ ਸੀ, ਪਰ 16 ਮਹੀਨੇ ਬਾਅਦ ਵੀ ਇਹ ਐਸ.ਆਈ.ਟੀ. ਆਪਣਾ ਕੰਮ ਸ਼ੁਰੂ ਨਹੀਂ ਕਰ ਪਾਈ ਸੀ। ਇਸ ਗੱਲ ਤੋਂ ਮੋਦੀ ਸਰਕਾਰ ਦੀ ਜਾਂਚ ਪ੍ਰਤੀ ਗੰਭੀਰਤਾ ਦੀ ਪੋਲ ਖੁੱਲ੍ਹਦੀ ਹੈ। ਐਸ.ਆਈ.ਟੀ. ਨੇ ਫਿਲਹਾਲ 22 ਉਨ੍ਹਾਂ ਕੇਸਾਂ ਦੀ ਜਾਂਚ ਸ਼ੁਰੂ ਕੀਤੀ ਹੈ ਜਿਨ੍ਹਾਂ ਵਿਚ ਐਫ.ਆਈ.ਆਰ. ਤਾਂ ਦਰਜ ਸੀ, ਪਰ ਸਬੂਤਾਂ ਦੀ ਘਾਟ ਕਰ ਕੇ ਇਨ੍ਹਾਂ ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਐਸ.ਆਈ.ਟੀ. ਨੇ 31 ਜੁਲਾਈ, 2016 ਤੱਕ ਇਨ੍ਹਾਂ 22 ਕੇਸਾਂ ਬਾਰੇ ਸਬੂਤ ਜਾਂਚ ਟੀਮ ਨੂੰ ਦੇਣ ਦੀ ਅਪੀਲ ਕੀਤੀ ਹੈ। ਯਾਦ ਰਹੇ ਕਿ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾਂ ਦੀ ਅਗਵਾਈ ਵਿਚ ਗ੍ਰਹਿ ਮੰਤਰਾਲੇ ਵੱਲੋਂ 22 ਫਰਵਰੀ, 2015 ਵਿਚ ਦਿੱਲੀ ਸਿੱਖ ਕਤਲੇਆਮ ਦੀ ਜਾਂਚ ਲਈ ਐਸ.ਆਈ.ਟੀ. ਦਾ ਗਠਨ ਕੀਤਾ




ਗਿਆ ਸੀ। ਇਸ ਕਾਰਨ ਪਿਛਲੇ ਦਿਨੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮੋਦੀ ਸਰਕਾਰ ਨੂੰ ਆਈ.ਆਈ.ਟੀ. ਭੰਗ ਕਰ ਕੇ ਜਾਂਚ ਦਾ ਕੰਮ ਦਿੱਲੀ ਸਰਕਾਰ ਹਵਾਲੇ ਕਰਨ ਦੀ ਅਪੀਲ ਕੀਤੀ ਗਈ ਸੀ। ਦੂਜੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦਾ ਕਹਿਣਾ ਹੈ ਕਿ ਕੇਸਾਂ ਦੀ ਜਾਂਚ ਦਿੱਲੀ ਪੁਲਿਸ ਵੱਲੋਂ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਇਸ ਨਾਲ ਜਾਂਚ ਪ੍ਰਭਾਵਿਤ ਹੋਣ ਦਾ ਡਰ ਹੈ।

# ਮਹਿਲਾ ਲੜਾਕੂ ਪਾਇਲਟਾਂ ਨੇ ਭਰੀ ਉਡਾਣ

**ਹੈਦਰਾਬਾਦ:** ਭਾਰਤੀ ਹਵਾਈ ਫ਼ੌਜ ਨੇ ਇਤਿਹਾਸ ਰਚਦਿਆਂ ਅਵਨੀ ਚਤੁਰਵੇਦੀ, ਭਾਵਨਾ ਕੰਠ ਅਤੇ ਮੋਹਨਾ ਸਿੰਘ ਨੂੰ ਪਹਿਲੀਆਂ ਮਹਿਲਾ ਲੜਾਕੂ ਪਾਇਲਟਾਂ ਦੇ ਰੂਪ ਵਿਚ ਰਸਮੀ ਤੌਰ 'ਤੇ ਕਮਿਸ਼ਨ ਦਿੱਤਾ ਹੈ। ਹਥਿਆਰਬੰਦ ਬਲਾਂ ਵਿਚ ਲਿੰਗ ਬਰਾਬਰੀ ਦੇ ਯਤਨਾਂ ਨੂੰ ਅੱਗੇ ਤੋਰ ਰਹੇ ਰੱਖਿਆ ਮੰਤਰੀ ਮਨੋਹਰ ਪਰੀਕਰ ਇਥੇ ਸ਼ਹਿਰ ਦੇ ਬਾਹਰੀ ਖੇਤਰ ਡੁੰਡੀਗਲ ਵਿਚ ਸਥਿਤ ਹਵਾਈ ਸੈਨਾ ਅਕੈਡਮੀ ਵਿਚ ਕਰਾਏ ਗਏ ਸਾਂਝੇ ਗਰੈਜੂਏਸ਼ਨ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ। ਉਨ੍ਹਾਂ ਇਸ ਸਮਾਗਮ ਨੂੰ 'ਮੀਲ ਪੱਥਰ' ਦੱਸਦਿਆਂ ਕਿਹਾ ਕਿ ਮਹਿਲਾਵਾਂ ਨੂੰ ਪਹਿਲੀ ਵਾਰ ਯੁੱਧ ਭੂਮਿਕਾ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਾਲਾਂ ਵਿਚ ਹਥਿਆਰਬੰਦ ਬਲਾਂ ਵਿਚ 'ਕਦਮ ਦਰ ਕਦਮ ਸੰਪੂਰਨ ਲਿੰਗ ਸਮਾਨਤਾ' ਹਾਸਲ ਕੀਤੀ ਜਾਵੇਗੀ। ਸ੍ਰੀ ਪਰੀਕਰ ਨੇ ਕਿਹਾ ਕਿ ਕੁਝ ਤਕਨੀਕੀ ਤੇ ਪ੍ਰਸ਼ਾਸਨਕ ਅੜਿੱਕੇ ਹਨ, ਜਿਨ੍ਹਾਂ ਦਾ ਸਾਨੂੰ ਕੁਝ ਖੇਤਰਾਂ ਵਿਚ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਅਸੀਂ ਕਦਮ ਦਰ ਕਦਮ ਦੇਖਾਂਗੇ ਕਿ ਇਸ ਬਰਾਬਰੀ ਨੂੰ ਹਾਸਲ ਕੀਤਾ ਜਾ ਸਕੇ, ਪਰ ਗਿਣਤੀ ਸਾਡੀਆਂ ਢਾਂਚਾਗਤ ਸਹੂਲਤਾਂ ਉਤੇ ਨਿਰਭਰ ਕਰੇਗੀ।

ਹਵਾਈ ਫ਼ੌਜ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਫਲਾਈਟ ਕੈਡੇਟ ਵਜੋਂ ਕਮਿਸ਼ਨ ਤੋਂ ਪਹਿਲਾਂ ਦੀ ਸਿਖਲਾਈ ਸਫਲਤਾਪੂਰਵਕ ਮੁਕੰਮਲ ਕਰਨ ਉਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਇਨ੍ਹਾਂ ਤਿੰਨ ਮਹਿਲਾ ਪਾਇਲਟਾਂ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂਵਾਲੀਆਂ ਸਮਝਦੀਆਂ ਹਨ ਅਤੇ ਆਪਣੇ



ਫ਼ਰਜ਼ ਨੂੰ ਲੈ ਕੇ ਉਤਸ਼ਾਹਤ ਹਨ।


ਇਨ੍ਹਾਂ ਤਿੰਨੇ ਪਾਇਲਟ ਹੁਣ ਕਰਨਾਟਕ ਦੇ ਬਿਦਰ ਜਾਣਗੀਆਂ, ਜਿਥੇ ਉਹ ਹਾਕ ਐਡਵਾਂਸਡ ਜੈੱਟ ਟਰੇਨਰ ਜਹਾਜ਼ਾਂ 'ਤੇ ਇਕ ਸਾਲ ਤੱਕ ਤੀਜੇ ਗੇੜ ਦੀ ਸਿਖਲਾਈ ਲੈਣਗੀਆਂ। ਉਸ ਬਾਅਦ ਉਨ੍ਹਾਂ ਨੂੰ ਸੁਪਰਸੌਨਿਕ ਲੜਾਕੂ ਜਹਾਜ਼ ਉਡਾਉਣ ਦਾ ਮੌਕਾ ਮਿਲੇਗਾ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਪਿਛਲੇ ਸਾਲ ਅਕਤੂਬਰ ਵਿਚ ਹਵਾਈ ਸੈਨਾ ਨੂੰ ਮਹਿਲਾਵਾਂ ਨੂੰ ਫਾਈਟਰ ਪਾਇਲਟ ਬਣਾਉਣ ਦੀ ਆਗਿਆ ਦੇ ਕੇ ਇਤਿਹਾਸਕ ਕਦਮ ਚੁੱਕਿਆ ਸੀ। ਫਾਇਟਰ ਪਾਇਲਟ ਬਣਨ ਲਈ ਛੇ ਮਹਿਲਾ ਕੈਡੇਟਾਂ ਵਿਚਾਲੇ ਮੁਕਾਬਲਾ ਸੀ। ਫਿਲਹਾਲ ਤਿੰਨ ਮਹਿਲਾਵਾਂ ਨੂੰ ਇਸ ਸਿਖਲਾਈ ਲਈ ਚੁਣਿਆ ਗਿਆ ਹੈ। ਪਰੀਕਰ ਨੇ ਪਾਸਿੰਗ ਆਊਟ ਪਰੇਡ ਤੋਂ ਸਲਾਮੀ ਲਈ ਅਤੇ ਰਾਸ਼ਟਰਪਤੀ ਵੱਲੋਂ 130 ਫਲਾਈਟ ਕੈਡੇਟਾਂ ਨੂੰ 'ਰਾਸ਼ਟਰਪਤੀ ਕਮਿਸ਼ਨ' ਦਿੱਤਾ। ਇਨ੍ਹਾਂ ਵਿਚ 22 ਮਹਿਲਾਵਾਂ ਸ਼ਾਮਲ ਹਨ, ਜਿਨ੍ਹਾਂ ਨੂੰ ਫਲਾਇੰਗ ਆਫੀਸਰਜ਼ ਵਜੋਂ ਕਮਿਸ਼ਨ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਨੂੰ ਵੱਡੇ ਮਾਣ ਤੇ ਖੁਸ਼ੀ ਦੀ ਗੱਲ ਦੱਸਦਿਆਂ ਇਨ੍ਹਾਂ ਕੁੜੀਆਂ ਦੀ ਤਾਰੀਫ ਕੀਤੀ ਹੈ। ਉਨ੍ਹਾਂ ਟਵੀਟ ਕੀਤਾ- 'ਸਾਡੀ ਹਵਾਈ ਫ਼ੌਜ ਵਿਚ ਲੜਾਕੂ ਮਹਿਲਾ ਪਾਈਲਟਾਂ ਦੇ ਪਹਿਲੇ ਬੈਚ ਨੂੰ ਸ਼ਾਮਲ ਹੁੰਦਿਆਂ ਦੇਖਣਾ ਬੇਹੱਦ ਮਾਣ ਤੇ ਖੁਸ਼ੀ ਦੀ ਗੱਲ ਹੈ।'

# ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ...

## ਨਸ਼ਿਆਂ ਦੀ ਮਾਰ ਝੱਲ ਰਹੀਆਂ ਔਰਤਾਂ ਦੀ ਦਾਸਤਾਨ

**ਪੰਜਾਬ ਵਿਚ ਨਸ਼ਿਆਂ ਦੀ ਵਿਕਰਾਲ ਸਮੱਸਿਆ ਨੂੰ ਆਧਾਰ ਬਣਾ ਕੇ ਬਣਾਈ ਫਿਲਮ 'ਉੜਤਾ ਪੰਜਾਬ' ਦੇ ਰਿਲੀਜ਼ ਹੋਣ ਬਾਰੇ ਛਿੜੇ ਵਿਵਾਦ ਨਾਲ ਪੰਜਾਬ ਦੀ ਸਿਆਸਤ ਭਖੀ ਹੋਈ ਹੈ। ਚੋਣਾਂ ਸਿਰ ਉਤੇ ਹੋਣ ਕਾਰਨ ਸਭ ਸਿਆਸੀ ਧਿਰਾਂ ਇਸ ਮੌਕੇ ਦਾ ਫਾਇਦਾ ਉਠਾਉਣਾ ਚਾਹ ਰਹੀਆਂ ਹਨ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ 'ਮੈਂ ਨਾ ਮਾਨੂੰ' ਵਾਲਾ ਰਾਗ ਅਲਾਪਦੇ, ਨਸ਼ਿਆਂ ਦੀ ਸਮੱਸਿਆ ਤੋਂ ਹੀ ਮੁਨਕਰ ਹੋ ਰਹੇ ਹਨ ਅਤੇ ਕਹਿ ਰਹੇ ਹਨ ਕਿ ਇਹ ਪੰਜਾਬ ਨੂੰ ਬਦਨਾਮ ਕਰਨ ਦੀ ਚਾਲ ਹੈ। ਅਸੀਂ ਇਥੇ ਨਸ਼ਿਆਂ ਦੀ ਦਲਦਲ ਵਿਚ ਫਸੇ ਲੋਕਾਂ, ਖਾਸ ਕਰ ਔਰਤਾਂ ਦੇ ਹਾਲਾਤ ਬਿਆਨ ਕਰਦਾ ਇਹ ਲੇਖ ਛਾਪ ਰਹੇ ਹਾਂ ਜਿਸ ਤੋਂ ਸਾਫ ਜ਼ਾਹਿਰ ਹੈ ਕਿ ਹਾਲਾਤ ਕਿੰਨੇ ਵਿਕਰਾਲ ਰੂਪ ਅਖਤਿਆਰ ਕਰ ਗਏ ਹਨ।**



ਦੋ ਜਮ੍ਹਾਂ ਦੋ ਚਾਰ, ਤਿੰਨ ਗੁਣਾਂ ਤਿੰਨ ਨੌਂ; ਲੇਕਿਨ ਗਣਿਤ ਦੇ ਇਨ੍ਹਾਂ ਸਮੀਕਰਨਾਂ ਵਾਂਗ ਜੀਵਨ ਜਿਉਣ ਦੇ ਨਤੀਜਿਆਂ ਦਾ ਸਪਸ਼ਟ ਉਤਰ ਨਹੀਂ ਲਿਖਿਆ ਜਾ ਸਕਦਾ। ਲਾਲ ਤੇ ਪੀਲਾ ਰੰਗ ਮਿਲਾਇਆਂ ਸੰਤਰੀ ਅਤੇ ਲਾਲ ਤੇ ਨੀਲਾ ਰੰਗ ਮਿਲਾਇਆ ਹਰਾ ਰੰਗ ਬਣ ਜਾਂਦੇ ਹਨ, ਪਰ ਰੰਗਾਂ ਤੇ ਰਸਾਇਣਾਂ ਦੀਆਂ ਇਨ੍ਹਾਂ ਕਿਰਿਆਵਾਂ ਵਾਂਗ ਜ਼ਿੰਦਗੀ ਦੀ ਚਾਦਰ 'ਤੇ ਪੈਂਦੀਆਂ ਫੁੱਲ-ਬੂਟੀਆਂ ਦੇ ਰੰਗਾਂ ਦੀਆਂ ਕਿਆਸਅਰਾਈਆਂ ਨਹੀਂ ਲਾਈਆਂ ਜਾ ਸਕਦੀਆਂ। ਸੈਰ ਕਰਦੇ ਮਹਾਰਾਜਾ ਰਣਜੀਤ ਸਿੰਘ ਨੂੰ ਫਲ ਲਾਹੁੰਦੇ ਬੱਚਿਆਂ ਦਾ ਵੱਟਾ ਵੱਜ ਗਿਆ ਸੀ, ਅਹਿਲਕਾਰ ਬੱਚਿਆਂ ਨੂੰ ਸਜ਼ਾ ਦੇਣ ਲਈ ਸੋਚ ਹੀ ਰਹੇ ਸਨ ਕਿ ਮਹਾਰਾਜੇ ਨੇ ਉਨ੍ਹਾਂ ਨੂੰ ਸੋਨੇ ਦੀਆਂ ਮੋਹਰਾਂ ਨਾਲ ਨਿਵਾਜਿਆ। ਇਸੇ ਤਰ੍ਹਾਂ ਜਿਥੋਂ ਸਾਨੂੰ ਮੋਹਰਾਂ ਦੀ ਆਸ ਹੁੰਦੀ ਹੈ, ਉਥੋਂ ਕਈ ਵਾਰ ਵੱਟੇ ਵੀ ਵੱਜ ਜਾਂਦੇ ਹਨ।



ਆਰਥਿਕਤਾ ਦੀ ਕਾਣੀ ਵੰਡ ਅਤੇ ਸ਼ਰਾਬ ਦੇ ਵੱਧ ਸੇਵਨ ਤੇ ਨਸ਼ਿਆਂ ਦੀ ਮਾਰ ਹੇਠ ਆਏ ਸਮਾਜਿਕ ਤਾਣੇ-ਬਾਣੇ ਵਿਚ ਧੀਆਂ ਅਤੇ ਔਰਤਾਂ ਦੀ ਜ਼ਿੰਦਗੀ ਦੇ

**ਗੁਰਪ੍ਰੀਤ ਸਿੰਘ ਤੂਰ**
**ਫੋਨ: +91-98158-00405**

ਸਮੀਕਰਨ ਤੇ ਕਿਰਿਆਵਾਂ ਇਸ ਲੇਖ ਵਿਚ ਵਿਚਾਰੀਆਂ ਜਾ ਰਹੀਆਂ ਹਨ।

ਪਿੰਡ-ਪਿੰਡ ਜਾ ਕੇ ਪੁਲਿਸ ਅਧਿਕਾਰੀਆਂ ਵਲੋਂ ਪਬਲਿਕ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਦਰਅਸਲ ਮੀਟਿੰਗਾਂ-ਮਿਲਣੀਆਂ ਦਾ ਇਹ ਗੇੜ ਹੇਠਲੇ ਪੱਧਰ 'ਤੇ ਨਸ਼ਿਆਂ ਦੀ ਰੋਕਥਾਮ ਬਾਰੇ ਹਾਲਾਤ ਦਾ ਜਾਇਜ਼ਾ ਲੈਣਾ ਸੀ। ਪੰਜ ਵਜੇ ਦਫ਼ਤਰ ਵਿਚੋਂ ਉਠ ਕੇ ਮੈਂ ਤਿੰਨ ਪਿੰਡਾਂ ਵਿਚ ਜਾਣਾ ਸੀ। ਮੈਂ ਅੱਧਾ ਘੰਟਾ ਦੇਰੀ ਨਾਲ ਚੱਲਿਆ ਤੇ ਆਖਰੀ ਪਿੰਡ ਪਹੁੰਚਦਿਆਂ-ਪਹੁੰਚਦਿਆਂ ਬੱਤੀਆਂ ਜਗ ਚੁੱਕੀਆਂ ਸਨ। ਠੰਢੀ-ਠੰਢੀ ਹਵਾ ਵਗ ਰਹੀ ਸੀ। ਮੀਟਿੰਗ ਸੁਖਾਵੇਂ ਮਾਹੌਲ ਵਿਚ ਹੋਈ। ਲੋਕਾਂ ਨੇ ਭਾਵੇਂ ਸਰਕਾਰ ਤੇ ਪੁਲਿਸ ਨੂੰ ਉਲਾਂਭਾ ਦਿੱਤਾ, ਫਿਰ ਵੀ ਮੌਜੂਦਾ ਯਤਨਾਂ ਦੀ ਉਨ੍ਹਾਂ ਸ਼ਲਾਘਾ ਕੀਤੀ ਸੀ। ਨੌਜਵਾਨਾਂ ਲਈ ਰੁਜ਼ਗਾਰ ਦੀ ਲੋੜ, ਵੱਡਾ ਸਵਾਲ ਬਣ ਕੇ ਸਾਹਮਣੇ ਆਇਆ।

ਮੀਟਿੰਗ ਤੋਂ ਬਾਅਦ ਨਿੱਜੀ ਮੁਸ਼ਕਲਾਂ ਵਾਲੇ ਇੱਕਾ-ਦੁੱਕਾ ਲੋਕ ਮਿਲਣ ਲੱਗੇ। ਹਨੇਰਾ ਪਸਰ ਚੁੱਕਾ ਸੀ, ਅਸੀਂ ਦੁਧੀਆ ਬੱਲਬ ਦੀ ਰੌਸ਼ਨੀ ਹੇਠ ਖੜ੍ਹੇ ਸੀ। ਕਿਰਤੀ ਜੀਵਨ ਦੇ ਦੁਖਾਂਤ ਨਾਲ ਟੁੱਟੀ-ਭੱਜੀ ਇੱਕ ਬੁੱਢੀ ਔਰਤ ਝੋਲੇ ਵਿਚ ਕਾਗਜ਼ ਸਾਂਭੀ ਆਪਣੇ ਪੋਤੇ ਨੂੰ ਨਾਲ ਲੈ ਕੇ ਦੁੱਖਾਂ ਦਾ ਵਾਸਤਾ ਪਾਉਣ ਲੱਗੀ। ਆਪਣੇ ਪੁੱਤ ਨੂੰ ਅਰਬ ਦੇਸ਼ਾਂ ਵਿਚ ਮਜ਼ਦੂਰੀ ਲਈ ਭੇਜਣ ਦੇ ਯਤਨਾਂ ਦੌਰਾਨ ਉਸ ਨੂੰ ਬੈਂਕ ਵਿਚ ਦੋ ਲੱਖ ਰੁਪਏ ਜਮ੍ਹਾਂ ਕਰਾਉਂਦਿਆਂ ਨੌਸਰਬਾਜ਼ ਨੇ ਠੱਗ ਲਿਆ ਸੀ। ਕੈਮਰੇ ਵਿਚ ਉਸ ਠੱਗ ਦੀ ਫੋਟੋ ਵੀ ਆਈ ਤੇ ਪੁਲਿਸ ਨੇ ਮੁਕੱਦਮਾ ਦਰਜ ਕਰ ਕੇ ਫੜਨ ਦੇ ਯਤਨ ਵੀ ਆਰੰਭ ਕੀਤੇ ਹੋਏ ਸਨ, ਪਰ ਉਨ੍ਹਾਂ ਯਤਨਾਂ ਦਾ ਕੀ ਲਾਭ ਜਿਨ੍ਹਾਂ ਨੂੰ ਬੂਰ ਨਾ ਪਿਆ ਹੋਵੇ। ਸਾਲ ਬੀਤ ਜਾਣ ਤੋਂ ਬਾਅਦ ਵੀ ਉਸ ਬੁੱਢੀ ਮਾਂ ਹੱਥ ਕੁਝ ਨਹੀਂ ਲੱਗਾ ਸੀ। ਦਰਜ ਹੋਏ ਮੁਕੱਦਮੇ ਦੀ ਕਾਪੀ ਉਸ ਨੇ ਪਲਾਸਟਿਕ ਦੇ ਲਿਫਾਫੇ ਵਿਚ ਸੰਭਾਲ ਕੇ ਰੱਖੀ ਹੋਈ ਸੀ। ਮੇਰੇ ਨਾਲ ਗੱਲਾਂ ਕਰਦਿਆਂ ਝੋਲੇ ਵਿਚੋਂ ਉਸ ਨੇ ਪਲਾਸਟਿਕ ਦਾ ਇੱਕ ਹੋਰ ਲਿਫ਼ਾਫ਼ਾ ਫਰੋਲਦਿਆਂ ਸੱਤ-ਅੱਠ ਅਖ਼ਬਾਰਾਂ ਦੇ ਵਰਕੇ ਮੈਨੂੰ ਵਿਖਾਏ ਜਿਨ੍ਹਾਂ 'ਤੇ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੀਆਂ ਫੋਟੋਆਂ ਅਤੇ ਖ਼ਬਰਾਂ ਛਪੀਆਂ ਹੋਈਆਂ ਸਨ। 'ਛੱਤ ਨਾਲ ਲਟਕਣਾਂ ਮੈਨੂੰ ਆਉਂਦਾ ਨਹੀਂ, ਜ਼ਹਿਰੀਲੀ ਦਵਾਈ ਮੈਨੂੰ ਮਿਲੀ ਨਹੀਂ'... ਭਾਵੇਂ ਹੌਲੀ ਜਿਹੇ ਉਸ ਨੇ ਇਹ ਬੋਲ ਬੋਲੇ ਸਨ, ਪਰ ਉਸ ਦੇ ਇਨ੍ਹਾਂ ਬੋਲਾਂ ਨਾਲ ਪੰਜਾਬ ਤ੍ਰਭਕਿਆ ਤੇ ਕੰਬਿਆ ਸੀ।

ਇਕ ਕੁੜੀ ਨੂੰ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਮਿਲੀ ਹੈ; ਲੇਕਿਨ ਨਸ਼ਿਆਂ ਦਾ ਆਦੀ ਹੋਇਆ ਉਸ ਦਾ ਵੀਰ, ਦਫ਼ਤਰ ਵਿਚ ਹੀ ਉਸ ਤੋਂ ਨਸ਼ਿਆਂ ਲਈ ਪੈਸੇ ਮੰਗਣ ਆ ਜਾਂਦਾ ਹੈ। ਪਰਿਵਾਰ ਦੇ ਭੇਤ ਨੂੰ ਗੁਪਤ ਰੱਖਣ ਅਤੇ ਇੱਜ਼ਤ ਤੋਂ ਡਰਦਿਆਂ ਉਹ ਚੁੱਪ-ਚੁਪੀਤੀ ਇਸ ਮੰਗ ਨੂੰ ਪੂਰੀ ਕਰਦੀ ਰਹਿੰਦੀ। ਕਈ ਵਾਰ ਪੈਸੇ ਘੱਟ ਦੇਣ ਜਾਂ ਨਾਂਹ ਕਰਨ 'ਤੇ ਉਸ ਦਾ ਭਰਾ ਬਦਤਮੀਜ਼ੀ 'ਤੇ ਵੀ ਉਤਰ ਆਉਂਦਾ ਸੀ। ਦਫ਼ਤਰ ਵਿਚ ਅਕਸਰ ਉਹ ਉਚੀ-ਉਚੀ ਬੋਲਣ ਲੱਗ ਪੈਂਦਾ। ਇੱਕ ਵਾਰ ਤਾਂ ਉਸ ਨੇ ਭੈਣ ਦੇ ਹੱਥੋਂ ਪਰਸ ਖੋਹਿਆ, ਪੈਸੇ ਕੱਢੇ ਤੇ ਪਰਸ ਦਫ਼ਤਰ ਦੀ ਛੱਤ ਉਤੇ ਸੁੱਟ ਦਿੱਤਾ। ਸਾਰੇ ਸਟਾਫ ਮੈਂਬਰਾਂ ਨੇ ਇਹ ਘਟਨਾ ਦੇਖੀ ਸੀ। ਭੈਣ ਦੇ ਜ਼ੋਰ ਪਾਉਣ 'ਤੇ ਰਿਸ਼ਤੇਦਾਰਾਂ ਨੇ ਉਸ ਦਾ ਇਲਾਜ ਕਰਾਇਆ, ਪਰ ਉਹ ਸਾਰੇ ਹੱਦ ਬੰਨੇ ਟੱਪ ਚੁੱਕਾ ਸੀ। ਫਿਰ ਉਸ ਕੁੜੀ ਦਾ ਵਿਆਹ ਹੋਇਆ; ਉਸ ਦਾ ਪਤੀ ਵੀ ਨਸ਼ਿਆਂ ਦੀ ਮਾਰ ਹੇਠ ਆਇਆ ਹੋਇਆ ਸੀ। ਇੱਕ ਦਿਨ ਅੱਗੜ-ਪਿੱਛੜ ਉਹ ਦੋਵੇਂ ਉਸ ਤੋਂ ਨਸ਼ਿਆਂ ਲਈ ਪੈਸੇ ਲੈਣ ਦਫ਼ਤਰ ਪਹੁੰਚ ਗਏ। ਸ਼ਰਮ-ਹਯਾ ਦੀ ਮਾਰੀ ਉਹ ਕੁੜੀ ਹੁਣ ਅਰਜ਼ੀ ਲਿਖ ਕੇ ਮੇਰੇ ਦਫ਼ਤਰ ਆਈ ਹੋਈ ਸੀ। ਚਾਰ-ਪੰਜ ਔਰਤਾਂ ਸਮੇਤ ਦਫ਼ਤਰ ਦੇ ਦਸ-ਬਾਰਾਂ ਸਟਾਫ ਮੈਂਬਰ ਉਸ ਦੇ ਨਾਲ ਪਹੁੰਚੇ ਹੋਏ ਸਨ। ਸਾਰੀ ਦਾਸਤਾਨ ਸਟਾਫ ਮੈਂਬਰਾਂ ਨੇ ਹੀ ਮੈਨੂੰ ਦੱਸੀ, ਉਸ ਕੁੜੀ ਨੇ ਤਾਂ ਰੋਂਦਿਆਂ-ਰੋਂਦਿਆਂ ਪਰਸ ਵਿਚੋਂ ਰੁਮਾਲ ਕੱਢਿਆ ਤੇ ਮੂੰਹ ਸਾਫ ਕਰ ਕੇ ਆਪਣੇ ਪਰਸ ਨੂੰ ਫਿਰ ਸਾਂਭ ਲਿਆ।

ਇਕ ਹੋਰ ਕੁੜੀ ਆਪਣੇ ਨਿੱਕੇ ਵੀਰ ਨੂੰ ਨਾਲ ਲੈ ਕੇ ਮੇਰੇ ਦਫ਼ਤਰ ਆਈ ਸੀ। ਉਹ ਸਕੂਲ ਅਧਿਆਪਕਾ ਹੈ ਤੇ ਉਸ ਦੇ ਦੋ ਬੱਚੇ ਹਨ। ਉਸ ਦਾ ਪਤੀ ਨਸ਼ਿਆਂ ਦੀ ਮਾਰ ਹੇਠ ਆਇਆ ਹੋਇਆ ਹੈ, ਇਹੋ ਪੀੜ ਉਸ ਨੂੰ ਮੇਰੇ ਦਫ਼ਤਰ ਲੈ ਕੇ ਆਈ। ਮੈਂ ਪੁੱਛਿਆ- 'ਕੋਈ ਅਰਜ਼ੀ ਲਿਖ ਕੇ ਲਿਆਏ ਹੋ?'

'ਸਲਾਹ ਕਰਨ ਆਏ ਹਾਂ', ਦੋਵੇਂ ਭੈਣ ਭਰਾ ਇਕੱਠੇ ਹੀ ਬੋਲੇ।

ਉਹ ਕਾਫੀ ਸਮਾਂ ਮੇਰੇ ਨਾਲ ਆਪਣਾ ਦੁੱਖ ਸਾਂਝਾ ਕਰਦੇ ਰਹੇ। ਮੈਂ ਪੁੱਛਿਆ- 'ਉਸ ਦਾ ਇਲਾਜ ਨਹੀਂ ਕਰਾਇਆ ਜਾ ਸਕਦਾ?' ਉਹ ਕਹਿੰਦੇ- 'ਤਿੰਨ-ਚਾਰ ਵਾਰ ਅੰਮ੍ਰਿਤਸਰ ਦਾਖਲ ਰਹੇ ਹਨ, ਪਰ ਘਰ ਆ ਕੇ ਫਿਰ ਲੱਗ ਜਾਂਦੇ ਹਨ।'

"ਦਰਅਸਲ ਪਿੰਡ ਦਾ ਮਾਹੌਲ ਠੀਕ ਨਹੀਂ, ਦੋ-ਤਿੰਨ ਬੰਦਿਆਂ ਨੇ ਪਿੰਡ ਦੇ ਅੱਧੇ ਨੌਜਵਾਨਾਂ ਨੂੰ ਨਸ਼ਿਆਂ 'ਤੇ ਲਾ ਦਿੱਤਾ ਹੈ।" ਹੁਣ ਉਹ ਕੁੜੀ, ਪੋਟਿਆਂ 'ਤੇ ਉਨ੍ਹਾਂ ਔਰਤਾਂ ਦੇ ਨਾਮ ਗਿਣਨ ਲੱਗੀ ਜਿਹੜੀਆਂ ਉਸ ਵਾਂਗ ਹੀ ਨਸ਼ਿਆਂ ਕਾਰਨ ਆਪਣੇ ਪਤੀਆਂ ਹੱਥੋਂ ਬੇਹੱਦ ਪ੍ਰੇਸ਼ਾਨ ਸਨ। ਮੇਰੇ ਪੁੱਛਣ 'ਤੇ ਕਿ ਨਸ਼ੇ ਕੌਣ ਵੇਚਦਾ ਹੈ, ਉਸ ਕੁੜੀ ਨੇ ਅਜਿਹੀ ਹੀ ਇੱਕ ਔਰਤ ਦਾ ਫੋਨ ਮਿਲਾਇਆ ਤੇ ਕਈ ਨਾਂਵਾਂ ਦੀ ਪੁਸ਼ਟੀ ਕਰਨ ਲੱਗੀ। ਗੱਲਬਾਤ ਸਮਾਪਤ ਹੋਣ ਲੱਗੀ ਸੀ, ਉਹ ਦੋਵੇਂ ਭੈਣ ਭਰਾ ਕਹਿੰਦੇ- 'ਸਾਡੇ ਪਿਤਾ ਜੀ ਦਿਲ ਦੇ ਮਰੀਜ਼ ਹਨ, ਇਸ ਲਈ ਅਸੀਂ ਇਹ ਦੁੱਖ ਉਨ੍ਹਾਂ ਨੂੰ ਦੱਸਿਆ ਨਹੀਂ।'

'ਕੀਤਾ ਕੀ ਜਾਵੇ?' ਮੈਂ ਪੁੱਛਿਆ।

ਜਿਵੇਂ ਕੋਈ ਬੱਚਾ ਪੈਸੇ ਫੜਾਉਂਦਿਆਂ ਦੁਕਾਨਦਾਰ ਤੋਂ ਮਿੱਠੀ ਚੀਜ਼ ਦੀ ਮੰਗ ਕਰਦਾ ਹੈ, ਇਵੇਂ ਹੀ ਉਹ ਕੁੜੀ ਕਹਿੰਦੀ- 'ਮੈਨੂੰ ਬੱਚੇ ਪਾਲਣ ਲਈ ਸੁਖਾਵਾਂ ਜਿਹਾ ਮਾਹੌਲ ਚਾਹੀਦੈ।' ਉਸ ਦੇ ਇਨ੍ਹਾਂ ਬੋਲਾਂ ਨੂੰ ਆਪਣੇ ਕੰਨਾਂ ਤੋਂ ਪਾਸੇ ਹਟਾਉਣ ਲਈ ਮੈਨੂੰ ਕਈ ਦਿਨਾਂ ਤੱਕ ਜੱਦੋ-ਜਹਿਦ ਕਰਨੀ ਪਈ।

ਇੱਕ ਔਰਤ ਆਪਣੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਦਫ਼ਤਰ ਮਿਲਣ ਆਈ। ਦੋ ਔਰਤਾਂ ਸਮੇਤ ਨਾਲ ਆਏ ਸੱਤ-ਅੱਠ ਬੰਦੇ ਵੱਡੀ ਉਮਰ ਦੇ ਸਨ। ਕਮਰੇ ਵਿਚ ਸੰਨਾਟਾ ਸੀ, ਕੋਈ ਵੀ ਗੱਲ ਸ਼ੁਰੂ ਕਰਨ ਦਾ ਹੌਸਲਾ ਨਹੀਂ ਕਰ ਰਿਹਾ ਸੀ। ਇੱਕ ਬੰਦੇ ਨੇ ਹੱਥ ਉਤਾਂਹ ਕੀਤਾ, ਪਰ ਬਿਨਾਂ ਕੁਝ ਬੋਲਿਆਂ ਹੀ ਕਮੀਜ਼ ਦਾ ਕਫ਼ ਠੀਕ ਕਰ ਕੇ ਫਿਰ ਹੱਥ ਹੇਠਾਂ ਕਰ ਲਿਆ। ਦਰਅਸਲ ਮਹੀਨਾ ਪਹਿਲਾਂ ਉਸ ਔਰਤ ਦੇ ਇਕਲੌਤੇ ਪੁੱਤਰ ਦੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ ਸੀ। ਸ਼ਰਾਬ ਪੀਣ ਦਾ ਆਦੀ ਉਸ ਦਾ ਪਤੀ ਲਾਹਣ ਦੀ ਭੱਠੀ ਫੜੀ ਜਾਣ ਕਾਰਨ ਇਸ ਸਮੇਂ ਜੇਲ੍ਹ ਵਿਚ ਬੰਦ ਸੀ। ਪੁੱਤਰ ਦੇ ਦੁੱਖ ਤੋਂ ਉਪਰ ਉਠ ਕੇ ਉਸ ਨੇ ਜਿਉਂਦੇ ਪਤੀ ਦੇ ਦੁੱਖਾਂ ਦੀ ਦਾਸਤਾਨ ਸ਼ੁਰੂ ਕੀਤੀ। ਚੌਵੀ ਘੰਟੇ ਨਸ਼ੇ ਵਿਚ ਧੁੱਤ ਰਹਿਣ ਵਾਲਾ ਉਸ ਦਾ ਪਤੀ ਜਾਇਦਾਦ ਤੋਂ ਖਾਲੀ ਹੋ ਚੁੱਕਾ ਸੀ। ਗਾਲੀ-ਗਲੋਚ ਤੋਂ ਧੌਲ-ਧੱਫਾ ਲਗਪਗ ਰੋਜ਼ਾਨਾ ਵਾਂਗ ਹੀ ਹੁੰਦਾ ਰਿਹਾ। ਜਿਸ ਦਿਨ ਪੁੱਤਰ ਦੀ ਲਾਸ਼ ਘਰ ਆਈ ਤੇ ਅੰਤਿਮ ਅਰਦਾਸ ਵਾਲੇ ਦਿਨ ਵੀ ਉਹ ਸ਼ਰਾਬੀ ਸੀ। ਉਹ ਸਾਰੇ ਉਸ ਔਰਤ ਦੀ ਉਸ ਘਰੋਂ ਤੋੜ-ਵਿਛੋੜੇ ਦੀ ਆਸ ਲੈ ਕੇ ਮੇਰੇ ਦਫ਼ਤਰ ਆਏ ਸਨ। 'ਹੁਣ ਇੰਨੀ ਜਲਦੀ ਕਿਉਂ?' ਪੁੱਤ ਦੀ ਮੌਤ ਦੇ ਦੁੱਖ ਦਾ ਵਾਸਤਾ ਪਾਉਂਦਿਆਂ ਮੈਂ ਸਿਆਣੇ ਬੰਦਿਆਂ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਨੂੰ ਪੁੱਛਿਆ। ਸੁੱਕੇ ਕੋਇਆਂ ਤੇ ਬੁੱਲ੍ਹਾਂ 'ਤੇ ਸਿੱਕਰੀ ਵਾਲੀ ਉਸ ਔਰਤ ਨੇ ਸ਼ਬਦ ਜੋੜ-ਜੋੜ ਕੇ ਉਤਰ ਦਿੱਤਾ, "ਪੁੱਤ ਨੂੰ ਵੇਖ-ਵੇਖ ਮੈਂ ਹਰ ਦੁੱਖ ਸਹਿੰਦੀ ਰਹੀ, ਜਿਸ ਦਿਨ ਬਾਰ੍ਹਵੀਂ ਜਮਾਤ ਦਾ ਨਤੀਜਾ ਆਇਆ ਤਾਂ ਮੈਨੂੰ ਜ਼ਖ਼ਮ ਭਰਦੇ ਮਹਿਸੂਸ ਹੋਣ ਲੱਗੇ। ਉਹ ਅੱਗੇ ਪੜ੍ਹਨ ਤੇ ਉਸ ਦੀ ਮਾਸੀ ਉਸ ਨੂੰ ਵਿਦੇਸ਼ ਮੰਗਵਾਉਣ ਦੀਆਂ ਗੱਲਾਂ ਮੇਰੇ ਨਾਲ ਕਰਨ ਲੱਗੇ। ਪੁੱਤ ਚਲੇ ਜਾਣ ਤੋਂ ਬਾਅਦ ਮੈਨੂੰ ਉਸ ਘਰ ਵਿਚ ਇੱਕ ਸਾਹ ਲੈਣਾ ਵੀ ਔਖਾ ਹੈ।" ਉਸ ਨੇ ਡੂੰਘਾ ਹਉਕਾ ਲਿਆ, ਧੌਣ ਨੂੰ ਅਕੜਾ ਕੇ ਪਿਛੇ ਨੂੰ ਕੀਤਾ, ਦੋਵੇਂ ਹੱਥਾਂ ਨੂੰ ਆਪਸ ਵਿਚ ਜ਼ੋਰ ਦੀ ਘੁੱਟਿਆ ਤੇ ਘੁੱਟ ਕੇ ਅੱਖਾਂ ਬੰਦ ਕਰ ਕੇ ਬੈਠ ਗਈ। ਮੇਰੀ ਆਸ ਦੇ ਉਲਟ ਉਸ ਦੀਆਂ ਅੱਖਾਂ ਵਿਚੋਂ ਇੱਕ ਵੀ ਅੱਥਰੂ ਨਹੀਂ ਡਿੱਗਿਆ, ਉਹ ਪੂਰੀ ਜ਼ਿੰਦਗੀ ਨੂੰ ਪਹਿਲਾਂ ਹੀ ਰੋ ਚੁੱਕੀ ਸੀ। ਭੂਚਾਲ ਦੀ ਘਟਨਾ ਵਾਂਗ ਔਰਤ ਦੇ ਦੁੱਖਾਂ ਦੀ ਵੀ ਘਣਤਾ ਹੁੰਦੀ ਹੈ!

ਆਤਮ ਹੱਤਿਆਵਾਂ ਦੇ ਕੇਸਾਂ ਦੀ ਗਿਣਤੀ ਨਿਰੰਤਰ ਵਧ ਰਹੀ ਸੀ। ਆਤਮ ਹੱਤਿਆ ਦੀ ਕੋਸ਼ਿਸ਼ ਕਰਦਾ ਕੋਈ ਵਿਅਕਤੀ ਬਚ ਵੀ ਜਾਂਦਾ। ਕੋਈ ਕਈ-ਕਈ ਦਿਨ ਹਸਪਤਾਲ ਦਾਖਲ ਰਹਿੰਦਾ ਤੇ ਫਿਰ ਹਫ਼ਤੇ ਦਸ ਦਿਨਾਂ ਬਾਅਦ ਉਸ ਦੀ ਮੌਤ ਹੋ ਜਾਂਦੀ। ਮਜ਼ਦੂਰ, ਕਿਸਾਨ, ਔਰਤਾਂ ਅਤੇ ਪ੍ਰੇਮੀ-ਪ੍ਰੇਮਿਕਾਵਾਂ ਹਰ ਵਰਗ ਦੇ ਲੋਕ ਅੱਗ ਦੀਆਂ ਲਾਟਾਂ ਵਿਚ ਝੁਲਸੇ ਜਾ ਰਹੇ ਹਨ। ਅਜਿਹੀ ਮੰਦਭਾਗੀ ਘਟਨਾ ਤੋਂ ਬਾਅਦ ਪੁਲਿਸ ਲਈ ਤਫ਼ਤੀਸ਼ ਦਾ ਕੰਮ ਪੇਚੀਦਾ ਤੇ ਚੁਣੌਤੀਆਂ ਭਰਿਆ ਹੁੰਦਾ ਹੈ। ਕਈ ਲੋਕ ਮਰਨ ਸਮੇਂ ਆਤਮ ਹੱਤਿਆ ਦੇ ਕਾਰਨ ਲਿਖ ਜਾਂਦੇ ਹਨ। ਕਾਨੂੰਨੀ ਤੌਰ 'ਤੇ ਇਸ ਲਿਖਤ ਦੀ ਬਹੁਤ ਅਹਿਮੀਅਤ ਹੁੰਦੀ ਹੈ। ਨੌਕਰੀ ਦੌਰਾਨ ਅਕਸਰ ਅਜਿਹੀਆਂ ਲਿਖਤਾਂ ਮੈਂ ਪੜ੍ਹਦਾ ਰਿਹਾ ਹਾਂ। ਪਹਿਲਾਂ ਮੈਂ ਫੋਟੋਸਟੇਟ ਕਾਪੀ ਮੰਗਵਾ ਲੈਂਦਾ ਸੀ, ਹੁਣ ਵੱਟਸ-ਐਪ ਰਾਹੀਂ ਇਹ ਨੋਟ ਪਹੁੰਚ ਜਾਂਦੇ ਹਨ।



ਖੁਦਕੁਸ਼ੀਆਂ ਕਰਨ ਵਾਲਿਆਂ ਦੇ ਪਰਿਵਾਰਾਂ ਦੀ ਔਰਤਾਂ ਬਠਿੰਡਾ ਵਿਚ ਇਕ ਸਮਾਗਮ ਵਿਚ ਤੁਰ ਗਿਆਂ ਦੀਆ ਤਸਵੀਰਾਂ ਦਿਖਾਉਂਦੀਆਂ ਹੋਈਆਂ।

***ਔਰਤ ਸਮਾਜ ਦੀ ਜਨਮਦਾਤੀ ਹੀ ਨਹੀਂ, ਸਗੋਂ ਉਸ ਨੇ ਸਮਾਜ ਦੇ ਪਾਲਣ-ਪੋਸ਼ਣ ਵਿਚ ਵੀ ਅਹਿਮ ਹਿੱਸਾ ਪਾਇਆ ਹੈ। ਸਤੀ ਪ੍ਰਥਾ ਤੋਂ ਲੈ ਕੇ ਕੰਨਿਆਂ ਭਰੂਣ ਹੱਤਿਆ ਤੱਕ ਉਸ ਨੇ ਹਰ ਸਮਾਜਿਕ ਕੁਰੀਤੀ ਦਾ ਦੁਖਾਂਤ ਆਪਣੇ ਹੱਡੀਂ ਹੰਢਾਇਆ ਹੈ, ਪਰ ਉਸ ਨੇ ਦੁੱਖਾਂ ਵਿਚ ਵੀ ਜ਼ਿੰਦਗੀ ਦੀ ਮਿਠਾਸ ਨੂੰ ਗੁਆਚਣ ਨਹੀਂ ਦਿੱਤਾ। ਉਸ ਦੇ ਬੋਲਾਂ ਵਿਚੋਂ ਪੰਜਾਬੀ ਸਭਿਆਚਾਰ ਦੀ ਮਹਿਕ ਆਉਂਦੀ ਹੈ, ਉਸ ਦੇ ਗਹਿਣੇ ਸਾਡੇ ਸਭਿਆਚਾਰ ਦਾ ਸ਼ਿੰਗਾਰ ਹਨ; ਲੇਕਿਨ ਔਰਤਾਂ ਨੂੰ ਕੁੱਟਦੇ ਅਤੇ ਪਰਿਵਾਰਾਂ ਦਾ ਖਿਲਵਾੜ ਕਰਦੇ ਨਸ਼ਈ, ਹੱਥਾਂ ਵਿਚ ਇੱਟਾਂ-ਵੱਟੇ ਲੈ ਕੇ ਇਨ੍ਹਾਂ ਗਹਿਣਿਆਂ ਨੂੰ ਕੁੱਟਣ ਤੇ ਚਿੱਪਣ ਲੱਗੇ ਹੋਏ ਹਨ।***

ਤੀਹ ਵਰ੍ਹਿਆਂ ਦੀ ਇੱਕ ਔਰਤ ਨੇ ਫਾਹਾ ਲੈ ਕੇ ਖੁਦਕੁਸ਼ੀ ਕੀਤੀ ਸੀ। ਉਸ ਕਮਰੇ ਵਿਚੋਂ ਸਹੁਰੇ ਪਰਿਵਾਰ ਨਾਲ ਚੱਲਦੇ ਝਗੜੇ ਤੇ ਸਮਝੌਤੇ ਦੀਆਂ ਲਿਖਤਾਂ ਮਿਲੀਆਂ ਸਨ। ਉਸ ਦੇ ਪਤੀ ਦੇ ਨਸ਼ਿਆਂ ਸਬੰਧੀ ਇਲਾਜ ਦੇ ਦਸਤਾਵੇਜ਼ ਵੀ ਮੌਜੂਦ ਸਨ। ਹੋਰ ਕਈ ਲਿਖਤਾਂ ਉਸ ਦੀ ਨਿਰੰਤਰ ਜੱਦੋ-ਜਹਿਦ ਦੀ ਗਵਾਹੀ ਭਰਦੀਆਂ ਸਨ; ਪਰ ਉਸ ਨੇ ਮਰਨ ਤੋਂ ਪਹਿਲਾਂ ਸਿਰਫ਼ ਦੋ ਸਤਰਾਂ ਦਾ ਨੋਟ ਲਿਖਿਆ- 'ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ। ਮੇਰੀਆਂ ਅੰਤਿਮ ਰਸਮਾਂ ਦੀ ਲੋੜ ਨਹੀਂ, ਜੇ ਕਿਸੇ ਨੂੰ ਮੇਰੇ ਨਾਲ ਹਮਦਰਦੀ ਹੋਈ ਤਾਂ ਮੇਰੇ ਬੱਚਿਆਂ ਦੀ ਮਦਦ ਕਰ ਦੇਣੀ।'

ਔਰਤ ਸਮਾਜ ਦੀ ਜਨਮਦਾਤੀ ਹੀ ਨਹੀਂ, ਸਗੋਂ ਉਸ ਨੇ ਸਮਾਜ ਦੇ ਪਾਲਣ-ਪੋਸ਼ਣ ਵਿਚ ਵੀ ਅਹਿਮ ਹਿੱਸਾ ਪਾਇਆ ਹੈ। ਪੰਜਾਬੀ ਸਮਾਜ ਵਿਚ ਔਰਤ ਦਾ ਦਰਜਾ ਇਸ ਤੋਂ ਵੀ ਅਗਾਂਹ ਹੈ। ਸਤੀ ਪ੍ਰਥਾ ਤੋਂ ਲੈ ਕੇ ਕੰਨਿਆਂ ਭਰੂਣ ਹੱਤਿਆ ਤੱਕ ਉਸ ਨੇ ਹਰ ਸਮਾਜਿਕ ਕੁਰੀਤੀ ਦਾ ਦੁਖਾਂਤ ਆਪਣੇ ਹੱਡੀਂ ਹੰਢਾਇਆ ਹੈ, ਪਰ ਉਸ ਨੇ ਦੁੱਖਾਂ ਵਿਚ ਵੀ ਜ਼ਿੰਦਗੀ ਦੀ ਮਿਠਾਸ ਨੂੰ ਗੁਆਚਣ ਨਹੀਂ ਦਿੱਤਾ। ਉਸ ਦੇ ਬੋਲਾਂ ਵਿਚੋਂ ਪੰਜਾਬੀ ਸਭਿਆਚਾਰ ਦੀ ਮਹਿਕ ਆਉਂਦੀ ਹੈ, ਉਸ ਦੇ ਗਹਿਣੇ ਸਾਡੇ ਸਭਿਆਚਾਰ ਦਾ ਸ਼ਿੰਗਾਰ ਹਨ; ਲੇਕਿਨ ਔਰਤਾਂ ਨੂੰ ਕੁੱਟਦੇ ਅਤੇ ਪਰਿਵਾਰਾਂ ਦਾ ਖਿਲਵਾੜ ਕਰਦੇ ਨਸ਼ਈ, ਹੱਥਾਂ ਵਿਚ ਇੱਟਾਂ-ਵੱਟੇ ਲੈ ਕੇ ਇਨ੍ਹਾਂ ਗਹਿਣਿਆਂ ਨੂੰ ਕੁੱਟਣ ਤੇ ਚਿੱਪਣ ਲੱਗੇ ਹੋਏ ਹਨ। ਉਮਰ ਵਧਣ ਨਾਲ ਹਰ ਜੀਵਤ ਵਸਤੂ ਦਾ ਰੂਪ ਘਟਦਾ-ਘਟਦਾ ਲੋਪ ਹੋ ਜਾਂਦਾ ਹੈ, ਪਰ ਅਨੇਕਾਂ ਦੁੱਖਾਂ ਦੇ ਬਾਵਜੂਦ ਔਰਤ ਨੇ ਆਪਣਾ ਜੀਵਨ ਪਰਿਵਾਰ ਲਈ ਇੰਨਾ ਖੁੱਭ ਕੇ ਜੀਵਿਆ ਹੁੰਦਾ ਹੈ ਕਿ ਉਸ ਦਾ ਰੂਪ ਲੋਪ ਨਹੀਂ ਹੁੰਦਾ, ਸਗੋਂ ਰੰਗ ਬਣ ਕੇ ਘਰ ਦੀਆਂ ਕੰਧਾਂ-ਕੰਧੋਲੀਆਂ ਨੂੰ ਲੱਗ ਜਾਂਦਾ ਹੈ। ਉਸੇ ਔਰਤ ਨੂੰ ਦੁੱਖਾਂ ਦੀ ਭੱਠੀ ਵਿਚ ਝੋਕ ਦੇਣਾ ਪੰਜਾਬੀਅਤ ਲਈ ਅਥਾਹ ਮੰਦਭਾਗਾ ਹੈ। -0-



***ਤੀਹ ਵਰ੍ਹਿਆਂ ਦੀ ਔਰਤ ਨੇ ਫਾਹਾ ਲੈ ਕੇ ਖੁਦਕੁਸ਼ੀ ਕੀਤੀ ਸੀ। ਉਸ ਕਮਰੇ ਵਿਚੋਂ ਸਹੁਰੇ ਪਰਿਵਾਰ ਨਾਲ ਚੱਲਦੇ ਝਗੜੇ ਤੇ ਸਮਝੌਤੇ ਦੀਆਂ ਲਿਖਤਾਂ ਮਿਲੀਆਂ ਸਨ। ਉਸ ਦੇ ਪਤੀ ਦੇ ਨਸ਼ਿਆਂ ਸਬੰਧੀ ਇਲਾਜ ਦੇ ਦਸਤਾਵੇਜ਼ ਵੀ ਮੌਜੂਦ ਸਨ। ਹੋਰ ਕਈ ਲਿਖਤਾਂ ਉਸ ਦੀ ਨਿਰੰਤਰ ਜੱਦੋ-ਜਹਿਦ ਦੀ ਗਵਾਹੀ ਭਰਦੀਆਂ ਸਨ; ਪਰ ਉਸ ਨੇ ਮਰਨ ਤੋਂ ਪਹਿਲਾਂ ਸਿਰਫ਼ ਦੋ ਸਤਰਾਂ ਦਾ ਨੋਟ ਲਿਖਿਆ- 'ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ। ਮੇਰੀਆਂ ਅੰਤਿਮ ਰਸਮਾਂ ਦੀ ਲੋੜ ਨਹੀਂ, ਜੇ ਕਿਸੇ ਨੂੰ ਮੇਰੇ ਨਾਲ ਹਮਦਰਦੀ ਹੋਈ ਤਾਂ ਮੇਰੇ ਬੱਚਿਆਂ ਦੀ ਮਦਦ ਕਰ ਦੇਣੀ।'***

# ਧਰਤੀ ਦੇ ਬੇਟੇ


ਦਵਿੰਦਰ ਸਤਿਆਰਥੀ

***ਸੰਗਰੂਰ ਜ਼ਿਲ੍ਹੇ ਦੇ ਕਸਬਾ ਭਦੌੜ ਵਿਚ ਜਨਮੇ ਦਵਿੰਦਰ ਸਤਿਆਰਥੀ (28 ਮਈ 1908-12 ਫਰਵਰੀ 2003) ਨੇ ਪੰਜਾਬੀ, ਹਿੰਦੀ ਤੇ ਉਰਦੂ ਵਿਚ ਬਰਾਬਰ ਕਲਮ ਵਾਹੀ ਅਤੇ ਤਿੰਨਾਂ ਹੀ ਭਾਸ਼ਾਵਾਂ ਵਿਚ ਆਪਣੀਆਂ ਪੈੜਾਂ ਛੱਡੀਆਂ। ਉਨ੍ਹਾਂ ਦਾ ਅਸਲ ਖੇਤਰ ਲੋਕਧਾਰਾ ਸੀ ਅਤੇ ਲੋਕਧਾਰਾ ਨਾਲ ਅੰਤਾਂ ਦੀ ਮੁਹੱਬਤ ਕਰ ਕੇ ਉਨ੍ਹਾਂ ਦੇ ਪੈਰੀਂ ਤਾਉਮਰ ਪੈਂਡਾ ਰਿਹਾ। ਇਸ ਅਨੰਤ ਸਫਰ ਵਿਚੋਂ ਹੀ ਕਵਿਤਾ, ਕਹਾਣੀ, ਵਾਰਤਕ ਤੇ ਨਾਵਲ ਰਚਨਾਵਾਂ ਜੰਮਦੀਆਂ ਰਹੀਆਂ। 'ਧਰਤੀ ਦੇ ਬੇਟੇ' ਨਾਂ ਦੇ ਇਸ ਲੇਖ ਵਿਚ ਸਤਿਆਰਥੀ ਨੇ ਮਨੁੱਖਾਂ ਤੇ ਰੁੱਖਾਂ ਦੀ ਬਾਤ ਛੋਹੀ ਹੈ। ਦਿੱਲੀ ਵਾਲੇ ਨਵਯੁੱਗ ਪਬਲਿਸ਼ਰ ਨੇ 2004 ਵਿਚ ਉਨ੍ਹਾਂ ਦੀਆਂ ਪੰਜਾਬੀ ਵਾਲੀਆਂ ਸਾਰੀਆਂ ਰਚਨਾਵਾਂ 'ਸਤਿਆਰਥ' ਨਾਂ ਦੇ ਵੱਡ-ਆਕਾਰੀ ਗ੍ਰੰਥ ਵਿਚ ਇਕੱਠੀਆਂ ਕਰ ਦਿੱਤੀਆਂ। ਇਸ ਗ੍ਰੰਥ ਦਾ ਸੰਪਾਦਨ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕੀਤਾ ਹੈ। -ਸੰਪਾਦਕ***

ਬਚਪਨ ਦੀਆਂ ਖੁਸ਼ੀਆਂ, ਜਿਨ੍ਹਾਂ ਦੇ ਨਿਸ਼ਾਨ ਮੇਰੇ ਦਿਲ ਉਤੇ ਅਜੇ ਵੀ ਬਾਕੀ ਹਨ, ਸਾਡੇ ਇਸ ਬੋਹੜ ਨੂੰ ਵੀ ਯਾਦ ਹੋਣਗੀਆਂ। ਕਿਸੇ ਦਿਨ ਇਹ ਬਿਰਛ ਜਵਾਨ ਸੀ, ਤੇ ਇਸ ਦੇ ਜਜ਼ਬਾਤ ਕਿਸੇ ਕਿਸਾਨ ਦੂਲੇ ਦੇ ਸੁਫਨਿਆਂ ਨਾਲੋਂ ਵੀ ਮਿੱਠੇ ਸਨ। ਤਦ ਸ਼ਾਇਦ ਇਸ ਦੀ ਛਾਂ ਇਤਨੀ ਸੰਘਣੀ ਨਹੀਂ ਸੀ, ਪਰ ਜਿਥੋਂ ਤੱਕ ਮੇਰੀ ਯਾਦ ਦਾ ਸਬੰਧ ਹੈ, ਮੈਂ ਇਸ ਨੂੰ ਬੁਢੇਪੇ ਦੇ ਦੌਰ ਵਿਚੋਂ ਹੀ ਲੰਘਦਿਆਂ ਦੇਖਿਆ ਹੈ। ਕਦੀ-ਕਦੀ ਮੈਂ ਸੋਚਦਾ ਹਾਂ ਕਿ ਇਸ ਦਾ ਰੂਪ ਅੱਜ ਵੀ ਅਜਿਹਾ ਹੀ ਹੈ, ਜਿਹੋ ਜਿਹਾ ਉਸ ਦਿਨ ਸੀ, ਜਦ ਮੈਂ ਪਹਿਲੀ ਵਾਰ ਇਸ ਦੀ ਛਾਂ ਹੇਠ ਆ ਬੈਠਾ ਸੀ।

ਰੋਜ਼-ਰੋਜ਼ ਪਲ-ਪਲ ਇਸ ਬਿਰਛ ਨੇ ਸਦੀਆਂ ਦੀ ਬਾਤ-ਚੀਤ ਸੁਣੀ ਹੈ। ਉਹ ਚੁੱਪ ਜ਼ਰੂਰ ਹੈ, ਪਰ ਉਸ ਨੂੰ ਦਿਹਾਤੀ ਜੀਵਨ ਦੀਆਂ ਸੈਂਕੜੇ ਘਟਨਾਵਾਂ ਦਾ ਪਤਾ ਹੈ। ਸੈਂਕੜੇ ਸਿਆਲਾਂ, ਹੁਨਾਲਾਂ ਤੇ ਬਰਸਾਤਾਂ ਦੀਆਂ ਕਹਾਣੀਆਂ, ਅਮੀਰੀ-ਗਰੀਬੀ ਦੀ ਕਸ਼ਮਕਸ਼, ਅਣਗਿਣਤ ਝਗੜੇ ਤੇ ਤਮਾਸ਼ੇ, ਇਨ੍ਹਾਂ ਸਭ ਚੀਜ਼ਾਂ ਨੇ ਉਸ ਦੀ ਹਿੱਕ ਉਤੇ ਬੇਹੱਦ ਕੋਮਲ ਨਿਸ਼ਾਨ ਛੱਡੇ ਹਨ। ਇਸ ਦਾ ਕੱਚਾ ਥੜ੍ਹਾ, ਜੋ ਹੁਣ ਅੱਧੇ ਨਾਲੋਂ ਬਹੁਤਾ ਟੁੱਟ-ਫੁੱਟ ਗਿਆ ਹੈ, ਤੇ ਜਿਸ ਵੱਲ ਠੰਢੀ ਛਾਂ ਦਾ ਸਵਾਦ ਲੈਣ ਵਾਲੇ ਚਰਵਾਹੇ ਤੇ ਕਿਸਾਨ ਗੱਭਰੂ ਆਪਣੀ ਕੋਈ ਜ਼ਿੰਮੇਵਾਰੀ ਅਨੁਭਵ ਨਹੀਂ ਕਰਦੇ, ਪਹਿਲੇ ਬਹੁਤ ਸੋਹਣਾ ਸੀ। ਇਸ ਉਤੇ ਬਹਿ ਕੇ ਮੈਂ ਕਈ ਵਾਰੀ ਇਸ ਬਿਰਛ ਦੇ ਕੰਬਦੇ ਪੱਤਿਆਂ ਵੱਲ ਟੱਕ ਬੰਨ੍ਹ ਕੇ ਦੇਖਿਆ ਸੀ। ਕਈ ਵਾਰ ਤਾਂ ਮੈਂ ਇਸ ਦੇ ਤਣੇ ਨਾਲ ਇਉਂ ਚੰਬੜ ਗਿਆ ਸਾਂ, ਜਿਵੇਂ ਆਪਣੇ ਮਾਸੂਮ ਹੱਥ ਅੱਡ ਕੇ ਮੈਂ ਆਪਣੇ ਬਾਪ ਦੀਆਂ ਲੱਤਾਂ ਲਾਲ ਚੰਬੜਦਾ ਸਾਂ।

ਸਾਡੇ ਪਿੰਡ ਦੇ ਇਤਿਹਾਸ ਨਾਲ ਇਸ ਬੁੱਢੇ ਬਿਰਛ ਦਾ ਇਹ ਅਟੁੱਟ ਸਬੰਧ ਕਿਸੇ ਖਾਸ ਵਿਆਖਿਆ ਦਾ ਲੋੜਵੰਦ ਨਹੀਂ। ਸਦਾ ਤੋਂ ਆਦਮੀ ਤੇ ਬਿਰਛ ਵਿਚਾਲੇ ਪਿਆਰ ਦਾ ਕੋਮਲ ਜਜ਼ਬਾ ਕਾਇਮ ਹੈ, ਤੇ ਇਹ ਸਦਾ ਕਾਇਮ ਰਹੇਗਾ। ਬਿਰਛ ਤਾਂ ਸਾਡੇ ਪਿੰਡ ਦੇ ਚੁਫੇਰੇ ਸੈਂਕੜੇ ਹੀ ਹਨ, ਪਰ ਜੋ ਸ਼ਾਂਤੀ ਮੈਨੂੰ ਇਸ ਬੁੱਢੇ ਬੋਹੜ ਥੱਲੇ ਬਹਿ ਕੇ ਮਿਲਦੀ ਹੈ, ਹੋਰ ਕਿਤੇ ਨਹੀਂ ਮਿਲਦੀ। ਕਦੀ ਕਦਾਈਂ ਤਾਂ ਮੈਂ ਇਹ ਵੀ ਅਨੁਭਵ ਕਰਦਾ ਹਾਂ ਕਿ ਉਹ ਡੂੰਘਾ ਸਾਹ ਲੈ ਰਿਹਾ ਹੈ, ਤੇ ਰਾਹੀਆਂ ਵੱਲੋਂ ਨਜ਼ਰਾਂ ਮੋੜ ਕੇ ਮੇਰੇ ਵੱਲ ਤੱਕ ਰਿਹਾ ਹੈ। ਉਸ ਦੀਆਂ ਨਿਗਾਹਾਂ ਵਿਚ ਨਿੱਗਰ ਸੱਚਾਈ ਭਰੀ ਹੋਈ ਹੈ, ਉਹੀ ਸੱਚਾਈ ਜੋ ਮਿਹਨਤ-ਮੁਸ਼ੱਕਤ ਮਗਰੋਂ ਛਾਂ ਵਿਚ ਬੈਠੇ ਕਿਸਾਨ ਤੇ ਮਜ਼ਦੂਰ ਨੂੰ ਸਦੀਆਂ ਤੋਂ ਅਨੁਭਵ ਹੁੰਦੀ ਰਹੀ ਹੈ।

ਇਹ ਬਿਰਛ ਇਥੇ ਨਾ ਹੁੰਦਾ ਤਾਂ ਨੇੜੇ ਦਾ ਇਹ ਨਹਿਰ ਦਾ ਪੁਲ ਬਿਲਕੁਲ ਬੇ-ਰੌਣਕਾ ਰਹਿੰਦਾ। ਨਹਿਰ ਸਰਹਿੰਦ ਦੀ ਇਹ ਸ਼ਾਖ, ਜਿਸ ਉਤੇ ਸੈਰ ਕਰਨ ਲਈ ਮੈਂ ਖੁਸ਼ੀ-ਖੁਸ਼ੀ ਚਲਿਆ ਆਉਂਦਾ ਹਾਂ, ਬਹੁਤੀ ਪੁਰਾਣੀ ਨਹੀਂ। ਇਸ ਨੂੰ ਇਧਰ ਆਇਆਂ ਮਸਾਂ ਚਾਲੀ ਸਾਲ ਹੋਏ ਹੋਣਗੇ। ਜਦ ਖੁਦਾਈ ਦਾ ਕੰਮ ਹੋ ਰਿਹਾ ਸੀ, ਮਜ਼ੂਰਾਂ ਤੇ ਮਜ਼ੂਰਨੀਆਂ ਦੇ ਮੁੜ੍ਹਕੋ-ਮੁੜ੍ਹਕੀ ਹੋਏ ਮੱਥੇ ਦੇਖ ਕੇ, ਉਨ੍ਹਾਂ ਦੇ ਹਾਸੇ-ਖੇਡੇ ਤੇ ਗਾਲੀ-ਗਲੋਚ ਸੁਣ ਕੇ, ਤੇ ਉਨ੍ਹਾਂ ਦੇ ਲੁਕਵੇਂ ਜਜ਼ਬਿਆਂ ਵਿਚ ਮਨੁੱਖਤਾ ਦਾ ਮੁਢਲਾ ਅਨੁਭਵ ਪ੍ਰਤੀਤ ਕਰ ਕੇ ਇਹ ਬੋਹੜ ਬਹੁਤ ਪ੍ਰਸੰਨ ਹੋਇਆ ਹੋਵੇਗਾ। ਤੇ ਫੇਰ ਜਦ ਇਹ ਪੁਲ ਬਣਨਾ ਸ਼ੁਰੂ ਹੋਇਆ ਸੀ ਤਾਂ ਠੇਕੇਦਾਰ ਤੇ ਸਰਕਾਰੀ ਇੰਜੀਨੀਅਰ ਵਿਚਕਾਰ ਰਿਸ਼ਵਤ ਦਾ ਰਿਸ਼ਤਾ ਦੇਖ ਕੇ ਸਭਿਅਤਾ ਤੇ ਸਰਮਾਏਦਾਰੀ ਦੀ ਅਸਲੀਅਤ ਵੀ ਉਸ ਉਤੇ ਚੰਗੀ ਤਰ੍ਹਾਂ ਖੁੱਲ੍ਹ ਗਈ ਹੋਵੇਗੀ।

"ਧਰਤੀ ਵਿਚ ਜਕੜੇ ਬਿਰਛ ਤੁਰਨ ਦੀ ਇੱਛਾ ਰੱਖਦੇ ਹਨ... ਤੇ ਮਨੁੱਖ ਅਜਿਹੇ ਸਵਰਗ ਦੀ ਪ੍ਰਾਪਤੀ ਲਈ ਧੱਕੇ ਖਾ ਰਿਹਾ ਹੈ, ਜਿਥੋਂ ਮੁਕਟਧਾਰੀ ਦੇਵਤੇ ਵੀ ਛੁਟਕਾਰਾ ਪਾਉਣ ਲਈ ਵਿਆਕੁਲ ਹਨ।" ਇਹ ਭਰਥਰੀ ਹਰੀ ਲਿਖ ਗਏ ਹਨ। ਕੀ ਸਾਡੇ ਇਸ ਬੁੱਢੇ ਬੋਹੜ ਨੂੰ ਵੀ ਤੁਰਨ ਦੀ ਇੱਛਾ ਹੈ? ਅਜਿਹੀ ਚੰਗੀ ਥਾਂ ਇਸ ਨੂੰ ਹੋਰ ਕਿਥੇ ਲੱਭੇਗੀ?

ਅਹੁ ਇਕ ਰਾਹੀ ਜਾ ਰਿਹਾ ਹੈ। ਬੁਢੇਪੇ ਕਰ ਕੇ ਵਿਚਾਰੇ ਦਾ ਸਰੀਰ ਕੰਬ ਰਿਹਾ ਹੈ। ਉਹ ਜ਼ਰਾ ਰੁਕ ਕਿਉਂ ਨਹੀਂ ਜਾਂਦਾ? ਇਤਨੀ ਵੀ ਕੀ ਕਾਹਲ ਸੂ? "ਆ ਜਾਓ ਸਰਦਾਰ ਜੀ, ਰਤਾ ਆਰਾਮ ਕਰ ਲਓ।"

ਮੇਰੀ ਆਵਾਜ਼ ਰਾਹੀ ਤੀਕ ਨਹੀਂ ਪਹੁੰਚੀ। ਉਹ ਚਲਾ ਗਿਆ... ਦੂਰ, ਬਹੁਤ ਦੂਰ। ਬੁੱਢਾ ਬੋਹੜ ਚੁੱਪ-ਚੁਪੀਤਾ ਖੜ੍ਹਾ ਸੀ।

ਮੈਂ ਵੀ ਤਾਂ ਸੁਫਨਿਆਂ ਦੇ ਕਿਲ੍ਹੇ ਬਣਾ ਰਿਹਾ ਹਾਂ। ਚਾਹੁੰਦਾ ਹਾਂ, ਦੂਰ-ਦੁਮੇਲ ਦੇ ਕੋਲ ਜਾ ਪਹੁੰਚਾਂ, ਜਿਥੇ ਸੁਫਨਿਆਂ ਦੀਆਂ ਪਰੀਆਂ ਲੋਰੀਆਂ ਗਾ ਰਹੀਆਂ ਹਨ। ਬੁੱਢਾ ਬੋਹੜ ਚੁੱਪ-ਚੁਪੀਤਾ ਖੜ੍ਹਾ ਹੈ। ਖਬਰੇ ਇਹ ਕਹਿਣਾ ਚਾਹੁੰਦਾ ਹੈ, "ਦੇਖ ਕਿਸ ਤਰ੍ਹਾਂ ਆਪਣੀਆਂ ਬਾਂਹਾਂ ਅੱਡ ਰੱਖੀਆਂ ਹਨ, ਮੈਂ ਤੇਰੇ ਚੁਪਾਸੇ। ਕੀ ਮੇਰੀ ਛਾਂ ਦੀਆਂ ਲੋਰੀਆਂ ਸੁੰਦਰ ਨਹੀਂ?" ਜਦ ਤੀਕ ਇਹ ਬੋਹੜ ਇਥੇ ਖੜ੍ਹਾ ਹੈ, ਤਦ ਤੱਕ ਇਹ ਹੌਲੀ-ਹੌਲੀ ਹਰ ਇਕ ਦੇ ਕੰਨ ਵਿਚ ਆਖਦਾ ਹੈ, "ਪ੍ਰੀਤ ਤੇ ਵਡਿਆਈ ਇਕੋ ਸੁੰਦਰੀ ਦੀਆਂ ਦੋ ਗੱਲ੍ਹਾਂ ਹਨ।" ਮੈਂ ਇਸ ਨੂੰ ਛੱਡਾਂਗਾ ਨਹੀਂ। ਟਿਕਟਿਕੀ ਬੰਨ੍ਹ ਕੇ ਮੈਂ ਇਸ ਦੀ ਚੋਟੀ ਵੱਲ ਤੱਕਦਾ ਹਾਂ।

ਬਿਰਛ ਦੇ ਖਾਮੋਸ਼ ਪਿਆਰ ਵਿਚ ਉਹ ਗ਼ਲਤਫਹਿਮੀਆਂ ਕਿਥੇ, ਜੋ ਮਨੁੱਖ ਦੀ ਦੁਨੀਆਂ ਵਿਚ ਪੈਰ-ਪੈਰ 'ਤੇ ਵਾਪਰਦੀਆਂ ਹਨ?



> ***"ਧਰਤੀ ਵਿਚ ਜਕੜੇ ਬਿਰਛ ਤੁਰਨ ਦੀ ਇੱਛਾ ਰੱਖਦੇ ਹਨ... ਤੇ ਮਨੁੱਖ ਅਜਿਹੇ ਸਵਰਗ ਦੀ ਪ੍ਰਾਪਤੀ ਲਈ ਧੱਕੇ ਖਾ ਰਿਹਾ ਹੈ, ਜਿਥੋਂ ਮੁਕਟਧਾਰੀ ਦੇਵਤੇ ਵੀ ਛੁਟਕਾਰਾ ਪਾਉਣ ਲਈ ਵਿਆਕੁਲ ਹਨ।" ਇਹ ਭਰਥਰੀ ਹਰੀ ਲਿਖ ਗਏ ਹਨ। ਕੀ ਸਾਡਾ ਇਹ ਬੁੱਢਾ ਬੋਹੜ ਵੀ ਤੁਰਨ ਦੀ ਇੱਛਾ ਰੱਖਦਾ ਹੈ? ਅਜਿਹੀ ਚੰਗੀ ਥਾਂ ਇਸ ਨੂੰ ਹੋਰ ਕਿਥੇ ਲੱਭੇਗੀ?***

---

ਟੁੱਟ ਗਏ ਤ੍ਰੇਲ ਦੇ ਮੋਤੀ,
ਪੈਲਾਂ ਪਾਉਂਦੀ ਦੇ।

ਕੋਈ ਮੁਟਿਆਰ ਗਾਉਂਦੀ ਆ ਰਹੀ ਹੈ। ਆਪਣੇ ਸੁਨਹਿਰੀ ਰੱਥ ਉਤੇ ਸਵਾਰ ਸੂਰਜ ਦੇਵਤਾ ਬੁੱਢੇ ਬੋਹੜ ਉਤੇ ਆ ਗਿਆ ਹੈ। ਟੀਸੀ ਦੇ ਪੱਤੇ ਜਗਮਗ-ਜਗਮਗ ਕਰ ਉਠੇ। ਪੰਜਾਬੀ ਬੋਲੀ ਦਾ ਇਹ ਗੀਤ ਸੈਂਕੜੇ ਸਾਲਾਂ ਤੋਂ ਦਿਲਾਂ ਦੀਆਂ ਮੰਜ਼ਲਾਂ ਮਾਰਦਾ ਆ ਰਿਹਾ ਹੈ।

"ਰਾਤ ਨੇ ਸੂਰਜ ਨੂੰ ਕਿਹਾ, ਤੂੰ ਚੰਨ ਦੀ ਮਾਰਫ਼ਤ ਪਿਆਰ ਦੀਆਂ ਚਿੱਠੀਆਂ ਭੇਜਦਾ ਹੈਂ, ਮੈਂ ਉਨ੍ਹਾਂ ਦਾ ਉਤਰ ਤ੍ਰੇਲ ਦੀ ਸ਼ਕਲ ਵਿਚ ਘਾਹ ਉਤੇ ਛੱਡ ਜਾਂਦੀ ਹਾਂ।" ਟੈਗੋਰ ਨੇ ਲਿਖਿਆ ਹੈ।

ਪਿੰਡ ਦੀ ਮੁਟਿਆਰ ਇਹ ਜਾਣਦੀ, ਤਾਂ ਤ੍ਰੇਲ ਦੇ ਮੋਤੀ ਇਉਂ ਆਪਣੇ ਪੈਰਾਂ ਥੱਲੇ ਨਾ ਮਧੋਲਦੀ। ਬੁੱਢਾ ਬੋਹੜ ਸ਼ਾਇਦ ਧਰਤੀ ਦੀ ਇਸ ਬੇਟੀ ਨੂੰ ਪੁਕਾਰ ਕੇ ਕਹਿਣਾ ਚਾਹੁੰਦਾ ਹੈ, "ਤੂੰ ਤ੍ਰੇਲ ਦੇ ਮੋਤੀ ਕਿਉਂ ਮਧੋਲੇ?"

ਅਹਿ ਲਓ, ਦੋ ਬੱਚੇ ਤੁਰੇ ਆਉਂਦੇ ਹਨ। ਘਰ ਮਾਂ-ਪਿਉ ਝਿੜਕਾਂ ਦਿੰਦੇ ਹਨ, ਪਰ ਬੁੱਢੇ ਬੋਹੜ ਕੋਲ ਕੇਵਲ ਖਾਮੋਸ਼ ਮੁਹੱਬਤ ਹੈ, ਜੋ ਉਨ੍ਹਾਂ ਦੇ ਦਿਲਾਂ ਵਿਚ ਖੁਭਦੀ ਚਲੀ ਜਾਂਦੀ ਹੈ। ਸੂਰਜ ਵੱਲ ਮੂੰਹ ਕੀਤੀ ਉਹ ਗਾ ਰਹੇ ਹਨ,

ਸੂਰਜਾ! ਸੂਰਜਾ!
ਝੱਗਾ ਦੇਊਂ, ਟੋਪੀ ਦੇਊਂ,
ਤੇੜ ਨੂੰ ਲੰਗੋਟੀ ਦੇਊਂ,
ਕਰਾਰੀ ਧੁੱਪ ਕੱਢ ਦੇ!

ਬੱਚਿਆਂ ਦੀਆਂ ਕਿਲਕਾਰੀਆਂ ਸੁਣ ਕੇ ਬੁੱਢੇ ਬੋਹੜ ਦੀ ਚੁੱਪ ਵਿਚ ਕੋਈ ਫਰਕ ਨਹੀਂ ਪੈਂਦਾ। ਸੈਂਕੜੇ ਬੱਚੇ ਵਾਰੋ-ਵਾਰੀ ਇਥੇ ਆਉਂਦੇ ਹਨ। "ਨਿੱਕੇ ਬੱਚਿਆਂ ਨੂੰ ਮੇਰੇ ਪਾਸ ਆਉਣ ਦਿਓ, ਸਵਰਗ ਦਾ ਰਾਜ ਅਜਿਹਾ ਹੀ ਹੈ।" ਈਸਾ ਦਾ ਇਹ ਬੋਲ ਮੇਰੇ ਦਿਮਾਗ ਵਿਚ ਗੂੰਜ ਉਠਦਾ ਹੈ। ਸਕੂਲ ਮਾਸਟਰ ਬੱਚਿਆਂ ਨੂੰ ਡਾਂਟ ਕੇ ਆਖਦਾ ਹੈ, "ਸਬਕ ਕਿਉਂ ਨਹੀਂ ਚੇਤੇ ਕੀਤਾ? ਬੁੱਢੇ ਬੋਹੜ ਥੱਲੇ ਬੁੜ੍ਹਕਣ ਦਾ ਕੀ ਲਾਭ?" ਬੱਚਿਆਂ ਨੂੰ ਇਹ ਉਪਦੇਸ਼ ਵਿਅਰਥ ਜਾਪਦਾ ਹੈ। ਸਦੀਆਂ ਤੋਂ ਉਹ ਸੂਰਜ ਲਈ ਝੱਗੇ, ਟੋਪੀ ਤੇ ਲੰਗੋਟੀ ਦਾ ਢੋਆ ਚੁੱਕੀ ਹਾਜ਼ਰ ਰਹੇ ਹਨ। ਸ਼ਰਤ ਇਹੋ ਹੈ ਕਿ ਉਹ ਸਿਆਲ ਵਿਚ ਰਤਾ ਤੇਜ਼ ਚਮਕੇ, ਤੇ ਬੱਚਿਆਂ ਦੇ ਚੁਫੇਰੇ ਆਪਣੀਆਂ ਨਿੱਘੀਆਂ ਕਿਰਨਾਂ ਦਾ ਜਾਲ ਬੁਣ ਦੇਵੇ।

ਬੁੱਢਾ ਬੋਹੜ ਮਸਤ ਕਵੀ ਵਾਂਗ ਖੜ੍ਹਾ ਰਹਿੰਦਾ ਹੈ। ਕਿਸਾਨ ਦੇ ਗੀਤਾਂ ਦਾ ਉਹ ਪੁਰਾਣਾ ਸਰਪ੍ਰਸਤ ਹੈ। ਧਰਤੀ ਦੇ ਬੇਟਿਆਂ ਦੀ ਅਮੀਰੀ-ਗਰੀਬੀ ਦਾ ਉਹ ਚਸ਼ਮਦੀਦ ਗਵਾਹ ਹੈ। ਸ਼ਾਇਦ ਉਹ ਉਨ੍ਹਾਂ ਦੇ ਦਿਲਾਂ ਦੀਆਂ ਗੱਲਾਂ ਬੁੱਝ ਲੈਂਦਾ ਹੈ:

1. ਪਿੱਪਲ ਗਾਵੇ, ਬੋਹੜ ਗਾਵੇ,
ਗਾਵੇ ਹਰਿਆਲਾ ਤੂਤ।
ਖੜ੍ਹ ਕੇ ਸੁਣ ਰਾਹੀਆ,
ਤੇਰੀ ਰੂਹ ਹੋ ਜੂਗੀ ਸੂਤ।
2. ਬਿਰਛਾਂ ਦੇ ਗੀਤ ਸੁਣ ਕੇ,
ਮੇਰੇ ਦਿਲ ਵਿਚ ਚਾਨਣ ਹੋਇਆ।

ਮਸਤ ਹਵਾ ਵਿਚ, ਜਾਦੂ ਭਰੀ ਫਿਜ਼ਾ ਵਿਚ, ਜਦ ਬਸੰਤ ਦੀ ਦੇਵੀ ਲਲਚਾਈਆਂ ਨਜ਼ਰਾਂ ਨਾਲ ਇਕ-ਇਕ ਬਿਰਛ-ਬੂਟੇ ਵੱਲ ਝੂਮਦੀ-ਝਾਮਦੀ ਚਲੀ ਆਉਂਦੀ ਹੈ ਤਾਂ ਧਰਤੀ ਦੀ ਰਗ-ਰਗ ਵਿਚ ਮਦ ਭਰਿਆ ਸੰਗੀਤ ਸਮਾ ਜਾਂਦਾ ਹੈ। ਆਪਾ ਭੁੱਲ ਜਾਣ ਦੀ ਮਸਤੀ ਵਿਚ ਸ਼ਾਇਦ ਹਰ ਬਿਰਛ ਕੁਝ ਨਾ ਕੁਝ ਗੁਣਗੁਣਾਉਂਦਾ ਹੈ। ਸ਼ਾਂਤੀ ਦੀਆਂ ਘੜੀਆਂ ਵਿਚ ਪੱਤਿਆਂ ਦੀ ਸਾਧਾਰਨ ਜਿਹੀ ਸਰਸਰਾਹਟ ਸੁਣ ਕੇ ਵੀ ਰਾਹੀ ਨੂੰ ਬਿਰਛ ਦੀ ਦਿਲੀ ਹਾਲਤ ਦਾ ਅਨੁਭਵ ਹੋ ਜਾਂਦਾ ਹੈ। ਬਿਰਛਾਂ ਦੀ ਸੰਗਤ ਵਿਚ, ਉਨ੍ਹਾਂ ਦੀ ਭਾਵੁਕ ਸਰਸਰਾਹਟ ਦੇ ਅਸਰ ਹੇਠ ਆਦਮੀ ਸਦਾ ਧਰਤੀ ਦੇ ਦਿਲੀ ਭੇਤ ਪਾ ਲੈਂਦਾ ਹੈ।

ਨਾ 'ਕੱਲਾ ਆਦਮੀ ਚੰਗਾ, ਨਾ 'ਕੱਲਾ ਬਿਰਛ, ਪਿੰਡ ਦਾ ਕਵੀ ਸਦਾ ਆਪਣੀ ਰਾਏ ਦਿੰਦਾ ਆਇਆ ਹੈ:

'ਕੱਲੀ ਹੋਵੇ ਨਾ ਬਨਾਂ ਵਿਚ ਟਾਹਲੀ,
'ਕੱਲਾ ਨਾ ਹੋਵੇ ਪੁੱਤ ਜੱਟ ਦਾ!

ਲੋਕ ਗੀਤ ਸਦੀਆਂ ਤੋਂ ਧਰਤੀ ਦੇ ਬੇਟਿਆਂ ਨੂੰ ਗੁਦਗੁਦਾਉਂਦੇ ਆਏ ਹਨ, ਧਰਤੀ ਦੇ ਗੀਤ, ਬਿਰਛਾਂ ਦੇ ਗੀਤ:

1. ਬੇਰੀਆਂ ਨੂੰ ਬੇਰ ਲੱਗ ਗਏ,
ਤੈਨੂੰ ਕੁਛ ਨਾ ਲੱਗਿਆ ਮੁਟਿਆਰੇ!
2. ਰੁੱਤ ਯਾਰੀਆਂ ਲਾਉਣ ਦੀ ਆਈ,
ਬੇਰੀਆਂ ਦੇ ਬੇਰ ਪੱਕ ਗਏ।
3. ਮੈਨੂੰ 'ਕੱਲੀ ਨੂੰ ਚੁਬਾਰਾ ਪਾ ਦੇ,
ਰੋਹੀ ਵਾਲਾ ਜੰਡ ਵੱਢ ਕੇ।
4. ਵਿਹੜੇ ਲਾ ਤਿਰਵੈਣੀ,
ਛਾਂਵੇਂ ਬਹਿ ਕੇ ਕੱਤਿਆ ਕਰੂੰ।
5. ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ,
ਫੁੱਲਾਂ ਬਾਝ ਫੁਲਾਹੀਆਂ।
ਹੱਸਾਂ ਨਾਲ ਹਮੇਲਾਂ ਸੋਂਹਦੀਆਂ,
ਬੰਦਾਂ ਨਾਲ ਗਜਰਾਈਆਂ।
'ਧੰਨ ਭਾਗ ਮੇਰੇ' ਆਖੇ ਪਿੱਪਲ,
ਕੁੜੀਆਂ ਨੇ ਪੀਂਘਾਂ ਪਾਈਆਂ।
ਸਾਉਣ ਵਿਚ ਕੁੜੀਆਂ ਨੇ,
ਪੀਂਘਾਂ ਅਸਮਾਨ ਚੜ੍ਹਾਈਆਂ।
6. 'ਬਿਰਛਾ! ਬਿਰਛਾ!' ਤੋਤਾ ਬੋਲਿਆ
'ਇਕੇ ਤੇਰੀ ਜ਼ਿਮੀਂ ਭੈੜੀ,
ਇਕੇ ਤੇਰਾ ਮੁੱਢ ਪੁਰਾਣਾ।'
'ਨਾ ਮੇਰੀ ਜ਼ਿਮੀਂ ਭੈੜੀ,
ਨਾ ਮੇਰਾ ਮੁੱਢ ਪੁਰਾਣਾ,
ਇਕੇ ਖਾਧਾ ਨਵਾਬ ਦੀਆਂ ਡਾਚੀਆਂ,
ਇਕੇ ਸ਼ਤੀਰ ਕੱਪ ਖੜੇ ਤਰਖਾਣਾਂ,
ਤਰਖਾਣਾਂ ਦੇ ਮਰਨ ਬੱਚੜੇ,
ਆਵਣ ਢੁੱਕ ਢੁੱਕ ਮੁਕਾਣਾਂ,
ਮਰਨ ਨਵਾਬ ਦੀਆਂ ਡਾਚੀਆਂ,
ਨਾਲੇ ਆਪੂੰ ਮਰੇ ਨਵਾਬ ਸਿਆਣਾ।

ਬੱਚੇ ਵਾਂਗ ਮੈਂ ਇਸ ਬੁੱਢੇ ਬੋਹੜ ਦੀ ਗੋਦੀ ਵਿਚ ਦੌੜਿਆ ਆਉਂਦਾ ਹਾਂ। ਖੇਤਾਂ ਵਿਚੋਂ ਪਰਤਦੇ ਹੋਏ ਕਿਸਾਨਾਂ ਦੇ ਗੀਤ ਰਹੱਸਮਈ ਚੁੱਪ ਨੂੰ ਚੀਰਦੇ ਹੋਏ ਮੇਰੇ ਤੀਕ ਪਹੁੰਚਦੇ ਹਨ।

ਦਿਨ ਲੰਘ ਜਾਂਦਾ ਹੈ ਤੇ ਰਾਤ ਉਸ ਤੀਵੀਂ ਵਾਂਗ, ਜੋ ਆਪਣੇ ਮੋਢਿਆਂ ਉਤੇ ਵਾਲ ਖਿਲਾਰੀ ਬੈਠੀ ਹੋਵੇ, ਧਰਤੀ ਨੂੰ ਆਪਣੇ ਆਂਚਲ ਵਿਚ ਲੁਕਾ ਲੈਂਦੀ ਹੈ। ਰਾਤ ਦੇ ਵਧਦੇ ਹੋਏ ਹਨੇਰੇ ਵਿਚ ਸਾਡਾ ਇਹ ਬੋਹੜ, ਜੋ ਮੇਰੇ ਬੁੱਢੇ ਬਾਬੇ ਵਾਂਗ ਕਾਲੀ ਲੋਈ ਵਲ੍ਹੇਟੀ ਖਲੋਤਾ ਰਹਿੰਦਾ ਹੈ, ਆਪਣੇ ਜਜ਼ਬਾਤ ਵਿਚ ਗੁਆਚ ਜਾਂਦਾ ਹੈ ਤੇ ਘਰ ਪਰਤਣ ਤੋਂ ਪਹਿਲਾਂ ਮੈਂ ਇਸ ਬੁੱਢੇ ਬਿਰਛ ਦੇ ਤਣੇ ਨਾਲ ਇਕ-ਦੋ ਘੜੀਆਂ ਲਈ ਲਿਪਟ ਜਾਂਦਾ ਹਾਂ।

ਆਪਣਾ ਮਨਭਾਉਂਦਾ ਪੁਰਾਣਾ ਗੀਤ ਗਾਉਂਦਾ ਹੋਇਆ, ਮੈਂ ਨਹਿਰ ਦਾ ਪੁਲ ਪਾਰ ਕਰ ਕੇ ਘਰ ਵੱਲ ਮੁੜ ਪੈਂਦਾ ਹਾਂ:

ਨਦੀ ਕਿਨਾਰੇ ਰੁੱਖੜਾ,
ਖੜ੍ਹਾ ਸੀ ਅਮਨ-ਅਮਾਨ।
ਡਿੱਗਦਾ ਹੋਇਆ ਬੋਲਿਆ-
ਜੀਅ ਦੇ ਨਾਲ ਜਹਾਨ।

---

ਉਹ ਸਾਰੇ ਫੁੱਲ ਜੋ ਕੱਲ੍ਹ ਰਾਤੀਂ ਆਪਣੀ ਭਿੰਨੀ-ਭਿੰਨੀ ਸੁਗੰਧ ਨਾਲ ਲਿਪਟ ਕੇ ਸੌਂ ਗਏ ਸਨ, ਹੁਣ ਜਾਗ ਉਠੇ ਹਨ। ਬੁੱਢੇ ਬੋਹੜ ਨੇ ਵੀ ਆਪਣੀ ਕਾਲੀ ਲੋਈ ਲਾਹ ਸੁੱਟੀ ਹੈ। ਇਕ ਨਹੀਂ, ਦੋ ਚਾਰ ਨਹੀਂ, ਕਿੰਨੇ ਹੀ ਕਿਸਾਨ ਆਪਣੇ-ਆਪਣੇ ਬਲਦ ਹੱਕੀ ਨਹਿਰ ਦੇ ਪੁਲ ਉਤੋਂ ਦੀ ਲੰਘ ਰਹੇ ਹਨ- ਜਲਦੀ, ਬਹੁਤ ਜਲਦੀ। ਕੋਈ ਮੁੱਛਾਂ ਉਤੇ ਹੱਥ ਫੇਰ ਰਿਹਾ ਹੈ, ਕੋਈ ਅੱਖਾਂ ਮਲ ਰਿਹਾ ਹੈ।

"ਸੂਰਜ ਭਗਵਾਨ ਨੂੰ ਲੱਖ-ਲੱਖ ਨਮਸਕਾਰ।"

"ਹਾਂ, ਹਾਂ, ਸੂਰਜ ਨੂੰ ਮੇਰਾ ਵੀ ਨਮਸਕਾਰ। ਉਹ ਰੋਜ਼ ਚਮਕਦਾ ਹੈ।"

"ਇਸ ਬੁੱਢੇ ਬੋਹੜ ਨੂੰ ਮੇਰਾ ਵੀ ਨਮਸਕਾਰ।"

"ਮੇਰਾ ਵੀ।"

ਸਦਾ ਤੋਂ ਆਦਮੀ ਤੇ ਬਿਰਛ ਵਿਚਾਲੇ ਪਿਆਰ ਦਾ ਕੋਮਲ ਜਜ਼ਬਾ ਕਾਇਮ ਹੈ ਤੇ ਇਹ ਰਿਸ਼ਤਾ ਸਦਾ ਜਾਰੀ ਰਹੇਗਾ। ਧਰਤੀ ਵਿਚ ਜਕੜੇ ਹੋਏ ਬਿਰਛਾਂ ਦੀਆਂ ਰਗਾਂ ਵਿਚ ਵੀ ਲਹੂ ਦੌੜ ਰਿਹਾ ਹੈ, ਕਦੀ ਤੇਜ਼ ਚਾਲ ਨਾਲ, ਕਦੀ ਧੀਮੀ ਚਾਲ ਨਾਲ- ਆਦਮੀ ਦੇ ਲਹੂ ਵਾਂਗ।

ਸਾਡੇ ਬੁੱਢੇ ਬੋਹੜ ਦੀਆਂ ਜੜ੍ਹਾਂ ਧਰਤੀ ਦੀ ਨਬਜ਼ ਪਛਾਣਦੀਆਂ ਹਨ। ਕਿੰਨਾ ਅਜੀਬ ਹੈ ਜੀਵਨ ਦਾ ਫੈਲਾਉ। ਆਦਮੀ ਤੇ ਬਿਰਛ, ਦੋਵੇਂ ਧਰਤੀ ਦੇ ਬੇਟੇ ਹਨ। ਬੁੱਢਾ ਬੋਹੜ ਹੰਢੇ ਹੋਏ ਸਿਆਣੇ ਵਾਂਗ ਖੜ੍ਹਾ ਸਾਡੇ ਪਿੰਡ ਵੱਲ ਤੱਕ ਰਿਹਾ ਹੈ।

## ਬਚਪਨ

ਕੇਹਾ, ਪਿਆਰਾ ਬਚਪਨ ਸੀ
ਕੀ ਰੰਗਲੀ ਰੁੱਤ ਸੁਹਾਣੀ ਸੀ
ਫੁੱਲਾਂ, ਵਰਗੇ ਮਹਿਕਦੇ ਦਿਨ
ਦਰਿਆ, ਜਿਹੀ ਰਵਾਨੀ ਸੀ
ਪਰੀਆਂ ਦੇ ਕਿਸੇ ਦੇਸ਼ ਜਿਹੀ
ਰੰਗਲੀ, ਸੋਹਣੀ ਕਹਾਣੀ ਸੀ।

ਜਦੋਂ ਲੇਟੇ ਪਏ ਪੰਘੂੜੇ ਵਿਚ
ਬੱਸ, ਐਵੈਂ ਹੀ ਰੋ ਪੈਂਦੇ ਸਾਂ
ਸਾਰੇ ਕੰਮਾਂ ਨੂੰ ਵਿਚੇ ਛੱਡ ਕੇ
ਦੂਰੋਂ ਹੀ ਭੱਜੀ ਆਉਂਦੀ ਮਾਂ
ਮੂੰਹ ਚੁੰਮਦੀ ਲਾਡ ਲਡਾਉਂਦੀ
ਪਈ ਸਦਕੇ ਵਾਰੀ ਜਾਂਦੀ ਮਾਂ
ਹੌਲੀ ਹੌਲੀ ਗੱਲਾਂ ਕਰ ਕਰ
ਮਿੱਠੀ ਲੋਰੀ ਸੁਣਾਉਂਦੀ ਮਾਂ।

ਜਾਂ ਈਚੀ-ਬੀਚੀ ਕੋਕੋ ਖਾਏ
ਘਿਉ ਦੀ ਚੂਰੀ ਕਾਕਾ ਖਾਏ
ਕਹਿ ਕੇ ਕੁੱਤਕਤਾੜੀ ਕਰਦੀ
ਮੱਲੋ-ਮੱਲੀ, ਹਸਾਉਂਦੀ ਮਾਂ
ਰਿੜ੍ਹਨਾ, ਟੁਰਨਾ ਹੌਲੀ ਹੌਲੀ
ਉਂਗਲੀ ਲਾ ਸਿਖਾਉਂਦੀ ਮਾਂ
ਹੱਸਦੇ, ਰੋਂਦੇ, ਰੁੱਸਦੇ, ਮੰਨਦੇ
ਘੁੱਟ ਘੁੱਟ ਛਾਤੀ ਲਾਉਂਦੀ ਮਾਂ
ਸੁੱਕੀ ਥਾਂ 'ਤੇ ਸਾਨੂੰ ਪਾਉਂਦੀ
ਗਿੱਲੀ 'ਤੇ ਆਪ ਸਉਂਦੀ ਮਾਂ
ਅਸੀਂ ਗੂਹੜੀ ਨੀਂਦਰ ਸਉਂਦੇ
ਜਾਗ ਕੇ ਰਾਤ ਲੰਘਾਉਂਦੀ ਮਾਂ।

ਨਿੱਘੀਆਂ ਰਾਤਾਂ ਰੰਗਲੇ ਦਿਨ
ਕੇਹੇ ਖੁੱਲ੍ਹੇ-ਮੋਕਲੇ ਪੈਂਡੇ ਸਨ
ਹਰ ਪਾਸੇ ਬੇਪ੍ਰਵਾਹੀਆਂ ਸਨ
ਬਾਦਸ਼ਾਹ ਲੋਕੀਂ ਕਹਿੰਦੇ ਸਨ
ਲੈਣ-ਦੇਣ ਦਾ ਫਿਕਰ ਨ੍ਹੀਂ ਸੀ
ਨਾ ਕੋਈ ਖੱਟ ਲਿਆਵਣ ਦਾ
ਵੰਨ-ਸੁਵੰਨਾ ਪਾਉਣ ਦਾ ਸੀ
ਬੱਸ ਚੰਗਾ-ਚੋਖਾ ਖਾਵਣ ਦਾ।

ਨਿੱਕੀ ਜਿਹੀ ਗੱਲੋਂ ਜਦ ਵੀ
ਐਵੇਂ-ਕੇਵੇਂ ਹੀ ਰੁੱਸ ਪੈਂਦੇ ਸਾਂ
ਬੇਬੇ, ਬਾਪੂ ਬਹਿ ਸਮਝਾਉਂਦੇ
ਤਾਂ, ਉਲਟਾ ਮਤਲਬ ਲੈਂਦੇ ਸਾਂ
ਖੇਡ ਮਲ੍ਹ ਕੇ ਦਿਨ ਸੀ ਲੰਘਦਾ
ਖਾ ਪੀ ਕੇ ਮੌਜ ਉਡਾਉਂਦੇ ਸਾਂ
ਬੇਫਿਕਰੀ ਵਿਚ ਰੱਜ ਕੇ ਸੌਂਦੇ
ਘੁਰਾੜੀਂ, ਰਾਤ ਲੰਘਾਉਂਦੇ ਸਾਂ
ਲੱਥੀ ਚੜ੍ਹੀ ਦੀ ਚਿੰਤਾ ਨ੍ਹੀਂ ਸੀ



ਆਪਣੀ, ਜ਼ਿਦ ਪੁਗਾਉਂਦੇ ਸਾਂ
ਆਪਣੇ ਯਾਰਾਂ-ਬੇਲੀਆਂ ਨਾਲ
ਲੜਦੇ, ਰੁੱਸਦੇ, ਮਨਾਉਂਦੇ ਸਾਂ।

ਬੇ-ਮਤਲਬ ਕੀੜਿਆਂ ਵਾਂਗਣ
ਸਾਰਾ ਦਿਨ ਸਾਂ, ਭੌਂਦੇ ਫਿਰਦੇ
ਭੁੱਖ, ਤ੍ਰੇਹ ਝੱਟ, ਲਹਿ ਜਾਂਦੀ
ਖੇਡ ਦੇ ਬੇਲੀ ਜਦ ਆ ਮਿਲਦੇ
ਹੌਲੀ ਹੌਲੀ ਇਕ ਇਕ ਕਰਕੇ
ਬਚਪਨ ਦੇ ਦਿਨ ਹੱਥੋਂ ਕਿਰ'ਗੇ
ਕਿਧਰ ਗਏ ਉਹ ਹਾਣੀ-ਬੇਲੀ
ਵਿਸਰ'ਗੇ ਨੇ ਮਨ ਤੋਂ ਚਿਰ ਦੇ।

ਬਚਪਨ ਗਿਆ ਆਈ ਜਵਾਨੀ
ਸ਼ੁਰੂ ਹੋਈ ਫਿਰ ਨਵੀਂ ਕਹਾਣੀ
ਧੀਆਂ, ਪੁੱਤਰਾਂ ਤੇ ਘਰਵਾਲੀ
ਦੇ ਫਿਕਰਾਂ ਆ ਚਾਦਰ ਤਾਣੀ
ਵਿੱਸਰ ਗਿਆ, ਹਾਸਾ, ਠੱਠਾ
ਭੁੱਲ ਗਈਆਂ ਸਭ ਯੱਕੜੀਆਂ
ਤਿੰਨੇ ਗੱਲਾਂ ਯਾਦ ਨੇ ਹੁਣ ਤਾਂ
ਬੱਸ ਲੂਣ, ਤੇਲ ਤੇ ਲੱਕੜੀਆਂ।

ਵਿਹਲੇ ਪਲਾਂ 'ਚ ਮੁੜ ਕੇ ਪਿੱਛੇ
ਵਿੰਹਨਾ ਮਨ ਦੇ ਨੇਤਰਾਂ ਥਾਣੀ
ਭੋਲਾ ਬਚਪਨ ਯਾਦ ਆ ਜਾਵੇ
ਛੰਮ ਛੰਮ ਅੱਖੋਂ ਵਗਦਾ ਪਾਣੀ
ਰੱਬਾ ਮੋੜ ਦੇਹ ਮੇਰਾ ਬਚਪਨ
ਵੱਟੇ ਵਿਚ, ਲੈ-ਲਏ ਜਵਾਨੀ।

**-ਚੰਨ**

***ਫੋਨ: 908-788-8427***

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਚੜੇ ਸੂਰ ਮਿਟਿ ਜਾਇ ਅੰਧਾਰਾ

ਪਹਿਲੀ ਵਾਰ ਦੀ 17ਵੀਂ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਜਦੋਂ ਕਿਸੇ ਜੁਗ ਦੀ ਗਿਰਾਵਟ ਹੁੰਦੀ ਹੈ ਤਾਂ ਉਦੋਂ ਕਿਸ ਕਿਸਮ ਦੀ ਉਥਲ-ਪੁੱਥਲ ਹੁੰਦੀ ਹੈ। ਇਸ ਕਿਸਮ ਦੀ ਤਬਦੀਲੀ ਜਾਂ ਗਿਰਾਵਟ ਨੂੰ ਉਨ੍ਹਾਂ ਨੇ 'ਜੁਗ-ਗਰਦੀ' ਦਾ ਨਾਂ ਦਿੱਤਾ ਹੈ, ਜਿਸ ਦਾ ਅਰਥ ਰਾਜ-ਪਲਟਾ ਵੀ ਲਿਖਿਆ ਮਿਲਦਾ ਹੈ। ਭਾਈ ਗੁਰਦਾਸ ਬਿਆਨ ਕਰਦੇ ਹਨ ਕਿ ਜਦੋਂ ਕੋਈ ਜੁਗ-ਗਰਦੀ ਹੁੰਦੀ ਹੈ, ਪਾਸਾ ਪਲਟਦਾ ਹੈ ਤਾਂ ਆਮ ਲੋਕਾਈ ਦਾ ਵਤੀਰਾ ਜੁਗ ਦੇ ਸੁਭਾਅ, ਉਸ ਦੇ ਕੁਦਰਤੀ ਵਤੀਰੇ ਦੇ ਬਿਲਕੁਲ ਉਲਟ ਹੋ ਜਾਂਦਾ ਹੈ।

ਸਭ ਤੋਂ ਵੱਡੀ ਤਬਦੀਲੀ ਇਹ ਹੁੰਦੀ ਹੈ ਕਿ ਚਾਰੇ ਪਾਸੇ ਨਫਰਤ ਦਾ ਮਾਹੌਲ ਬਣ ਜਾਂਦਾ ਹੈ ਤੇ ਇਸ ਨਫਰਤ ਕਾਰਨ ਚਾਰੇ ਪਾਸੇ ਪਾਪ ਦਾ ਬੋਲਬਾਲਾ ਹੋ ਜਾਂਦਾ ਹੈ ਅਤੇ ਸਾਰਾ ਸੰਸਾਰ ਇਸ ਵਰਤਾਰੇ ਕਾਰਨ ਭ੍ਰਿਸ਼ਟਿਆ ਜਾਂਦਾ ਹੈ। ਹਰ ਕੋਈ ਆਪਣੇ ਫਰਜ਼ਾਂ ਨੂੰ ਭੁੱਲ ਜਾਂਦਾ ਹੈ (ਵਰਣ-ਆਸ਼ਰਮ ਧਰਮ ਦਾ ਅਰਥ ਹੀ ਵਰਨ ਮੁਤਾਬਿਕ ਨਿਰਧਾਰਤ ਕੀਤੇ ਫਰਜ਼ਾਂ ਨੂੰ ਨਿਭਾਉਣਾ ਹੈ ਜਿਸ ਨੂੰ ਹਿੰਦੂ ਸ਼ਾਸਤਰਾਂ ਵਿਚ ਉਸ ਵਰਨ ਦਾ 'ਧਰਮ' ਕਿਹਾ ਗਿਆ ਹੈ) ਅਤੇ ਇੱਕ ਦੂਜੇ ਨਾਲ ਪ੍ਰੇਮ-ਸਤਿਕਾਰ ਦਾ ਵਿਹਾਰ ਕਰਨ ਦੀ ਥਾਂ ਲੋਕ ਨਫਰਤ ਕਾਰਨ ਇਸ ਤਰ੍ਹਾਂ ਆਪਸ ਵਿਚ ਝਗੜਦੇ ਹਨ ਜਿਵੇਂ ਬਾਂਸ ਇੱਕ ਦੂਜੇ ਨਾਲ ਖਹਿ ਕੇ ਅੱਗ ਪੈਦਾ ਕਰਦੇ ਹਨ ਅਤੇ ਫਿਰ ਆਪ ਹੀ ਉਸ ਅੱਗ ਵਿਚ ਸੜ ਕੇ ਸੁਆਹ ਹੋ ਜਾਂਦੇ ਹਨ। ਨਫਰਤ ਦੀ ਅੱਗ ਮਨੁੱਖਾਂ ਨੂੰ ਆਪਸ ਵਿਚ ਲੜਾ ਕੇ ਤਬਾਹ ਕਰ ਦਿੰਦੀ ਹੈ, ਉਹ ਖੁਦ ਵੀ ਤਬਾਹ ਹੁੰਦੇ ਹਨ ਅਤੇ ਦੂਜਿਆਂ ਨੂੰ ਵੀ ਤਬਾਹ ਕਰ ਦਿੰਦੇ ਹਨ। ਇਹੋ ਕੁਝ ਉਸ ਸਮੇਂ ਵਾਪਰ ਰਿਹਾ ਸੀ ਜਿਸ ਸਮੇਂ ਦਾ ਜ਼ਿਕਰ ਭਾਈ ਗੁਰਦਾਸ ਕਰ ਰਹੇ ਹਨ। ਅਜਿਹੇ ਸਮੇਂ ਵਿਚ ਅਗਿਆਨ ਦਾ ਬੋਲਬਾਲਾ ਹੋ ਜਾਂਦਾ ਹੈ।

ਅਗਿਆਨ-ਵੱਸ ਲੋਕਾਂ ਨੂੰ ਕੁਝ ਵੀ ਸਪੱਸ਼ਟ ਨਹੀਂ ਦਿਸਦਾ। ਭਾਵ ਅਗਿਆਨ-ਰੂਪੀ ਅੰਧੇਰਾ ਅਸਲੀਅਤ ਨੂੰ ਢਕ ਲੈਂਦਾ ਹੈ ਅਤੇ ਲੋਕ ਸਹੀ ਤੇ ਗਲਤ ਦੀ ਪਛਾਣ ਭੁੱਲ ਜਾਂਦੇ ਹਨ। ਗਿਆਨ ਦੀ ਨਿੰਦਾ ਕਰਦੇ ਹਨ ਤੇ ਅਗਿਆਨ ਦੇ ਅੰਧੇਰੇ ਕਾਰਨ ਕੁਝ ਵੀ ਸਮਝਣ ਤੋਂ ਅਸਮਰੱਥ ਹੁੰਦੇ ਹਨ। ਗੁਰੂ ਰਾਹੀਂ ਦਿੱਤਾ ਗਿਆਨ ਹੀ ਹੈ ਜਿਸ ਤੋਂ ਅਗਵਾਈ ਲੈ ਕੇ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦਾ ਰਸਤਾ ਪਤਾ ਲੱਗਾ ਤੇ ਗਿਆਨੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ। ਜਦੋਂ ਤੱਕ ਅਕਾਲ ਪੁਰਖ ਸੱਚੇ ਗੁਰੂ ਦਾ ਰੂਪ ਧਾਰ ਕੇ ਸੰਸਾਰ 'ਤੇ ਨਹੀਂ ਆਉਂਦਾ, ਉਦੋਂ ਤੱਕ ਇਹ ਰਹੱਸ ਕਿਸੇ ਨੂੰ ਸਮਝ ਨਹੀਂ ਲੱਗਦਾ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਗੁਰੂ ਅਤੇ ਅਕਾਲ ਪੁਰਖ ਵਿਚ ਕੋਈ ਅੰਤਰ ਨਹੀਂ ਹੈ (ਕਿਉਂਕਿ ਗੁਰੂ ਦੀ ਸੁਰਤਿ ਅਕਾਲ ਪੁਰਖ ਵਿਚ ਲਿਵਲੀਨ ਹੋ ਕੇ ਗੁਰੂ ਅਕਾਲ ਪੁਰਖ ਦਾ ਹੀ ਰੂਪ ਹੋ ਜਾਂਦਾ ਹੈ)। ਗੁਰੂ ਸਤਿਗੁਰੂ ਹੈ, ਸੱਚੀ ਅਗਵਾਈ ਕਰਨ ਵਾਲਾ ਹੈ। ਜਦੋਂ ਸੂਰਜ ਚੜ੍ਹਦਾ ਹੈ ਤਾਂ ਅੰਧੇਰਾ ਆਪਣੇ ਆਪ ਖਤਮ ਹੋ ਜਾਂਦਾ ਹੈ; ਗੁਰੂ ਰਾਹੀਂ ਗਿਆਨ ਦਾ ਜਦੋਂ ਪ੍ਰਕਾਸ਼ ਹੁੰਦਾ ਹੈ ਤਾਂ ਅਗਿਆਨ ਦਾ ਹਨੇਰਾ ਆਪੇ ਮਿਟ ਜਾਂਦਾ ਹੈ:

ਜੁਗ ਗਰਦੀ ਜਬ ਹੋਵਹੇ
ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ ਜਗਤਿ ਵਿਚਿ
ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨ ਭਾਵਨੀ
ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਦ ਕੀ
ਸਮਝਨਿ ਨਹਿ ਅਗਿਆਨਿ ਗੁਬਾਰਾ।
ਬੇਦ ਗਿਰੰਥ ਗੁਰ ਹਟਿ ਹੈ
ਜਿਸੁ ਲਗਿ ਭਵਜਲਿ ਪਾਰਿ ਉਤਾਰਾ।
ਸਤਿਗੁਰ ਬਾਝੁ ਨ ਬੁਝੀਐ
ਜਿਚਰੁ ਧਰੇ ਨ ਪ੍ਰਭੁ ਅਵਤਾਰਾ।
ਗੁਰ ਪਰਮੇਸਰੁ ਇਕੁ ਹੈ
ਸਚਾ ਸਾਹੁ ਜਗਤੁ ਬਣਜਾਰਾ।
ਚੜੇ ਸੂਰ ਮਿਟਿ ਜਾਇ ਅੰਧਾਰਾ॥੧੭॥

ਅਗਿਆਨ ਰੂਪੀ ਅੰਧੇਰੇ ਵਿਚੋਂ ਬਾਹਰ ਆਉਣ ਦਾ ਰਸਤਾ ਗੁਰੂ ਰਾਹੀਂ ਦਿੱਤੇ ਗਿਆਨ ਤੋਂ ਹੀ ਪਤਾ ਲੱਗਦਾ ਹੈ। ਇਸੇ ਤੱਥ ਦਾ ਖੁਲਾਸਾ ਭਾਈ ਗੁਰਦਾਸ ਨੇ ਕੀਤਾ ਹੈ। ਸਿੱਖ ਚਿੰਤਨ ਵਿਚ ਗੁਰੂ ਦਾ ਦਰਜਾ ਬਹੁਤ ਉਚਾ ਹੈ ਅਤੇ ਸਿੱਖ ਚਿੰਤਨ ਅਨੁਸਾਰ ਸ਼ਬਦ ਹੀ ਗੁਰੂ ਹੈ। ਬਾਣੀ ਅਤੇ ਗੁਰੂ ਵਿਚ ਕੋਈ ਅੰਤਰ ਨਹੀਂ ਹੈ ਤੇ ਬਾਣੀ ਧੁਰੋਂ ਆਈ ਹੈ, ਗੁਰੂ ਤੇ ਪਰਮਾਤਮਾ ਦੀ ਇਕਸੁਰਤਾ ਦੇ ਪਲਾਂ 'ਚ ਬਾਣੀ ਪਰਗਟ ਹੁੰਦੀ ਹੈ।

ਗੁਰੂ ਨਾਨਕ ਅਨੁਸਾਰ ਗੁਰੂ ਵਿਚ ਇਹ ਸਮਰੱਥਾ ਹੈ ਕਿ ਉਹ ਮਨੁੱਖ ਦੀ ਬੁੱਧੀ ਨੂੰ ਇਸ ਪੱਧਰ ਤੱਕ ਉਚਾ ਚੁੱਕ ਸਕਦਾ ਹੈ ਜਿੱਥੇ ਪਹੁੰਚ ਕੇ ਮਨੁੱਖ ਦੇਵਤਾ ਬਣ ਜਾਂਦਾ ਹੈ; ਉਸ ਦੀ ਬੁੱਧੀ ਅੰਦਰ ਪਏ ਸਾਰੇ ਅਧਿਆਤਮਕ ਗੁਣ ਪਰਗਟ ਹੋ ਜਾਂਦੇ ਹਨ। ਗੁਰੂ ਨਾਨਕ ਆਸਾ ਦੀ ਵਾਰ ਵਿਚ ਇਸ ਤੱਥ ਦਾ ਪ੍ਰਗਟਾਵਾ ਕਰਦੇ ਹਨ ਕਿ ਉਹ ਆਪਣੇ ਗੁਰੂ (ਗੁਰੂ ਨਾਨਕ ਦਾ ਗੁਰੂ ਅਕਾਲ ਪੁਰਖ ਆਪ ਹੈ) ਤੋਂ ਦਿਨ ਵਿਚ ਸੌ ਵਾਰੀ ਸਦਕੇ ਜਾਂਦੇ ਹਨ ਜਿਸ ਨੂੰ ਮਨੁੱਖ ਨੂੰ ਦੇਵਤਾ ਬਣਾਉਣ ਵਿਚ ਦੇਰ ਨਹੀਂ ਲੱਗੀ:

ਬਲਿਹਾਰੀ ਗੁਰ ਆਪਣੇ
ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ॥੧॥
(ਪੰਨਾ ੪੬੨-੬੩)

ਗੁਰੂ ਨਾਨਕ ਸਾਹਿਬ ਦੇ ਇਸੇ ਸਲੋਕ ਦੇ ਨਾਲ ਹੀ ਅਗਲਾ ਸਲੋਕ ਗੁਰੂ ਅੰਗਦ ਦੇਵ ਦਾ ਹੈ। ਗੁਰੂ ਅੰਗਦ ਦੇਵ ਗੁਰੂ ਦਾ ਮਹੱਤਵ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਜੇ ਕਰ ਸੌ ਚੰਦਰਮਾ ਵੀ ਚੜ੍ਹ ਪਵੇ ਅਤੇ ਹਜ਼ਾਰਾਂ ਹੀ ਸੂਰਜ ਚੜ੍ਹ ਪੈਣ, ਫਿਰ ਵੀ ਗੁਰੂ ਤੋਂ ਬਗੈਰ ਸੰਸਾਰ ਵਿਚ ਘੁੱਪ ਹਨੇਰਾ ਹੀ ਹੋਵੇਗਾ। ਭਾਵ ਜਦੋਂ ਮਨੁੱਖ ਦੇ ਅੰਦਰ ਗਿਆਨ ਦਾ ਚਾਨਣ ਨਹੀਂ ਹੁੰਦਾ, ਉਦੋਂ ਤੱਕ ਬਾਹਰਲੀ ਰੋਸ਼ਨੀ ਵੀ ਕੁਝ ਨਹੀਂ ਸਵਾਰਦੀ; ਬੌਧਿਕ ਤੌਰ 'ਤੇ ਮਨੁੱਖੀ ਮਨ ਅਗਿਆਨ ਦੇ ਹਨੇਰੇ ਵਿਚ ਫਸਿਆ ਰਹਿੰਦਾ ਹੈ; ਅਗਿਆਨ-ਵੱਸ ਉਹ ਸਹੀ ਤੇ ਗਲਤ ਦੀ ਪਛਾਣ ਹੀ ਨਹੀਂ ਕਰ ਸਕਦਾ। ਮਨ ਦਾ ਇਹ ਚਾਨਣ ਸਿਰਫ ਗੁਰੂ ਕੋਲੋਂ ਪ੍ਰਾਪਤ ਹੁੰਦਾ ਹੈ:

ਜੇ ਸਉ ਚੰਦਾ ਉਗਵਹਿ
ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ
ਗੁਰ ਬਿਨੁ ਘੋਰ ਅੰਧਾਰ॥੨॥
(ਪੰਨਾ ੪੬੩)

ਆਸਾ ਦੀ ਵਾਰ ਇੱਕ ਅਜਿਹੀ ਬਾਣੀ ਹੈ ਜਿਸ ਵਿਚ ਧਾਰਮਕ, ਸਮਾਜਕ ਅਤੇ ਰਾਜਨੀਤਕ ਸਰੋਕਾਰਾਂ ਦੀ ਗੱਲ ਬਹੁਤ ਹੀ ਵਿਸਥਾਰ ਵਿਚ ਕੀਤੀ ਗਈ ਹੈ। ਇਸ ਸੰਸਾਰ 'ਤੇ ਚੰਗਾ ਜੀਵਨ ਬਸਰ ਕਰਨ ਲਈ ਮਨੁੱਖ ਦੀ ਜ਼ਿੰਦਗੀ ਦੇ ਇਹ ਤਿੰਨੇ ਪੱਖ ਬਹੁਤ ਅਹਿਮ ਹਨ ਅਤੇ ਆਮ ਆਦਮੀ ਦੀ ਜ਼ਿੰਦਗੀ ਤੇ ਹਰ ਤਰ੍ਹਾਂ ਨਾਲ ਅਸਰ-ਅੰਦਾਜ਼ ਹੁੰਦੇ ਹਨ। ਆਸਾ ਦੀ ਵਾਰ ਵਿਚ ਇਨ੍ਹਾਂ ਸਾਰੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਦੱਸਿਆ ਹੈ ਕਿ ਆਪਣੇ ਆਪ ਨੂੰ ਧਾਰਮਕ ਅਗੂ ਕਹਾਉਣ ਵਾਲਿਆਂ ਵੱਲੋਂ ਕਿਵੇਂ ਧਾਰਮਕ ਪਖੰਡ ਕੀਤਾ ਜਾਂਦਾ ਹੈ, ਧਰਮ ਨੂੰ ਕਿਵੇਂ ਉਹ ਮਹਿਜ ਕਮਾਈ ਦਾ ਸਾਧਨ ਬਣਾਉਂਦੇ ਹਨ ਅਤੇ ਧਰਮ ਦੇ ਨਾਂ 'ਤੇ ਆਮ ਮਨੁੱਖ ਦੀ ਲੁੱਟ-ਖਸੁੱਟ ਕਿਵੇਂ ਕਰਦੇ ਹਨ; ਸਮਾਜਕ ਨਾ-ਬਰਾਬਰੀ, ਉਚ-ਨੀਚ ਅਤੇ ਸਮਾਜਕ ਰਸਮਾਂ ਨਾਲ ਕਿਸ ਤਰ੍ਹਾਂ ਆਮ ਆਦਮੀ ਦਾ ਜਿਉਣਾ ਹਰਾਮ ਕੀਤਾ ਜਾਂਦਾ ਹੈ ਅਤੇ ਰਾਜਨੀਤਕ ਗੁਲਾਮੀ ਅਤੇ ਰਾਜ-ਕਰਤਾ ਵੱਲੋਂ ਮਨੁੱਖ ਤੇ ਜ਼ੁਲਮ ਆਦਿ ਇਨ੍ਹਾਂ ਸਾਰੇ ਮੁੱਦਿਆਂ ਨੂੰ ਬਹੁਤ ਵਿਸਥਾਰ ਵਿਚ ਵਿਚਾਰਿਆ ਗਿਆ ਹੈ। ਮਨੁੱਖ ਵਿਚ ਇਸ ਸਾਰੇ ਤਾਣੇ-ਬਾਣੇ ਪ੍ਰਤੀ ਚੇਤਨਾ ਪੈਦਾ ਕਰਨ ਵਾਸਤੇ ਉਸ ਨੂੰ ਅਗਵਾਈ ਦੀ ਲੋੜ ਹੈ ਅਤੇ ਇਹ ਅਗਵਾਈ ਗੁਰੂ ਕੋਲੋਂ ਪ੍ਰਾਪਤ ਹੁੰਦੀ ਹੈ। ਗੁਰੂ ਦੀ ਅਗਵਾਈ ਅਤੇ ਸਿੱਖਿਆ ਮਨੁੱਖ ਨੂੰ ਸਹੀ ਰਸਤੇ 'ਤੇ ਤੋਰ ਸਕਦੀ ਹੈ। ਇਸ ਲਈ ਇਨ੍ਹਾਂ ਸਾਰੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਤੋਂ ਪਹਿਲਾਂ ਗੁਰੂ ਦਾ ਮਹੱਤਵ ਦੱਸਿਆ ਹੈ ਕਿ ਮਨੁੱਖ ਨੂੰ ਜਾਗ੍ਰਿਤ ਹੋਣ ਲਈ ਗੁਰੂ ਦੀ ਅਗਵਾਈ ਦੀ ਜ਼ਰੂਰਤ ਹੈ। ਅਸੀਂ ਦੇਖਾਂਗੇ ਕਿ ਭਾਈ ਗੁਰਦਾਸ ਵੀ ਆਪਣੀਆਂ ਵਾਰਾਂ ਵਿਚ ਇਨ੍ਹਾਂ ਹੀ ਸਰੋਕਾਰਾਂ ਦੀ ਗੱਲ ਕਰਦੇ ਹਨ ਤੇ ਵਾਰ ਵਾਰ ਗੁਰੂ ਦੀ ਅਗਵਾਈ ਦੀ ਲੋੜ ਪ੍ਰਤੀ ਚੇਤੰਨ ਕਰਦੇ ਹਨ।

ਇਸ ਤੋਂ ਅਗੇ 18ਵੀਂ ਪਉੜੀ ਵਿਚ ਭਾਈ ਗੁਰਦਾਸ ਮਹਾਤਮਾ ਬੁੱਧ ਦੀ ਗੱਲ ਕਰਦੇ ਹਨ। ਬੁੱਧ ਧਰਮ ਵੀ ਆਪਣੇ ਆਪ ਵਿਚ ਭਾਰਤੀ ਆਵਾਮ ਵਾਸਤੇ ਇੱਕ ਚਾਨਣ ਮੁਨਾਰਾ ਸੀ ਕਿਉਂਕਿ ਬੁੱਧ ਧਰਮ ਦੇ ਸਿਧਾਂਤ ਜਾਤ-ਪਾਤ ਨੂੰ ਤੋੜ ਕੇ ਸਮਾਜਕ ਬਰਾਬਰੀ ਦੀ ਗੱਲ ਕਰਦੇ ਹਨ। ਮਹਾਤਮਾ ਬੁੱਧ ਨੇ ਨਵੇਂ ਧਾਰਮਕ ਸਿਧਾਂਤਾਂ ਰਾਹੀਂ ਵੈਦਿਕ ਧਰਮ ਦੇ ਗਲਬੇ ਅਤੇ ਬ੍ਰਾਹਮਣੀ ਜਮਾਤ ਦੀ ਇਜ਼ਾਰੇਦਾਰੀ ਨੂੰ ਤੋੜਨ ਦਾ ਉਪਰਾਲਾ ਅਰੰਭਿਆ ਜਿਸ ਨੇ ਲੋਕਾਂ ਨੂੰ ਗੁਮਰਾਹ ਕੀਤਾ ਹੋਇਆ ਸੀ। ਪਰ ਬੁੱਧ ਧਰਮ ਨਾਲ ਦੁਖਾਂਤ ਇਹ ਵਾਪਰਿਆ ਕਿ ਸ਼ਾਤਰ ਬ੍ਰਾਹਮਣੀ ਦਿਮਾਗ ਵੱਲੋਂ ਮਹਾਤਮਾ ਬੁੱਧ ਨੂੰ ਵੀ ਵੈਦਿਕ ਧਰਮ ਦਾ ਹੀ ਇੱਕ ਅਵਤਾਰ ਸਿੱਧ ਕਰ ਦਿੱਤਾ ਗਿਆ ਅਤੇ ਬੁੱਧ ਧਰਮ ਨੂੰ ਹੌਲੀ ਹੌਲੀ ਜਾਂ ਤਾਂ ਹਿੰਦੂ ਧਰਮ ਵਿਚ ਹੀ ਜਜ਼ਬ ਕਰ ਲਿਆ ਗਿਆ ਤੇ ਜਾਂ ਫਿਰ ਇਸ ਨੂੰ ਭਾਰਤ ਤੋਂ ਬਾਹਰ ਖਦੇੜ ਦਿੱਤਾ ਗਿਆ।

ਭਾਈ ਗੁਰਦਾਸ, ਬੁੱਧ ਧਰਮ ਦਾ ਸ਼ੰਕਰਚਾਰੀਆ ਵਰਗੇ ਵੈਦਿਕ ਕੱਟੜਪੰਥੀਆਂ ਦੇ ਉਪਰਾਲਿਆਂ ਸਦਕਾ ਜਿਸ ਕਿਸਮ ਦਾ ਹਾਲ ਹੋ ਚੁੱਕਾ ਸੀ, ਅਜਿਹੇ ਹਾਲਾਤ ਦੀ ਹੀ ਗੱਲ ਕਰਦਿਆਂ ਕਹਿੰਦੇ ਹਨ ਕਿ ਮਹਾਤਮਾ ਬੁੱਧ ਨੂੰ ਕਲਿਯੁਗ ਦਾ ਅਵਤਾਰ ਕਿਹਾ ਗਿਆ ਹੈ ਪਰ ਗਿਆਨ ਅਤੇ ਅਗਿਆਨ ਵਿਚ ਨਿਖੇੜਾ ਕਰਨਾ ਮੁਸ਼ਕਿਲ ਹੋਇਆ ਜਾਪਦਾ ਹੈ। ਕੋਈ ਵੀ ਕਿਸੇ ਨੂੰ ਗਲਤ ਕਾਰਜਾਂ ਤੋਂ ਰੋਕ ਨਹੀਂ ਰਿਹਾ; ਇਸ ਲਈ ਜਿਸ ਦਾ ਜੋ ਜੀਅ ਕਰਦਾ ਹੈ, ਕਰ ਰਿਹਾ ਹੈ; ਹਰ ਕੋਈ ਆਪਣੇ ਨਿਜੀ ਇਰਾਦਿਆਂ ਅਨੁਸਾਰ ਚੱਲ ਰਿਹਾ ਹੈ। ਇਸ ਗਿਆਨ ਅਤੇ ਅਗਿਆਨ ਦਾ ਫਰਕ ਮਿਟਣ ਦਾ ਨਤੀਜਾ ਇਹ ਹੈ ਕਿ ਬੁੱਧ ਧਰਮ ਦੀ ਸਥਾਪਤੀ ਦੇ ਬਾਵਜੂਦ (ਜਿਸ ਨੇ ਮਨੁੱਖ ਨੂੰ ਧਾਰਮਕ ਪਖੰਡ ਵਿਚੋਂ ਕੱਢਣ ਦਾ ਯਤਨ ਕੀਤਾ) ਕੋਈ ਤਾਂ ਮਨੁੱਖ ਨੂੰ ਬੇਜਾਨ ਪੱਥਰਾਂ ਦੀ ਪੂਜਾ ਕਰਨ ਵੱਲ ਲਾ ਰਿਹਾ ਹੈ ਅਤੇ ਕੋਈ ਉਨ੍ਹਾਂ ਨੂੰ ਮੜ੍ਹੀਆਂ-ਮਸਾਣਾਂ ਦੀ ਪੂਜਾ ਕਰਨ ਦਾ ਉਪਦੇਸ਼ ਦੇ ਰਿਹਾ ਹੈ।

ਜਨਤਾ ਵਿਚ ਬਹੁਤ ਕਿਸਮ ਦਾ ਪਖੰਡ ਪੈਦਾ ਹੋ ਗਿਆ ਹੈ ਜਿਵੇਂ ਹਰ ਕੋਈ ਜਾਦੂ ਟੂਣੇ, ਤੰਤਰ-ਮੰਤਰ ਆਦਿ ਕਰ ਰਿਹਾ ਹੈ ਅਤੇ ਲੋਕਾਂ ਵਿਚ ਆਪਸੀ ਵੈਰ, ਲੜਾਈਆਂ, ਝਗੜੇ ਅਤੇ ਨਫਰਤ ਨੂੰ ਵਧਾ ਰਿਹਾ ਹੈ। ਅਜਿਹੇ ਅਫਰਾ-ਤਫਰੀ ਅਤੇ ਆਪੋ-ਧਾਪੀ ਦੇ ਸਵਾਰਥੀ ਮਾਹੌਲ ਵਿਚ ਕਈ ਕਿਸਮ ਦੇ ਵੱਖਰੇ ਵੱਖਰੇ ਮੱਤ ਪੈਦਾ ਹੋ ਗਏ ਹਨ (ਬਿਲਕੁਲ ਹੁਣ ਦੇ ਸਮੇਂ ਦੀ ਤਰ੍ਹਾਂ ਜਿਵੇਂ ਅੱਜ ਕੱਲ ਹਰ ਡੇਰੇਦਾਰ ਸਿੱਖੀ ਦੇ ਨਾਂ 'ਤੇ ਆਪਣਾ ਆਪਣਾ ਮੱਤ ਚਲਾ ਰਹੇ ਹਨ ਅਤੇ ਬਾਕੀ ਹਿੰਦੁਸਤਾਨ ਵਿਚ ਵੀ ਇਸੇ ਤਰ੍ਹਾਂ ਵਾਪਰ ਰਿਹਾ ਹੈ)। ਇਸ ਸਭ ਦਾ ਨਤੀਜਾ ਇਹ ਹੋਇਆ ਹੈ ਕਿ ਕੋਈ ਚੰਦਰਮਾ ਦੀ ਪੂਜਾ ਕਰ ਰਿਹਾ ਹੈ ਤਾਂ ਕੋਈ ਸੂਰਜ ਦੀ; ਕੋਈ ਧਰਤੀ ਨੂੰ ਪੂਜ ਰਿਹਾ ਹੈ ਅਤੇ ਕੋਈ ਹੋਰ ਅਕਾਸ਼ ਨੂੰ ਪੂਜ ਰਿਹਾ ਹੈ। ਇਥੇ ਹੀ ਬੱਸ ਨਹੀਂ, ਕੋਈ ਹਵਾ ਨੂੰ ਦੇਵਤਾ ਸਮਝ ਕੇ ਪੂਜ ਰਿਹਾ ਅਤੇ ਕੋਈ ਪਾਣੀ ਨੂੰ ਜਲ-ਦੇਵਤਾ ਬਣਾ ਕੇ ਤੇ ਕੋਈ ਹੋਰ ਮੌਤ ਦੇ ਦੇਵਤੇ ਧਰਮ ਰਾਜ ਨੂੰ ਪੂਜਾ ਦੇ ਭੋਜ ਰਾਹੀਂ ਤ੍ਰਿਪਤ ਕਰ ਰਿਹਾ ਹੈ। ਇਸ ਤਰ੍ਹਾਂ ਵਿਅਰਥ ਦੇ ਝੂਠੇ ਧਾਰਮਕ ਪਖੰਡਾਂ ਰਾਹੀਂ ਦੁਨੀਆਂ ਅਸਲੀਅਤ ਨੂੰ ਭੁੱਲੀ ਫਿਰਦੀ ਹੈ:

ਕਲਿਜੁਗਿ ਬੋਧੁ ਅਉਤਾਰ ਹੈ
ਬੋਧੁ ਅਬੋਧੁ ਨ ਦ੍ਰਿਸਟੀ ਆਵੈ।
ਕੋਇ ਨ ਕਿਸੇ ਵਰਜਈ
ਸੋਈ ਕਰੇ ਜੋਈ ਮਨਿ ਭਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ
ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ
ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ
ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ
ਧਰਮ ਰਾਜ ਕੋਈ ਤ੍ਰਿਪਤਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ॥੧੮॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਉਨ੍ਹਾਂ ਹਾਲਾਤਾਂ ਦਾ ਜ਼ਿਕਰ ਕਰ ਰਹੇ ਹਨ ਜੋ ਸਾਰੇ ਇਸਵੈਦਿਕ ਧਰਮ ਕਹੇ ਜਾਣ ਵਾਲੇ ਪ੍ਰਬੰਧ ਤੋਂ ਪੈਦਾ ਹੋਏ। ਭਾਈ ਗੁਰਦਾਸ ਦੱਸ ਰਹੇ ਹਨ ਕਿ ਵੈਦਿਕ ਸ਼ਾਸਤਰਾਂ ਅਨੁਸਾਰ ਪਹਿਲਾਂ ਸਮਾਜ ਨੂੰ ਚਾਰ ਵਰਨਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਗਿਆ। ਵਰਣ ਦਾ ਅਰਥ ਰੰਗ ਹੁੰਦਾ ਹੈ ਅਤੇ ਸ਼ਾਸਤਰਾਂ ਅਨੁਸਾਰ ਸਮਾਜ ਦੀ ਵੰਡ ਵਰਣ ਅਰਥਾਤ ਰੰਗ ਅਨੁਸਾਰ, ਜਿਸ ਨੂੰ ਪਿੱਛੋਂ ਜਾਤੀ ਵੰਡ ਕਰਕੇ ਜਾਣਿਆ ਗਿਆ, ਕੀਤੀ ਗਈ। (ਬਾਹਰੋਂ ਚਰਵਾਹਿਆਂ ਦੇ ਰੂਪ ਵਿਚ ਝੁੰਡਾਂ ਦੇ ਝੁੰਡ ਆਉਣ ਵਾਲੇ ਆਰੀਆ ਗੋਰੇ ਰੰਗ ਦੇ ਸੀ ਅਤੇ ਇਥੋਂ ਦੇ ਅਸਲੀ ਵਸਨੀਕ ਜਿਨ੍ਹਾਂ ਨੂੰ ਆਰੀਆ ਦਾਸ੍ਯੁ ਵੀ ਕਹਿੰਦੇ ਸਨ, ਰੰਗ ਦੇ ਕਾਲੇ ਸੀ। ਆਪਣੇ ਆਪ ਨੂੰ ਉਚੇ ਦਰਜੇ ਦੇ ਦਰਸਾਉਣ ਲਈ ਅਤੇ ਮੂਲ ਨਿਵਾਸੀਆਂ ਨੂੰ ਗੁਲਾਮੀ ਵਿਚ ਧੱਕਣ ਲਈ ਅਤੇ ਗੁਲਾਮ ਬਣਾਈ ਰੱਖਣ ਲਈ ਇਹ ਬਹੁਤ ਹੀ ਸੂਖਮ ਢੰਗ ਦੀ ਚਾਲ ਸੀ।)

ਇਸੇ ਤਰ੍ਹਾਂ ਮਨੁੱਖ ਦੇ ਜੀਵਨ ਨੂੰ ਸੌ ਸਾਲ ਦਾ ਮੰਨ ਕੇ ਉਸ ਦੀ ਵੰਡ ਵੀ ਚਾਰ ਆਸ਼ਰਮਾਂ ਬ੍ਰਹਮਚਾਰਯ, ਗ੍ਰਹਿਸਥ, ਵਾਣਪ੍ਰਸਥ ਅਤੇ ਸੰਨਿਆਸ ਵਿਚ ਕਰ ਦਿੱਤੀ। ਹਰ ਵਰਣ ਦੇ ਅਤੇ ਹਰ ਆਸ਼ਰਮ ਦੇ ਅਲੱਗ-ਅਲੱਗ ਕਾਰਜ ਨਿਰਧਾਰਤ ਕਰ ਦਿੱਤੇ ਜਿਨ੍ਹਾਂ ਨੂੰ ਧਰਮ ਦਾ ਨਾਮ ਦੇ ਦਿੱਤਾ ਗਿਆ। ਇਸ ਨੇ ਸਮਾਜ ਵਿਚ ਆਪਸੀ ਨਫਰਤ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਸੰਨਿਆਸੀਆਂ ਦੇ ਦਸ ਫਿਰਕੇ ਅਤੇ ਯੋਗੀਆਂ ਦੇ ਬਾਰਾਂ ਅਲੱਗ ਅਲੱਗ ਰਸਤੇ ਜਾਂ ਫਿਰਕੇ ਹੋਂਦ ਵਿਚ ਆ ਗਏ। ਫਿਰਕਿਆਂ ਤੋਂ ਅੱਗੋਂ ਹੋਰ ਫਿਰਕੇ ਹੋਂਦ ਵਿਚ ਆਉਂਦੇ ਗਏ ਜਿਵੇਂ ਜੰਗਮ, ਘੁਮੱਕੜ ਸਾਧੂ, ਸ਼ਰਮਣ, ਦਿਗੰਬਰ ਅਰਥਾਤ ਨੰਗੇ ਰਹਿਣ ਵਾਲੇ ਸਾਧ ਅਤੇ ਇਨ੍ਹਾਂ ਸਾਰੇ ਫਿਰਕਿਆਂ ਵਿਚ ਵਾਦ-ਵਿਵਾਦ ਚਲਣ ਲੱਗ ਪਿਆ ਅਤੇ ਆਪਸੀ ਨਫਰਤ ਦਾ ਕੁਤਿਣ ਭਰਿਆ ਮਾਹੌਲ ਪੈਦਾ ਹੋ ਗਿਆ (ਅੱਜ ਕੱਲ ਸਿੱਖ ਧਰਮ ਦੇ ਨਾਂ 'ਤੇ ਵੀ ਪਤਾ ਨਹੀਂ ਕਿੰਨੇ ਕੁ ਡੇਰੇ ਹੋਂਦ ਵਿਚ ਆ ਗਏ ਹਨ। ਸਾਧਾਂ ਦੀ ਭਰਮਾਰ ਹੋਈ ਪਈ ਹੈ ਅਤੇ ਹਰ ਕੋਈ ਆਪਣੇ ਆਪ ਨੂੰ ਹੀ ਅਸਲੀ ਸਮਝਦਾ ਹੈ। ਇਹ ਸਾਰੇ ਡੇਰੇ ਸਿੱਖ ਧਰਮ ਦਾ ਬੇਹੱਦ ਨੁਕਸਾਨ ਕਰ ਰਹੇ ਹਨ)। ਹਰ ਇੱਕ ਵੇਦ ਦੇ ਆਪਣੇ ਉਪਨਿਸ਼ਦ, ਸ਼ਾਸਤਰ ਅਤੇ ਬ੍ਰਾਹਮਣ ਪੁਜਾਰੀ ਬਣ ਗਏ। ਧਰਮ ਦੀ ਵਿਆਖਿਆ ਅਤੇ ਹੋਰ ਸਾਰੇ ਅਧਿਕਾਰ ਬ੍ਰਾਹਮਣਾਂ ਕੋਲ ਆ ਗਏ ਅਤੇ ਉਨ੍ਹਾਂ ਨੇ ਵੇਦਾਂ, ਸ਼ਾਸਤਰਾਂ ਅਤੇ ਪੁਰਾਣਾਂ ਦੀ ਵੱਖਰੀ ਵੱਖਰੀ ਵਿਆਖਿਆ ਨਾਲ ਆਪਸ ਵਿਚ ਅਤੇ ਸਮਾਜ ਵਿਚ ਵੈਰ-ਵਿਰੋਧਤਾ ਪੈਦਾ ਕਰ ਦਿੱਤੀ। ਭਾਵੇਂ ਹਰ ਕੋਈ ਆਪਣਾ ਸਬੰਧ ਵੇਦਾਂ ਨਾਲ ਜੋੜਦਾ ਸੀ ਪਰ ਵੇਦਾਂ ਦੀ ਵਿਆਖਿਆ ਵਿਚ ਪੈਦਾ ਹੋਏ ਛੇ ਦਰਸ਼ਨਾਂ, ਨਾਲ ਹੋਰ ਅਨੇਕ ਪ੍ਰਕਾਰ ਦੇ ਪਖੰਡ ਰਲਾ ਕੇ ਸਮਾਜਕ ਅਤੇ ਧਾਰਮਕ ਵੰਡੀਆਂ, ਵੈਰ-ਵਿਰੋਧਤਾ ਨੂੰ ਵਧਾ ਦਿੱਤਾ। ਇਸੇ ਤਰ੍ਹਾਂ ਤੰਤਰਾਂ, ਮੰਤਰਾਂ, ਜਾਦੂ-ਟੂਣਿਆਂ ਕਰਾਮਾਤਾਂ ਵਿਚ ਫਸੇ ਹੋਏ ਲੋਕ ਅਗਿਆਨ ਦੇ ਹਨੇਰੇ ਵਿਚ ਹੋਰ ਡੂੰਘੇ ਉਤਰ ਗਏ। ਇੱਕ ਤੋਂ ਅਨੇਕਾਂ ਫਿਰਕਿਆਂ, ਜਾਤਾਂ ਵਿਚ ਵੰਡੇ ਹੋਏ ਬਹੁਤ ਹੀ ਭਿਆਨਕ ਕਿਸਮ ਦਾ ਰੂਪ ਧਾਰਨ ਕਰ ਗਏ। ਇਸ ਤਰ੍ਹਾਂ ਇਸ ਕਲਿਜੁਗ ਦੇ ਸਮੇਂ ਵਿਚ ਲੋਕ ਅਗਿਆਨ-ਵਸ ਅਸਲੀਅਤ ਤੋਂ ਕੋਰੇ ਹੋ ਕੇ ਵਹਿਮਾਂ-ਭਰਮਾਂ ਵਿਚ ਉਲਝ ਗਏ:

ਭਈ ਗਿਲਾਨਿ ਜਗਤ੍ਰਿ ਵਿਚਿ
ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ
ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ
ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ
ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ
ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ
ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪ ਕਰਿ
ਰੂਪਿ ਕੁਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ॥੧੯॥

# ਸਭੇ ਸਾਝੀਵਾਲ ਸਦਾਇਨਿ...

ਬੰਗਲਾ ਦੇਸ਼ ਵਿਚਲੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਦੌਰਾਨ ਦੋ ਧਾਰਮਿਕ ਵਰਤਾਰੇ ਦੇਖਣ ਨੂੰ ਮਿਲੇ। ਦੋਹਾਂ ਦੇ ਸੁਭਾਅ ਵਿਚ ਕਾਫੀ ਵਖਰੇਵਾਂ ਸੀ। ਪਹਿਲਾ ਵਰਤਾਰਾ ਪੱਛਮੀ ਬੰਗਾਲ ਵਿਚ ਵਾਪਰਿਆ ਜਿਥੇ ਖੁਦਗਰਜੀ ਅਤੇ ਰੁਖਾਪਨ ਭਾਰੂ ਸੀ। ਦੂਜਾ ਵਰਤਾਰਾ ਰੇਲ ਗੱਡੀ ਦੇ ਡੱਬਿਆਂ ਵਿਚਲਾ ਹੈ ਜਿਥੇ ਸਾਂਝੀਵਾਲਤਾ ਸਿਖਰਾਂ ਨੂੰ ਛੋਹ ਰਹੀ ਸੀ।

ਹਿੰਦੂ ਮਿਥਿਹਾਸ ਪ੍ਰਤੀ ਮੇਰੀ ਸ਼ਰਧਾ ਬਹੁਤੀ ਨਾ ਹੋਣ ਦੇ ਬਾਵਜੂਦ ਮੈਂ ਕਲਕੱਤੇ ਦੇ ਇੱਕ ਪ੍ਰਸਿੱਧ ਮੰਦਰ ਦੇ ਦਰਸ਼ਨਾਂ ਨੂੰ ਚਲਾ ਗਿਆ। ਬਚਪਨ ਵਿਚ ਸੁਣਿਆ ਸੀ ਕਿ ਇਸ ਮੰਦਰ ਦੀ ਦੇਵੀ ਦਾ ਦਿੱਤਾ ਵਰ ਕਦੇ ਖਾਲੀ ਨਹੀਂ ਜਾਂਦਾ। ਸਖਤ ਗਰਮੀ ਵਿਚ ਜਦੋਂ ਮੈਂ ਪਰਿਵਾਰ ਸਮੇਤ ਮੰਦਰ ਪਹੁੰਚਿਆ ਤਾਂ ਇੱਕ ਪੰਡਤ ਜੀ ਨੇ ਅੱਗੇ ਵੱਧ ਕੇ ਸਾਡਾ ਸਵਾਗਤ ਕੀਤਾ ਤੇ ਸਾਨੂੰ ਇੱਕ ਦੁਕਾਨ 'ਤੇ ਲੈ ਗਿਆ ਜਿਥੇ ਉਸ ਜੁੱਤੀਆਂ ਉਤਾਰਨ ਲਈ ਕਿਹਾ। ਜਦੋਂ ਅਸੀਂ ਜੁੱਤੀਆਂ ਲਾਹ ਕੇ ਦੁਕਾਨ ਅੰਦਰ ਗਏ ਤਾਂ ਉਸ ਨੇ ਮਾਤਾ ਰਾਣੀ ਦੇ ਭੋਗ ਲਈ ਦੁਕਾਨ ਤੋਂ ਕੁਝ ਮਠਿਆਈਆਂ ਖਰੀਦਣ ਲਈ ਆਖ ਦਿੱਤਾ। ਜਦੋਂ ਅਸੀਂ ਦੁਕਾਨਦਾਰ ਤੋਂ ਮਠਿਆਈਆਂ ਦਾ ਭਾਅ ਪੁੱਛਿਆ ਤਾਂ ਭਾਅ ਦੂਸਰੇ ਦੁਕਾਨਦਾਰਾਂ ਤੋਂ ਵੱਧ ਸੀ। ਇਸ ਕਰਕੇ ਅਸੀਂ ਦੁਕਾਨ ਤੋਂ ਕੁਝ ਖਰੀਦਣ ਤੋਂ ਨਾਂਹ ਕਰ ਦਿੱਤੀ। ਸਾਡੇ ਇਨਕਾਰ ਦਾ ਪ੍ਰਤੀਕਰਮ ਇਹ ਹੋਇਆ ਕਿ ਜਿਸ ਪੰਡਤ ਨੇ ਬੜੇ ਅਦਬ ਨਾਲ ਸਾਡੇ ਜੋੜੇ ਲੁਹਾਏ ਸਨ, ਉਹੀ ਪੰਡਤ ਹੁਣ ਗੁਸੈਲੀਆਂ ਨਜ਼ਰਾਂ ਨਾਲ ਜੋੜੇ ਉਠਾਉਣ ਲਈ ਕਹਿ ਰਿਹਾ ਸੀ। ਮੰਦਰ ਵਿਚ ਸ਼ਰਧਾਲੂਆਂ ਦੇ ਜੋੜਿਆਂ ਦੀ ਸੇਵਾ-ਸੰਭਾਲ ਦਾ ਕੋਈ ਪ੍ਰਬੰਧ ਨਹੀਂ ਸੀ। ਮੰਦਰ ਦੇ ਮੁੱਖ ਦੁਆਰ 'ਤੇ ਇੱਕ ਆਰਜੀ ਜਿਹਾ ਰੈਕ ਸੀ ਜਿਥੇ ਜੋੜਾ ਰੱਖਣ ਦੀ ਕੀਮਤ ਵਸੂਲੀ ਜਾਂਦੀ ਸੀ।

ਮੰਦਰ ਵਿਚ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਪੱਖੇ ਭਾਵੇਂ ਚੱਲ ਰਹੇ ਸਨ ਪਰ ਗਰਮੀ ਆਪਣਾ ਪੂਰਾ ਰੰਗ ਦਿਖਾ ਰਹੀ ਸੀ। ਭੀੜ ਕਰਕੇ ਕਤਾਰਾਂ ਬਹੁਤੀਆਂ ਅੱਗੇ ਨਹੀਂ ਵਧ ਰਹੀਆਂ ਸਨ ਜਿਸ ਕਾਰਨ ਨਿੱਕੇ ਬੱਚੇ ਅਤੇ ਔਰਤਾਂ ਤਕਲੀਫ ਮੰਨ ਰਹੇ ਸਨ।

ਮੂਰਤੀਆਂ ਕੋਲ ਖੜ੍ਹੇ ਪੁਜਾਰੀਆਂ ਦੀ ਨਜ਼ਰ ਸ਼ਰਧਾਲੂਆਂ ਦੀਆਂ ਤਕਲੀਫਾਂ ਵੱਲ ਘੱਟ ਅਤੇ ਉਨ੍ਹਾਂ ਦੇ ਹੱਥਾਂ ਵਿਚ ਫੜੀ ਭੇਟਾ ਵੱਲ ਵੱਧ ਸੀ। ਵਿੱਤ ਮੁਤਾਬਕ ਹਰ ਸ਼ਰਧਾਲੂ ਮਾਤਾ ਦੇ ਨਾਂ 'ਤੇ ਪੁਜਾਰੀਆਂ ਨੂੰ ਕੁੱਝ ਨਾ ਕੁੱਝ ਦੇਈ ਜਾ ਰਿਹਾ ਸੀ ਪਰ ਉਨ੍ਹਾਂ ਦੀਆਂ ਨਿਗਾਹਾਂ ਸ਼ਰੇਆਮ ਅਸੰਤੋਖਤਾ ਜਾਹਰ ਕਰ ਰਹੀਆਂ ਸਨ। ਕਈ ਵਾਰ ਤਾਂ ਇਹ ਸ਼ਰਧਾਲੂਆਂ ਦੀਆਂ ਜੇਬਾਂ ਵਿਚ ਵੀ ਉਤਰਦੀ ਨਜ਼ਰ ਆ ਜਾਂਦੀ ਸੀ। ਪੁਜਾਰੀਆਂ ਦਾ ਇਹ ਵਰਤਾਰਾ ਸ਼ਰਧਾਲੂਆਂ ਦੀ ਸ਼ਰਧਾ ਨੂੰ ਸੱਟ ਮਾਰ ਰਿਹਾ ਸੀ।

ਦੂਜਾ ਵਰਤਾਰਾ ਯਾਤਰਾ ਤੋਂ ਜਥੇ ਦੀ ਵਾਪਸੀ ਦੌਰਾਨ ਰੇਲ ਗੱਡੀ ਦੇ ਡੱਬਿਆਂ ਵਿਚ ਦੇਖਣ ਨੂੰ ਮਿਲਿਆ ਜਿਥੇ ਸ੍ਰੀ ਗੁਰੂ ਨਾਨਕ ਦੇਵ ਦੀ ਕਿਰਪਾ ਬਰਾਬਰ ਵਰਤ ਰਹੀ ਸੀ ਅਤੇ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੇ ਸਿਧਾਂਤ ਦੀ ਝਲਕ ਸਾਫ ਦਿਸ ਰਹੀ ਸੀ।

ਜਦੋਂ ਹਾਵੜਾ ਸਟੇਸ਼ਨ ਤੋਂ ਗੱਡੀ ਵਾਰਾਣਸੀ ਸਟੇਸ਼ਨ 'ਤੇ ਪਹੁੰਚੀ ਤਾਂ ਰਾਤ ਦੇ ਖਾਣੇ ਦਾ ਸਮਾਂ ਹੋ ਚੁੱਕਾ ਸੀ। ਪ੍ਰਬੰਧਕਾਂ ਦੇ ਉਪਰਾਲੇ ਨਾਲ ਸੰਗਤਾਂ ਦੇ ਛਕਣ ਲਈ ਲੰਗਰ ਰੇਲ ਦੇ ਡੱਬਿਆਂ ਵਿਚ ਹੀ ਆ ਗਿਆ। ਵਰਤਾਵਿਆਂ ਨੇ ਗੱਡੀ ਦੇ ਡੱਬਿਆਂ ਵਿਚ ਬੈਠੇ ਜਥੇ ਦੇ ਮੈਂਬਰਾਂ ਨੂੰ ਬੜੇ ਪਿਆਰ-ਸਤਿਕਾਰ ਨਾਲ ਲੰਗਰ ਛਕਾਇਆ। ਜਥੇ ਦੇ ਮੈਂਬਰਾਂ ਵੱਲੋਂ ਲੰਗਰ ਛਕ ਲੈਣ ਤੋਂ ਬਾਅਦ ਵੀ ਕਾਫੀ ਲੰਗਰ ਬਚ ਗਿਆ। ਬਚੇ ਲੰਗਰ ਨੂੰ ਵਰਤਾਵੇ ਹੁਣ ਡੱਬੇ ਵਿਚਲੇ ਬਾਕੀ ਮੁਸਾਫਿਰਾਂ ਨੂੰ ਵੀ ਉਸੇ ਸ਼ਰਧਾ ਅਤੇ ਭਾਵਨਾ ਨਾਲ ਛਕਾ ਰਹੇ ਸਨ ਜਿਸ ਨਾਲ ਉਨ੍ਹਾਂ ਜਥੇ ਨੂੰ ਛਕਾਇਆ ਸੀ। ਇੱਕ ਗੱਲ ਹੋਰ ਵੀ ਵਰਣਨਯੋਗ ਹੈ ਕਿ ਲੰਗਰ ਜਾਗਦੇ ਮੁਸਾਫਿਰਾਂ ਤੋਂ ਇਲਾਵਾ ਸੁੱਤੇ ਪਏ ਮੁਸਾਫਿਰਾਂ ਨੂੰ ਉਠਾ ਕੇ ਬਿਨਾਂ ਵਿਤਕਰੇ ਛਕਾਇਆ ਜਾ ਰਿਹਾ ਸੀ।

ਸਰਬਤ ਦੇ ਭਲੇ ਦੇ ਇਸ ਵਰਤਾਰੇ ਵਿਚ ਜਿਥੇ ਬਾਬੇ ਨਾਨਕ ਦੇ ਘਰ ਦੀਆਂ ਬਰਕਤਾਂ ਦਿਸ ਰਹੀਆਂ ਸਨ, ਉਥੇ ਸਿੱਖ ਧਰਮ ਦੀ ਉਹ ਗਲਵੱਕੜੀ ਵੀ ਦ੍ਰਿਸ਼ਟੀਗੋਚਰ ਹੋ ਰਹੀ ਸੀ ਜੋ ਗੁਰੂ ਸਾਹਿਬਾਨ ਨੇ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੇ ਸਿਧਾਂਤ ਨੂੰ ਸਨਮੁੱਖ ਰੱਖਦਿਆਂ ਫੈਲਾਈ ਹੋਈ ਹੈ। ਇਸ ਗਲਵੱਕੜੀ ਵਿਚ ਹਰੇਕ ਜਾਤ, ਧਰਮ, ਨਸਲ ਅਤੇ ਫਿਰਕੇ ਦਾ ਮਨੁੱਖ ਬਿਨਾਂ ਕਿਸੇ ਫਰਕ ਅਤੇ ਫਿਕਰ ਦੇ ਸਮਾ ਸਕਦਾ ਹੈ ਅਤੇ ਇਸੇ ਨੂੰ ਸਿੱਖੀ ਦਾ ਹਾਸਲ ਕਿਹਾ ਜਾ ਸਕਦਾ ਹੈ।

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

# ਬਾਬਾ ਬੰਦਾ ਸਿੰਘ ਬਹਾਦਰ

ਸ਼ਤਾਬਦੀ ਸਮਾਰੋਹਾਂ ਦੀ ਨਿਰੰਤਰਤਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹਿੰਦ ਫਤਿਹ ਕਰਨ ਦੀ ਸ਼ਤਾਬਦੀ ਲਗਭਗ ਪਹਿਲੀ ਵਾਰ ਮਨਾਈ ਜਾ ਰਹੀ ਹੈ। ਉਂਜ ਇਹ ਤੀਜੀ ਸ਼ਤਾਬਦੀ ਹੈ। ਸਮੇਂ ਤੇ ਸਾਧਨਾਂ ਦੀ ਵਧੇਰੇ ਵਰਤੋਂ ਸ਼ਤਾਬਦੀਆਂ ਦੀ ਸਿਆਸਤ ਵਜੋਂ ਹੀ ਹੁੰਦੀ ਆ ਰਹੀ ਹੈ। ਇਸ ਨੂੰ ਧਿਆਨ 'ਚ ਰੱਖ ਕੇ 'ਬੰਦਾ ਸਮਾਰੋਹਾਂ' ਦੇ ਹਵਾਲੇ ਨਾਲ ਸਿੱਖ ਭਾਈਚਾਰੇ ਦੀ ਦਸ਼ਾ ਅਤੇ ਦਿਸ਼ਾ ਅਰਥਾਤ ਸਿੱਖ ਮਾਨਸਿਕਤਾ ਨੂੰ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ। ਸਿੱਖ ਮਾਨਸਿਕਤਾ ਦਾ ਸ੍ਰੋਤ ਬਾਣੀ ਹੈ ਅਤੇ ਪ੍ਰੇਰਨਾ ਸਿੱਖ ਇਤਿਹਾਸ ਹੈ। ਸਵਾਲ ਹੈ ਕਿ ਇਹ ਸਮਾਰੋਹ ਆਪਣੇ ਸ੍ਰੋਤ ਅਤੇ ਪ੍ਰੇਰਨਾ ਨਾਲ ਕਿੰਨਾ ਕੁ ਜੁੜੇ ਹੋਏ ਹਨ? ਇਨ੍ਹਾਂ ਸਮਾਰੋਹਾਂ ਨੂੰ ਮਨਾਈਆਂ ਸ਼ਤਾਬਦੀਆਂ ਦੀ ਨਿਰੰਤਰਤਾ ਵਿਚ ਵੇਖੀਏ ਤਾਂ ਸੌਖਾ ਹੀ ਸਮਝ ਆ ਜਾਵੇਗਾ ਕਿ ਇਨ੍ਹਾਂ ਵਿਚ ਸਿਆਸੀ ਵਿਖਾਵਾ ਹੀ ਪ੍ਰਧਾਨ ਰਹਿੰਦਾ ਹੈ। ਸਿੱਖ ਧਰਮ ਵਿਚ ਮੇਲਾਨੁਮਾ ਬੇਲਗਾਮ ਭੀੜ ਨੂੰ ਕਦੇ ਵੀ ਮਹੱਤਤਾ ਨਹੀਂ ਦਿੱਤੀ ਗਈ। ਇਥੋਂ ਤੱਕ ਕਿ ਸਿੱਖ ਸੰਘਰਸ਼ਾਂ ਵੇਲੇ ਵੀ ਗੁਣਤਾ ਨੂੰ ਪਹਿਲ ਦਿੱਤੀ ਗਈ ਸੀ। ਘੱਟ



ਡਾ. ਬਲਕਾਰ ਸਿੰਘ
ਫੋਨ: 91-93163-01328

ਗਿਣਤੀ ਭਾਈਚਾਰਿਆਂ ਕੋਲੋਂ ਬਹੁ ਗਿਣਤੀ ਵਰਤਾਰਿਆਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਇਹ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਗਿਣਤੀ ਦੇ ਹਿਸਾਬ ਸਿੱਖ ਭਾਈਚਾਰਾ ਕੁੰਭ ਵਰਗੇ ਇਕੱਠਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਇਕੱਠ ਕਰਨ ਵਿਚ ਤਾਂ ਸਿੱਖ ਭਾਈਚਾਰੇ ਕੋਲੋਂ ਨਿਰੰਕਾਰੀਆਂ ਦੇ ਦਿੱਲੀ-ਸੰਮੇਲਨ ਦਾ ਮੁਕਾਬਲਾ ਵੀ ਨਹੀਂ ਹੋਣਾ। ਇਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਭੀੜਨੁਮਾ ਇਕੱਠ ਵਿਅਕਤੀ-ਕੇਂਦਰਿਤ ਸਿਆਸਤੀ ਮੌਕਿਆਂ ਨੂੰ ਹੀ ਠੀਕ ਬੈਠਦਾ ਹੈ। ਮੀਡੀਆ ਦੀ ਸਰਦਾਰੀ 'ਚ ਮੌਕਿਆਂ ਨੂੰ ਹਨੇਰੀ ਵਾਂਗ ਉਡਾਇਆ ਵੀ ਜਾ ਸਕਦਾ ਹੈ ਤੇ ਹੜ੍ਹ ਵਾਂਗ ਬਹਾਇਆ ਵੀ ਜਾ ਸਕਦਾ ਹੈ। ਜੋ ਸਮਾਰੋਹ ਸੁਭਾ 'ਚ ਸਿਆਸੀ ਹੋਣ ਅਤੇ ਨਤੀਜੇ ਵੀ ਸਿਆਸੀ ਕੱਢਣ ਉਨ੍ਹਾਂ ਨੂੰ ਵੋਟ ਬੈਂਕ ਦੀ ਸਿਆਸਤ ਕਰਕੇ ਪੰਥਕ ਰੰਗ ਵਿਚ ਨਹੀਂ ਭੁਗਤਾਇਆ ਜਾ ਸਕਦਾ।

ਕਿਸੇ ਵੇਲੇ ਮਿਲੇ ਮੌਕਿਆਂ ਤੇ ਢਾਡੀ ਵਿਧੀ ਨਾਲ ਸਿੱਖ ਮਾਨਸਿਕਤਾ 'ਚ ਲਗਾਤਾਰ ਉਤਾਰਿਆ ਜਾਂਦਾ ਸੀ ਕਿ ਸਿੱਖ ਧਰਮ ਰਾਹੀਂ ਲਿਆਂਦੀ ਗਈ ਮਾਨਸਿਕ ਤਬਦੀਲੀ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਖਾਲਸਾ ਬਿੰਬ ਪੈਦਾ ਕਰਦੀ ਰਹੀ ਹੈ। ਪੰਥਕ ਸੁਰ ਵਿਚ ਲੋੜ ਇਹ ਸਾਹਮਣੇ ਲਿਆਉਣ ਦੀ ਹੈ ਕਿ ਬਾਬਾ ਜੀ ਦੇ ਬਿੰਬ ਰਾਹੀਂ ਅਧਿਆਤਮਕਤਾ ਦੀ ਭਾਰਤੀ ਵਿਧੀ ਵਿਚੋਂ ਨਿਕਲ ਕੇ ਅਧਿਆਤਮਕਤਾ ਦੀ ਸਿੱਖ ਵਿਧੀ ਨਾਲ ਕਿਹੋ ਜਿਹੇ ਨਤੀਜੇ ਕੱਢੇ ਜਾ ਸਕਦੇ ਹਨ? ਇਸ ਦਾ ਅੰਸ਼ਿਕ ਪ੍ਰਗਟਾਵਾ ਸਵਾਮੀ ਰਾਮ ਦੀ 'ਗੋਵਿੰਦ ਗੀਤਾ' (ਅੰਗ੍ਰੇਜ਼ੀ,1989) ਵਿਚੋਂ ਵੀ ਵੇਖਿਆ ਜਾ ਸਕਦਾ ਹੈ। ਬਾਬਾ ਜੀ ਨੂੰ ਸਿੱਖ ਅਧਿਆਤਮਕਤਾ ਦੇ ਇਤਿਹਾਸਕ ਪ੍ਰਗਟਾਵੇ ਦੀ ਨਿਰੰਤਰਤਾ ਵਿਚ ਵਿਚਰਨ ਦਾ ਗੁਰੂ ਹੁਕਮ ਸੀ। ਇਹ ਸਫਰ ਉਨ੍ਹਾਂ ਪੰਜ ਪਿਆਰਿਆ ਨੂੰ ਨਾਲ ਲੈ ਕੇ ਸ਼ੁਰੂ ਕੀਤਾ ਤੇ ਪੰਥਕ ਰੰਗ ਵਿਚ ਹੀ ਆਪਣੇ ਮਿਸ਼ਨ ਨੂੰ ਅੰਜ਼ਾਮ ਦਿੱਤਾ ਸੀ। ਹਰ ਕਿਸਮ ਦੀ ਸਿਆਸਤ ਨਾਲ ਜੂਝਦਿਆਂ ਵੀ ਪ੍ਰਾਪਤੀਆਂ ਦੀ ਪ੍ਰਧਾਨ-ਸੁਰ ਸਿਆਸਤ ਦੀ ਨਹੀਂ, ਧਰਮ ਦੀ ਹੀ ਰਹੀ ਸੀ। ਚਪੜਚਿੜੀ ਦੇ ਮੈਦਾਨ ਵਿਚ ਸਿੱਖ ਲੋਕਤੰਤਰ ਦੀ ਸੁਰ ਵਿਚ ਸਥਿਤੀ ਨੂੰ ਭਾਂਪਦਿਆਂ ਬਾਬਾ ਬਿਨੋਦ ਸਿੰਘ ਅਤੇ ਬਾਬਾ ਬਾਜ ਸਿੰਘ ਨੇ ਕਿਹਾ ਸੀ ਕਿ ਗੁਰੂ ਪਾਤਸ਼ਾਹ ਨੇ ਹਰ ਮੈਦਾਨ ਫਤਿਹ ਬਖਸ਼ੀ ਹੈ। ਗੁਰੂ ਹੁਕਮ ਦੇ ਸਨਮੁਖ ਰਹਿ ਕੇ ਅਰਦਾਸ ਕੀਤੀ ਗਈ ਸੀ ਅਤੇ ਕਲਗੀਆਂ ਵਾਲੇ ਨੂੰ ਜੋਦੜੀ ਕੀਤੀ ਗਈ ਸੀ ਕਿ ਅੰਗ-ਸੰਗ ਸਹਾਈ ਹੋ ਕੇ ਫਤਿਹ ਬਖਸ਼ਿਸ਼ ਕਰਨ। ਇਹ ਸਿਆਸੀ ਹਾਰ ਨੂੰ ਧਾਰਮਿਕ-ਜਿੱਤ ਵਿਚ ਬਦਲਣ ਦੀ ਜਾਹਰੀ ਕਲਾ ਸੀ, ਜੋ ਸਿੱਖ ਇਤਿਹਾਸ ਵਿਚ ਵਾਰ-ਵਾਰ ਵਾਪਰਦੀ ਰਹੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਬਾਬਾ ਜੀ ਦੇ ਜੰਗੀ ਪੈਂਤੜੇ, ਸਮਝ ਤੇ ਪ੍ਰਗਟਾਵੇ ਧਾਰਮਿਕ ਸਨ ਕਿ ਸਿਆਸੀ ਸਨ? ਜੇ ਸਿਆਸੀਆਂ ਵਾਂਗ ਸੋਚਦੇ ਤਾਂ ਬਾਬਾ ਜੀ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਨਿਕਲ ਜਾਣਾ ਚਾਹੀਦਾ ਸੀ। ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਹਨ, ਜੋ ਇਸ ਨੂੰ ਸਿਆਸੀ ਨਾਲੋਂ ਵੱਧ ਧਾਰਮਿਕ ਹੋਣ ਵਲ ਲੈ ਕੇ ਜਾਂਦੀਆਂ ਹਨ। ਇਹ ਗੱਲ ਵਖਰੀ ਹੈ ਕਿ ਧਰਮੀ-ਨੈਤਿਕਤਾ ਦੀ ਸੀਮਾ ਵਿਚ ਰਹਿ ਕੇ ਸੰਭਵ ਸਿਆਸੀ ਪੈਂਤੜਿਆਂ ਵੱਲ ਸਿੱਖਾਂ ਨੇ ਕਦੇ ਪਿੱਠ ਵੀ ਨਹੀਂ ਕੀਤੀ। ਪ੍ਰਸ਼ਨ ਹੈ ਕਿ ਕੀ ਅੱਜ ਇਸ ਪੰਥਕ ਭਾਵਨਾ ਨੂੰ ਨਾਲ ਲੈ ਕੇ ਟੁਰਿਆ ਜਾ ਰਿਹਾ ਹੈ ਜਾਂ ਨਹੀਂ?

ਵਰਤਮਾਨ ਵਿਚ ਸਿੱਖ ਭਾਈਚਾਰੇ ਅੰਦਰ ਜਿਸ ਤਰ੍ਹਾਂ ਸਿਆਸਤ ਦਾ ਬੋਲਬਾਲਾ ਹੋ ਗਿਆ ਹੈ, ਉਸ ਨਾਲ ਧਾਰਮਿਕ ਚੇਤਨਾ ਦਾ ਰਾਹ ਹੀ ਰੁਕ ਗਿਆ ਜਾਪਦਾ ਹੈ। ਸਿਆਸਤ ਗੌਂਅ-ਮੁਖੀ ਪੈਂਤੜੇਬਾਜ਼ੀ ਹੈ, ਕਿਸੇ ਕੀਮਤ ਤੇ ਜੇਤੂ-ਲਾਲਸਾ ਹੈ ਅਤੇ ਤੁਰੰਤ ਨਤੀਜਿਆਂ ਦੀ ਪ੍ਰਾਪਤੀ ਲਈ ਬੱਚੇ ਖਾਣਾ ਜਜ਼ਬਾ ਹੈ। ਇਕ ਸੋਚ ਨਾਲ ਜੁੜੀ ਹੋਈ ਕੋਮਲ ਮਾਨਸਿਕਤਾ ਦਾ ਤਲਿੱਸਮੀ-ਨਾਹਰਿਆਂ ਨਾਲ ਕੀਤਾ ਗਿਆ ਸ਼ੋਸ਼ਣ ਸਿਆਸਤ ਦੀ ਮਨਚਾਹੀ ਖੁਰਾਕ ਹੈ। ਇਹੋ ਜਿਹੀਆਂ ਸੰਭਾਵਨਾਵਾਂ, ਭੀੜ-ਮਾਨਸਿਕਤਾ ਵਿਚ ਹੀ ਸੰਭਵ ਹੋ ਸਕਦੀਆਂ ਹਨ। ਸਿੱਖ ਆਗੂ ਇਸ ਪਾਸੇ ਸਰਪਟ ਦੌੜੇ ਜਾ ਰਹੇ ਹਨ। ਉਲਾਰ ਜਜ਼ਬਿਆਂ ਦੀ ਬੇਰਹਿਮ ਮਾੜ ਧਾੜ ਵੀ ਇਹੋ ਜਿਹੇ ਹਾਲਾਤਾਂ ਵਿਚ ਹੀ ਪੈਦਾ ਹੁੰਦੀ ਹੈ। ਬੇਰਹਿਮ ਮੁਕਾਬਲੇਬਾਜੀ ਦੇ ਸਨਮੁੱਖ ਸਿੱਖ ਭਾਈਚਾਰਾ ਤਾਂ ਪਹਿਲਾਂ ਹੀ ਚੌਰਾਹੇ 'ਤੇ ਖੜਾ ਹੈ। ਇਸ ਹਾਲਤ ਵਿਚ ਸਿੱਖਾਂ ਨੂੰ ਚੌਰਾਹੇ ਤੋਂ ਕੇਵਲ ਸਿਆਸਤ ਵਾਲਾ ਰਾਹ ਹੀ ਕਿਉਂ ਨਜ਼ਰ ਆ ਰਿਹਾ ਹੈ? ਕੇਵਲ ਇਸ 'ਤੇ ਤੁਰਨ ਦੇ ਹਾਲਾਤ ਹੀ ਕਿਉਂ ਪੈਦਾ ਕੀਤੇ ਜਾ ਰਹੇ ਹਨ? ਬਾਕੀ ਤਿੰਨ ਰਾਹਾਂ ਦੀ ਨਿਸ਼ਾਨਦੇਹੀ ਕਿਉਂ ਨਹੀਂ ਹੋ ਰਹੀ? ਕੀ ਕਿਰਤ ਕਰਨ, ਨਾਮ ਜਪਣ, ਵੰਡ-ਛਕਣ ਨੂੰ ਇਨ੍ਹਾਂ ਤਿੰਨਾਂ ਰਾਹਾਂ ਵਜੋਂ ਨਹੀਂ ਵਿਚਾਰਿਆ ਜਾ ਸਕਦਾ? ਕੀ ਜੋ ਸਿੱਖ ਸਿਆਸਤਦਾਨ ਨੂੰ ਠੀਕ ਨਹੀਂ ਬੈਠਦਾ, ਉਸ ਨੂੰ ਅਪੰਥਕ ਪ੍ਰਵਾਨ ਕਰ ਲੈਣਾ ਚਾਹੀਦਾ ਹੈ? ਇਨ੍ਹਾਂ ਸਵਾਲਾਂ ਦੇ ਉਤਰ ਲੱਭਣ ਦੀ ਅਕਾਦਮਿਕਤਾ ਵਾਸਤੇ ਸ਼ਤਾਬਦੀ ਅਵਸਰਾਂ ਨੂੰ ਨਾ ਅਸੀਂ ਪਹਿਲਾਂ ਵਰਤਿਆ ਹੈ ਅਤੇ ਨਾ ਹੀ ਹੁਣ ਵਰਤਣਾ ਚਾਹੁੰਦੇ ਹਾਂ। ਆਪ ਹੀ ਕਹਿਣ, ਆਪ ਹੀ ਸੁਣਨ ਅਤੇ ਫਿਰ ਆਪ ਹੀ ਮੰਨ ਲੈਣ ਦੀ ਸਵੈ-ਕੇਂਦਰਤਾ ਦਾ ਰਾਹ ਸਿਆਸਤ ਤੋਂ ਹੀ ਸ਼ੁਰੂ ਹੁੰਦਾ ਹੈ ਤੇ ਸਿਆਸਤ 'ਤੇ ਹੀ ਖਤਮ ਹੁੰਦਾ ਹੈ। ਜਲਸੇ ਜਲੂਸਾਂ ਨਾਲ ਸਿੱਖ ਪਛਾਣ ਦੇ ਸਿਆਸਤ ਤੋਂ ਅੱਗੇ ਤੁਰਨ ਦੀ ਸੰਭਾਵਨਾ ਨਹੀਂ ਹੈ, ਜਲਸੇ ਜਲੂਸਾਂ ਦੀ ਸਿਆਸਤ ਨਾਲ ਗੈਰ-ਸਿੱਖਾਂ ਨੂੰ ਕਿਵੇਂ ਦੱਸ ਸਕਾਂਗੇ ਕਿ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਵਿਰਾਸਤੀ ਜੜ੍ਹਾਂ ਸਰਬਤ ਦੇ ਭਲੇ ਵਿਚ ਸਨ, 'ਜਗਤ ਜਲੰਦਾ ਰਖਿ ਲੈ' ਵਿਚ ਸਨ, 'ਕੋਇ ਨ ਦਿਸੈ ਬਾਹਰਾ' ਵਿਚ ਸਨ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਿਚ ਸਨ। ਇਹ ਜੰਗਾਂ ਲੜਦਿਆਂ ਵੀ ਬਾਬਾ ਜੀ ਦਾ ਨਿਸ਼ਾਨਾ ਸਿੱਖ-ਸੱਚ ਸੀ ਅਤੇ ਜਿੱਤਾਂ ਜਿੱਤ ਕੇ ਵੀ ਉਨ੍ਹਾਂ ਲਈ ਇਹੀ ਰਿਹਾ ਸੀ। ਬਾਬਾ ਜੀ ਦੀ ਅਗਵਾਈ ਵਿਚ ਲੜੀਆਂ ਗਈਆਂ ਜੰਗਾਂ, ਧਰਮ ਯੁੱਧ ਦੇ ਚਾਅ ਨਾਲ ਲੜੀਆਂ ਗਈਆਂ ਸਨ ਅਤੇ ਇਨ੍ਹਾਂ ਵਿਚ ਹਾਰਾਂ ਅਤੇ ਜਿੱਤਾਂ ਨੂੰ ਭਾਣੇ ਦੀ ਭਾਵਨਾ 'ਚ ਹੀ ਵੇਖਿਆ ਤੇ ਪਰਖਿਆ ਜਾਣਾ ਚਾਹੀਦਾ ਹੈ। ਬਾਬਾ ਜੀ ਨੇ ਨਾ ਕੇਵਲ ਇਸ ਨੂੰ ਜੀਵਿਆ ਸਗੋਂ ਇਸ ਨੂੰ ਕੇਸਾਂ ਸੁਆਸਾਂ ਨਾਲ ਨਿਭਾਇਆ ਵੀ ਸੀ।



ਇਸ ਵੇਲੇ ਵੀ ਲੋੜ ਬਾਬਾ ਬੰਦਾ ਸਿੰਘ ਦੀਆਂ ਪ੍ਰਾਪਤੀਆਂ ਦੀ ਧਾਰਮਿਕਤਾ ਉਸਾਰੇ ਜਾਣ ਦੀ ਹੈ, ਸਿੱਖ ਧਰਮ ਦੀ ਅਕਾਦਮਿਕਤਾ ਅਤੇ ਪੰਥਕ ਕਾਵਿਕਤਾ ਉਸਾਰੇ ਜਾਣ ਦੀ ਹੈ। ਜੇ ਸਿਆਸਤ ਵੀ ਉਸਾਰਨੀ ਹੈ ਤਾਂ ਇਹ ਉਸਾਰਨੀ ਚਾਹੀਦੀ ਹੈ ਕਿ ਬਾਬਾ ਜੀ ਨੇ ਭਾਰਤ ਨੂੰ ਸਦੀਆਂ ਦੀ ਗੁਲਾਮੀ ਵਿਚੋਂ ਨਿਕਲ ਸਕਣ ਦੀਆਂ ਸਿਆਸੀ ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਸੀ। ਵਿਰਾਸਤੀ ਜੜ੍ਹਾਂ ਨਾਲੋਂ ਟੁੱਟੇ ਹੋਏ ਆਮ ਆਦਮੀ ਨੂੰ ਉਸ ਦੀ ਵਿਰਾਸਤੀ ਸ਼ਕਤੀ ਪ੍ਰਤੀ ਜਾਗ੍ਰਿਤ ਕੀਤਾ ਸੀ। ਸਿਆਸੀ ਭੀੜਾਂ ਨੂੰ ਵਚਨਬੱਧ-ਸੂਰਮਿਆਂ ਵਾਂਗ ਪਛਾੜ ਸਕਣ ਦੇ ਅਹਿਸਾਸ ਨੂੰ ਪ੍ਰਚੰਡ ਕੀਤਾ ਸੀ। ਇਹ ਗੱਲਾਂ ਭਾਸ਼ਣਾਂ ਦੀ ਸਿਆਸਤ ਨਾਲ ਕਿਸੇ ਪਾਸੇ ਨਹੀਂ ਤੁਰ ਸਕਦੀਆਂ। ਇਨ੍ਹਾਂ ਦੀ ਤਾਂ ਅਕਾਦਮਿਕਤਾ ਨੂੰ ਹੀ ਸਾਹਮਣੇ ਲਿਆਉਣਾ ਪੈਣਾ ਹੈ। ਪਰ ਇਸ ਪਾਸੇ ਤੁਰਨ ਦਾ ਰਾਹ ਸਮਾਰੋਹਾਂ ਦੀ ਸਿਆਸਤ ਨਾਲ ਗੁਆਚਦਾ ਨਜ਼ਰ ਆ ਰਿਹਾ ਹੈ। ਇਸ ਦਾ ਸਬੂਤ ਇਸ ਨਾਲ ਜੁੜੇ ਹੋਏ ਸੈਮੀਨਾਰ ਤੋਂ ਵੀ ਮਿਲ ਜਾਂਦਾ ਹੈ ਕਿਉਂਕਿ ਇਸ ਵਿਚੋਂ ਕੋਈ ਅਕਾਦਮਿਕ ਦਸਤਾਵੇਜ਼ ਸਾਹਮਣੇ ਆਉਂਦੀ ਨਹੀਂ ਲਗਦੀ। ਪਹਿਲੀਆਂ ਸ਼ਤਾਬਦੀਆਂ ਦੇ ਸੈਮੀਨਾਰਾਂ ਦੀ ਨਿਰੰਤਰਤਾ ਵਿਚੋਂ ਵੀ ਇਹੀ ਸੱਚ ਸਾਹਮਣੇ ਆਉਂਦਾ ਰਿਹਾ ਹੈ। ਜਿਹੜੇ ਯਤਨ, ਸਾਂਝੀ-ਸਿੱਖ-ਸਮਝ ਪੈਦਾ ਕਰਨ ਵੱਲ ਲੈ ਕੇ ਨਹੀਂ ਜਾਂਦੇ, ਉਹ ਗਲ ਪਿਆ ਢੋਲ ਵਜਾਉਣ ਵਰਗੇ ਅਤੇ ਫੰਡ ਖਪਾਊ ਅਵਸਰਾਂ ਵਰਗੇ ਹੀ ਹੁੰਦੇ ਹਨ।

ਬਾਬਾ ਬੰਦਾ ਸਿੰਘ ਨੂੰ ਸਿੱਖਾਂ ਤੇ ਪੰਜਾਬ ਤੱਕ ਸੀਮਿਤ ਕਰਕੇ ਵੇਖੇ ਜਾਣ ਨਾਲ ਗੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ ਪਰਦਰਸ਼ਕ ਭੂਮਿਕਾ ਸਾਹਮਣੇ ਨਹੀਂ ਆ ਸਕੇਗੀ। ਮੁਗਲ ਹਾਕਮਾਂ ਦਾ ਜੇਤੂ ਬਦਲ ਬਣ ਰਿਹਾ ਆਮ ਸਿੱਖ ਜਗੀਰਦਾਰੀ ਪ੍ਰਥਾ ਦੇ ਖਿਲਾਫ ਭੁਗਤਦਾ ਰਿਹਾ ਹੈ। ਉਹੀ ਆਮ ਸਿੱਖ ਮਿਸਲਾਂ ਵੇਲੇ ਫਿਰ ਜਗੀਰਦਾਰੀ ਵੱਲ ਮੁੜ ਗਿਆ। ਮਹਾਰਾਜਾ ਰਣਜੀਤ ਸਿੰਘ ਜਗੀਰਦਾਰੀ ਦਾ ਕੇਂਦਰੀਕਰਣ ਕਰ ਲੈਂਦਾ ਹੈ। ਜਿਸ ਜ਼ਮੀਨੀ ਸੁਧਾਰ ਦੀ ਗੱਲ ਬਾਬਾ ਜੀ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ, ਉਹ ਸਿੱਖ ਲਹਿਰ ਦੀ ਵਕਤੀ ਉਪਜ ਤਾਂ ਹੋ ਸਕਦੀ ਹੈ। ਇਸ ਨੂੰ ਪ੍ਰਬੰਧ ਵਿਚ ਢਾਲਣ ਦਾ ਸਮਾਂ ਅਤੇ ਮਾਹੌਲ ਹੀ ਕਿੱਥੇ ਸੀ? ਬਾਬਾ ਜੀ ਦੀ ਦਸਮ ਪਾਤਸ਼ਾਹ ਨਾਲ ਨੰਦੇੜ ਵਿਖੇ ਮੁਲਾਕਾਤ 1708 ਵਿਚ ਹੁੰਦੀ ਹੈ ਅਤੇ ਉਸ ਵੇਲੇ ਉਹ 38 ਸਾਲਾਂ ਦਾ ਸੀ। ਪੰਜਾਬ ਵਿਚ ਨਿਭਾਈ ਗਈ ਭੂਮਿਕਾ ਕੇਵਲ ਸੱਤਾਂ ਸਾਲਾਂ ਵਾਸਤੇ ਸੀ। ਇਹ ਸਾਰਾ ਹੀ ਸਮਾਂ ਸੰਘਰਸ਼ ਵਿਚ ਬੀਤਿਆ ਸੀ ਅਤੇ ਇਸ ਨੂੰ ਪ੍ਰਬੰਧਕੀ-ਢਾਂਚਾ ਸਥਾਪਤ ਕਰਨ ਵਾਸਤੇ ਬਹੁਤ ਹੀ ਨਿਗੂਣਾ ਕਿਹਾ ਜਾ ਸਕਦਾ ਹੈ। ਬਾਬਾ ਜੀ ਦੇ ਸਿਆਸੀ-ਬਿੰਬ ਨੂੰ ਉਸਾਰਨ ਦੀ ਥਾਂ ਉਨ੍ਹਾਂ ਦੇ ਪੰਥਕ-ਬਿੰਬ ਨੂੰ ਉਸਾਰੇ ਜਾਣ ਦੀ ਲੋੜ ਹੈ। ਵੈਸੇ ਵੀ ਅਜਿਹੇ ਹਵਾਲੇ ਇਤਿਹਸ ਵਿਚ ਮਿਲ ਜਾਂਦੇ ਹਨ, ਜਿਨ੍ਹਾਂ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਸਿਆਸੀ ਪ੍ਰਾਪਤੀਆਂ ਜੇ ਵਿਰਾਸਤੀ-ਚੇਤਨਾ ਨਾਲੋਂ ਟੁੱਟ ਜਾਣ ਤਾਂ ਕੌਮਾਂ ਖੜੋਤ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸ ਦੇ ਸਮਰਥਨ ਵਿਚ ਪ੍ਰਸਿੱਧ ਆਰਟਿਸਟ ਸ. ਹਰਦੇਵ ਸਿੰਘ ਦੀ ਪੋਲਿਸ਼ ਪਤਨੀ ਮਾਰੀਆ ਦੇ ਸ਼ਬਦ (ਡਾ. ਹਰਪਾਲ ਸਿੰਘ ਪੰਨੂ ਦੇ ਲੇਖ ਵਿਚੋਂ) ਹਨ, "ਕੱਜ਼ਾਕ ਪੜ੍ਹਦੇ ਨਹੀਂ। ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸਿੱਖਾਂ ਵਰਗਾ ਹੈ। ਅਨਪੜ੍ਹ ਹੋਣ ਕਰਕੇ ਕੱਜ਼ਾਕ ਹੁਣ ਖਤਮ ਹੋ ਰਹੇ ਹਨ, ਇਨ੍ਹਾਂ ਨੂੰ ਮਰਦਿਆਂ ਦੇਖ ਕੇ ਸਿੱਖਾਂ ਨੂੰ ਬਚਣ ਦਾ ਯਤਨ ਕਰਨਾ ਚਾਹੀਦਾ ਹੈ।" ਇਹ ਹਵਾਲਾ ਇਹ ਦੱਸਣ ਲਈ ਦਿੱਤਾ ਹੈ ਕਿ ਰੂਸ ਵਿਚ ਜੇਤੂਆਂ ਵਜੋਂ ਵੱਸ ਗਏ ਪੋਲ ਬਹਾਦਰਾਂ ਨੂੰ ਹੀ ਰੂਸੀ ਕੱਜ਼ਾਕ ਕਹਿੰਦੇ ਹਨ। ਇਨ੍ਹਾਂ ਦਾ 15ਵੀਂ ਤੋਂ 18ਵੀਂ ਸਦੀ ਤੱਕ ਰੂਸ, ਪੋਲੈਂਡ ਅਤੇ ਯੂਕਰੇਨ 'ਤੇ ਰਾਜ ਰਿਹਾ ਸੀ। ਪਰ ਅੱਜ ਉਨ੍ਹਾਂ ਦਾ ਹਵਾਲਾ ਹੀ ਮਿਲਦਾ ਹੈ ਅਤੇ ਉਹ ਆਰਕਾਈਵਲ ਮਟੀਰੀਅਲ ਹੋ ਗਏ ਹਨ। ਕੀ ਸਿੱਖ ਇਸ ਪਾਸੇ ਵੱਲ ਤਾਂ ਨਹੀਂ ਵਧੀ ਜਾ ਰਹੇ? ਇਸ ਨਾਲੋਂ ਉਲਟ ਮਿਸਾਲ ਇਹ ਲਈ ਜਾ ਸਕਦੀ ਹੈ ਕਿ ਯਹੂਦੀਆਂ ਦਾ ਕਿਧਰੇ ਵੀ ਰਾਜ ਨਹੀਂ ਸੀ, ਪਰ ਉਹ ਦੁਨੀਆਂ ਭਰ ਨੂੰ ਪ੍ਰਭਾਵਿਤ ਕਰਨ ਵਾਲੀ ਭੂਮਿਕਾ ਅਤਿ ਦੇ ਮਾੜੇ ਹਾਲਾਤ ਵਿਚ ਵੀ ਨਿਭਾਉਂਦੇ ਰਹੇ ਹਨ ਅਤੇ ਆਪਣੀਆਂ ਬੌਧਿਕ ਪ੍ਰਾਪਤੀਆਂ ਸਦਕਾ ਸਤਿਕਾਰੇ ਜਾਂਦੇ ਹਨ। ਹੁਣ ਜਦੋਂ ਸਿੱਖ ਆਲਮੀ-ਭਾਈਚਾਰਾ ਹੋ ਗਏ ਹਨ ਤਾਂ ਸਾਨੂੰ ਆਪਣੀ ਇਤਿਹਾਸ ਕੇਂਦਰਤ ਭੂਤ-ਪੂਜਕ ਬਿਰਤੀ ਤੋਂ ਮੁਕਤ ਹੋ ਕੇ, ਜੋ ਕੁਝ ਵਾਪਰ ਗਿਆ ਹੈ ਅਤੇ ਵਾਪਰ ਰਿਹਾ ਹੈ, ਉਸ ਨੂੰ ਨਾਲ ਲੈ ਕੇ ਤੁਰਨ ਬਾਰੇ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ। ਬਾਬਾ ਜੀ ਦੀ ਸ਼ਤਾਬਦੀ ਨੂੰ ਇਸ ਵਾਸਤੇ ਮੌਕੇ ਵਜੋਂ ਵਰਤਣਾ ਚਾਹੀਦਾ ਹੈ।

ਇਹ ਸੱਚ ਹੈ ਕਿ ਬਾਬਾ ਬੰਦਾ ਸਿੰਘ ਬਹਦਾਰ ਨੂੰ ਦਸਮ ਪਾਤਸ਼ਾਹ ਨੇ "ਸੰਤਾ ਮਾਨੋ ਦੂਤਾਂ ਡਾਨੋ" ਦੀ ਭਾਵਨਾ ਵਿਚ ਧਰਮ-ਚਲਾਵਨ ਦੀ ਪ੍ਰਚੰਡਤਾ ਵਾਸਤੇ ਤੋਰਿਆ ਸੀ। ਪੰਥ ਦੇ ਨੁਮਾਇੰਦੇ ਪੰਜ ਪਿਆਰਿਆਂ ਨੂੰ ਨਾਲ ਲੈ ਕੇ, ਲੋੜੀਂਦਾ ਸੰਘਰਸ਼ ਕਰਨ ਦਾ ਹੁਕਮ ਵੀ ਦਿੱਤਾ ਸੀ। ਪਾਤਸ਼ਾਹੀ ਜੇ ਮਿਲਣੀ ਸੀ ਤਾਂ ਗਰੀਬ-ਸਿੱਖਨ ਨੂੰ ਮਿਲਣੀ ਸੀ। ਸਿੱਖਾਂ ਦੇ ਪਾਤਸ਼ਾਹ ਗੁਰੂ ਸਾਹਿਬਾਨ ਆਪ ਸਨ ਅਤੇ ਇਸ ਦਾ ਬਦਲ ਕੋਈ ਸਿੱਖ ਵਿਅਕਤੀਗਤ ਰੂਪ ਵਿਚ ਕਿਵੇਂ ਹੋ ਸਕਦਾ ਸੀ? ਫਿਰ ਬਾਬਾ ਜੀ ਨੂੰ ਪਹਿਲਾ ਬਾਦਸ਼ਾਹ ਕਿਵੇਂ ਸਾਬਤ ਕਰਾਂਗੇ? ਇਹ ਅਮਲ ਤਾਂ ਈਸਾਈਅਤ ਦੇ ਰੰਗ ਵਾਲੀ ਬਾਦਸ਼ਾਹਤ ਵਰਗਾ ਹੋ ਜਾਏਗਾ ਅਤੇ ਪੰਥਕ ਸੁਰ ਵਿਚ ਇਸ ਦੀ ਸਥਾਪਤੀ ਕਰ ਸਕਣੀ ਮੁਸ਼ਕਿਲ ਹੋ ਜਾਵੇਗੀ। ਅਜਿਹੀਆਂ ਅਫਵਾਹਾਂ ਦੀ ਸਿਆਸਤ ਨੇ ਬਾਬਾ ਜੀ ਦੀ ਪੰਥਕ ਛਬੀ ਨੂੰ ਉਨ੍ਹਾਂ ਦੇ ਜਿਊਂਦੇ ਜੀਅ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਜਦੋਂ ਸਾਰੇ ਤੱਥ ਸਾਹਮਣੇ ਆ ਗਏ ਹਨ ਤਾਂ ਬਾਬਾ ਜੀ ਨੂੰ ਸਿਆਸੀ ਰੋਲ-ਮਾਡਲ ਵਜੋਂ ਪੇਸ਼ ਕਰਨਾ ਹੈ ਕਿ ਪੰਥਕ ਰੋਲ-ਮਾਡਲ ਵਜੋਂ ਪੇਸ਼ ਕਰਨਾ ਹੈ, ਇਸ ਬਾਰੇ ਸੋਚਣਾ ਜ਼ਰੂਰ ਚਾਹੀਦਾ ਹੈ। ਬਾਬਾ ਜੀ ਜਦੋਂ ਦਸਮ ਪਾਤਸ਼ਾਹ ਦੇ ਸਨਮੁੱਖ ਹੋਏ ਸਨ ਤਾਂ ਕਰਾਮਾਤੀ ਅਧਿਆਤਮਵਾਦੀ ਸਨ, ਜਦੋਂ ਪੰਜਾਬ ਨੂੰ ਰਵਾਨਾ ਹੋਏ ਤਾਂ ਕਰਮਸ਼ੀਲ ਅਧਿਆਤਮਵਾਦੀ ਸਨ। ਇਹ ਸਫ਼ਰ ਉਨ੍ਹਾਂ ਨੇ ਇਲਾਹੀ-ਨਦਰ ਦੇ ਸਫ਼ਰ ਵਾਂਗ ਤੈਅ ਕੀਤਾ ਸੀ। ਅਜਿਹੀ ਮਾਨਸਿਕ ਤਬਦੀਲੀ ਦੇ ਇਤਿਹਾਸਕ-ਵਰਤਾਰੇ ਦਾ ਬਾਬਾ ਬੰਦਾ ਸਿੰਘ, ਸਦੀਵ ਤੇ ਸਦ ਜਾਗਤ ਰੋਲ ਮਾਡਲ ਹਨ। ਇਸ ਨੂੰ ਸਿਆਸੀ ਚਿੱਕੜ ਵੱਲ ਲੈ ਕੇ ਜਾਣ ਦੀ ਨਹੀਂ, ਸਗੋਂ ਇਸ ਤੋਂ ਬਚਾਉਣ ਦੀ ਲੋੜ ਹੈ।

ਸਿਆਸਤ ਤਾਂ ਸੱਤਾ ਪ੍ਰਾਪਤੀ ਲਈ ਅਨੈਤਿਕਤਾ ਨੂੰ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੰਦੀ ਹੈ। ਬਾਬਾ ਜੀ ਨਾਲ ਕੈਦ ਕੀਤੇ ਗਏ ਉਨ੍ਹਾਂ ਦੇ ਸਾਥੀਆਂ ਵਿਚੋਂ ਕਿਸੇ ਇਕ ਨੇ ਵੀ ਮਾਫ਼ੀ ਨਹੀਂ ਮੰਗੀ ਸੀ ਜਾਂ ਬਾਬਾ ਜੀ ਦਾ ਸਾਥ ਨਹੀਂ ਸੀ ਛੱਡਿਆ। ਅਜਿਹਾ ਰਾਜਨੀਤੀ ਵਿਚ ਨਹੀਂ ਕੇਵਲ ਧਰਮ ਵਿਚ ਹੀ ਵਾਪਰ ਸਕਦਾ ਸੀ ਅਤੇ ਵਾਪਰ ਸਕਦਾ ਹੈ। ਇਸ ਫਖ਼ਰਯੋਗ-ਵਿਰਾਸਤ ਨਾਲੋਂ ਬਾਬਾ ਜੀ ਦੇ ਬਿੰਬ ਨੂੰ ਨਿਖੇੜੇ ਜਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਹੈ।

---

## ਮਾਂ ਝੂਠ ਬੋਲਦੀ ਐ

ਮੈਂ ਆਪੇ ਆਇਆ ਹਾਂ,
ਕੀਤਾ ਕਿਸੇ ਨਹੀਂ ਹੈ ਧੱਕਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਪੁੱਤਰ ਵਿਧਵਾ ਮਾਈ ਦਾ,
ਡੋਲਾ ਲੈ ਕੇ ਘਰ ਸੀ ਆਇਆ।
ਨਵੀਂ ਵਿਆਹੀ ਵਿਆਹੁੰਦੜ ਨੇ,
ਨਾ ਸੀ ਧਰਤੀ ਪੈਰ ਟਿਕਾਇਆ।
ਦਿੱਲੀ ਜਾਂਦਿਆਂ ਮੁਗਲਾਂ ਨੇ,
ਪਿੰਡ ਉਤੇ ਮਾਰਿਆ ਛੱਪਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਵਿਆਹ ਸੱਜਰਾ ਸੱਜਰਾ ਸੀ,
ਅਜੇ ਗੁੱਟ 'ਤੇ ਸਜਦਾ ਗਾਨਾ।
ਚਾਅ ਅਜੇ ਕੁਆਰੇ ਸੀ,
ਨਾ ਪੂਰਿਆ ਅਜੇ ਅਰਮਾਨਾਂ।
ਪੁੱਤ ਫੜਿਆ ਮੁਗਲਾਂ ਨੇ,
ਮਾਂ ਰਹਿ ਗਈ ਹੱਕਾ-ਬੱਕਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਰੰਗ ਤਲੀ 'ਤੇ ਮਹਿੰਦੀ ਦਾ,
ਫਿੱਕਾ ਨਹੀਂ ਸੀ ਅਜੇ ਹੋਇਆ।
ਉਸ ਕਰਮਾਂ ਮਾਰੀ ਦਾ,
ਨਸੀਬਾ ਅੰਦਰੋ ਅੰਦਰ ਰੋਇਆ।
ਚਾਅ ਰੇਤ 'ਚ ਰੁਲ'ਗੇ ਸੀ,
ਪੂਰਾ ਕੌਣ ਕਰੂਗਾ ਖੱਪਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਧੀ ਮਾਂ ਨੇ ਪਾਲੀ ਸੀ,
ਰਹਿ'ਗੀ ਉਸ ਦੀ ਰੀਝ ਅਧੂਰੀ,
ਕਿਸੇ ਪਾਣੀ ਵਾਰਿਆ ਨਾ,
ਨਾ ਹੀ ਰੀਤ ਕੋਈ ਸੀ ਪੂਰੀ।
ਨੇਤਾ ਹੱਥ ਵਿਚ ਵਿਲ੍ਹਕ ਰਿਹਾ,
ਨਾ ਸੀ ਚੁੰਮਿਆ ਮਾਂ ਨੇ ਮੱਥਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਦੀਵਾਨ ਰਤਨ ਚੰਦ ਕੋਲੇ,
ਜਾ ਕੇ ਮਾਂ ਨੇ ਅਰਜ ਗੁਜ਼ਾਰੀ,
ਪੁੱਤ ਮੇਰਾ ਸਿੰਘ ਨਹੀਂ,
ਇਹਨੂੰ ਬਖਸ਼ ਦਿਓ ਇਕ ਵਾਰੀ।
ਰੰਗ ਪੀਲਾ ਪੈ ਗਿਆ ਸੀ,
ਨਾ ਰਹੀ ਜਾਨ ਸੀ ਫੱਕਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਤਰਸ ਖਾ ਕੇ ਫਰੱਖਸ਼ੀਅਰ ਨੇ,
ਦੇ ਦਿੱਤਾ ਹੁਕਮ ਰਿਹਾਈ।
ਜਾਹ ਮੁੜ ਜਾ ਨੀ,
ਗੱਲ ਪੁੱਤ ਨੇ ਕੂਕ ਸੁਣਾਈ।
ਤੈਂ ਰੋਕ ਲਿਆ ਮੈਨੂੰ,
ਅੱਗੇ ਲੰਘ ਗਿਆ ਮੇਰਾ ਜੱਥਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਮੈਂ ਔਖਾ ਪਾਲਿਆ ਸੀ,
ਮੈਨੂੰ ਸੀ ਤੇਰੇ 'ਤੇ ਆਸਾਂ।
ਕਿਵੇਂ ਨਿਕਲਣ ਬੁਢੇਪੇ ਵਿਚ,
ਸੌਖੀਆਂ ਮੇਰੀਆਂ ਸਾਸਾਂ।
ਦੱਸ ਮੋਢਾ ਕੌਣ ਦੇਊ,
ਮੈਨੂੰ ਰਹੀ ਨਾ ਕੋਈ ਤਬੱਕਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

ਅਚਰਜ ਸਿੰਘਾਂ ਦਾ,
ਆਖਣ ਜੱਲਾਦਾਂ ਮੁਕਤੀ-ਦਾਤਾ।
ਮੈਨੂੰ ਕਤਲ ਕਰੋ,
ਐਵੇਂ ਮਾਂ ਨੇ ਵਕਤ ਗਵਾ'ਤਾ।
ਖੁਸ਼ੀ ਮੂੰਹ 'ਤੇ ਝਲਕ ਰਹੀ,
ਵਾਂਗ ਹੀਰੇ ਚਮਕੇ ਮੱਥਾ।
ਮਾਂ ਝੂਠ ਬੋਲਦੀ ਐ,
ਮੈਂ ਹਾਂ ਸਿੰਘ ਗੁਰੂ ਦਾ ਪੱਕਾ।

*-ਸੁਰਜੀਤ ਸਿੰਘ ਪੰਛੀ*

*(ਨੋਟ: ਬੰਦਾ ਬਹਾਦਰ ਨੂੰ ਦਿੱਲੀ ਲੈ ਜਾਂਦੇ ਸਮੇਂ ਮੁਗਲਾਂ ਨੇ ਫੜ੍ਹੇ ਸਿੱਖਾਂ ਦੀ ਗਿਣਤੀ ਵਧਾਉਣ ਲਈ ਰਾਹ ਵਿਚ ਸਿੱਖਾਂ ਦੇ ਨਾਲ ਇਕ ਸੱਜ ਵਿਆਹੇ ਮੁੰਡੇ ਨੂੰ ਫੜ੍ਹ ਲਿਆ ਸੀ)*

## ਕਾਵਿ-ਜਗਤ

### ਵਿਗਿਆਨਿਕ ਭਾਵਨਾਵਾਂ


ਅੰਧ-ਵਿਸ਼ਵਾਸ ਨੂੰ ਜੋ ਮਾਨਤਾ ਕਾਨੂੰਨੀ ਦੇਵੇ,
ਸਮਝੋ ਉਹ ਜੱਗ ਵਿਚ ਭੇਡੂਆਂ ਦਾ ਦੇਸ ਹੈ।
ਜੋਤਿਸ਼ ਕਿਆਫਿਆਂ ਨੂੰ ਕਹਿੰਦੇ ਵਿਗਿਆਨ ਜਿੱਥੇ,
ਸਮਝੋ ਗਿਆਨ ਵਾਲੀ ਪੱਟੀ ਉਥੇ ਮੇਸ ਹੈ।
ਭੋਗਦੇ ਬੇ-ਸ਼ਰਮ ਹੋ ਕਾਢਾਂ ਵਿਗਿਆਨ ਦੀਆਂ,
ਰਹਿੰਦੇ ਵਿਗਿਆਨ ਦੇ ਵਿਰੁਧ ਜੋ ਹਮੇਸ਼ ਹੈ।
ਪਰਜਾ ਨੂੰ ਲੁੱਟਣੇ ਦਾ ਝੂਠ ਜੇ ਕੋਈ ਨੰਗਾ ਕਰੇ,
ਲੱਗ ਜਾਂਦੀ ਉਥੇ ਧਾਰਮਿਕਤਾ ਨੂੰ ਠੇਸ ਹੈ।
ਸ਼ਰਧਾ ਦੇ ਨਾਮ 'ਤੇ ਬਣਾਈ ਚੱਲੋ ਉਲੂ ਭਾਵੇਂ,
ਸੱਚ ਤੇ ਤਰਕ ਉਤੇ ਬਣ ਜਾਂਦਾ ਕੇਸ ਹੈ।
ਪਰ ਬੰਦੇ ਦੀਆਂ ਵਿਗਿਆਨਿਕ ਜੋ ਭਾਵਨਾਵਾਂ,
ਉਨ੍ਹਾਂ ਵਾਲੀ ਠੇਸ ਹੁੰਦੀ ਕਦੇ ਨਾ ਵਿਸ਼ੇਸ਼ ਹੈ।
ਭਾਵਨਾ ਵਲੂੰਧਰੀ ਏ ਜਦੋਂ ਵਿਗਿਆਨ ਵਾਲੀ,
ਨਿਆਂ ਤੇ ਕਾਨੂੰਨ ਕਾਹਤੋਂ ਵੱਟ ਜਾਂਦਾ ਘੇਸ ਹੈ।
ਅੰਧ-ਵਿਸ਼ਵਾਸ ਟੈਕਨੌਲੋਜੀ ਦੇ ਨਾਲ ਫੈਲੇ,
ਅਗਾਂਹਵਧੂ ਦੇਸ਼ਾਂ ਲਈ ਇਹ ਕੇਹਾ ਸੰਦੇਸ਼ ਹੈ।

*-ਗੁਰਮੀਤ ਸਿੰਘ ਬਰਸਾਲ*

## ਜੰਗਲਨਾਮਾ-7

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ...*

# ਜੰਗਲ ਦੀਆਂ ਚਿਣਗਾਂ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਨਾਸ਼ਤਾ ਅੱਜ ਸਵੀਟ ਡਿਸ਼ ਹੈ। ਪਤੀਲਾ ਰਵੇ ਦੇ ਕੜਾਹ ਨਾਲ ਭਰਿਆ ਪਿਆ ਸੀ ਜਿਸ ਵਿਚ ਮੂੰਗਫਲੀ ਦੀ ਗਿਰੀ ਪਾਈ ਗਈ ਸੀ। ਖਾਣ ਵਾਲੇ ਮਜ਼ਾ ਲੈ ਲੈ ਕੇ ਖਾ ਰਹੇ ਸਨ ਜਦ ਕਿ ਦੂਸਰੇ ਆਪਣੀ ਵਾਰੀ ਵਾਸਤੇ ਉਤਸੁਕ ਸਨ। ਮੈਂ ਵੀ ਖੁਸ਼ ਹੋਇਆ ਕਿ ਅੱਜ ਬਹੁਤ ਦਿਨਾਂ ਬਾਅਦ ਮਿੱਠੀ ਚੀਜ਼ ਦਾ ਮੂੰਹ ਦੇਖਣ ਨੂੰ ਮਿਲਿਆ। ਸੋਚਿਆ, ਅਜਿਹਾ ਇਥੇ ਕਦੇ ਕਦਾਈਂ ਹੀ ਹੁੰਦਾ ਹੋਵੇਗਾ। ਥਾਲੀ ਲੈ ਕੇ ਜਦ ਮੈਂ ਚੱਖਿਆ ਤਾਂ ਮੇਰਾ ਮੂੰਹ ਥਾਏਂ ਖੜ੍ਹ ਗਿਆ। ਇਹ ਨਮਕੀਨ ਪਲਾਅ ਸੀ-ਦੱਖਣ ਦੀ ਮਸ਼ਹੂਰ ਡਿਸ਼। ਹੌਲੀ ਹੌਲੀ ਮਿੱਠੇ ਦਾ ਖਿਆਲ ਮਨ ਚੋਂ ਮੱਧਮ ਪੈਂਦਾ ਗਿਆ ਤੇ ਜ਼ੁਬਾਨ ਦਾ ਸਵਾਦ ਬਦਲਦਾ ਗਿਆ। ਅੱਧੀ ਪਲੇਟ ਮੁੱਕਣ ਤੱਕ ਮੈਨੂੰ ਸਵਾਦ ਆਉਣ ਲੱਗ ਪਿਆ।

ਮਿੱਠਾ ਸਿਰਫ਼ ਚਾਹ ਵਿਚ ਹੀ ਪੈਂਦਾ ਹੈ, ਬਾਕੀ ਦੀ ਹਰ ਚੀਜ਼ ਨਮਕੀਨ ਹੁੰਦੀ ਹੈ ਜਾਂ ਫਿੱਕੀ। ਚਾਹ ਵੀ ਸਿਰਫ਼ ਗੁਰੀਲਿਆਂ ਦੀ ਹੀ ਅੱਯਾਸ਼ੀ ਹੈ। ਗੌਂਡ ਲੋਕ ਮਿੱਠੀ ਚੀਜ਼ ਪਸੰਦ ਹੀ ਨਹੀਂ ਕਰਦੇ। ਬਸਤਰ ਦੇ ਪਿੰਡਾਂ ਵਿਚ ਲੱਗਣ ਵਾਲੇ ਹਾਟ ਬਾਜ਼ਾਰਾਂ ਵਿਚ, ਜਿਹੜੇ ਪੰਦਰਾਂ ਦਿਨ ਜਾਂ ਕਈ ਵਾਰ ਪੂਰੇ ਮਹੀਨੇ ਬਾਅਦ ਲੱਗਦੇ ਹਨ, ਨਮਕ ਪਹਿਲੀ ਵਸਤੂ ਹੈ ਜਿਸ ਨੂੰ ਲੋਕ ਖਰੀਦਦੇ ਹਨ। ਏਥੇ ਮਿਲਣ ਵਾਲੇ ਨਮਕ ਦਾ ਰੰਗ ਲਾਲ ਭਾਅ ਮਾਰਦਾ ਹੈ ਅਤੇ ਦਾਣੇਦਾਰ ਹੁੰਦਾ ਹੈ। ਆਇਓਡਾਇਜ਼ਡ ਸਾਲਟ ਨਾ ਉਨ੍ਹਾਂ ਕਦੇ ਸੁਣਿਆ ਹੈ, ਨਾ ਹੀ ਦੇਖਿਆ ਹੈ। ਖੰਡ ਇਨ੍ਹਾਂ ਹਾਟ ਬਾਜ਼ਾਰਾਂ ਵਿਚੋਂ ਨਹੀਂ ਮਿਲਦੀ। ਲੋਕ ਖਰੀਦਦੇ ਹੀ ਨਹੀਂ। ਉਨ੍ਹਾਂ ਨੇ ਇਸ ਦਾ ਸਵਾਦ ਵੀ ਨਹੀਂ ਚੱਖਿਆ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਉਨ੍ਹਾਂ ਦੀ ਸਮਰੱਥਾ ਤੋਂ ਪਰੇ ਦੀ ਚੀਜ਼ ਹੈ। ਖੰਡ, ਗੁੜ, ਸ਼ਹਿਦ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਨਹੀਂ ਹਨ। ਮਿਠਾਈ ਨਾਮ ਦੀ ਚੀਜ਼ ਨੂੰ ਜੰਗਲ ਦੇ ਲੋਕ ਨਹੀਂ ਜਾਣਦੇ। ਸ਼ਾਦੀ ਵਿਆਹ ਦੀ ਦਾਅਵਤ ਵਿਚ ਵੀ ਇਸ ਦਾ ਕੋਈ ਸਥਾਨ ਨਹੀਂ ਹੁੰਦਾ। ਵਿਆਹਾਂ ਅਤੇ ਮਰਨਿਆਂ ਵੇਲੇ ਦੀਆਂ ਦਾਅਵਤਾਂ ਵਿਚ ਸ਼ਰਾਬ ਤੇ ਮਾਸ ਹੁੰਦੇ ਹਨ। ਏਥੋਂ ਤਕ ਕਿ ਜਦ ਗੌਂਡ ਲੜਕੇ ਦੇ ਮਾਂ-ਬਾਪ ਉਸ ਦੀ ਹੋਣ ਵਾਲੀ ਵਹੁਟੀ ਘਰ ਰਿਸ਼ਤਾ ਪੱਕਾ ਕਰਨ ਜਾਂਦੇ ਹਨ, ਤਾਂ ਉਹ ਸ਼ਰਾਬ ਹੀ ਲੈ ਕੇ ਜਾਂਦੇ ਹਨ। ਜੇ ਲੜਕੀ ਦੇ ਮਾਂ-ਬਾਪ ਉਨ੍ਹਾਂ ਨਾਲ ਮਿਲ ਕੇ ਪੀ ਲੈਣ, ਤਾਂ ਰਿਸ਼ਤਾ ਤੈਅ ਹੋ ਗਿਆ ਮੰਨ ਲਿਆ ਜਾਂਦਾ ਹੈ। ਮਿੱਠੇ ਦਾ ਸਥਾਨ ਕਿਤੇ ਨਹੀਂ ਹੈ। ਚਾਹ ਵੀ ਉਹੀ ਗੌਂਡ ਪੀਂਦੇ ਹਨ ਜਿਹੜੇ ਦਸਤਿਆਂ ਵਿਚ ਸ਼ਾਮਲ ਹਨ। ਆਮ ਜਨਤਾ ਚਾਹ ਨਹੀਂ ਪੀਂਦੀ (ਕਸਬਿਆਂ ਦੇ ਨਾਲ ਵਾਲੇ ਪਿੰਡਾਂ ਵਿਚ ਹਾਲਤ ਥੋੜ੍ਹੀ ਜਿਹੀ ਅਲੱਗ ਹੈ)। ਜਦ ਪਿੰਡ ਵਿਚੋਂ ਕੋਈ ਮੁੰਡਾ ਜਾਂ ਕੁੜੀ ਗੁਰੀਲਿਆਂ ਨਾਲ ਬੈਠ ਕੇ ਚਾਹ ਪੀਣ ਲੱਗ ਪਵੇ ਤਾਂ ਸਮਝ ਲਵੋ ਕਿ ਉਹ ਜਲਦੀ ਹੀ ਉਨ੍ਹਾਂ ਵਿਚ ਸ਼ਾਮਲ ਹੋਣ ਲੱਗਾ ਹੈ।

ਬੇਸ਼ੱਕ, ਨਮਕੀਨ ਪੁਲਾਅ ਤੋਂ ਬਾਅਦ ਚਾਹ ਹੋਰ ਵੀ ਸਵਾਦ ਲੱਗੀ। ਜੇ ਖੰਡ ਤੇ ਦੁੱਧ ਹੋਣ ਤਾਂ ਗੁਰੀਲੇ ਦਿਨ ਵਿਚ ਦੋ ਵਾਰ ਚਾਹ ਪੀਂਦੇ ਹਨ। ਸਵੇਰੇ ਨਾਸ਼ਤੇ ਨਾਲ, ਸ਼ਾਮ ਨੂੰ ਰਾਤ ਦੇ ਖਾਣੇ ਤੋਂ ਪਹਿਲਾਂ।

ਨਾਸ਼ਤੇ ਤੋਂ ਬਾਅਦ ਮੈਂ ਰਸੋਈ ਵਿਚ ਕੁਝ ਸਮਾਂ ਬਿਤਾਉਣ ਬਾਰੇ ਸੋਚਿਆ ਤਾਂ ਕਿ ਉਥੇ ਬੈਠੇ 13-14 ਸਾਲ ਦੇ ਦੋ ਮੁੰਡਿਆਂ ਨਾਲ ਗੱਲਬਾਤ ਕਰ ਸਕਾਂ। ਉਹ ਵਰਦੀ ਵਿਚ ਨਹੀਂ ਸਨ ਅਤੇ ਮੈਂ ਜਾਨਣਾ ਚਾਹੁੰਦਾ ਸਾਂ ਕਿ ਉਹ ਏਥੇ ਕੀ ਕਰਨ ਆਏ ਹਨ। ਰੋਜ਼ ਹੀ ਤਿੰਨ ਚਾਰ ਮੁੰਡੇ ਕੁੜੀਆਂ ਸਿਵਲ ਡਰੈੱਸ ਪਾਈ ਰਸੋਈ ਵਿਚ ਮੈਨੂੰ ਦਿਸਦੇ ਸਨ। ਹਰ ਰੋਜ਼ ਇਹ ਅਲੱਗ ਹੀ ਹੁੰਦੇ ਸਨ। ਯਕੀਨਨ, ਇਹ ਮੁੰਡੇ ਕੁੜੀਆਂ ਖ਼ੇਮੇ ਵਿਚਲੇ ਗੁਰੀਲੇ ਨਹੀਂ ਸਨ।

ਉਨ੍ਹਾਂ ਦੇ ਪਿੰਡਾਂ ਦੇ ਨਾਮ ਅਜੀਬ ਜਿਹੇ ਸਨ ਜਿਹੜੇ ਹੁਣ ਮੇਰੇ ਜ਼ਿਹਨ ਵਿਚੋਂ ਨਿਕਲ ਗਏ ਹਨ। ਨਾਮ ਤਾਂ ਉਂਜ ਹੀ ਮੈਨੂੰ ਯਾਦ ਨਹੀਂ ਰਹਿੰਦੇ, ਪਰ ਇਹ ਤਾਂ ਗੌਂਡ ਬੋਲੀ ਦੇ ਨਾਮ ਸਨ ਜਿਨ੍ਹਾਂ ਨੂੰ ਯਾਦ ਰੱਖਣਾ ਹੋਰ ਵੀ ਮੁਸ਼ਕਲ ਕੰਮ ਸੀ। ਉਨ੍ਹਾਂ ਵਿਚੋਂ ਇਕ ਜਣਾ ਤਿੰਨ ਸਾਲ ਸਕੂਲ ਗਿਆ ਸੀ ਤੇ ਹਿੰਦੀ ਬੋਲ ਸਕਦਾ ਸੀ। ਉਸ ਨੇ ਆਪਣਾ ਨਾਮ ਦੱਸਿਆ, ਪਰ ਜਦ ਮੈਂ ਦੂਸਰੇ ਨੂੰ ਉਸ ਦਾ ਨਾਮ ਪੁੱਛਿਆ ਤਾਂ ਉਹ ਹੱਸਣ ਲੱਗ ਪਿਆ।

"ਇਹ ਹਿੰਦੀ ਨਹੀਂ ਸਮਝਦਾ। ਇਹਨੂੰ ਪਤਾ ਹੀ ਨਹੀਂ ਲੱਗਾ ਕਿ ਪੁੱਛਿਆ ਕੀ ਗਿਆ ਹੈ।" ਪਹਿਲੇ ਨੇ ਕਿਹਾ।

ਮੈਂ ਪਹਿਲੇ ਨੂੰ ਕਿਹਾ ਕਿ ਉਹ ਮੈਨੂੰ ਦੱਸੇ ਕਿ ਮੈਂ ਗੌਂਡ ਬੋਲੀ ਵਿਚ ਇਸ ਦਾ ਨਾਂ ਕਿਵੇਂ ਪੁੱਛਾਂ।

"ਪਿਦਰ ਬਾਤਾ।"

"ਪਿਦਰ ਬਾਤਾ?" ਮੈਂ ਦੂਸਰੇ ਨੂੰ ਸੰਬੋਧਤ ਹੋ ਕੇ ਪਹਿਲੇ ਦੇ ਸ਼ਬਦ ਦੁਹਰਾਅ ਦਿੱਤੇ।

"ਕੰਨਾ।" ਉਸ ਨੇ ਜਵਾਬ ਦਿੱਤਾ। ਦੋਵਾਂ ਨਾਲ ਇਸ ਤਰ੍ਹਾਂ ਗੱਲਬਾਤ ਕਰਨ ਦਾ ਤਰੀਕਾ ਛੱਡ ਕੇ ਮੈਂ ਸਿਰਫ਼ ਪਹਿਲੇ ਤੋਂ ਹੀ ਜਾਣਕਾਰੀ ਹਾਸਲ ਕਰਨ ਦਾ ਫ਼ੈਸਲਾ ਕੀਤਾ।

ਤਿੰਨ ਜਮਾਤਾਂ ਪੜ੍ਹੇ ਉਸ ਮੁੰਡੇ ਨੇ ਮੇਰੇ ਹਰ ਸਵਾਲ ਦਾ ਜਵਾਬ ਸਪਸ਼ਟ ਹਿੰਦੀ ਵਿਚ ਦਿੱਤਾ। ਤਿੰਨ ਤਿੰਨ ਸਾਲਾਂ ਤੋਂ ਦਸਤਿਆਂ ਵਿਚ ਸ਼ਾਮਲ ਲੜਕੇ ਲੜਕੀਆਂ ਅਜੇ ਇਸ ਮੁਕਾਮ 'ਤੇ ਨਹੀਂ ਪਹੁੰਚੇ ਸਨ ਕਿ ਉਹ ਐਨੀ ਹੀ ਆਸਾਨੀ ਨਾਲ ਹਿੰਦੀ ਬੋਲ ਸਕਦੇ, ਪਰ ਉਹ ਲੜਕਾ ਕਾਫ਼ੀ ਹੁਸ਼ਿਆਰ ਤੇ ਤੇਜ਼ ਸੀ।

ਹਿੰਦੀ ਬੋਲ ਸਕਣ ਵਾਲੇ "ਲੱਚਾ" ਨਾਮ ਦੇ ਉਸ ਮੁੰਡੇ ਨੇ ਮੈਨੂੰ ਦੱਸਿਆ ਕਿ ਉਹ ਰਸੋਈ ਦੀਆਂ ਜ਼ਿੰਮੇਵਾਰੀਆਂ ਵਿਚ ਹੱਥ ਵੰਡਾਉਣ ਆਏ ਹਨ। ਦੋ ਮੁੰਡੇ ਤੇ ਤਿੰਨ ਕੁੜੀਆਂ। ਉਨ੍ਹਾਂ ਨੂੰ ਪਿੰਡ ਵਾਲਿਆਂ ਨੇ ਭੇਜਿਆ ਸੀ। ਕੁੜੀਆਂ ਪਾਣੀ ਲੈਣ ਗਈਆਂ ਹੋਈਆਂ ਸਨ ਤੇ ਇਹ ਮੁੰਡੇ ਲੱਕੜਾਂ ਇਕੱਠੀਆਂ ਕਰ ਕੇ ਲਿਆਏ ਸਨ। ਹਰ ਰੋਜ਼ ਕਿਸੇ ਵੱਖ ਪਿੰਡ ਵੱਲੋਂ ਇਹ ਜ਼ਿੰਮੇਦਾਰੀ ਨਿਭਾਈ ਜਾਂਦੀ ਸੀ ਅਤੇ ਵਾਰੀਆਂ ਬੱਝੀਆਂ ਹੋਈਆਂ ਸਨ।

"ਤੂੰ ਆਪਣੀ ਇੱਛਾ ਨਾਲ ਆਇਆ ਹੈਂ?" ਮੈਂ ਸਵਾਲ ਕੀਤਾ।

"ਹਾਂ। ਮੈਂ ਇਕ ਦਿਨ ਪਹਿਲਾਂ ਵੀ ਆਇਆ ਸਾਂ। ਅੱਜ ਫਿਰ ਮੇਰਾ ਦਿਲ ਕੀਤਾ ਕਿ ਆਵਾਂ।" ਉਸ ਨੇ ਸਹਿਜ-ਭਾਅ ਉਤਰ ਦਿੱਤਾ।

"ਸੋ ਤੈਨੂੰ ਇਹ ਲੋਕ ਚੰਗੇ ਲਗਦੇ ਨੇ?"

"ਹਾਂ। ਜੇ ਇਹ ਕਈ ਦਿਨ ਨਾ ਆਉਣ ਤਾਂ ਮੈਨੂੰ ਚਿੰਤਾ ਹੋ ਜਾਂਦੀ ਹੈ। ਮੈਂ ਇਨ੍ਹਾਂ ਨੂੰ ਉਡੀਕਣ ਲੱਗ ਪੈਂਦਾ ਹਾਂ।"

"ਚਿੰਤਾ? ਕਾਹਦੀ ਚਿੰਤਾ?"

"ਇਨ੍ਹਾਂ ਦੇ ਨਾ ਆਉਣ ਦੀ।"

"ਤੈਨੂੰ ਇਨ੍ਹਾਂ ਦਾ ਕੀ ਫ਼ਾਇਦਾ ਹੈ?"

ਸਵਾਲ ਸੁਣ ਕੇ ਉਹ ਚੁੱਪ ਰਿਹਾ। ਮੈਂ ਉਸ ਨੂੰ ਸਵਾਲ ਦੁਹਰਾਉਣ ਤੋਂ ਪਹਿਲਾਂ ਪੁੱਛਿਆ ਕਿ ਕੀ ਉਸ ਨੂੰ "ਫ਼ਾਇਦਾ" ਸ਼ਬਦ ਦੇ ਅਰਥ ਆਉਂਦੇ ਹਨ, ਉਸ ਨੇ 'ਹਾਂ' ਵਿਚ ਜਵਾਬ ਦਿੱਤਾ। ਮੈਂ ਸਵਾਲ ਫਿਰ ਦੁਹਰਾਅ ਦਿੱਤਾ।

"ਨਾ ਆਉਣ ਤਾਂ ਚਿੰਤਾ ਹੋਵੇਗੀ, ਪਰ ਇਹ ਮੈਨੂੰ ਪਤਾ ਨਹੀਂ ਕਿ ਕੀ ਫ਼ਾਇਦਾ ਹੁੰਦਾ ਹੈ।"

ਕੁਝ ਪਲ ਸੋਚਣ ਤੋਂ ਬਾਅਦ ਉਸ ਨੇ ਕਿਹਾ, "ਕੋਈ ਫ਼ਾਇਦਾ ਨਹੀਂ ਹੁੰਦਾ।"

"ਫਿਰ ਚਿੰਤਾ ਦਾ ਕੀ ਕਾਰਨ?"

ਉਹ ਥੋੜ੍ਹਾ ਉਲਝ ਗਿਆ। ਮੈਂ ਉਸ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਫ਼ਾਇਦਾ ਤੇ ਚਿੰਤਾ ਦੋਵਾਂ ਨੂੰ ਆਪਸ ਵਿਚ ਜੋੜ ਸਕੇ ਅਤੇ ਕਿਸੇ ਨਤੀਜੇ ਉਪਰ ਪਹੁੰਚੇ; ਕਿ ਜਾਂ ਤਾਂ ਉਸ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ, ਜਾਂ ਜ਼ਰੂਰ ਹੀ ਕੋਈ ਫ਼ਾਇਦੇ ਹੁੰਦੇ ਹੋਣਗੇ। ਮੈਂ ਕਿਸੇ ਸਿੱਟੇ ਉਪਰ ਪਹੁੰਚਣਾ ਚਾਹੁੰਦਾ ਸਾਂ।

"ਚਿੰਤਾ ਵੀ ਹੁੰਦੀ ਹੈ। ਚੰਗੇ ਵੀ ਲਗਦੇ ਹਨ। ਹਾਂ, ਇਨ੍ਹਾਂ ਕਾਰਨ ਪੁਲਿਸ ਨਹੀਂ ਆਉਂਦੀ।' ਉਸ ਨੇ ਸੋਚ ਸੋਚ ਕਿਹਾ।

"ਪੁਲਿਸ ਤੰਗ ਕਰਦੀ ਹੈ?"

"ਪੁਲਿਸ ਸਾਡੇ ਮੁਰਗੇ ਖਾ ਜਾਂਦੀ ਹੈ।" ਉਸ ਨੇ ਸਿੱਧਾ ਜਵਾਬ ਦਿੱਤਾ।

"ਇਹ ਤੰਗ ਨਹੀਂ ਕਰਦੇ?"

"ਨਹੀਂ।" ਕਹਿੰਦਾ ਹੋਇਆ ਉਹ ਮੁਸਕਰਾਇਆ।

'ਦਾਦਾ ਲੋਗਾਂ' ਦੇ ਕੰਮ ਉਹ ਮਰਜ਼ੀ ਨਾਲ ਕਰਨ ਆਉਂਦਾ ਸੀ। ਦਸਤੇ ਵਿਚ ਸ਼ਾਮਲ ਹੋਣ ਦੀ ਉਸ ਦੀ ਆਪਣੀ ਇੱਛਾ ਕੋਈ ਨਹੀਂ ਸੀ, ਕਿਉਂਕਿ ਉਹ ਮਾਂ-ਬਾਪ ਦਾ ਇਕਲੌਤਾ ਬੱਚਾ ਸੀ ਅਤੇ ਉਨ੍ਹਾਂ ਦੀ ਦੇਖ-ਭਾਲ ਕਰਨਾ ਚਾਹੁੰਦਾ ਸੀ। ਉਸ ਦੇ ਪਿੰਡ ਦੀਆਂ ਦੋ ਕੁੜੀਆਂ ਤੇ ਇਕ ਨੌਜਵਾਨ ਦਸਤਿਆਂ ਵਿਚ ਸ਼ਾਮਲ ਸਨ ਜਿਸ ਕਾਰਨ ਉਸ ਨੂੰ ਖੁਸ਼ੀ ਹੁੰਦੀ ਸੀ ਤੇ ਚਿੰਤਾ ਵੀ। ਇਸ ਕੈਂਪ ਵਿਚ ਉਸ ਦੇ ਪਿੰਡ ਦੇ ਤਿੰਨਾਂ ਗੁਰੀਲਿਆਂ ਵਿਚੋਂ ਕੋਈ ਵੀ ਸ਼ਾਮਲ ਨਹੀਂ ਸੀ। ਪੁਲਿਸ ਉਤੇ ਉਹ "ਮੁਰਗੇ ਖਾਣ" ਕਾਰਨ ਖ਼ਫ਼ਾ ਸੀ।

ਤਦੇ ਕੁੜੀਆਂ ਨਦੀ ਤੋਂ ਪਾਣੀ ਲੈ ਕੇ ਮੁੜੀਆਂ। ਉਹ ਮੇਰੇ ਇਸ਼ਾਰਾ ਕਰਨ ਉਤੇ ਸਾਡੇ ਵੱਲ ਆ ਤਾਂ ਗਈਆਂ, ਪਰ ਅਣਜਾਣ ਬੋਲੀ ਦੀ ਦੀਵਾਰ ਕਾਰਨ 'ਇੱਲਾ ਇੱਲਾ' ਕਹਿੰਦੀਆਂ ਤੇ ਲੋਟ-ਪੋਟ ਹੁੰਦੀਆਂ ਰਸੋਈ ਦੇ ਕੰਮ ਵਿਚ ਰੁਝ ਗਈਆਂ।

ਵਾਪਸ ਪਰਤਦਿਆਂ ਰਸਤੇ ਵਿਚ ਐਤੂ ਮਿਲ ਗਿਆ। ਉਹ ਰਸੋਈ ਵੱਲ ਜਾ ਰਿਹਾ ਸੀ।

"ਅੱਜ ਕਸਰਤ-ਮੈਦਾਨ ਨਹੀਂ ਆਏ?" ਹੱਥ ਮਿਲਾਉਂਦਿਆਂ ਉਸ ਨੇ ਪੁੱਛਿਆ।

"ਸੈਰ-ਮੈਦਾਨ ਚਲੇ ਗਏ।"

ਐਤੂ ਭਾਈ ਨੂੰ ਮੈਂ ਨਹਾਉਣ ਜਾਣ ਵਾਸਤੇ ਮਨਾ ਲਿਆ। ਉਹ ਦਸ ਮਿੰਟਾਂ ਵਿਚ ਆਉਣ ਦਾ ਵਾਅਦਾ ਕਰ ਕੇ ਤੇਜ਼ ਕਦਮਾਂ ਨਾਲ ਰਸੋਈ ਵੱਲ ਉਤਰ ਗਿਆ।

---

ਨਦੀ ਉਤੇ ਅਸੀਂ ਚਾਰ ਲੋਕ ਸਾਂ। ਐਤੂ ਭਾਈ ਇਕ ਜਣੇ ਨੂੰ ਹੋਰ ਨਾਲ ਲੈ ਕੇ ਆਇਆ ਸੀ। ਤਿੰਨ ਜਣੇ ਨਹਾਉਣ ਲੱਗ ਪਏ ਤੇ ਕੋਸਾ ਵੱਡੇ ਪੱਥਰ ਉਤੇ ਚੜ੍ਹ ਕੇ ਦਰੱਖ਼ਤ ਦੇ ਇੱਕ ਤਣੇ ਦਾ ਸਹਾਰਾ ਲੈ ਕੇ ਖੜ੍ਹਾ ਹੋ ਗਿਆ। ਜਦ ਤਕ ਉਨ੍ਹਾਂ ਦੋਵਾਂ ਵਿਚੋਂ ਕੋਈ ਨਹਾ ਨਹੀਂ ਲਵੇਗਾ, ਤਦ ਤਕ ਕੋਸਾ ਉਥੇ ਹੀ ਡਟਿਆ ਰਹੇਗਾ। ਐਤੂ ਨੇ ਤਾਲਾਬ ਬਣਾਉਣ, ਬੰਧ ਉਸਾਰਨ ਅਤੇ ਇਥੋਂ ਤੱਕ ਕਿ ਸਮੁੱਚੇ ਇਲਾਕੇ ਦਾ ਹੁਲੀਆ ਹੀ ਬਦਲ ਦੇਣ ਦਾ ਖ਼ਾਕਾ ਨਹਾਉਂਦੇ ਨਹਾਉਂਦੇ ਹੀ ਮੇਰੇ ਸਾਹਮਣੇ ਖੋਲ੍ਹ ਕੇ ਰੱਖ ਦਿੱਤਾ। ਉਸ ਦਾ ਖ਼ਾਕਾ ਸੋਚਣ ਵਾਸਤੇ ਸਮੱਗਰੀ ਮੁਹੱਈਆ ਕਰਨ ਵਾਲਾ ਸੀ। ਇਕ ਚੀਜ਼ ਦੂਸਰੀ ਚੀਜ਼ ਦਾ ਕਾਰਨ ਬਣ ਕੇ ਉਸ ਨੂੰ ਪੈਦਾ ਕਰਦੀ ਅਤੇ ਫਿਰ ਦੂਸਰੀ ਕਿਸੇ ਹੋਰ ਚੀਜ਼ ਦੇ ਪੈਦਾ ਹੋਣ ਦਾ ਕਾਰਨ ਹੋ ਨਿਬੜਦੀ। ਮੁਰਗ਼ੀਆਂ-ਆਂਡੇ-ਚੂਜ਼ੇ ਅਤੇ ਫਿਰ ਪੋਲਟਰੀ ਫਾਰਮ। ਬੰਧ-ਮੱਛੀਆਂ-ਸਿੰਜਾਈ-ਸਬਜ਼ੀਆਂ-ਅਨਾਜ ਅਤੇ ਫਿਰ ਖ਼ੁਰਾਕ ਸਬੰਧੀ ਆਤਮ-ਨਿਰਭਰਤਾ। ਜੜ੍ਹੀਆਂ-ਬੂਟੀਆਂ-ਦਵਾਈਆਂ-ਡਾਕਟਰ ਅਤੇ ਫਿਰ ਬਿਮਾਰੀਆਂ ਦਾ ਇਲਾਜ। ਜੱਦੋਜਹਿਦ-ਸਿਰਜਣਾ-ਜੱਦੋਜਹਿਦ। ਜੰਗਲ ਦੀ ਕੋਈ ਵੀ ਚੀਜ਼ ਉਠਾਓ, ਉਸ ਦੀ ਵਰਤੋਂ ਸਬੰਧੀ ਪੂਰੇ ਦਾ ਪੂਰਾ ਪ੍ਰਬੰਧ ਖੜ੍ਹਾ ਹੋ ਜਾਂਦਾ ਅਤੇ ਅੰਤ ਉਹ ਲੋਕਾਂ ਦੇ ਜੀਵਨ ਮਿਆਰ ਨੂੰ ਉਚਾ ਚੁੱਕਣ ਦਾ ਸਾਧਨ ਹੋ ਨਿੱਬੜਦਾ। ਐਤੂ ਅਜਿਹਾ ਅਮਲ ਛੇੜ ਦੇਣਾ ਚਾਹੁੰਦਾ ਸੀ, ਮੌਜੂਦਾ ਹਾਲਤ ਨੂੰ ਬਦਲ ਦੇਣਾ ਚਾਹੁੰਦਾ ਸੀ।

ਸਾਡੇ ਸ਼ੇਖ਼ ਚਿੱਲੀ ਦੀ ਕਹਾਣੀ ਮਸ਼ਹੂਰ ਹੈ ਤਾਂ ਚੀਨ ਵਿਚ ਮੂਰਖ਼ ਬੁੱਢੇ ਦੀ। ਸ਼ੇਖ ਚਿੱਲੀ ਦਾ ਸੁਪਨ-ਮਹੱਲ ਢਹਿ-ਢੇਰੀ ਹੋ ਜਾਂਦਾ ਹੈ, ਪਰ ਮੂਰਖ਼ ਬੁੱਢਾ ਪਹਾੜ ਹਟਾਉਣ ਵਿਚ ਕਾਮਯਾਬ ਰਹਿੰਦਾ ਹੈ। ਬਿਹਾਰ ਵਿਚ ਇੱਕ ਬੰਦੇ ਨੇ ਅਜਿਹਾ ਕ੍ਰਿਸ਼ਮਾ ਕਰ ਵੀ ਦਿਖਾਇਆ। ਉਸ ਨੇ ਨਾ ਮੂਰਖ ਬੁੱਢੇ ਦੀ ਕਹਾਣੀ ਪੜ੍ਹੀ ਹੋਵੇਗੀ, ਨਾ ਫਰਹਾਦ ਦਾ ਨਾਮ ਸੁਣਿਆ ਹੋਵੇਗਾ। ਐਤੂ ਨੂੰ ਵੀ ਯਕੀਨ ਹੈ ਕਿ ਇਕ ਦਿਨ ਪਹਾੜ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇਗਾ। ਕੁਦਾਲ ਹਮੇਸ਼ਾ ਉਸ ਦੇ ਹੱਥਾਂ ਵਿਚ ਰਹਿੰਦੀ ਹੈ। ਉਹ ਪੱਥਰ ਤੋੜਦਾ ਰਹਿੰਦਾ ਹੈ ਤੇ ਮਿੱਟੀ ਹਟਾਉਂਦਾ ਰਹਿੰਦਾ ਹੈ। ਪ੍ਰੋਮਿਥੀਅਸ ਸੱਚੀਂ ਹੀ ਸਵਰਗਾਂ ਤੋਂ ਅੱਗ ਲੈ ਕੇ ਆਇਆ ਸੀ ਕਿ ਨਹੀਂ, ਦੇਵਤਿਆਂ ਨੇ ਸਮੁੰਦਰ ਨੂੰ ਅਸਲੀਅਤ ਵਿਚ ਰਿੜਕਿਆ ਸੀ ਕਿ ਨਹੀਂ, ਇਸ ਉਤੇ ਧਾਰਮਿਕ ਅਕੀਦੇ ਵਾਲਾ ਵੀ ਸ਼ੱਕ ਕਰ ਸਕਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਇਹ ਮਿਥਿਹਾਸ ਮੰਨੇ ਜਾਂਦੇ ਹਨ।

ਬਸਤਰ ਦਾ ਜੰਗਲ ਠੇਕੇਦਾਰਾਂ, ਹਾਕਮਾਂ, ਚੋਰ-ਉਚੱਕਿਆਂ ਦੀ ਪਕੜ ਤੋਂ ਕਾਫ਼ੀ ਹੱਦ ਤੱਕ ਆਜ਼ਾਦ ਹੋ ਗਿਆ ਹੈ, ਕੁੜੀਆਂ ਬੇ-ਖ਼ੌਫ਼ ਹੋ ਕੇ ਜੰਗਲ ਵਿਚ ਵਿਚਰਦੀਆਂ ਹਨ ਅਤੇ ਮਾਂ-ਬਾਪ ਨੂੰ ਕੋਈ ਹੌਲ ਨਹੀਂ ਉਠਦੇ, ਨਵੀਂ ਸਿਰਜਣਾ ਦੀ ਕਾਂਗ ਹੌਲੀ ਹੌਲੀ ਵੇਗ ਫੜ ਰਹੀ ਹੈ, ਸੁਪਨਾ ਹਕੀਕਤ ਵਿਚ ਬਦਲ ਰਿਹਾ ਹੈ ਅਤੇ ਜਦ ਗੁਰੀਲੇ ਕਈ ਕਈ ਦਿਨ ਨਹੀਂ ਪਹੁੰਚਦੇ ਤਾਂ ਲੱਚਾ ਅਤੇ ਕੰਨਾ ਜਿਹੇ ਵੱਡੇ ਹੋ ਰਹੇ ਬੱਚੇ ਚਿੰਤਤ ਹੋ ਜਾਂਦੇ ਹਨ। ਉਹ ਪਹਾੜ ਨੂੰ ਆਪਣੀਆਂ ਅੱਖਾਂ ਨਾਲ ਹਟਦਾ ਹੋਇਆ ਦੇਖ ਰਹੇ ਹਨ, ਮਿਥਿਹਾਸ ਨੂੰ ਹਕੀਕਤ ਵਿਚ ਢਲਦਾ ਹੋਇਆ ਦੇਖ ਰਹੇ ਹਨ।


ਐਤੂ ਸਾਥੋਂ ਪਹਿਲਾਂ ਨਦੀ ਚੋਂ ਨਿਕਲਿਆ ਅਤੇ ਪਰਨੇ ਨੂੰ ਹੱਥ ਪਾਉਂਦੇ ਹੋਏ ਬੋਲਿਆ, "ਕੋਸਾ! ਤਿਆਰ ਹੋ ਜਾ, ਮੈਂ ਤੇਰੀ ਥਾਂ ਆ ਰਿਹਾਂ।"

ਜਦ ਤਕ ਅਸੀਂ ਨਦੀ 'ਚੋਂ ਨਿਕਲੇ, ਐਤੂ

(ਬਾਕੀ ਅਗਲੇ ਸਫੇ 'ਤੇ)



*ਨਦੀਆਂ ਨਾਲੇ ਸੁੱਕ ਜਾਂਦੇ ਹਨ ਤਾਂ ਮੱਛੀਆਂ, ਕੇਕੜੇ, ਘੋਗਿਆਂ ਦਾ ਕਾਲ ਪੈ ਜਾਂਦਾ ਹੈ। ਉਸ ਕਾਲ ਸਮੇਂ ਜੇ ਕਿਸੇ ਨੂੰ ਮੱਛੀ ਮਿਲ ਜਾਵੇ ਤਾਂ ਉਸ ਜਿਹਾ ਦੁਨੀਆਂ ਉਤੇ ਹੋਰ ਕੋਈ ਨਹੀਂ। ਸੋ ਅਸੀਂ ਉਸ ਸਮੇਂ ਵਾਸਤੇ ਕੁਝ ਮੱਛੀ ਸੁਕਾ ਕੇ ਰੱਖ ਲੈਂਦੇ ਹਾਂ। ਜਦ ਮੱਛੀ ਬਹੁਤ ਹੁੰਦੀ ਹੈ ਤਾਂ ਬਾਂਬੂ ਵੀ ਬਹੁਤ ਹੁੰਦਾ ਹੈ, ਪਰ ਇਸ ਨੇ ਮੱਛੀ ਤੋਂ ਬਹੁਤ ਪਹਿਲਾਂ ਸੁੱਕ ਕੇ ਲੱਕੜ ਹੋ ਜਾਣਾ ਹੁੰਦਾ ਹੈ। ਅਸੀਂ ਮੱਛੀ ਨੂੰ ਬਚਾਉਂਦੇ ਹਾਂ ਤੇ ਬਾਂਸ ਦੀ ਵਰਤੋਂ ਕਰਦੇ ਹਾਂ। ਪੁਸ਼ਤਾਂ ਤੋਂ ਸਾਡੇ ਵੱਡ-ਵਡੇਰਿਆਂ ਨੇ ਇਸ ਦੀ ਜ਼ਰੂਰਤ ਮਹਿਸੂਸ ਕੀਤੀ ਹੋਵੇਗੀ ਤੇ ਉਨ੍ਹਾਂ ਇਹ ਢੰਗ ਕੱਢ ਲਿਆ: ਮੱਛੀ ਬਚਾਓ ਤੇ ਬਾਂਸ ਖਾਓ। ਨਹੀਂ ਤਾਂ ਮੱਛੀ ਦੇ ਦਿਨਾਂ 'ਚ ਬਾਂਸ ਕੌਣ ਖਾਣਾ ਚਾਹੇਗਾ? ਇਹ ਸਵਾਦ ਨਹੀਂ ਹੁੰਦਾ, ਪਰ ਸਾਡੇ ਦਿਨ ਲੰਘਾ ਦੇਂਦਾ ਹੈ ਜਿਸ ਨਾਲ ਮੱਛੀ ਬਚ ਜਾਂਦੀ ਹੈ। ਬਾਕੀ ਦਾ ਸਮਾਂ ਅਸੀਂ ਮੱਛੀ ਵੀ ਖਾਂਦੇ ਹਾਂ ਤੇ ਕੰਦ-ਮੂਲ ਵੀ।*



*ਗਾਉਣਾ ਤੇ ਨੱਚਣਾ ਸਭ ਨੂੰ ਆਉਂਦਾ ਸੀ। ਇਹ ਦੋਵੇਂ ਗੁਣ ਕਬਾਇਲੀਆਂ ਨੂੰ ਵਿਰਸੇ ਵਿਚ ਮਿਲਦੇ ਹਨ। ਆਦਮੀ, ਔਰਤਾਂ, ਮੁੰਡੇ, ਕੁੜੀਆਂ, ਸਾਰੇ ਇਕੱਠੇ ਹੀ ਨੱਚਦੇ ਹਨ। ਜਾਣ ਲਵੋ ਕਿ ਸਾਰਾ ਪਿੰਡ ਹੀ ਇਕੱਠਾ ਨੱਚਦਾ ਹੈ। ਕਬਾਇਲੀਆਂ ਦੇ ਸਾਰੇ ਗੀਤ ਸਮੂਹ-ਗੀਤ ਹੀ ਹਨ। ਉਹ ਮਿਲ ਕੇ ਗਾਉਂਦੇ ਹਨ। ਆਪਣੇ ਸਾਰੇ ਦੌਰੇ ਦੌਰਾਨ ਮੈਂ ਸੋਲੋ ਗੀਤ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਕਿਸੇ ਨੂੰ ਵੀ ਅਜਿਹੇ ਕਿਸੇ ਗੀਤ ਦਾ ਪਤਾ ਨਹੀਂ ਸੀ। ਇਕ ਸ਼ਾਮ ਰਾਇਪੁਰ ਰੇਡੀਓ ਤੋਂ ਮੈਂ ਅਜਿਹਾ ਗੌਂਡ ਗੀਤ ਸੁਣਿਆ ਜਿਸ ਨੂੰ ਇਕ ਕਲਾਕਾਰ ਗਾ ਰਹੀ ਸੀ; ਪਰ ਸਭ ਨੇ ਮੈਨੂੰ ਇਹੀ ਕਿਹਾ ਕਿ ਇਸ ਗੀਤ ਨੂੰ ਇੱਕਲਾ ਕੋਈ ਨਹੀਂ ਗਾਉਂਦਾ, ਤੇ ਅਜਿਹਾ ਸਿਰਫ਼ ਰੇਡੀਓ ਉਤੇ ਹੀ ਹੋ ਰਿਹਾ ਹੈ।*

# ਪੈਰਿਸ ਦੇ ਕਾਹਵਾ ਘਰਾਂ ਤੇ ਕਬਰਸਤਾਨਾਂ ਦੀ ਵਿਸ਼ੇਸ਼ਤਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਭਾਰੀ ਭਰਕਮ ਸ਼ਬਦਾਂ ਰਾਹੀਂ ਗੂੰਜ ਪੈਦਾ ਕਰਨ ਵਾਲੇ ਗੁਰਬਚਨ ਨੇ ਤੀਹ ਸਾਲ ਦੇ ਸਫਰਾਂ ਨੂੰ ਜ਼ੁਬਾਨ ਦੇ ਕੇ 336 ਪੰਨਿਆਂ ਦੀ ਪੁਸਤਕ ਤਿਆਰ ਕਰਕੇ ਇਸ ਨੂੰ ਮਹਾਂਯਾਤਰਾ ਦਾ ਨਾਂ ਦਿੱਤਾ ਹੈ। ਉਸ ਦੀ ਧਾਰਨਾ ਹੈ ਕਿ ਮੰਡੀ ਮਨੁੱਖ ਅੰਦਰੋਂ ਸਿਮ੍ਰਤੀਆਂ ਚੂਸ ਲੈਂਦੀ ਹੈ ਤੇ ਉਸ ਨੂੰ ਤੈਅਸ਼ੁਦਾ ਤਰਤੀਬ ਦਾ ਗੁਲਾਮ ਬਣਾ ਦਿੰਦੀ ਹੈ। ਸੂਰਜ ਦੀ ਪਹਿਲੀ ਕਿਰਨ ਤੋਂ ਪਹਿਲਾਂ ਬੰਦੇ ਘਰੋਂ ਕੰਮ 'ਤੇ ਨਿਕਲਦੇ ਹਨ, ਸੌ ਮੀਲ ਦੀ ਸਪੀਡ 'ਤੇ ਕਾਰ ਦੌੜਾਉਂਦੇ ਨੇ। ਵਾਪਸ ਘਰ ਪੁੱਜਣ ਤੱਕ ਹਨ੍ਹੇਰਾ ਪਸਰ ਚੁੱਕਾ ਹੁੰਦਾ ਹੈ। ਲੇਖਕ ਨੇ ਏਨੀ ਯਾਤਰਾ ਕਿਵੇਂ ਕੀਤੀ ਇਸ ਦਾ ਮੂਲ ਕਾਰਨ ਲੇਖਕ ਦੀਆਂ ਬੇਟੀਆਂ ਦਾ ਦੁਨੀਆਂ ਦੇ ਪ੍ਰਸਿੱਧ ਸ਼ਹਿਰਾਂ ਵਿਚ ਵਸਣਾ ਹੈ। ਵੱਡੀ ਬੇਟੀ ਜਪਾਨ ਪੜ੍ਹਨ ਗਈ, ਟੋਕੀਓ ਵਿਚ ਸੈਟਲ ਹੋ ਗਈ ਤੇ ਛੋਟੀ ਫਰਾਂਸ ਦੀ ਲਿਉ ਯੂਨੀਵਰਸਿਟੀ ਵਿਚ ਉਚੀ ਵਿੱਦਿਆ ਪ੍ਰਾਪਤ ਕਰਨ ਗਈ, ਉਥੇ ਵਿਆਹ ਕਰਕੇ ਪੈਰਿਸ ਵਿਚ ਰਹਿਣ ਲੱਗੀ। ਆਪਣੀ ਮਹਾਂਯਾਤਰਾ ਦੌਰਾਨ ਉਹ ਉਤਰ ਦੱਖਣ, ਪੂਰਬ, ਪੱਛਮ, ਜਿਧਰ ਵੀ ਜਾਂਦਾ ਪੈਰਿਸ ਤੇ ਟੋਕੀਓ ਨਾਲ ਤਾਲ ਮੇਲ ਬਣਾ ਹੀ ਰੱਖਦਾ। ਪੈਰਿਸ ਦੇ ਕਾਹਵਾ ਘਰਾਂ ਤੇ ਕਬਰਸਤਾਨਾਂ ਦਾ ਹੇਠ ਲਿਖਿਆ ਬਿਆਨ ਉਸ ਦੀ ਸੋਚ ਤੇ ਸ਼ੈਲੀ ਦੀ ਪੁਸ਼ਟੀ ਲਈ ਕਾਫੀ ਹੋਵੇਗਾ। ਉਹ ਲਿਖਦਾ ਹੈ:

"ਮੇਰੀ ਪੁਸ਼ਤ ਜਿਨ੍ਹਾਂ ਸਾਹਿਤਕਾਰਾਂ ਨੂੰ ਪੜ੍ਹ ਕੇ ਵੱਡੀ ਹੋਈ, ਉਹ ਮੋਮਾਰਤ (ਪੈਰਿਸ ਦੀ ਇਕ ਨਿੱਕੀ ਜਿਹੀ ਪਹਾੜੀ, ਜਿਥੇ ਸੈਂਕੜੇ ਚਿੱਤਰਕਾਰ ਮੂਰਤਾਂ ਪੇਂਟ ਕਰਨ ਲਈ ਬੈਠੇ ਰਹਿੰਦੇ ਹਨ) ਦੇ ਕੈਫਿਆਂ ਵਿਚ ਬੈਠ ਕੇ ਲਿਖਦੇ ਸਨ, ਖਾਸ ਕਰਕੇ ਕਲੋਜਰੀ ਦਾ ਲੀਲਾ ਵਿਖੇ ਹੈਮਿੰਗਵੇ ਨੇ ਆਪਣਾ ਪਹਿਲਾ ਨਾਵਲ ਇਸ ਕੈਫੇ 'ਚ ਬੈਠ ਕੇ ਲਿਖਿਆ। ਜੇਮਜ਼ ਜੌਇਸ ਅਤੇ ਸੈਮੂਅਲ ਬੈਕਟ ਵੀ ਏਸ ਅੱਡੇ ਦੀ ਉਪਜ ਹਨ। 1905 ਤੋਂ 1914 ਤੱਕ ਇਹ ਕੈਫੇ 'ਪੋਇਟਰੀ ਐਂਡ ਪਰੋਜ਼' ਨਾਂ ਦੀ ਸਾਹਿਤਕ ਪਤ੍ਰਿਕਾ ਦਾ ਦਫਤਰ ਵੀ ਰਿਹਾ। ਇਹਨੂੰ ਸਾਹਿਤਕ ਕੈਫੇ ਕਿਹਾ ਜਾਂਦਾ ਹੈ।"

"ਪੈਰਿਸ ਨੂੰ ਸ਼ਾਇਦ ਇਹਦੇ ਕੈਫਿਆਂ ਕਰਕੇ ਹੀ ਵਿਸ਼ਵ ਦੀ ਕਲਾ ਰਾਜਧਾਨੀ ਕਿਹਾ ਜਾਂਦਾ ਹੈ। ਪਿਕਾਸੋ ਸਪੇਨ 'ਚ ਪੈਦਾ ਹੋਇਆ, 19 ਸਾਲ ਦੀ ਉਮਰ 'ਚ ਪੈਰਿਸ ਆ ਗਿਆ। ਜ਼ਿੰਦਗੀ ਦਾ ਵੱਡਾ ਹਿੱਸਾ ਲੈਫਟ ਬੈਂਕ ਦੇ ਇਲਾਕੇ 'ਚ ਗੁਜ਼ਾਰਿਆ ਉਹਦੀ ਦੋਸਤੀ ਕਵੀ ਮੈਕਸ ਜਾਕਬ ਨਾਲ ਪਈ।




ਦੋਵੇਂ ਇਕੋ ਕਮਰੇ 'ਚ ਰਹਿੰਦੇ ਸਨ। ਜਗ੍ਹਾ ਥੋੜ੍ਹੀ ਹੋਣ ਕਰਕੇ ਪਿਕਾਸੋ ਦਿਨੇ ਸੌਂਦਾ ਤੇ ਰਾਤ ਨੂੰ ਕੰਮ ਕਰਦਾ। 1905 'ਚ ਜਦ ਅਮਰੀਕੀ ਲੇਖਿਕਾ ਜਰਟਰੂਡ ਸਟੇਨ ਨੇ ਪਿਕਾਸੋ ਦੇ ਕੰਮ ਦੀ ਪਹਿਲੀ ਨੁਮਾਇਸ਼ ਲਗਾਈ ਤਾਂ ਪਿਕਾਸੋ ਦੀ ਭੇਟ ਪੇਂਟਰ ਮਾਤੀਸ ਨਾਲ ਹੋਈ। ਦੋਵੇਂ ਜ਼ਿੰਦਗੀ ਭਰ ਮਿੱਤਰ ਰਹੇ। ਪਿਕਾਸੋ ਨੇ ਸਪੇਨੀ ਸਿਵਲ ਯੁੱਧ ਵੇਲੇ ਜਰਮਨਾਂ ਵੱਲੋਂ ਗਰਨੀਕਾ ਸ਼ਹਿਰ ਦੀ ਕੀਤੀ ਗਈ ਤਬਾਹੀ ਤੋਂ ਆਤੰਕਿਤ ਹੋ ਕੇ ਜਗਤ ਪ੍ਰਸਿੱਧ ਚਿੱਤਰ 'ਗਰਨੀਕਾ' ਇਸ ਇਲਾਕੇ 'ਚ ਰਹਿੰਦਿਆਂ ਬਣਾਇਆ।"

"ਇਹ ਜੋ ਕੈਫੇ ਦੁਇ ਮਾਗੋ ਦੇ ਅੰਦਰ ਸਾਹਮਣੇ ਦੀਵਾਰ ਨਾਲ ਫਿਟ ਹੋਏ ਪੁਰਾਣੀ ਤਰਜ਼ ਦੇ ਬੈਂਚ 'ਤੇ ਪਿੱਤਲ ਦੀ ਇਕ ਨਿੱਕੀ ਪੱਤਰੀ ਤੇ ਜੇ. ਪੀ. ਸਾਰਤਰ ਖੁਣਿਆ ਹੋਇਆ। ਸਾਰਤਰ ਜਦ ਵੀ ਇਸ ਕੈਫੇ 'ਚ ਆਉਂਦਾ ਇਸ ਸੀਟ 'ਤੇ ਬੈਠਦਾ। ਇਹਦੇ ਨਾਲ ਵਾਲੀ ਖਿੜਕੀ ਵਾਲੇ ਪਾਸੇ, ਸਿਮੋਨ ਦਬੂਆ ਦੀ ਸੀਟ ਸੀ। ਚਾਰ ਕੁ ਫੁੱਟ ਉਰ੍ਹਾਂ, ਖੱਬੇ ਹੱਥ ਇਕ ਗੋਲ ਨਿੱਕਾ ਮੇਜ਼ ਹੈ ਜੀਹਦੇ ਦੁਆਲੇ ਦੋ ਕੁਰਸੀਆਂ ਹਨ। ਇਥੇ ਪਿਕਾਸੋ ਅਤੇ ਉਹਦੀ ਨੌਜਵਾਨ ਪਤਨੀ ਬੈਠਦੇ ਸਨ। ਸਾਰਤਰ ਵਾਲੇ ਬੈਂਚ ਦੇ ਖੱਬੇ ਹੱਥ ਰਤਾ ਅਗਾਂਹ ਹੈਮਿੰਗਵੇਅ ਦੀ ਸੀਟ ਰਿਜ਼ਰਵ ਪਈ ਹੈ।"

ਲੇਖਕ ਨੇ ਜਿਹੜੇ ਕੈਫੇ ਦੇਖੇ ਉਹ ਸਾਰੇ ਹੀ ਮਹੱਤਵਪੂਰਨ ਹਨ। ਕੁਝ ਹੀ ਕਦਮਾਂ 'ਤੇ ਫਰਾਂਸ ਦਾ ਪ੍ਰਸਿੱਧ ਕਲਾ ਸਕੂਲ 'ਐਕਲ ਦੇ ਬੋ ਜ਼ਾਰ' ਹੈ ਜਿਥੇ ਪੰਜਾਬ ਦੀ ਅੰਮ੍ਰਿਤਾ ਸ਼ੇਰਗਿੱਲ ਨੇ ਕਲਾ ਦੀ ਸਿੱਖਿਆ ਪ੍ਰਾਪਤ ਕੀਤੀ। ਏਥੇ ਹੀ ਉਨੀਵੀਂ ਸਦੀ 'ਚ ਸਿਖਰਾਂ ਛੂਹਣ ਵਾਲੇ ਪ੍ਰਸਿੱਧ ਕਲਾਕਾਰ ਕਲੋਦ ਮੋਨੇ ਅਤੇ ਰੈਨੂਵਾ ਨੇ ਕਲਾ ਦੀ ਸਿੱਖਿਆ ਲਈ।

ਪੈਰਿਸ ਦੇ ਕੈਫਿਆਂ 'ਚ ਲਿਖਣ ਵਾਲਿਆਂ ਨੇ ਲਿਖਣਾ; ਬੋਲਣ ਵਾਲਿਆਂ ਨੇ ਗੋਸ਼ਟ ਕਰਨਾ; ਮਨੁੱਖੀ ਇਨਸਾਫ ਨਾਲ ਖੜਨ ਵਾਲਿਆਂ ਨੇ ਮੀਟਿੰਗਾਂ ਕਰਨੀਆਂ; ਦਮਨਕਾਰੀ ਸੱਤਾ ਵਿਰੁੱਧ ਮਨਸੂਬੇ ਬਨਾਣੇ; ਪ੍ਰਤਿ-ਵਿਚਾਰਾਂ ਦਾ ਮੁਹਾਜ਼ ਉਸਾਰਨਾ। ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਕਈ ਕੈਫੇ ਕ੍ਰਾਂਤੀਕਾਰੀਆਂ ਦੇ ਅੱਡੇ ਬਣ ਗਏ। ਜੋ ਵਿਚਾਰਾਂ ਅਤੇ ਕਲਾ ਸ਼ੈਲੀਆਂ ਦਾ ਉਠਾਣ ਯੌਰਪ 'ਚ ਵੀਹਵੀਂ ਸਦੀ ਵਿਚ ਦੇਖਣ ਨੂੰ ਮਿਲਿਆ ਉਸ ਵਿਚ ਪੈਰਿਸ ਦੇ ਕੈਫਿਆਂ ਦਾ ਹੱਥ ਹੈ। ਕਿਸੇ ਸਮੇਂ ਹਜ਼ਾਰਾਂ ਨਹੀਂ ਲੱਖਾਂ ਕੈਫੇ, ਸਾਰੇ ਫਰਾਂਸ 'ਚ ਸਨ, ਬਹੁਤੇ ਪੈਰਿਸ ਵਿਚ।

ਉਦੋਂ ਸਭ ਤੋਂ ਮਸ਼ਹੂਰ ਕੈਫੇ ਸੀ, ਲਾ ਕੈਫੇ ਦ ਰੀਜੈਂਸ। ਇਹ ਕੈਫੇ ਲੂਵਰ ਆਰਟ ਗੈਲਰੀ, ਜਿਥੇ ਮੋਨਾ ਲਿਜ਼ਾ ਦੀ ਪੇਂਟਿੰਗ ਲਟਕੀ ਹੋਈ ਹੈ ਤੋ ਕੁਝ ਕਦਮਾਂ 'ਤੇ ਸੀ। ਉਨੀਵੀਂ ਸਦੀ 'ਚ ਕੈਫੇ ਰੀਜੈਂਸ 'ਵਰਕਿੰਗ ਕਲਾਸ ਪਾਲਿਟਿਕਸ' ਦਾ ਅੱਡਾ ਬਣ ਚੁੱਕਾ ਸੀ। ਕਾਰਲ ਮਾਰਕਸ ਦੀ ਫ੍ਰੈਡਰਿਕ ਐਂਗਲਜ਼ ਨਾਲ ਪਹਿਲੀ ਮਿਲਣੀ ਇਸ ਕੈਫੇ ਵਿਚ ਹੋਈ ਸੀ।

ਜੇਮਜ਼ ਜੌਇਸ ਵੀਹ ਸਾਲ ਪੈਰਿਸ 'ਚ ਰਿਹਾ ਤੇ 'ਯੂਲੀਸੀਜ' ਨਾਵਲ ਪੜ੍ਹ ਕੇ 'ਵੇਟਿੰਗ ਫਾਰ ਗੋਦੋ' ਵਾਲਾ ਨੋਬਲ ਪੁਰਸਕਾਰੀ ਸੈਮੁਅਲ ਬੈਕਟ ਜੌਇਸ ਦਾ ਚੇਲਾ ਬਣ ਗਿਆ। ਬੈਕਟ ਬਾਦ ਵਿਚ ਸਾਰੀ ਉਮਰ ਪੈਰਿਸ 'ਚ ਰਿਹਾ। ਕਮਾਲ ਇਹ ਹੈ ਕਿ ਟੀ.ਐਸ. ਐਲੀਅਟ, ਜੇਮਜ਼ ਜੌਇਸ, ਹੈਮਿੰਗਵੇ, ਆਲਬੇਰ ਕਾਮੂ, ਸਾਰਤਰ ਤੇ ਸੈਮੁਅਲ ਬੈਕਟ- ਸਭਨਾਂ ਨੂੰ ਨੋਬਲ ਪੁਰਸਕਾਰ ਪ੍ਰਾਪਤ ਹੋਇਆ।

ਪੈਰਿਸ ਦੇ ਕਬਰਸਤਾਨਾਂ ਨੂੰ ਵੀ ਕਲਾਕਾਰਾਂ ਤੇ ਸਾਹਿਤਕਾਰਾਂ ਦੇ ਪ੍ਰਸੰਗ ਵਿਚ ਵੇਖਣ ਦੀ ਲੋੜ ਹੈ। ਵੱਡਾ ਕਬਰਸਤਾਨ 115 ਏਕੜ ਜ਼ਮੀਨ ਵਿਚ ਬਣਿਆ ਹੋਇਆ ਹੈ। ਲੇਖਕ ਇਸ ਵਿਚ ਵਿਕਟਰ ਹਿਊਗੋ ਤੇ ਸਾਰਤਰ ਦੀਆਂ ਕਬਰਾਂ ਲੱਭਦਾ ਬੌਂਦਲ ਜਾਂਦਾ ਹੈ। ਅਚਾਨਕ ਇਕ ਕਬਰ ਉਤੇ ਉਸ ਨੂੰ ਬਲਜ਼ਾਕ ਦੇ ਚਿਹਰੇ ਵਾਲਾ ਬੁੱਤ ਦਿਖਾਈ ਦਿੰਦਾ ਹੈ। ਕੋਈ ਏਥੇ ਤਾਜ਼ਾ ਫੁੱਲਾਂ ਦਾ ਗੁਲਦਸਤਾ ਤੇ ਇਕ ਕਾਰਡ ਰੱਖ ਗਿਆ ਹੈ ਜਿਸ 'ਤੇ ਲਿਖਿਆ ਹੈ, 'ਤੈਨੂੰ ਲੋਕ ਅੱਜ ਵੀ ਪਿਆਰ ਕਰਦੇ ਹਨ।' ਇਹ ਵੇਖ ਕੇ ਲੇਖਕ ਨੂੰ ਲੰਡਨ ਦੇ ਹਾਈਗੇਟ ਕਬਰਸਤਾਨ ਵਿਚ ਵੇਖੀ ਕਾਰਲ ਮਾਰਕਸ ਦੀ ਕਬਰ ਚੇਤੇ ਆ ਜਾਂਦੀ ਹੈ ਜਿਥੇ ਮਾਰਕਸ ਦਾ ਵਾਕ ਉਕਰਿਆ ਹੋਇਆ ਸੀ। ਦਾਰਸ਼ਨਿਕਾਂ ਨੇ ਦੁਨੀਆਂ ਦੀ ਵਿਆਖਿਆ ਕੀਤੀ ਹੈ, ਲੋੜ ਦੁਨੀਆਂ ਨੂੰ ਬਦਲਣ ਦੀ ਹੈ।

ਲੇਖਕ ਮੁੜ ਆਪਣਾ ਧਿਆਨ ਕਬਰਾਂ ਉਤੇ ਲਿਖੇ ਸ਼ਬਦਾਂ ਤੇ ਵਾਕਾਂ ਵੱਲ ਲਾਉਂਦਾ। ਇਨ੍ਹਾਂ ਵਿਚ ਗਰੀਬਾਂ ਦੇ ਬੋਲ ਵੀ ਹਨ ਤੇ ਅਮੀਰਾਂ ਦੇ ਵੀ। ਦਫਨਾਉਣ ਵਾਲਿਆਂ ਵੱਲੋਂ ਖਰਚੇ ਪੈਸਿਆਂ ਸਮੇਤ। ਇਨ੍ਹਾਂ ਵਿਚ ਹੀ ਕਿਧਰੇ ਨਾਟਕਕਾਰ ਮੋਲੀਅਰ ਦੀ ਕਬਰ ਵੀ ਹੈ ਤੇ ਹੋਮੀਓਪੈਥੀ ਦੇ ਬਾਨੀ ਹਾਈਨਮੈਨ ਦੀ ਵੀ। ਲੇਖਕ ਬਾਹਰ ਨਿਕਲਣ ਲਗਦਾ ਹੈ ਤਾਂ ਅਚਾਨਕ ਅੰਗਰੇਜ਼ੀ ਲੇਖਕ ਆਸਕਰ ਵਾਈਲਡ ਦੀ ਕਬਰ ਦਿੱਸ ਪੈਂਦੀ ਹੈ। ਇਸ ਉਤੇ ਲੱਗਾ ਪੱਥਰ ਲੇਖਕ ਨੂੰ ਅਮੂਰਤ ਬੁਤਤਰਾਸ਼ੀ ਜਾਪਦਾ ਹੈ। ਆਸਕਰ ਦੀ ਬੈਚੇਨ ਆਤਮਾ ਵਰਗਾ। ਆਪਣੇ ਸਮੇਂ ਦੀਆਂ ਰੋਕਾਂ ਨੂੰ ਫੀਤਾ ਫੀਤਾ ਕਰਨ ਵਾਲਾ ਇਕ ਲੇਖਕ ਸਮਲਿੰਗੀ ਸੀ। ਉਸ ਨੂੰ ਇੰਗਲੈਂਡ ਦੀ ਰੈਡਿੰਗ ਜੇਲ੍ਹ ਵਿਚ ਕੈਦ ਕੀਤਾ ਗਿਆ ਸੀ। ਲੇਖਕ ਨੂੰ ਉਸ ਦੀ ਕਬਰ ਪੈਰਿਸ ਵਿਚ ਲੱਭੀ। ਛੋਟੇ ਵੱਡੇ ਬੁਧੀਜੀਵੀਆਂ ਨੂੰ ਚੇਤੇ ਕਰਨ ਲਈ ਏਸ ਕਬਰਸਤਾਨ ਦੀ ਇਕ ਫੇਰੀ ਕਾਫੀ ਨਹੀਂ। ਪੈਰਿਸ ਵਿਚ ਕਬਰਸਤਾਨਾਂ ਦੀ ਵਿਸ਼ੇਸ਼ਤਾ ਕਾਹਵਾ ਘਰਾਂ ਵਰਗੀ ਹੀ ਹੈ।

ਗੁਰਬਚਨ ਦੀ ਮਹਾਂਯਾਤਾਰਾ ਵਿਚ ਉਸਾਕਾ ਤੇ ਟੋਕੀਓ ਦੇ ਵੇਰਵੇ ਵੀ ਪੈਰਿਸ ਨਾਲੋਂ ਘੱਟ ਨਹੀਂ। ਸਾਊਥਾਲ, ਹਾਈਗੇਟ, ਬ੍ਰੈਡਫੋਰਡ, ਸਕਾਟਲੈਂਡ, ਰੋਮ, ਬ੍ਰਾਈਟਨ, ਵੈਨਕੂਵਰ, ਸਿਆਟਲ, ਸੈਂਟਾ ਕਲਾਰਾ, ਫਰੀਮਾਂਟ ਤੇ ਨਿਊ ਯਾਰਕ ਸਮੇਤ। ਇਹ ਕਾਲਮ ਤਾਂ ਕੇਵਲ ਨਮੂਨਾ ਮਾਤਰ ਹੀ ਪੇਸ਼ ਕਰਦਾ ਹੈ। ਪੰਜਾਬੀ ਬੰਦਾ ਕਿਵੇਂ ਤੇ ਕਿੱਥੇ ਕਿੱਥੇ ਗਿਆ, ਪੁਸਤਕ ਉਸ ਦਾ ਨਿਚੋੜ ਵੀ ਪੇਸ਼ ਕਰਦੀ ਹੈ। ਮਹਾਂਯਾਤਰਾ ਪਾਠਕ ਦਾ ਪੂਰਾ ਧਿਆਨ ਮੰਗਦੀ ਹੈ। ਇਹ ਸਫਰਨਾਮਿਆਂ ਵਰਗੀ ਸਰਲ ਨਹੀਂ। ਸਵਾਗਤ ਹੈ।

**ਅੰਤਿਕਾ:** (ਈਸ਼ਵਰ ਚਿੱਤਰਕਾਰ)

ਤੇਰੇ ਪਿਆਰ ਸਾਹਮਣੇ
ਮੇਰੀ ਨਿਗਾਹ ਕੀ ਟਿਕੇ,
ਫੁੱਲਾਂ ਦੀ ਮਹਿਕ ਹੈ ਸਦਾ
ਫੁੱਲਾਂ ਤੋਂ ਦੌੜਦੀ ਰਹੀ।

## *ਜੰਗਲ ਦੀਆਂ ਚਿਣਗਾਂ*

***(ਪਿਛਲੇ ਸਫੇ ਦੀ ਬਾਕੀ)***

ਕੋਸਾ ਦੀ ਥਾਂ ਲੈ ਚੁੱਕਾ ਸੀ ਅਤੇ ਕੋਸਾ ਨਦੀ 'ਚ ਉਤਰਨ ਦੀ ਤਿਆਰੀ ਕਰ ਰਿਹਾ ਸੀ।

"ਐਤੂ ਜਨੂੰਨ, ਜਜ਼ਬੇ ਅਤੇ ਸਿਰੜ ਦਾ ਮੁਜੱਸਮਾ ਹੈ।" ਮੈਂ ਸ੍ਰੀ ਕਾਂਤ ਨੂੰ ਕਿਹਾ।

"ਹੂੰ"।

"ਜੇ ਐਤੂ ਦੀ ਸਕੀਮ ਲਾਗੂ ਹੋ ਜਾਵੇ ਤਾਂ ਏਥੇ ਸਵਰਗ ਬਣ ਜਾਵੇ। ਪਰ...।"

"ਪਰ ਕੀ?" ਸ੍ਰੀ ਕਾਂਤ ਨੇ ਮੇਰੇ ਵੱਲ ਦੇਖਿਆ।

"ਜੰਗਲ ਤੋਂ ਬਾਹਰ ਚਾਰੇ ਪਾਸੇ ਹਕੂਮਤ ਦਾ ਕਬਜ਼ਾ ਹੈ। ਅਜਿਹੀ ਹਾਲਤ ਵਿਚ ਉਹ ਅੰਦਰ ਦਾ ਵਿਕਾਸ ਟਿਕਣ ਦੇਵੇਗੀ? ਜਦ ਤਕ ਦੂਰ ਦੂਰ ਤਕ ਅਜਿਹੀ ਹਾਲਤ ਨਹੀਂ ਹੋ ਜਾਂਦੀ, ਇਹ ਸਾਰਾ ਕੁਝ ਕਿਵੇਂ ਸੰਭਵ ਹੈ?"

"ਹੂੰ"।

"ਤੁਸੀਂ ਇਨ੍ਹਾਂ ਚੀਜ਼ਾਂ ਬਾਰੇ ਕੁਝ ਕਹੋ। ਮੈਂ ਸੁਨਣ ਤੇ ਜਾਨਣ ਆਇਆ ਹਾਂ ਤਾਂ ਕਿ ਦੁਨੀਆ ਨੂੰ ਦੱਸ ਸਕਾਂ।"

"ਅਸੀਂ ਸ਼ਾਮ ਦੇ ਵਕਤ ਮਿਲਾਂਗੇ," ਸ੍ਰੀ ਕਾਂਤ ਨੇ ਕਿਹਾ।

ਤਦ ਤੱਕ ਕੋਸਾ ਬਾਹਰ ਨਿਕਲ ਆਇਆ ਸੀ। ਉਸ ਨੇ ਵਰਦੀ ਕੱਸੀ ਤਾਂ ਅਸੀਂ ਵਾਪਸ ਤੰਬੂਆਂ ਵੱਲ ਤੁਰ ਪਏ।

ਦੁਪਹਿਰ ਦੇ ਖਾਣੇ ਤੋਂ ਕੋਈ ਇਕ ਘੰਟਾ ਬਾਅਦ ਸ੍ਰੀ ਕਾਂਤ ਮੇਰੇ ਤੰਬੂ ਵਿਚ ਆ ਗਿਆ।

---

"ਆਓ ਬੈਂਚ 'ਤੇ ਬੈਠਦੇ ਹਾਂ।" ਉਸ ਨੇ ਕਿਹਾ।

ਮੈਂ ਆਪਣੀ ਫਾਈਲ ਚੁੱਕੀ ਅਤੇ ਅਸੀਂ ਦੋਵੇਂ ਤੰਬੂ ਦੇ ਬਾਹਰ ਪੜ੍ਹਨ ਵਾਸਤੇ ਬਣੇ ਬੈਂਚ ਤੇ ਡੈਸਕ ਉਤੇ ਬੈਠ ਗਏ।

ਸ੍ਰੀ ਕਾਂਤ ਬਹੁਤ ਘੱਟ ਬੋਲਣ ਵਾਲਾ ਬੰਦਾ ਸੀ। ਆਪਣੀ ਗੱਲ ਨੂੰ ਸੰਖੇਪ ਵਿਚ ਉਹ ਬਿਨਾ ਕਿਸੇ ਵਲ-ਫੇਰ, ਵਿਆਖਿਆ ਜਾਂ ਵਾਧੂ ਸ਼ਬਦਾਂ ਤੋਂ ਦੱਸ ਸਕਦਾ ਸੀ। ਉਹ ਤੁਹਾਡੀਆਂ ਅੱਖਾਂ ਵਿਚ ਨੀਝ ਲਾ ਕੇ ਦੇਖੇਗਾ ਅਤੇ ਤੁਹਾਨੂੰ ਸਮਝਣ ਦੀ ਕੋਸ਼ਿਸ਼ ਕਰੇਗਾ। ਜਦ ਤੁਸੀਂ ਬੋਲ ਰਹੇ ਹੋ ਤਾਂ ਉਹ ਤੁਹਾਨੂੰ ਟੋਕੇਗਾ ਨਹੀਂ, ਸਗੋਂ ਹੁੰਗਾਰਾ ਭਰ ਕੇ ਬੋਲਦੇ ਜਾਣ ਵਾਸਤੇ ਉਤਸ਼ਾਹਤ ਕਰੇਗਾ। ਜੇ ਤੁਸੀਂ ਬੱਚਿਆਂ ਨੂੰ ਨਾਨੀ ਜਾਂ ਦਾਦੀ ਕੋਲੋਂ ਕਹਾਣੀ ਸੁਣਦੇ ਹੋਏ ਦੇਖਿਆ ਹੈ ਤਾਂ ਤੁਸੀਂ ਜਾਣ ਜਾਵੋਗੇ ਕਿ ਸ੍ਰੀ ਕਾਂਤ ਵੀ ਕਿੰਨੇ ਧਿਆਨ ਨਾਲ ਦੂਸਰੇ ਬੰਦੇ ਦੀ ਗੱਲ ਸੁਣ ਸਕਦਾ ਹੈ। ਹੁੰਗਾਰਾ ਭਰਦੇ ਬੱਚੇ ਕਦੇ ਵੀ ਸਿਰ ਨਹੀਂ ਹਿਲਾਉਂਦੇ। ਉਹ ਸਿਰਫ਼ ਹੁੰਗਾਰਾ ਭਰਦੇ ਹਨ ਅਤੇ ਕਹਾਣੀ ਉਨ੍ਹਾਂ ਦੇ ਦਿਲ ਉਤੇ ਉਕਰੀ ਜਾਂਦੀ ਹੈ। ਇਸ ਪਹਿਲੂ ਤੋਂ ਸ੍ਰੀ ਕਾਂਤ ਬੱਚਿਆਂ ਜਿਹਾ ਹੈ। ਉਸ ਦਾ ਸਿਰ ਨਹੀਂ ਹਿੱਲਦਾ, ਅੱਖਾਂ ਨਹੀਂ ਹਿੱਲਦੀਆਂ, ਜਿਸਮ ਵਿਚ ਕੋਈ ਹਰਕਤ ਨਹੀਂ ਹੁੰਦੀ। ਬੱਸ, ਗਲੇ ਵਿਚੋਂ 'ਹੂੰ' ਦੀ ਆਵਾਜ਼ ਹੀ ਨਿਕਲਦੀ ਹੈ ਜਿਸ ਕਾਰਨ ਬੁੱਲ੍ਹ ਵੀ ਨਹੀਂ ਹਿੱਲਦੇ। ਉਹ ਬੋਲਦਾ ਵੀ ਇਸੇ ਤਰ੍ਹਾਂ ਹੈ। ਉਦੋਂ ਸਿਰਫ਼ ਉਸ ਦੇ ਬੁੱਲ੍ਹ ਹਿੱਲਦੇ ਹਨ। ਉਹ ਤੁਹਾਡੇ ਤਕ ਆਪਣੀ ਗੱਲ ਆਵਾਜ਼ ਰਾਹੀਂ ਪਹੁੰਚਾਉਂਦਾ ਹੈ ਅਤੇ ਅੱਖਾਂ ਰਾਹੀਂ ਇਸ ਨੂੰ ਤੁਹਾਡੇ ਅੰਦਰ ਉਤਾਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਸੁਣਦਿਆਂ ਤੁਸੀਂ ਕੋਈ ਵੀ ਗੱਲ ਦੁਹਰਾਅ ਕੇ ਨਹੀਂ ਪੁੱਛਦੇ। ਜ਼ਰੂਰਤ ਨਹੀਂ ਪੈਂਦੀ।

ਆਲੇ ਦੁਆਲੇ ਦੇ ਮੈਦਾਨੀ ਇਲਾਕਿਆਂ ਬਾਰੇ ਉਹ ਦੱਸਦਾ ਹੈ ਕਿ ਉਹ ਇਸ ਨੂੰ ਗੰਭੀਰਤਾ ਨਾਲ ਲੈਂਦੇ ਹਨ ਕਿ ਵੱਡੇ ਨੁਕਸਾਨਾਂ ਦੇ ਬਾਵਜੂਦ ਵੀ ਉਨ੍ਹਾਂ ਦਾ ਸਿਰੜ ਕਾਇਮ ਹੈ। ਉਹ ਕਹਿੰਦਾ ਹੈ ਕਿ ਜਨਤਾ ਗੁਰੀਲਿਆਂ ਦਾ ਸਾਥ ਦੇਂਦੀ ਹੈ, ਉਨ੍ਹਾਂ ਦਾ ਧਿਆਨ ਰੱਖਦੀ ਹੈ, ਜੀ ਆਇਆਂ ਕਹਿੰਦੀ ਹੈ। ਉਹ ਕਹਿੰਦਾ ਹੈ, "ਅਸੀਂ ਜਾਣਦੇ ਹਾਂ ਕਿ ਲਹਿਰ ਦਾ ਮੈਦਾਨੀ ਇਲਾਕਿਆਂ ਵਿਚ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਵਿਆਪਕ ਜਬਰ ਦੇ ਬਾਵਜੂਦ ਇਹਦੇ ਲਈ ਸਿਰਤੋੜ ਕੋਸ਼ਿਸ਼ਾਂ ਜਾਰੀ ਹਨ।" ਉਹ ਇਹ ਵੀ ਕਹਿੰਦਾ ਹੈ ਕਿ ਉਹ ਦੇਸ਼ ਦੇ ਹਰ ਪਹਾੜੀ ਅਤੇ ਜੰਗਲੀ ਹਿੱਸੇ ਵਿਚ ਗੁਰੀਲਾ ਜੰਗ ਸ਼ੁਰੂ ਕਰਨ ਉਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਉਹ ਪਹਿਲਾਂ ਹੀ ਪੂਰਬੀ ਤੇ ਪੱਛਮੀ ਤੱਟ ਦਾ ਜਾਇਜ਼ਾ ਲੈ ਚੁੱਕੇ ਹਨ ਅਤੇ ਬਿਗਲ ਵਜਾਉਣ ਦੀ ਸੋਚ ਰਹੇ ਹਨ। ਜੰਗਲ ਵਿਚ ਵਿਕਾਸ ਦੇ ਕੰਮ ਨੂੰ ਉਹ ਗੁਰੀਲਾ ਜੰਗ ਦੇ ਵਿਕਸਤ ਹੋਣ ਦੇ ਅਮਲ ਨਾਲ ਜੁੜਿਆ ਹੋਇਆ ਦੇਖਦੇ ਹਨ। ਉਨ੍ਹਾਂ ਵਾਸਤੇ ਵਿਕਾਸ "ਆਪਣੇ ਆਪ ਵਿਚ" ਕੋਈ ਨਿਸ਼ਾਨਾ ਨਹੀਂ ਹੈ, ਸਗੋਂ ਇਹ ਇਨਕਲਾਬੀ ਲਹਿਰ ਦਾ ਪੂਰਕ ਹਿੱਸਾ ਹੈ ਜਿਸ ਨੇ ਮੋੜਵੇਂ ਰੂਪ ਵਿਚ ਲਹਿਰ ਨੂੰ ਮਜ਼ਬੂਤ ਬਣਾਉਣਾ ਹੈ। ਇਸ ਨੂੰ ਲਹਿਰ ਦੇ ਫੈਲਣ ਤੋਂ ਬਿਨਾ ਨੇਪਰੇ ਨਹੀਂ ਚੜ੍ਹਾਇਆ ਜਾ ਸਕਦਾ ਅਤੇ ਨਾ ਹੀ ਸਿਰਫ਼ ਜੰਗਲ ਤੱਕ ਸੀਮਤ ਰੱਖਿਆ ਜਾ ਸਕਦਾ ਹੈ।

ਮੈਂ ਉਸ ਨੂੰ ਕਹਿੰਦਾ ਹਾਂ ਕਿ ਦੁਨੀਆ ਸਮਝਦੀ ਹੈ ਕਿ ਤੁਸੀਂ ਰੁਕ ਜਿਹੇ ਗਏ ਹੋ; ਜੰਗਲ ਦੀਆਂ ਤੁਹਾਡੀਆਂ ਪ੍ਰਾਪਤੀਆਂ ਦੀ ਕਿਤੇ ਕੋਈ ਚਰਚਾ ਨਹੀਂ ਹੈ; ਤੁਹਾਡੀਆਂ ਸਰਗਰਮੀਆਂ ਬਾਰੇ ਬਾਹਰ ਦੀ ਜਨਤਾ ਨਹੀਂ ਜਾਣਦੀ; ਦੁਨੀਆਂ ਨੂੰ ਸਿਰਫ਼ ਐਨਾ ਕੁ ਹੀ ਪਤਾ ਹੈ ਕਿ ਝੂਠੇ ਸੱਚੇ ਐਨਕਾਊਂਟਰ ਹੁੰਦੇ ਹਨ ਤੇ ਇਨ੍ਹਾਂ ਤੋਂ ਬਿਨਾ ਹੋਰ ਕੁਝ ਨਹੀਂ ਹੁੰਦਾ; ਬਾਹਰ ਦੇ ਸਮਾਜ ਵਿਚ ਤੁਹਾਡੀ ਇਸ ਲੜਾਈ ਨਾਲ ਕੋਈ ਜ਼ਿਆਦਾ ਹਿਲਜੁਲ ਪੈਦਾ ਨਹੀਂ ਹੋਈ; ਕੁੱਲ ਮਿਲਾ ਕੇ ਤੁਸੀਂ ਦੇਸ਼ ਦੇ ਸਿਆਸੀ ਦ੍ਰਿਸ਼ ਉਤੇ ਸਿਆਸੀ ਹਸਤੀ ਬਣ ਕੇ ਨਹੀਂ ਉਭਰੇ।

ਸ੍ਰੀ ਕਾਂਤ ਇਨ੍ਹਾਂ ਸਾਰੀਆਂ ਗੱਲਾਂ ਨੂੰ ਗਹੁ ਨਾਲ ਸੁਣਦਾ ਹੈ ਅਤੇ ਫਿਰ ਹਰ ਮਸਲੇ ਉਤੇ ਆਪਣੀ ਰਾਇ ਕਹਿੰਦਾ ਹੈ। ਰੁਕੇ ਹੋਣ ਦੀ ਗੱਲ ਨੂੰ ਉਹ ਸਹੀ ਪੇਸ਼ਕਾਰੀ ਨਹੀਂ ਮੰਨਦਾ ਅਤੇ ਵਿਆਪਕ ਹਕੂਮਤੀ ਜਬਰ ਦਾ ਉਲੇਖ ਕਰਦਾ ਹੈ। ਉਹ ਪਿਛਲੇ ਕੁਝ ਸਾਲਾਂ ਵਿਚ ਸੈਂਕੜੇ ਕੁਰਬਾਨੀਆਂ ਦਾ ਜ਼ਿਕਰ ਕਰਦਾ ਹੈ ਜਿਸ ਕਾਰਨ ਗੁਰੀਲਿਆਂ ਉਤੇ ਤਾਕਤਾਂ ਨੂੰ ਮੁੜ ਜਥੇਬੰਦ ਕਰਨ ਦਾ ਵੱਡਾ ਕਾਰਜ ਆਣ ਪਿਆ ਹੈ। ਸਥਿਤੀ ਨੂੰ ਉਹ ਨੁਕਸਾਨਾਂ ਦੇ ਦੌਰ ਨਾਲ ਜੋੜਦਾ ਹੈ, ਰੁਕੇ ਹੋਣ ਦੇ ਜੁਮਰੇ ਵਿਚ ਨਹੀਂ ਰੱਖਦਾ। ਉਹ ਕਹਿੰਦਾ ਹੈ ਕਿ ਜੰਗਾਂ ਵਿਚ ਇਹ ਆਮ ਗੱਲ ਹੁੰਦੀ ਹੈ, ਤਾਕਤਾਂ ਦੇ ਤੋਲ ਬਣਦੇ ਵਿਗੜਦੇ ਰਹਿੰਦੇ ਹਨ ਅਤੇ ਅੰਤ ਨੂੰ ਇਨਕਲਾਬੀ ਤਾਕਤਾਂ ਤੋਲ ਨੂੰ ਆਪਣੇ ਪੱਖ ਵਿਚ ਕਰ ਲੈਂਦੀਆਂ ਹਨ। ਉਸ ਨੂੰ ਯਕੀਨ ਹੈ ਕਿ ਇਸ ਤੋਲ ਨੂੰ ਉਹ ਆਪਣੇ ਪੱਖ ਵਿਚ ਕਰ ਲੈਣਗੇ ਅਤੇ ਇਹਦੇ ਵਾਸਤੇ ਉਹ ਸਿਰਤੋੜ ਯਤਨ ਜੁਟਾ ਰਹੇ ਹਨ।

ਪ੍ਰਾਪਤੀਆਂ ਦੀ ਚਰਚਾ ਛੇੜਨ ਵਾਸਤੇ ਉਹ ਪ੍ਰਚਾਰ ਤੰਤਰ ਨੂੰ ਮਜ਼ਬੂਤ ਕਰਨ ਉਤੇ ਜ਼ੋਰ ਦੇਣ ਦੀ ਗੱਲ ਕਰਦਾ ਹੈ। ਦੇਸ਼ ਦੀ ਸਿਆਸਤ ਵਿਚ ਦਖ਼ਲ ਦੇਣ ਸਬੰਧੀ ਉਸ ਨੂੰ ਪਤਾ ਹੈ ਕਿ ਇਨਕਲਾਬੀ ਲਹਿਰ ਦਾ ਪ੍ਰਭਾਵ ਬਹੁਤ ਘੱਟ ਹੈ। ਇਸ ਸਬੰਧੀ ਕੋਸ਼ਿਸ਼ਾਂ ਨੂੰ ਜ਼ਰਬ ਦੇਣ ਦੀ ਜ਼ਰੂਰਤ ਮਹਿਸੂਸ ਕਰਦਾ ਹੈ; ਪਰ ਨਾਲ ਹੀ ਉਹ ਕਹਿੰਦਾ ਹੈ ਕਿ ਇਹ ਭੁੱਲਣਾ ਨਹੀਂ ਚਾਹੀਦਾ ਕਿ ਅਸਲੀ ਦਖ਼ਲਅੰਦਾਜ਼ੀ ਹਥਿਆਰਬੰਦ ਤਾਕਤ ਦੇ ਜ਼ੋਰ ਦੇ ਸਿਰ ਉਤੇ ਹੀ ਕੀਤੀ ਜਾ ਸਕਦੀ ਹੈ। ਇਸ ਪੋਲ ਨੂੰ ਉਹ ਜੀਅ-ਜਾਨ ਨਾਲ ਖੜ੍ਹਾ ਕਰ ਰਹੇ ਹਨ, ਕਿਉਂਕਿ ਇਸ ਦੀ ਮਜ਼ਬੂਤੀ ਹੀ ਉਸ ਦਖ਼ਲਅੰਦਾਜ਼ੀ ਦਾ ਆਧਾਰ ਬਣ ਸਕਦੀ ਹੈ। ਉਸ ਨੂੰ ਯਕੀਨ ਹੈ ਕਿ ਇਕ ਦਿਨ ਦੇਸ਼ ਭਰ ਦੇ ਪੈਮਾਨੇ ਉਤੇ ਉਹ ਸਿਆਸੀ ਤਾਕਤ ਬਣ ਕੇ ਉਭਰ ਆਉਣਗੇ।

ਸ੍ਰੀ ਕਾਂਤ ਹਰ ਗੱਲ ਨੂੰ ਸਪਸ਼ਟ, ਸੰਖੇਪ ਅਤੇ ਠੋਸ ਰੂਪ ਵਿਚ ਕਹਿੰਦਾ ਹੈ। ਗ਼ੈਰ-ਲੋੜੀਂਦੀ ਵਿਆਖਿਆ ਤੋਂ ਬਚਦਾ ਹੈ। ਅਸੀਂ ਫਿਰ ਮਿਲਣ ਦੀ ਗੁੰਜਾਇਸ਼ ਰੱਖ ਕੇ ਅਲੱਗ ਹੁੰਦੇ ਹਾਂ।

---

"ਹੋ ਗਈ ਬਾਤ? ਤੁਸੀਂ ਉਸ ਨੂੰ ਐਨਾ ਬਿਠਾ ਲਿਆ ਤੇ ਬੁਲਵਾ ਲਿਆ; ਵਰਨਾ ਇਹ ਤਾਂ ਜ਼ੁਬਾਨ ਨੂੰ ਘੱਟ ਹੀ ਕਸਰਤ ਕਰਵਾਉਂਦਾ ਹੈ।" ਕਹਿੰਦਾ ਹੋਇਆ ਐਤੂ ਮੇਰੇ ਤੰਬੂ ਵਿਚ ਦਾਖ਼ਲ ਹੋਇਆ। "ਕਿਸੇ ਹੋਰ ਨਾਲ ਗੱਲ ਕਰ ਲੈਂਦੇ ਤਾਂ ਜ਼ਿਆਦਾ ਜਾਣ ਲੈਂਦੇ। ਦੱਸ ਲਾਈਨਾਂ ਦਾ ਕੀ ਕਰੋਗੇ?"

"ਦੱਸ ਹੀ ਕਾਫ਼ੀ ਹਨ।" ਮੈਂ ਹੋਈ ਗੱਲਬਾਤ ਉਤੇ ਤਸੱਲੀ ਪ੍ਰਗਟ ਕਰਦਾ ਹਾਂ।

"ਥਕਾਵਟ ਹੋ ਗਈ ਹੋਵੇਗੀ। ਚਾਹ ਹੋ ਜਾਵੇ? ਨਿੰਬੂ ਵਾਲੀ।"

***(ਚਲਦਾ)***

## 'ਪੰਜਾਬ ਟਾਈਮਜ਼' ਦੀਆਂ ਕਿਆ ਬਾਤਾਂ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੀਆਂ ਕਿਆ ਬਾਤਾਂ? ਕਹਿਣ ਲਈ ਅਲਫਾਜ਼ ਨਹੀਂ ਹਨ। ਹਰ ਅੰਕ ਵਿਚ ਹੀ ਇੱਕ ਤੋਂ ਵੱਧ ਇੱਕ ਵਧੀਆ ਗਿਆਨ-ਭਰਪੂਰ ਲੇਖ ਹੁੰਦੇ ਹਨ। ਪਿਛਲੇ ਕੁੱਝ ਸਮੇਂ ਤੋਂ ਬੂਟਾ ਸਿੰਘ ਦੀ ਅਨੁਵਾਦਿਤ ਅਰੂੰਧਤੀ ਰਾਇ ਦੀ ਲੇਖ ਲੜੀ 'ਮੇਰਾ ਦੇਸ਼ ਧਰੋਹੀ ਦਿਲ' ਦੇ ਲੇਖ ਵੱਖ ਵੱਖ ਮੁਦਿਆਂ ਦੀ ਜੜ੍ਹ ਤੱਕ ਪਹੁੰਚਦੇ ਅਤੇ ਸਰਕਾਰਾਂ ਦਾ ਪਰਦਾ ਫਾਸ਼ ਕਰਦੇ ਹਨ। ਸਵਰਗੀ ਸਤਨਾਮ ਦਾ ਲੇਖ 'ਜੰਗਲ ਦੀਆਂ ਬਾਤਾਂ' ਦਾ ਲੜੀਵਾਰ ਜਿੱਥੇ ਬਸਤਰ ਦੇ ਬਾਸ਼ਿੰਦਿਆਂ ਦੀ ਬੰਦੂਕ ਚੁੱਕਣ ਦੀ ਮਜ਼ਬੂਰੀ 'ਤੇ ਰੋਸ਼ਨੀ ਪਾਉਂਦਾ ਹੈ, ਉਥੇ ਸੱਚਾਈ ਦੀਆ ਤੈਹਾਂ ਫਰੋਲਦਾ ਉਨ੍ਹਾਂ ਦੀ ਸਹੂਲਤਾਂ ਤੋਂ ਸੱਖਣੀ ਦੁਸ਼ਵਾਰੀਆਂ ਭਰੀ ਸਾਦ-ਮੁਰਾਦੀ ਜ਼ਿੰਦਗੀ ਦੇ ਰੂਬਰੂ ਵੀ ਪਾਠਕ ਨੂੰ ਕਰਾਉਂਦਾ ਹੈ।

ਦਰਅਸਲ ਮੈਂ ਇਹ ਚਿੱਠੀ ਮਝੈਲ ਸਿੰਘ ਸਰਾਂ ਲਈ ਲਿਖ ਰਹੀ ਹਾਂ। ਉਨ੍ਹਾਂ ਦਾ ਲੇਖ 'ਫਾਂਸੀ ਤੋਂ ਫਾਹੇ ਵੱਲ' ਕਿਸਾਨਾਂ ਦੀ ਬਰਬਾਦੀ ਦੀਆਂ ਬਹੁਤ ਸਾਰੀਆਂ ਪਰਤਾਂ ਫਰੋਲਦਾ ਹੈ। ਅਸਲ ਬਿਮਾਰੀ ਦੀ ਜੜ੍ਹ ਕਿੱਥੇ ਹੈ? ਇਸ ਲੇਖ ਤੋਂ ਪਤਾ ਲੱਗਦਾ ਹੈ ਪਰ ਅਫਸੋਸ ਕਿ ਬਿਮਾਰੀ ਪਤਾ ਹੋਣ ਦੇ ਬਾਵਜੂਦ ਕੋਈ ਵੀ ਕੁੱਝ ਕਰ ਨਹੀਂ ਪਾ ਰਿਹਾ। ਜਿਹੜੇ ਕਰ ਸਕਦੇ ਹਨ, ਉਨ੍ਹਾਂ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕਦੀ। ਪਤਾ ਨਹੀਂ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਕਿਸਾਨਾਂ ਦੀਆਂ ਖੁਦਕਸ਼ੀਆਂ ਨੂੰ ਕਦੋਂ ਠੱਲ ਪੈਣੀ ਹੈ?

***-ਡਾ. ਗੁਰਨਾਮ ਕੌਰ***

## ਸੰਪਾਦਕ ਦੀ ਡਾਕ

### ਚੰਗਾ ਲੱਗਾ ਪੰਜਾਬ ਟਾਈਮਜ਼

ਮੈਂ ਉਂਜ ਇੰਗਲੈਂਡ ਰਹਿੰਦਾ ਹਾਂ ਅਤੇ ਪਿਛਲੇ ਦਿਨੀਂ ਅਸੀਂ ਪਤੀ-ਪਤਨੀ ਸ਼ਿਕਾਗੋ ਨਜ਼ਦੀਕ ਸ਼ਹਿਰ ਫਿਸ਼ਰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ। ਉਨ੍ਹਾਂ ਦੇ ਟੇਬਲ ਉਤੇ ਮੈਂ ਪੰਜਾਬ ਟਾਈਮਜ਼ ਦੀਆਂ ਦੋ ਕਾਪੀਆਂ ਪਈਆਂ ਵੇਖੀਆਂ। ਖੋਲ੍ਹੀਆਂ ਤਾਂ ਚੰਗੀਆਂ ਲੱਗੀਆਂ। ਝੱਟ ਹੀ ਮੈਂ ਸਾਰੇ ਲੇਖ ਪੜ੍ਹ ਲਏ। ਆਉਣ ਲੱਗੇ ਮੈਂ ਪੰਜਾਬ ਟਾਈਮਜ਼ ਦੀਆਂ ਦੋਵੇਂ ਕਾਪੀਆਂ ਆਪਣੇ ਨਾਲ ਲੈ ਆਇਆ। ਸਾਡੇ ਇਥੇ ਵੀ ਪੰਜਾਬ ਟਾਈਮਜ਼ ਨਾਂ ਦਾ ਪਰਚਾ ਛਪਦਾ ਹੈ, ਜਿਸ ਵਿਚ ਮੇਰੀਆਂ ਲਿਖਤਾਂ ਛਪਦੀਆਂ ਰਹਿੰਦੀਆਂ ਹਨ। ਮੈਂ ਕੁਝ ਲਿਖਤਾਂ ਪੰਜਾਬ ਟਾਈਮਜ਼ ਨੂੰ ਭੇਜਣੀਆਂ ਚਾਹਾਂਗਾ। ਉਮੀਦ ਹੈ, ਥਾਂ ਦਿਓਗੇ।

***-ਧਰਮਪਾਲ ਸਹਿਗਲ, ਯੂ ਕੇ***

## ਮੇਰਾ ਦੇਸ਼ਧ੍ਰੋਹੀ ਦਿਲ-5

ਆਖਰੀ ਕਿਸ਼ਤ



### ਅੱਜ ਦੇ ਵਕਤ ਦਾ ਅਮੁੱਕ ਰੋਜ਼ਨਾਮਚਾ

ਅਰੁੰਧਤੀ ਰਾਏ

ਤਰਜਮਾ ਬੂਟਾ ਸਿੰਘ

# ਕਿਸ ਦਾ ਭਾਰਤ?

***ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਮਸ਼ਹੂਰ ਲਿਖਾਰੀ ਅਰੁੰਧਤੀ ਰਾਏ ਨੇ ਲੰਮੇ ਲੇਖ 'ਮੇਰਾ ਦੇਸ਼ਧ੍ਰੋਹੀ ਦਿਲ' ਵਿਚ ਹਿੰਦੂ ਰਾਸ਼ਟਰ ਦੀ ਪੀਪਨੀ ਵਜਾਉਣ ਵਾਲਿਆਂ ਨੂੰ ਕਰਾਰੇ ਹੱਥੀਂ ਲਿਆ ਹੈ। ਪਹਿਲਾਂ ਵੀ ਬਹੁਤ ਸਾਰੇ ਮੌਕਿਆਂ 'ਤੇ ਉਸ ਨੇ ਆਪਣੀਆਂ ਜਾਨਦਾਰ ਲਿਖਤਾਂ ਰਾਹੀਂ ਸਥਾਪਤੀ ਨੂੰ ਇੰਜ ਹੀ ਲਲਕਾਰਿਆ ਹੈ। ਇਨ੍ਹਾਂ ਲਿਖਤਾਂ ਦੀ ਖੂਬਸੂਰਤੀ ਇਹੀ ਹੁੰਦੀ ਹੈ ਕਿ ਇਨ੍ਹਾਂ ਵਿਚ ਸਥਾਪਤੀ ਵੱਲੋਂ ਹਰ ਪੱਧਰ ਉਤੇ ਵਰਤਾਏ ਜਾ ਰਹੇ ਕਹਿਰ ਬਾਰੇ ਬਹੁਤ ਗਹਿਰਾਈ ਅਤੇ ਸੂਖਮ ਢੰਗ ਨਾਲ ਪੁਣ-ਛਾਣ ਕੀਤੀ ਹੁੰਦੀ ਹੈ। ਇੰਝ ਕਰਦਿਆਂ ਉਹ ਅਸਲ ਸਮੱਸਿਆ ਉਤੇ ਉਂਗਲ ਰੱਖਦੀ ਹੈ ਅਤੇ ਅਵਾਮ ਨੂੰ ਜਾਗਣ ਦਾ ਸੁਨੇਹਾ ਦਿੰਦੀ ਹੈ। ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਲਈ ਭੇਜਿਆ। ਲੇਖ ਦੀ ਪਹਿਲੀ ਕਿਸ਼ਤ ਵਿਚ ਆਰ.ਐਸ.ਐਸ. ਮਾਰਕਾ ਸਿਆਸਤ ਦਾ ਪਿਛੋਕੜ ਫਰੋਲਿਆ ਗਿਆ ਸੀ, ਦੂਜੀ ਕਿਸ਼ਤ ਵਿਚ ਇਸ ਸਿਆਸਤ ਦੀ ਚੜ੍ਹਤ ਤੇ ਤੀਜੀ ਕਿਸ਼ਤ ਵਿਚ ਸਿਆਸਤ ਨੂੰ ਪਈ ਵੰਗਾਰ ਦਾ ਖੁਲਾਸਾ ਸੀ। ਚੌਥੀ ਕਿਸ਼ਤ ਵਿਚ ਜੇ.ਐਨ.ਯੂ. ਦੀ ਮੂਲ ਘਟਨਾ ਦਾ ਜ਼ਿਕਰ ਸੀ। ਐਤਕੀਂ ਇਸ ਲੰਮੇ ਲੇਖ ਦੀ ਆਖਰੀ ਕਿਸ਼ਤ ਵਿਚ ਆਰ.ਐਸ.ਐਸ. ਦੇ ਫਾਸ਼ੀਵਾਦੀ ਚਿਹਰੇ ਦੀ ਸ਼ਨਾਖਤ ਕੀਤੀ ਗਈ ਹੈ। -ਸੰਪਾਦਕ***

ਆਰ.ਐਸ.ਐਸ. ਨੇ ਐਲਾਨ ਕੀਤਾ ਕਿ ਜਿਹੜਾ ਵੀ ਕੋਈ 'ਭਾਰਤ ਮਾਤਾ ਕੀ ਜੈ' ਕਹਿਣ ਤੋਂ ਇਨਕਾਰ ਕਰਦਾ ਹੈ, ਉਹ ਰਾਸ਼ਟਰ ਵਿਰੋਧੀ ਹੈ। ਯੋਗ ਅਤੇ ਹੈਲਥ-ਫੂਡ ਦੇ ਕਾਰੋਬਾਰੀ ਬਾਬਾ ਰਾਮਦੇਵ ਨੇ ਐਲਾਨ ਕੀਤਾ ਕਿ ਜੇ ਇਹ ਗ਼ੈਰਕਾਨੂੰਨੀ ਨਾ ਹੁੰਦਾ ਤਾਂ ਉਹ ਇਉਂ ਕਹਿਣ ਤੋਂ ਇਨਕਾਰ ਕਰਨ ਵਾਲੇ ਦਾ ਸਿਰ ਲਾਹ ਦਿੰਦਾ।

ਇਹ ਲੋਕ ਅੰਬੇਡਕਰ ਦਾ ਕੀ ਕਰਦੇ? 1931 ਵਿਚ, ਜਦੋਂ ਉਸ ਵਲੋਂ ਕਾਂਗਰਸ ਦੀ ਤਿੱਖੀ ਨੁਕਤਾਚੀਨੀ ਨੂੰ ਲੈ ਕੇ ਗਾਂਧੀ ਨੇ ਕਿੰਤੂ-ਪ੍ਰੰਤੂ ਕੀਤਾ (ਜਿਸ ਨੂੰ ਇਕ ਆਜ਼ਾਦ ਹੋਮਲੈਂਡ ਲਈ ਪਾਰਟੀ ਦੇ ਸੰਘਰਸ਼ ਦੀ ਨੁਕਤਾਚੀਨੀ ਵਜੋਂ ਲਿਆ ਗਿਆ ਸੀ) ਤਾਂ ਅੰਬੇਡਕਰ ਨੇ ਕਿਹਾ, "ਗਾਂਧੀ ਜੀ, ਮੇਰਾ ਕੋਈ ਹੋਮਲੈਂਡ ਨਹੀਂ ਹੈ। ਕੋਈ ਅਛੂਤ ਕਿਹਾ ਜਾਣ ਵਾਲਾ ਪ੍ਰਾਣੀ ਇਸ ਧਰਤੀ ਉਪਰ ਮਾਣ ਨਹੀਂ ਕਰੇਗਾ।" ਕੀ ਇਹ ਉਸ ਉਪਰ ਰਾਜਧ੍ਰੋਹ ਦਾ ਇਲਜ਼ਾਮ ਲਗਾਉਣਗੇ? (ਦੂਜੇ ਪਾਸੇ, ਅੰਬੇਡਕਰ ਦੇ ਬੁੱਤਾਂ ਨੂੰ ਹਾਰ ਪਹਿਨਾਉਣਾ, ਜਿਵੇਂ ਸੰਘ ਪਰਿਵਾਰ ਨੇ ਕੀਤਾ ਹੈ, ਤੇ ਉਸ ਬਾਰੇ ਜਿਸ ਬੰਦੇ ਨੇ ਹਿੰਦੂਵਾਦ ਨੂੰ 'ਭਿਆਨਕਤਾ ਦਾ ਅਸਲ ਘਰ' ਦਾ ਨਾਂ ਦਿੱਤਾ, ਕਿਹਾ ਕਿ ਉਹ ਹਿੰਦੂ ਰਾਸ਼ਟਰ ਦੇ ਬਾਨੀਆਂ 'ਚੋਂ ਇਕ ਹੈ, ਸ਼ਾਇਦ ਹੋਰ ਵੀ ਬੁਰਾ ਹੈ)।

ਲੋਕਾਂ ਨੂੰ ਖ਼ਾਮੋਸ਼ ਕਰਨ ਲਈ ਭਾਜਪਾ ਅਤੇ ਇਸ ਦੇ ਮੀਡੀਆ ਭਾਈਵਾਲਾਂ ਵਲੋਂ ਇਸਤੇਮਾਲ ਕੀਤਾ ਇਕ ਹੋਰ ਦਾਅਪੇਚ ਬੇਹੂਦਾ ਝੂਠੀ ਬਾਇਨਰੀ ਹੈ- ਬਹਾਦਰ ਸਿਪਾਹੀ ਬਨਾਮ ਬੁਰੇ ਦੇਸ਼ ਧ੍ਰੋਹੀ। ਫਰਵਰੀ ਵਿਚ, ਜਦੋਂ ਜੇ.ਐਨ.ਯੂ. ਸੰਕਟ ਸਿਖ਼ਰਾਂ 'ਤੇ ਸੀ, ਸਿਆਚਿਨ ਗਲੇਸ਼ੀਅਰ ਉਪਰ ਬਰਫ਼ੀਲੀਆਂ ਪਹਾੜੀ ਢਿੱਗਾਂ ਨਾਲ 10 ਫ਼ੌਜੀ ਮਾਰੇ ਗਏ ਜਿਨ੍ਹਾਂ ਦੀਆਂ ਲਾਸ਼ਾਂ ਫ਼ੌਜੀ ਰਸਮਾਂ ਨਾਲ ਸਸਕਾਰ ਕਰਨ ਲਈ ਜਹਾਜ਼ ਵਿਚ ਭੇਜੀਆਂ ਗਈਆਂ। ਚੀਕਦੇ ਹੋਏ ਟੈਲੀਵਿਜ਼ਨ ਐਂਕਰ ਅਤੇ ਸਟੂਡੀਓ ਮਹਿਮਾਨ ਦਿਨ-ਰਾਤ ਮ੍ਰਿਤਕਾਂ ਦੇ ਮੂੰਹਾਂ ਵਿਚ ਆਪਣੇ ਸ਼ਬਦ ਘੁਸੇੜਦੇ ਰਹੇ, ਤੇ ਬੇਜਾਨ ਦੇਹਾਂ ਉਪਰ ਆਪਣੀਆਂ ਘਟੀਆਂ ਵਿਚਾਰਧਾਰਾਵਾਂ ਉਕਰਦੇ ਰਹੇ ਜੋ ਹੁਣ ਬੋਲ ਨਹੀਂ ਸੀ ਸਕਦੇ। ਨਿਸ਼ਚੇ ਹੀ ਉਨ੍ਹਾਂ ਨੇ ਇਹ ਜ਼ਿਕਰ ਕਰਨੋਂ ਗੁਰੇਜ਼ ਕੀਤਾ ਕਿ ਜ਼ਿਆਦਾਤਰ ਹਿੰਦੁਸਤਾਨੀ ਫ਼ੌਜੀ ਰੋਟੀ-ਰੋਜ਼ੀ ਦੇ ਵਸੀਲਿਆਂ ਦੀ ਤਲਾਸ਼ ਵਿਚ ਭਰਤੀ ਹੋਏ ਗ਼ਰੀਬ ਲੋਕ ਹਨ (ਤੁਸੀਂ ਕਿਸੇ ਦੇਸ਼ ਭਗਤ ਧਨਾਢ ਨੂੰ ਐਸੀ ਭਰਤੀ ਦੀ ਮੰਗ ਕਰਦੇ ਨਹੀਂ ਸੁਣੋਗੇ ਜਿਸ ਨਾਲ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਆਮ ਫ਼ੌਜੀਆਂ ਵਜੋਂ ਨੌਕਰੀ ਕਰਨ ਲਈ ਮਜਬੂਰ ਹੋਣਾ ਪੈ ਜਾਵੇ)।

ਉਹ ਆਪਣੇ ਦਰਸ਼ਕਾਂ ਨੂੰ ਇਹ ਦੱਸਣਾ ਵੀ ਭੁੱਲ ਗਏ ਕਿ ਫ਼ੌਜੀਆਂ ਨੂੰ ਮਹਿਜ਼ ਸਿਆਚਿਨ ਗਲੇਸ਼ੀਅਰ ਜਾਂ ਹਿੰਦੁਸਤਾਨ ਦੀਆਂ ਸਰਹੱਦਾਂ ਉਪਰ ਹੀ ਨਹੀਂ ਲਗਾਇਆ ਜਾਂਦਾ; ਕਿ 1947 ਦੀ ਆਜ਼ਾਦੀ ਤੋਂ ਲੈ ਕੇ ਇਕ ਦਿਨ ਵੀ ਐਸਾ ਨਹੀਂ ਹੈ ਜਦੋਂ ਹਿੰਦੁਸਤਾਨੀ ਫ਼ੌਜ ਤੇ ਹੋਰ ਸੁਰੱਖਿਆ ਤਾਕਤਾਂ ਨੂੰ ਹਿੰਦੁਸਤਾਨ ਦੀਆਂ ਸਰਹੱਦਾਂ ਦੇ ਅੰਦਰ ਉਨ੍ਹਾਂ ਦੇ ਖ਼ਿਲਾਫ਼ ਨਾ ਲਗਾਇਆ ਹੋਵੇ ਜੋ ਉਨ੍ਹਾਂ ਦੇ 'ਆਪਣੇ' ਲੋਕ ਹਨ- ਕਸ਼ਮੀਰ, ਨਾਗਾਲੈਂਡ, ਮਨੀਪੁਰ, ਮਿਜ਼ੋਰਮ, ਅਸਾਮ, ਜੂਨਾਗੜ੍ਹ, ਹੈਦਰਾਬਾਦ, ਗੋਆ, ਪੰਜਾਬ, ਤੇਲੰਗਾਨਾ ਤੇ ਪੱਛਮੀ ਬੰਗਾਲ, ਤੇ ਹੁਣ ਛੱਤੀਸਗੜ੍ਹ, ਉੜੀਸਾ ਤੇ ਝਾਰਖੰਡ।

ਇਨ੍ਹਾਂ ਥਾਂਵਾਂ 'ਤੇ ਲੱਖਾਂ ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਹੋਰ ਵੀ ਵਧੇਰੇ ਤਾਦਾਦ ਨੂੰ ਵਹਿਸ਼ੀ ਤਸੀਹੇ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਅਗਲੀ ਜ਼ਿੰਦਗੀ ਲਈ ਨਕਾਰਾ ਕਰ ਦਿੱਤਾ ਗਿਆ। ਕਸ਼ਮੀਰ ਵਿਚ ਜਨਤਕ ਪੈਮਾਨੇ 'ਤੇ ਜਬਰ-ਜਨਾਹਾਂ ਦੇ ਮਾਮਲੇ ਕਲਮਬੰਦ ਕੀਤੇ ਗਏ ਹਨ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਨਾਲ ਸੁਰੱਖਿਆ ਦਿੱਤੀ ਗਈ ਹੈ, ਮਾਨੋ ਜਬਰ-ਜਨਾਹ ਲੜਾਈ ਦਾ ਜ਼ਰੂਰੀ ਅਤੇ ਅਟੱਲ ਹਿੱਸਾ ਹੈ। ਕਿੰਤੂ-ਪ੍ਰੰਤੂ ਰਹਿਤ ਫ਼ੌਜ-ਪੂਜਾ ਉਪਰ ਬੇਤਹਾਸ਼ਾ ਜ਼ੋਰ, ਇਥੋਂ ਤਕ ਕਿ 'ਉਦਾਰ' ਕਹਾਉਣ ਵਾਲਿਆਂ ਵਲੋਂ ਵੀ, ਇਕ ਘਿਨਾਉਣੀ, ਖ਼ਤਰਨਾਕ ਖੇਡ ਹੈ ਜਿਸ ਦੇ ਖ਼ਵਾਬ ਸਨਕੀ ਜੁੰਡੀਰਾਜ ਦੇਖ ਰਿਹਾ ਹੈ। ਇਹ ਫ਼ੌਜੀਆਂ ਜਾਂ ਆਮ ਲੋਕਾਂ ਕਿਸੇ ਦੀ ਵੀ ਸਹਾਇਤਾ ਨਹੀਂ ਕਰਦਾ, ਤੇ ਜੇ ਤੁਸੀਂ ਹਿੰਦੁਸਤਾਨ ਦੀਆਂ ਮੌਜੂਦਾ ਸਰਹੱਦਾਂ ਵਿਚਲੇ ਥਾਵਾਂ ਦੀ ਸੂਚੀ ਉਪਰ ਸਪਸ਼ਟ ਨਜ਼ਰ ਮਾਰੋ ਜਿਨ੍ਹਾਂ ਵਿਚ ਇਸ ਦੀਆਂ ਸੁਰੱਖਿਆ ਤਾਕਤਾਂ ਲਗਾਈਆਂ ਗਈਆਂ ਹਨ, ਤਾਂ ਇਕ ਅਸਾਧਾਰਨ ਸੱਚਾਈ ਉਭਰਦੀ ਹੈ। ਇਨ੍ਹਾਂ ਥਾਂਵਾਂ ਦੀ ਵਸੋਂ ਜ਼ਿਆਦਾਤਰ ਮੁਸਲਿਮ, ਈਸਾਈ, ਆਦਿਵਾਸੀ, ਸਿੱਖ ਅਤੇ ਦਲਿਤ ਹੈ। ਸਾਨੂੰ ਜਿਸ ਨੂੰ ਆਗਿਆਕਾਰ ਹੋ ਕੇ ਅਤੇ ਬਿਨਾ ਸੋਚੇ ਸਲੂਟ ਮਾਰਨ ਲਈ ਕਿਹਾ ਜਾ ਰਿਹਾ ਹੈ, ਉਹ ਨਿੱਜਵਾਚਕ ਤੌਰ 'ਤੇ ਭਾਰੂ-ਜਾਤੀ ਹਿੰਦੂ ਰਾਜ ਹੈ ਜੋ ਆਪਣੇ ਖੇਤਰ ਨੂੰ ਫ਼ੌਜੀ ਤਾਕਤ ਨਾਲ ਇਕੱਠਾ ਰੱਖ ਰਿਹਾ ਹੈ। ਕੀ ਖ਼ਿਆਲ ਹੈ ਜੇ ਇਸ ਦੀ ਬਜਾਏ ਸਾਡੇ ਵਿਚੋਂ ਕੁਝ ਲੋਕ ਉਹ ਸਮਾਜ ਬਣਾਉਣ ਦਾ ਖ਼ਵਾਬ ਲੈਂਦੇ ਹਨ ਜਿਸ ਲਈ ਲੋਕ ਲੰਮੇ ਸਮੇਂ ਤੋਂ ਤਾਂਘ ਰਹੇ ਹਨ?

ਕੀ ਖ਼ਿਆਲ ਹੈ ਜੇ ਸਾਡੇ ਵਿਚੋਂ ਕੁਝ ਐਸੇ ਸਮਾਜ ਵਿਚ ਰਹਿਣ ਦਾ ਖ਼ਵਾਬ ਲੈਂਦੇ ਹਨ ਜਿਸ ਦਾ ਹਿੱਸਾ ਬਣਨ ਲਈ ਲੋਕਾਂ ਨੂੰ ਮਜਬੂਰ ਨਾ ਕੀਤਾ ਜਾਵੇ? ਕੀ ਖ਼ਿਆਲ ਹੈ ਜੇ ਸਾਡੇ ਵਿਚੋਂ ਕੁਝ ਬਸਤੀਵਾਦੀ, ਸਾਮਰਾਜਵਾਦੀ ਖ਼ਵਾਬ ਨਹੀਂ ਲੈਣਾ ਚਾਹੁੰਦੇ? ਕੀ ਖ਼ਿਆਲ ਹੈ ਜੇ ਸਾਡੇ ਵਿਚੋਂ ਕੁਝ ਲੋਕ ਇਸ ਦੀ ਬਜਾਏ ਨਿਆਂ ਦਾ ਖ਼ਵਾਬ ਦੇਖਦੇ ਹਨ? ਕੀ ਇਹ ਜੁਰਮ ਹੈ?

ਲਿਹਾਜ਼ਾ, ਝੰਡੇ ਲਹਿਰਾਉਣ ਅਤੇ ਹਿੱਕਾਂ ਥਾਪੜਨ ਦਾ ਇਹ ਨਵਾਂ ਹੱਲਾ ਸੱਚਮੁੱਚ ਕਿਸ ਨੂੰ ਲੈ ਕੇ ਹੈ? ਇਹ ਕੀ ਲੁਕੋਣ ਦਾ ਯਤਨ ਕਰ ਰਿਹਾ ਹੈ? ਪ੍ਰਚਲਤ ਗੱਲਾਂ ਇਹ ਹਨ: ਨਿੱਘਰ ਰਹੀ ਆਰਥਿਕਤਾ ਅਤੇ ਭਾਜਪਾ ਨੇ ਭੋਲੇ-ਭਾਲੇ ਲੋਕਾਂ ਨਾਲ, ਤੇ ਆਪਣੇ ਸਰਪ੍ਰਸਤ ਕਾਰਪੋਰੇਟ ਸਰਮਾਏਦਾਰਾਂ ਨਾਲ ਜੋ ਚੋਣ ਵਾਅਦੇ ਕੀਤੇ ਸਨ, ਉਨ੍ਹਾਂ ਨਾਲ ਵਿਸ਼ਵਾਸਘਾਤ। ਆਪਣੀ ਚੋਣ ਮੁਹਿੰਮ ਦੌਰਾਨ ਮੋਦੀ ਨੇ ਦੋਹੀਂ ਹੱਥੀਂ ਲੁਟਾਇਆ ਸੀ। ਉਸ ਨੇ ਪਿੰਡਾਂ ਦੇ ਗ਼ਰੀਬਾਂ ਨਾਲ ਬੇਹੂਦਾ ਵਾਅਦਾ ਕੀਤਾ ਸੀ ਕਿ ਜਦੋਂ ਉਹ ਸੱਤਾ ਵਿਚ ਆਇਆ ਤਾਂ ਜਾਦੂਮਈ ਤਰੀਕੇ ਨਾਲ ਉਨ੍ਹਾਂ ਦੇ ਖਾਤੇ ਵਿਚ 15 ਲੱਖ ਰੁਪਏ ਆ ਜਾਣਗੇ। ਉਹ ਅਰਬਾਂ-ਖ਼ਰਬਾਂ ਗ਼ੈਰਕਾਨੂੰਨੀ ਧਨ ਵਾਪਸ ਮੁਲਕ ਵਿਚ ਲਿਆਂਦਾ ਜਾਵੇਗਾ ਜੋ ਅਮੀਰ ਹਿੰਦੁਸਤਾਨੀਆਂ ਨੇ ਸੱਤ ਸਮੁੰਦਰੋਂ ਪਾਰ ਮਹਿਫੂਜ਼ ਥਾਂਵਾਂ ਉਪਰ ਜਮ੍ਹਾਂ ਕਰ ਰੱਖਿਆ ਹੈ। ਇਹ ਗ਼ਰੀਬਾਂ ਵਿਚ ਵੰਡ ਦਿੱਤਾ ਜਾਵੇਗਾ। ਉਸ ਗ਼ੈਰਕਾਨੂੰਨੀ ਧਨ ਵਿਚੋਂ ਕਿੰਨਾ ਕੁ ਵਾਪਸ ਲਿਆਂਦਾ ਗਿਆ ਹੈ? ਕੋਈ ਨਹੀਂ। ਕਿੰਨਾ ਕੁ ਵੰਡਿਆ ਗਿਆ? ਇਸ ਦੌਰਾਨ, ਕਾਰਪੋਰੇਸ਼ਨਾਂ ਨਵੇਂ ਜ਼ਮੀਨ ਗ੍ਰਹਿਣ ਕਾਨੂੰਨ ਦੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀਆਂ ਸਨ ਜੋ ਕਾਰੋਬਾਰੀਆਂ ਲਈ ਪਿੰਡਾਂ ਦੀ ਜ਼ਮੀਨ 'ਤੇ ਕਬਜ਼ਾ ਕਰਨਾ ਹੋਰ ਸੁਖਾਲਾ ਬਣਾ ਦੇਵੇਗਾ। ਇਹ ਕਾਨੂੰਨ ਉਪਰਲੇ ਸਦਨ ਵਿਚ ਪਾਸ ਨਹੀਂ ਹੋਇਆ। ਦੇਹਾਤ ਵਿਚ ਖੇਤੀਬਾੜੀ ਦਾ ਸੰਕਟ ਡੂੰਘਾ ਹੋਇਆ ਹੈ। ਵੱਡੇ ਕਾਰੋਬਾਰੀਆਂ ਦੇ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ਿਆਂ ਉਪਰ ਲੀਕ ਮਾਰ ਦਿੱਤੀ ਗਈ, ਪਰ ਕਰਜ਼ੇ ਦੇ ਚੱਕਰ ਵਿਚ ਫਸੇ ਦਹਿ ਹਜ਼ਾਰਾਂ ਛੋਟੇ ਕਿਸਾਨ ਆਪਣੀ ਜਾਨ ਆਪਣੇ ਹੱਥੀਂ ਲੈ ਰਹੇ ਹਨ ਜਿਨ੍ਹਾਂ ਦੇ ਕਰਜ਼ੇ ਉਪਰ ਕਦੇ ਵੀ ਲੀਕ ਨਹੀਂ ਮਾਰੀ ਜਾਵੇਗੀ। 2015 ਵਿਚ, ਇਕੱਲੇ ਮਹਾਰਾਸ਼ਟਰ ਵਿਚ 3200 ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਰੋਹਿਤ ਵੇਮੂਲਾ ਵਾਂਗ ਉਨ੍ਹਾਂ ਦੀਆਂ ਖ਼ੁਦਕੁਸ਼ੀਆਂ ਵੀ ਸੰਸਥਾਗਤ ਕਤਲ ਹੀ ਹਨ।

> ***ਬਸਤਰ ਵਿਚ ਖਣਿਜਾਂ ਲਈ ਜੰਗ ਮੁੜ ਤੇਜ਼ੀ ਫੜ ਰਹੀ ਹੈ। ਪਿਛਲੀ ਸਰਕਾਰ ਦੀ ਇਥੋਂ ਦੇ ਪੁਆੜੇ ਹੱਥੇ ਬਾਸ਼ਿੰਦਿਆਂ ਨੂੰ ਜੰਗਲ 'ਚੋਂ ਹਟਾ ਕੇ ਇਸ ਨੂੰ ਖਣਨ ਅਤੇ ਕੰਪਨੀਆਂ ਦੇ ਹਵਾਲੇ ਕਰਨ ਦੀ ਮੁਹਿੰਮ 'ਓਪਰੇਸ਼ਨ ਗ੍ਰੀਨ ਹੰਟ' ਜ਼ਿਆਦਾਤਰ ਨਾਕਾਮ ਰਹੀ ਸੀ। ਇਸ ਖੇਤਰ ਬਾਬਤ ਸਰਕਾਰ ਵਲੋਂ ਨਿੱਜੀ ਕੰਪਨੀਆਂ ਨਾਲ ਜੋ ਸੈਂਕੜੇ ਇਕਰਾਰਨਾਮੇ ਕੀਤੇ ਗਏ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਸਾਕਾਰ ਨਹੀਂ ਹੋਏ। ਬਸਤਰ ਦੇ ਲੋਕ ਜੋ ਦੁਨੀਆ ਦੇ ਸਭ ਤੋਂ .ਗਰੀਬਾਂ ਵਿਚੋਂ ਹਨ, ਨੇ ਸਭ ਤੋਂ ਧਨਾਢ ਕਾਰਪੋਰੇਸ਼ਨਾਂ ਦੀ ਆਮਦ ਰੋਕੀ ਹੋਈ ਹੈ। ਹੁਣ 'ਓਪਰੇਸ਼ਨ ਗ੍ਰੀਨ ਹੰਟ-2' ਦੀ ਤਿਆਰੀ ਲਈ ਆਦਿਵਾਸੀਆਂ ਨੂੰ ਫਿਰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ।***



*ਲੇਖਕਾ ਅਰੁੰਧਤੀ ਰਾਏ ਜੰਗਲ ਵਿਚ ਮਾਓਵਾਦੀ ਗੁਰੀਲਿਆਂ ਨਾਲ।*

ਆਪਣੇ ਚੋਣ ਵਾਅਦਿਆਂ ਬਦਲੇ ਨਵੀਂ ਸਰਕਾਰ ਕੋਲ ਦੇਣ ਲਈ ਜਿਹੋ ਜਿਹਾ ਸੌਦਾ ਹੈ, ਉਹ ਆਮ ਤੌਰ 'ਤੇ ਸਿਰਫ਼ ਭਗਵੇਂ ਸਟਾਕ ਐਕਸਚੇਂਜ ਉਪਰ ਹੀ ਮਿਲਦਾ ਹੈ: ਚੰਗੇ ਜੀਵਨ-ਗੁਜ਼ਾਰੇ ਦੀਆਂ ਉਮੀਦਾਂ ਦਾ ਵਪਾਰ ਕਰੋ ਅਤੇ ਪੱਕੇ ਜਨੂੰਨ ਦੀ ਉਤਸ਼ਾਹੀ ਜ਼ਿੰਦਗੀ ਖ਼ਰੀਦੋ। ਇਕ ਜ਼ਿੰਦਗੀ ਜਿਸ ਵਿਚ ਤੁਸੀਂ ਆਪਣੇ ਗੁਆਂਢੀ ਨੂੰ ਨਫ਼ਰਤ ਕਰਨ ਲਈ ਆਜ਼ਾਦ ਹੋ, ਤੇ ਜੇ ਮਾਮਲਾ ਸੱਚੀਂ ਹੀ ਵਿਗੜ ਜਾਂਦਾ ਹੈ, ਤੇ ਜੇ ਤੁਸੀਂ ਸੱਚਮੁੱਚ ਚਾਹੁੰਦੇ ਹੋ, ਤੁਸੀਂ ਆਪਣੇ ਯਾਰਾਂ ਨਾਲ ਮਿਲ ਕੇ ਉਸ ਨੂੰ ਕੁੱਟ-ਕੁੱਟ ਕੇ ਮਾਰ ਸਕਦੇ ਹੋ।

> ***ਆਪਣੇ ਚੋਣ ਵਾਅਦਿਆਂ ਬਦਲੇ ਨਵੀਂ ਸਰਕਾਰ ਕੋਲ ਦੇਣ ਲਈ ਜਿਹੋ ਜਿਹਾ ਸੌਦਾ ਹੈ, ਉਹ ਆਮ ਤੌਰ 'ਤੇ ਸਿਰਫ਼ ਭਗਵੇਂ ਸਟਾਕ ਐਕਸਚੇਂਜ ਉਪਰ ਹੀ ਮਿਲਦਾ ਹੈ: ਚੰਗੇ ਜੀਵਨ-ਗੁਜ਼ਾਰੇ ਦੀਆਂ ਉਮੀਦਾਂ ਦਾ ਵਪਾਰ ਕਰੋ ਅਤੇ ਪੱਕੇ ਜਨੂੰਨ ਦੀ ਉਤਸ਼ਾਹੀ ਜ਼ਿੰਦਗੀ ਖ਼ਰੀਦੋ। ਇਕ ਜ਼ਿੰਦਗੀ ਜਿਸ ਵਿਚ ਤੁਸੀਂ ਆਪਣੇ ਗੁਆਂਢੀ ਨੂੰ ਨਫ਼ਰਤ ਕਰਨ ਲਈ ਆਜ਼ਾਦ ਹੋ, ਤੇ ਜੇ ਮਾਮਲਾ ਸੱਚੀਂ ਹੀ ਵਿਗੜ ਜਾਂਦਾ ਹੈ, ਤੇ ਜੇ ਤੁਸੀਂ ਸੱਚਮੁੱਚ ਚਾਹੁੰਦੇ ਹੋ, ਤੁਸੀਂ ਆਪਣੇ ਯਾਰਾਂ ਨਾਲ ਮਿਲ ਕੇ ਉਸ ਨੂੰ ਕੁੱਟ-ਕੁੱਟ ਕੇ ਮਾਰ ਸਕਦੇ ਹੋ।***

ਜੇ.ਐਨ.ਯੂ. ਦਾ ਬਨਾਉਟੀ ਸੰਕਟ ਉਸ ਭਿਆਨਕ ਤ੍ਰਾਸਦੀ ਤੋਂ ਸਾਡਾ ਧਿਆਨ ਲਾਂਭੇ ਕਰਨ ਵਿਚ ਕਾਮਯਾਬ ਹੋਇਆ ਹੈ ਜੋ ਇਸ ਮੁਲਕ ਦੇ ਕੁਝ ਸਭ ਤੋਂ ਕਮਜ਼ੋਰ ਲੋਕਾਂ ਉਪਰ ਆਣ ਪਈ ਹੈ। ਬਸਤਰ, ਛੱਤੀਸਗੜ੍ਹ ਵਿਚ ਖਣਿਜਾਂ ਲਈ ਜੰਗ ਮੁੜ ਤੇਜ਼ੀ ਫੜ ਰਹੀ ਹੈ। ਪਿਛਲੀ ਸਰਕਾਰ ਦੀ ਇਥੋਂ ਦੇ ਪੁਆੜੇ ਹੱਥੇ ਬਾਸ਼ਿੰਦਿਆਂ ਨੂੰ ਜੰਗਲ 'ਚੋਂ ਹਟਾ ਕੇ ਇਸ ਨੂੰ ਖਣਨ ਅਤੇ ਕੰਪਨੀਆਂ ਦੇ ਹਵਾਲੇ ਕਰਨ ਦੀ ਮੁਹਿੰਮ 'ਓਪਰੇਸ਼ਨ ਗ੍ਰੀਨ ਹੰਟ' ਜ਼ਿਆਦਾਤਰ ਨਾਕਾਮ ਰਹੀ ਸੀ। ਇਸ ਖੇਤਰ ਬਾਬਤ ਸਰਕਾਰ ਵਲੋਂ ਨਿੱਜੀ ਕੰਪਨੀਆਂ ਨਾਲ ਜੋ ਸੈਂਕੜੇ ਇਕਰਾਰਨਾਮੇ ਕੀਤੇ ਗਏ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਸਾਕਾਰ ਨਹੀਂ ਹੋਏ। ਬਸਤਰ ਦੇ ਲੋਕ ਜੋ ਦੁਨੀਆ ਦੇ ਸਭ ਤੋਂ ਗ਼ਰੀਬਾਂ ਵਿਚੋਂ ਹਨ, ਨੇ ਸਭ ਤੋਂ ਧਨਾਢ ਕਾਰਪੋਰੇਸ਼ਨਾਂ ਦੀ ਆਮਦ ਰੋਕੀ ਹੋਈ ਹੈ। ਹੁਣ 'ਓਪਰੇਸ਼ਨ ਗ੍ਰੀਨ ਹੰਟ-2' ਜਿਸ ਨੂੰ ਅਜੇ ਨਾਮ ਨਹੀਂ ਦਿੱਤਾ ਗਿਆ, ਦੀ ਤਿਆਰੀ ਲਈ ਹਜ਼ਾਰਾਂ ਆਦਿਵਾਸੀਆਂ ਨੂੰ ਇਕ ਵਾਰ ਫਿਰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ, ਜ਼ਿਆਦਾਤਰ ਉਪਰ ਮਾਓਵਾਦੀ ਹੋਣ ਦਾ ਇਲਜ਼ਾਮ ਲਾ ਕੇ।

ਜੰਗਲ ਵਿਚੋਂ ਇਸ ਦੇ ਗਵਾਹਾਂ (ਪੱਤਰਕਾਰ, ਕਾਰਕੁਨ, ਵਕੀਲ ਤੇ ਸਿਖਿਆ ਵਿਗਿਆਨੀ) ਨੂੰ ਕੱਢਿਆ ਜਾ ਰਿਹਾ ਹੈ। ਜੋ ਕੋਈ ਵੀ ਰਾਜ-ਬਨਾਮ-'ਮਾਓਵਾਦੀ ਦਹਿਸ਼ਤਗਰਦ' ਨਮੂਨੇ ਦੀ ਸਾਫ਼-ਸੁਥਰੀ ਤਸਵੀਰ ਨੂੰ ਗੰਧਲਾਉਂਦਾ ਹੈ, ਉਹ ਖ਼ਤਰੇ ਦੇ ਮੂੰਹ ਆਇਆ ਹੋਇਆ ਹੈ। ਅਸਾਧਾਰਨ ਆਦਿਵਾਸੀ ਸਕੂਲ ਅਧਿਆਪਕਾ ਤੇ ਕਾਰਕੁਨ ਸੋਨੀ ਸੋਰੀ ਜਿਸ ਨੂੰ 2011 ਵਿਚ ਜੇਲ੍ਹ ਵਿਚ ਸੁੱਟਿਆ ਗਿਆ ਸੀ, ਤੇ 2014 'ਚ ਰਿਹਾਅ ਹੁੰਦੇ ਸਾਰ ਉਹ ਸਿੱਧੀ ਆਦਿਵਾਸੀਆਂ ਨੂੰ ਜਥੇਬੰਦ ਕਰਨ ਦੇ ਕੰਮ ਵਿਚ ਜੁਟ ਗਈ ਸੀ, ਉਪਰ ਪਿਛੇ ਜਿਹੇ ਹਮਲਾ ਕੀਤਾ ਗਿਆ ਅਤੇ ਉਸ ਦਾ ਚਿਹਰਾ ਕਿਸੇ ਜਲਣਸ਼ੀਲ ਚੀਜ਼ ਨਾਲ ਲੂਹ ਦਿੱਤਾ ਗਿਆ। ਔਰਤ ਵਕੀਲਾਂ ਦੀ ਨਿੱਕੀ ਜਿਹੀ ਟੋਲੀ 'ਜਗਦਲਪੁਰ ਲੀਗਲ ਏਡ ਗਰੁੱਪ' ਜੋ ਜੇਲ੍ਹਾਂ ਵਿਚ ਸੜ ਰਹੇ ਆਦਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੀ ਸੀ, ਤੇ ਮਾਲਿਨੀ ਸੁਬਰਾਮਨੀਅਮ ਜਿਸ ਦੀਆਂ ਬਸਤਰ ਤੋਂ ਖੋਜੀ ਰਿਪੋਰਟਾਂ ਮੁਕਾਮੀ ਪੁਲਿਸ ਲਈ ਪ੍ਰੇਸ਼ਾਨੀ ਦਾ ਕਾਰਨ ਬਣੀਆਂ ਹੋਈਆਂ ਸਨ, ਨੂੰ ਉਥੋਂ ਬੇਦਖ਼ਲ ਕਰ ਕੇ ਬਸਤਰ ਛੱਡ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਬਸਤਰ ਦੇ ਪਹਿਲੇ ਆਦਿਵਾਸੀ ਪੱਤਰਕਾਰ ਲਿੰਗਾਰਾਮ ਕੋਡੋਪੀ ਜਿਸ ਨੂੰ ਖ਼ੌਫ਼ਨਾਕ ਤਸੀਹੇ ਦਿਤੇ ਗਏ ਤੇ ਤਿੰਨ ਸਾਲ ਜੇਲ੍ਹ ਵਿਚ ਬੰਦ ਰੱਖਿਆ ਗਿਆ, ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਤੇ ਉਸ ਨੇ ਮਾਯੂਸ ਹੋ ਕੇ ਐਲਾਨ ਕੀਤਾ ਹੈ ਕਿ ਜੇ ਉਸ ਨੂੰ ਤੰਗ ਕਰਨਾ ਬੰਦ ਨਾ ਕੀਤਾ ਗਿਆ ਤਾਂ ਉਹ ਆਪਣੀ ਜਾਨ ਲੈ ਲਵੇਗਾ। ਇਕ ਪੱਤਰਕਾਰ ਜੋ ਵਟਸਐਪ ਉਪਰ ਪੁਲਿਸ ਦੇ ਵਿਰੁੱਧ ਟਿੱਪਣੀਆਂ ਪੋਸਟ ਕਰਦਾ ਸੀ, ਸਮੇਤ ਚਾਰ ਹੋਰ ਮੁਕਾਮੀ ਪੱਤਰਕਾਰਾਂ ਨੂੰ ਝੂਠੇ ਇਲਜ਼ਾਮਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਖੋਜਕਾਰ ਬੇਲਾ ਭਾਟੀਆ ਜਿਸ ਪਿੰਡ ਵਿਚ ਰਹਿ ਰਹੀ ਸੀ, ਉਥੇ ਜਾ ਕੇ ਹਜੂਮ ਵਲੋਂ ਉਸ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਅਤੇ ਉਸ ਦੇ ਮਕਾਨ ਮਾਲਕਾਂ ਨੂੰ ਧਮਕੀਆਂ ਦਿੱਤੀਆਂ ਗਈਆਂ। ਨੀਮ-ਫ਼ੌਜੀ ਤਾਕਤਾਂ ਤੇ ਚੌਕਸੀ ਗਰੋਹ ਜਿਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ, ਇਕ ਵਾਰ ਫਿਰ ਪਿੰਡਾਂ ਉਪਰ ਧਾਵੇ ਬੋਲ ਕੇ ਲੋਕਾਂ ਨੂੰ ਦਹਿਸ਼ਤਜ਼ਦਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਪਣੇ ਘਰ-ਬਾਰ ਛੱਡ ਕੇ ਜੰਗਲਾਂ ਵਿਚ ਚਲੇ ਜਾਣ ਲਈ ਮਜਬੂਰ ਕਰ ਰਹੇ ਹਨ। ਜਬਰ-ਜਨਾਹ, ਛੇੜ-ਛਾੜ, ਲੁੱਟ-ਮਾਰ ਅਤੇ ਡਾਕਿਆਂ ਦੇ ਭਿਆਨਕ ਵੇਰਵੇ ਸਾਹਮਣੇ ਆ ਰਹੇ ਹਨ। ਹਿੰਦੁਸਤਾਨੀ ਹਵਾਈ ਫ਼ੌਜ ਨੇ ਹੈਲੀਕਾਪਟਰਾਂ ਤੋਂ ਜ਼ਮੀਨ ਉਪਰ ਗੋਲੀਬਾਰੀ ਦਾ 'ਅਭਿਆਸ' ਸ਼ੁਰੂ ਕਰ ਦਿੱਤਾ ਹੈ।

ਜੋ ਵੀ ਕੋਈ ਆਦਿਵਾਸੀਆਂ ਦੀ ਜ਼ਮੀਨ ਉਪਰ ਕਾਰਪੋਰੇਟ ਕਬਜ਼ੇ ਦੀ ਨੁਕਤਾਚੀਨੀ ਕਰਦਾ ਹੈ, ਉਸ ਨੂੰ ਪਾਬੰਦੀਸ਼ੁਦਾ ਮਾਓਵਾਦੀਆਂ ਦਾ 'ਹਮਦਰਦ' ਕਰਾਰ ਦਿੱਤਾ ਜਾ ਰਿਹਾ ਹੈ। ਹਮਦਰਦੀ ਰੱਖਣਾ ਵੀ ਜੁਰਮ ਹੈ। ਟੈਲੀਵਿਜ਼ਨ ਸਟੂਡੀਓਜ਼ ਅੰਦਰ ਜਿਹੜੇ ਮਹਿਮਾਨ ਬਹਿਸ ਵਿਚ ਸੂਝ ਦਾਖ਼ਲ ਕਰਨ ਦਾ ਯਤਨ ਕਰਦੇ ਹਨ, ਉਨ੍ਹਾਂ ਨੂੰ ਧਮਕਾ ਕੇ ਰਾਸ਼ਟਰ ਪ੍ਰਤੀ ਵਫ਼ਾਦਾਰੀ ਦਿਖਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਜਿਨ੍ਹਾਂ ਲੋਕਾਂ ਕੋਲ ਢਿੱਡ ਭਰਨ ਲਈ ਇਕ ਡੰਗ ਦਾ ਖਾਣਾ ਵੀ ਨਹੀਂ, ਇਹ ਉਨ੍ਹਾਂ ਖ਼ਿਲਾਫ਼ ਜੰਗ ਹੈ। ਇਹ ਰਾਸ਼ਟਰਵਾਦ ਦੇ ਕਿਸ ਖ਼ਾਸ ਬਰੈਂਡ ਤਹਿਤ ਆਉਂਦਾ ਹੈ? ਅਸੀਂ ਕਿਸ ਗੱਲ ਦਾ ਮਾਣ ਕਰੀਏ?

ਸਾਡੇ ਲੁੰਪਨ ਰਾਸ਼ਟਰਵਾਦੀਆਂ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਜਿੰਨਾ ਵਧੇਰੇ ਉਹ ਇਸ ਥੋਥੀ ਨਾਅਰੇਬਾਜ਼ੀ ਦੀ ਜ਼ਿਦ ਕਰ ਰਹੇ ਹਨ, ਜਿੰਨਾ ਵਧੇਰੇ ਉਹ ਲੋਕਾਂ ਨੂੰ 'ਭਾਰਤ ਮਾਤਾ ਕੀ ਜੈ' ਕਹਿਣ ਜਾਂ ਇਹ ਐਲਾਨ ਕਰਨ ਲਈ ਮਜਬੂਰ ਕਰ ਰਹੇ ਹਨ ਕਿ 'ਕਸ਼ਮੀਰ ਹਿੰਦੁਸਤਾਨ ਦਾ ਅਨਿੱਖੜ ਅੰਗ ਹੈ', ਉਨਾ ਹੀ ਉਨ੍ਹਾਂ ਦਾ ਆਪਣੀ ਗੱਲ 'ਤੇ ਯਕੀਨ ਘਟ ਰਿਹਾ ਹੈ। ਸਾਡੇ ਹਲਕ ਵਿਚ ਜੋ ਰਾਸ਼ਟਰਵਾਦ ਧੱਕਿਆ ਜਾ ਰਿਹਾ ਹੈ, ਉਸ ਦਾ ਸਰੋਕਾਰ ਸਾਡੇ ਆਪਣੇ ਮੁਲਕ ਨੂੰ ਪ੍ਰੇਮ ਕਰਨ ਨਾਲੋਂ ਦੂਜੇ ਮੁਲਕ (ਪਾਕਿਸਤਾਨ) ਨੂੰ ਨਫ਼ਰਤ ਕਰਨ ਨੂੰ ਲੈ ਕੇ ਵਧੇਰੇ ਹੈ। ਇਸ ਦਾ ਸਰੋਕਾਰ ਵਤਨ ਤੇ ਇਸ ਦੇ ਲੋਕਾਂ ਨੂੰ ਪਿਆਰ ਕਰਨ ਨਾਲੋਂ ਖੇਤਰ ਨੂੰ ਮਹਿਫੂਜ਼ ਕਰਨ ਪ੍ਰਤੀ ਜ਼ਿਆਦਾ ਹੈ।

ਵਿਰੋਧਾਭਾਸ ਦੇਖੋ, ਦੇਸ਼-ਧ੍ਰੋਹੀ ਦਾ ਠੱਪਾ ਉਨ੍ਹਾਂ ਉਪਰ ਲਗਾਇਆ ਜਾ ਰਿਹਾ ਹੈ ਜੋ ਦਰਿਆਵਾਂ ਦੀ ਮੌਤ ਅਤੇ ਜੰਗਲਾਂ ਦੀ ਬੇਹੁਰਮਤੀ ਦੀ ਗੱਲ ਕਰਦੇ ਹਨ। ਇਹ ਉਹ ਲੋਕ ਹਨ ਜੋ ਜ਼ਮੀਨ ਨੂੰ ਜ਼ਹਿਰੀਲਾ ਕੀਤੇ ਜਾਣ ਅਤੇ ਪਾਣੀ ਦਾ ਪੱਧਰ ਡਿਗਣ ਨੂੰ ਲੈ ਕੇ ਫ਼ਿਕਰਮੰਦ ਹਨ। ਦੂਜੇ ਪਾਸੇ 'ਰਾਸ਼ਟਰਵਾਦੀਆਂ' ਨੇ ਖਾਣਾਂ ਖੋਦਣ, ਡੈਮ ਬਣਾਉਣ, ਜੰਗਲ ਕੱਟਣ, ਪਹਾੜ ਤੋੜਨ ਅਤੇ ਵੇਚਣ ਦੀ ਲਗਾਤਾਰ ਰੱਟ ਲਾ ਰੱਖੀ ਹੈ।

***(ਬਾਕੀ ਅਗਲੇ ਸਫੇ 'ਤੇ)***

# ਡਾ. ਜੌਹਲ ਦੀਆਂ ਰਿਪੋਰਟਾਂ 'ਤੇ ਅਮਲ ਕਰਨ ਦੀ ਲੋੜ

ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਚਾਰੇ ਦਾ ਧਰੂ ਤਾਰਾ ਹੈ। ਕੌਮਾਂਤਰੀ ਪੱਧਰ 'ਤੇ ਮੰਨਿਆ ਪ੍ਰਮੰਨਿਆ ਖੇਤੀ ਅਰਥ ਸ਼ਾਸਤਰੀ। ਉਹ ਯੂ. ਐਨ. ਓ. ਦੀ ਖੁਰਾਕ ਤੇ ਖੇਤੀਬਾੜੀ ਸੰਸਥਾ ਵਿਚ ਪੰਜ ਸਾਲ ਪ੍ਰਾਜੈਕਟ ਮੈਨੇਜਰ ਰਿਹਾ। ਉਸ ਨੇ ਤਿੰਨ ਦਰਜਨ ਤੋਂ ਵੱਧ ਮੁਲਕਾਂ ਵਿਚ ਪ੍ਰੋਫੈਸ਼ਨਲ ਸੇਵਾਵਾਂ ਦਿੱਤੀਆਂ। ਉਹ ਪੰਜਾਬੀ ਯੂਨੀਵਰਸਿਟੀ- ਪਟਿਆਲਾ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ- ਲੁਧਿਆਣਾ ਦਾ ਵਾਈਸ ਚਾਂਸਲਰ ਤੇ ਹੁਣ ਸੈਂਟਰਲ ਯੂਨੀਵਰਸਿਟੀ ਪੰਜਾਬ, ਬਠਿੰਡਾ ਦਾ ਚਾਂਸਲਰ ਹੈ। ਉਹ ਨੈਸ਼ਨਲ ਪ੍ਰੋਫੈਸਰ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਆਫ ਐਗਰੀਕਲਚਰਲ ਇਕਨੌਮਿਕਸ, ਭਾਰਤ ਦੇ 4 ਪ੍ਰਧਾਨ ਮੰਤਰੀਆਂ ਦੀਆਂ ਆਰਥਿਕ ਸਲਾਹਕਾਰ ਕੌਂਸਲਾਂ ਦਾ ਮੈਂਬਰ ਤੇ ਇੰਡੀਆ ਦੇ ਸੈਂਟਰਲ ਬੋਰਡ ਆਫ ਰਿਜ਼ਰਵ ਬੈਂਕ ਦਾ ਡਾਇਰੈਕਟਰ ਵੀ ਰਿਹਾ।

ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿਟ. ਤੇ ਡੀ. ਐਸਸੀ. ਦੀਆਂ ਆਨਰੇਰੀ ਡਿਗਰੀਆਂ ਨਾਲ ਸਨਮਾਨਿਆ ਹੈ। ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਨੇ ਪ੍ਰੋਫੈਸਰ ਆਫ ਐਮੀਨੈਂਸ ਇਨ ਇਕਨੌਮਿਕਸ ਦੀ ਪਦਵੀ ਦਿੱਤੀ ਅਤੇ ਕਈ ਗੌਰਵਮਈ ਅਕਾਦਮਿਕ ਸੰਸਥਾਵਾਂ ਨੇ ਫੈਲੋਸ਼ਿਪਾਂ ਪ੍ਰਦਾਨ ਕੀਤੀਆਂ। ਉਹ ਕਈ ਵਿਦੇਸ਼ੀ ਯੂਨੀਵਰਸਿਟੀਆਂ ਦਾ ਵਿਜ਼ਿਟਿੰਗ ਪ੍ਰੋਫੈਸਰ ਤੇ ਅਕਾਦਮੀਆਂ ਦਾ ਪ੍ਰਧਾਨ ਰਿਹਾ। ਨੱਬੇ ਸਾਲਾਂ ਨੂੰ ਢੁੱਕ ਕੇ ਵੀ ਉਹਦੀਆਂ ਸੈਮੀਨਾਰੀ ਸਰਗਰਮੀਆਂ ਜਾਰੀ ਹਨ ਪਰ ਪੰਜਾਬ ਤੇ ਕੇਂਦਰ ਦੀ ਕਿਸੇ ਸਰਕਾਰ ਨੇ ਵੀ ਉਹਦੀਆਂ ਬਿਜਲੀ ਤੇ ਖੇਤੀਬਾੜੀ ਬਾਰੇ ਵਿਸ਼ੇਸ਼ ਰਿਪੋਰਟਾਂ 'ਤੇ ਅਮਲ ਨਹੀਂ ਕੀਤਾ। ਉਹਦੀ ਹੁਣ ਤਾਂ ਸੁਣੋ।

ਕਿਸਾਨਾਂ ਦੇ ਭੱਖਦੇ ਮਸਲਿਆਂ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦਿੰਦਾ ਡਾ. ਜੌਹਲ ਕਹਿੰਦਾ ਹੈ: ਕਿਸਾਨਾਂ ਦਾ ਸਭ ਤੋਂ ਵੱਡਾ ਮਸਲਾ ਉਨ੍ਹਾਂ ਦਾ ਖਰਚਾ ਵੱਧ ਤੇ ਆਮਦਨ ਘੱਟ ਹੋਣ ਦਾ ਹੈ। ਉਨ੍ਹਾਂ ਕੋਲ ਪੀੜ੍ਹੀ ਦਰ ਪੀੜ੍ਹੀ ਵੰਡੀਦੀ ਜ਼ਮੀਨ ਥੋੜ੍ਹੀ-ਥੋੜ੍ਹੀ ਰਹਿ ਗਈ ਹੈ। ਫਾਰਮ ਮੁਨਾਫਾਬਖ਼ਸ਼ (ਘੱਟੋਘੱਟ 30 ਏਕੜ) ਨਹੀਂ ਰਹੇ। ਛੋਟੇ ਫਾਰਮਾਂ 'ਤੇ ਖਰਚਾ ਵੱਧ ਹੁੰਦਾ ਹੈ ਤੇ ਆਮਦਨ ਘੱਟ। ਹੱਡ-ਤੋੜਵੀਂ ਮਿਹਨਤ ਮਗਰੋਂ ਵੀ ਕਿਸਾਨ ਆਪਣੇ ਪਰਿਵਾਰਾਂ ਨੂੰ ਪਾਲਣ ਜੋਗੇ ਨਹੀਂ ਰਹਿੰਦੇ। ਇਸ ਕਰਕੇ ਕਰਜ਼ਿਆਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ।

ਕਰਜ਼ੇ ਲਹਿੰਦੇ ਨਹੀਂ ਜਿਸ ਕਰਕੇ ਖ਼ੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਪੰਜਾਬ ਦੀ ਪੜ੍ਹੀ ਲਿਖੀ ਜੁਆਨ ਪੀੜ੍ਹੀ ਵਿਚ ਬੇਰੁਜ਼ਗਾਰੀ ਬਹੁਤ ਹੈ। ਇਨ੍ਹਾਂ ਲਈ ਕੋਈ ਚੱਜ ਦਾ ਕੰਮ ਨਹੀਂ। ਇਨ੍ਹਾਂ ਮਸਲਿਆਂ ਦੇ ਹੱਲ ਹਨ ਪਰ ਹੱਲ ਕਰਨ ਦੀ ਸਿਆਸੀ ਇੱਛਾ ਸ਼ਕਤੀ ਵੀ ਤਾਂ ਹੋਣੀ ਚਾਹੀਦੀ ਹੈ ਜਿਹੜੀ ਕੋਈ ਸਰਕਾਰ ਨਹੀਂ ਦਿਖਾ ਰਹੀ। ਕਿਸਾਨਾਂ ਦੀ ਬਿਹਤਰੀ ਲਈ ਅਜੇ ਤਕ ਕੋਈ ਸਰਕਾਰ ਵੀ ਵਚਨਬੱਧ ਨਹੀਂ ਹੋਈ।

ਡਾ. ਜੌਹਲ ਦੇ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਹੁੰਦਿਆਂ ਅਕਾਲੀ ਦਲ ਦੀ ਬਰਨਾਲਾ ਸਰਕਾਰ ਬਣੀ ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਖੇਤੀਬਾੜੀ ਮੰਤਰੀ ਬਣੇ। ਡਾ. ਜੌਹਲ ਦੱਸਦਾ ਹੈ ਕਿ ਕੈਪਟਨ ਸਾਹਿਬ ਪਟਿਆਲੇ ਮੇਰੇ ਨਿਵਾਸ 'ਤੇ ਆਏ ਤੇ ਮੈਨੂੰ ਕਹਿਣ ਲੱਗੇ, "ਮੈਨੂੰ ਇਕ ਕੰਮ ਹੈ ਤੁਹਾਡੇ ਤਕ। ਪੰਜਾਬ ਦੇ ਝੋਨੇ ਤੇ ਕਣਕ ਦੀ ਬੜੀ ਬੁਰੀ ਹਾਲਤ ਹੈ। ਸਰਕਾਰ ਇਕ ਕਮੇਟੀ ਬਣਾਉਣਾ ਚਾਹੁੰਦੀ ਹੈ। ਸਾਡੀ ਦਰਖਾਸਤ ਹੈ ਕਿ ਤੁਸੀਂ ਇਸ ਦੇ ਚੇਅਰਮੈਨ ਬਣੋ ਅਤੇ ਸਾਨੂੰ ਰਿਪੋਰਟ ਦਿਓ ਕਿ ਕੀ ਕਰਨਾ ਚਾਹੀਦੈ? ਬਾਕੀ ਦੇ ਮੈਂਬਰ ਵੀ ਤੁਹਾਡੇ 'ਤੇ ਛੱਡੇ ਜਿਨ੍ਹਾਂ ਨੂੰ ਕਹੋਗੇ ਸਰਕਾਰ ਨੋਟੀਫਿਕੇਸ਼ਨ ਕਰ ਦੇਵੇਗੀ।"


ਡਾ. ਜੌਹਲ ਨੇ ਕਿਹਾ, "ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤੀ ਮਾਹਿਰਾਂ ਨਾਲ ਭਰੀ ਪਈ ਹੈ। ਮੈਂ ਤਾਂ ਹੁਣ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਹਾਂ।" ਕੈਪਟਨ ਸਾਹਿਬ ਬੋਲੇ, "ਸਾਨੂੰ ਪਤਾ ਹੈ, ਤੁਸੀਂ ਹਾਂ ਕਰ ਦਿਓ।" ਉੱਦਣ ਹੀ ਸ਼ਾਮ ਨੂੰ ਇਕ ਪਬਲਿਕ ਜਲਸੇ ਵਿਚ 'ਜੌਹਲ ਕਮੇਟੀ' ਦਾ ਐਲਾਨ ਕਰ ਦਿੱਤਾ ਗਿਆ। ਇਸ ਕਮੇਟੀ ਦੀ ਤਿਆਰ ਕੀਤੀ ਫਸਲੀ ਵਿਭਿੰਨਤਾ ਦੀ ਰਿਪੋਰਟ ਬਾਅਦ ਵਿਚ ਬਹੁ-ਚਰਚਿਤ ਹੋਈ। ਪਰ ਪੰਜਾਬ ਸਰਕਾਰ ਨੇ ਨਾ ਡਾ. ਜੌਹਲ ਦੀ ਤੇ ਖੇਤੀ ਭਿੰਨਤਾ ਰਿਪੋਰਟ 'ਤੇ ਅਮਲ ਕੀਤਾ ਤੇ ਨਾ ਬਿਜਲੀ ਰਿਪੋਰਟ ਉਤੇ। ਜਿੰਨੀ ਮਿਹਨਤ ਨਾਲ ਇਹ ਰਿਪੋਰਟਾਂ ਤਿਆਰ ਕੀਤੀਆਂ ਸਨ ਉਨ੍ਹਾਂ ਦਾ ਕੋਈ ਫਾਇਦਾ ਨਾ ਉਠਾਇਆ ਗਿਆ। ਅਜੇ ਵੀ ਉਨ੍ਹਾਂ ਰਿਪੋਰਟਾਂ 'ਤੇ ਅਮਲ ਕੀਤੇ ਜਾਣ ਦੀ ਉਡੀਕ ਹੈ।

ਡਾ. ਜੌਹਲ ਦੀ ਬਿਜਲੀ ਰਿਪੋਰਟ ਅਨੁਸਾਰ ਪੰਜਾਬ ਵਿਚ ਟਿਊਬਵੈੱਲਾਂ ਨੂੰ ਦਿੱਤੀ ਜਾਂਦੀ ਮੁਫਤ ਜਾਂ ਫਲੈਟ ਰੇਟ ਬਿਜਲੀ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਨਹੀਂ ਸਗੋਂ ਭਾਰਤੀ ਖਪਤਕਾਰਾਂ ਨੂੰ ਹੁੰਦੈ। ਮੁਫਤ ਦੀ ਬਿਜਲੀ ਨਾਲ ਪੰਜਾਬ ਦਾ ਪਾਣੀ ਥੱਲੇ ਹੀ ਥੱਲੇ ਜਾਈ ਜਾ ਰਿਹੈ ਜਿਸ ਕਰਕੇ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਨੇ ਪੈ ਰਹੇ ਨੇ ਤੇ ਪਾਣੀ ਖਿੱਚਣ ਲਈ ਬਿਜਲੀ ਵੱਧ ਵਰਤਣੀ ਪੈ ਰਹੀ ਹੈ। ਪਹਿਲਾਂ ਖੂਹੀਆਂ ਡੂੰਘੀਆਂ ਕਰਦੇ ਰਹੇ ਫਿਰ ਹੋਰ ਪਾਈਪਾਂ ਪਾ ਕੇ ਬੋਰ ਡੂੰਘੇ ਕਰਦੇ ਰਹੇ। ਫਿਰ ਸਬਮਰਸੀਬਲ ਟਿਊਬਵੈੱਲ ਲੱਗਣ ਲੱਗੇ। ਜ਼ਮੀਨਾਂ ਕੱਦੂ ਕਰ ਕੇ ਤੇ ਖਾਲੇ ਪੱਕੇ ਕਰ ਕੇ ਪਾਣੀ ਜ਼ਮੀਨ 'ਚ ਸਿੰਮਣੋਂ ਰੋਕ ਦਿੱਤਾ ਗਿਆ। ਝੋਨਿਆਂ 'ਚ ਖੜ੍ਹਾ ਪਾਣੀ ਧੁੱਪ ਨਾਲ ਸੁੱਕਣ ਤੇ ਹਵਾ ਨਾਲ ਉੱਡਣ ਲੱਗਾ।

ਸਤੰਬਰ 2015 ਤਕ ਪੰਜਾਬ ਦੇ ਖੇਤਾਂ ਵਿਚ 12,36185 ਟਿਊਬਵੈੱਲ ਲੱਗ ਚੁੱਕੇ ਸਨ ਜੋ ਹੁਣ ਬਿਜਲੀ ਦੇ ਸਵਾ ਲੱਖ ਨਵੇਂ ਕੁਨੈਕਸ਼ਨਾਂ ਨਾਲ ਸਾਢੇ ਤੇਰਾਂ ਲੱਖ ਦਾ ਅੰਕੜਾ ਪਾਰ ਕਰ ਰਹੇ ਹਨ। ਖੇਤਾਂ ਤੋਂ ਬਿਨਾਂ ਹਜ਼ਾਰਾਂ ਵਾਟਰ ਵਰਕਸ ਅਤੇ ਲੱਖਾਂ ਦੀ ਗਿਣਤੀ 'ਚ ਘਰੇਲੂ ਟਿਊਬਵੈੱਲ ਹਨ। ਪਿਛਲੇ ਦਸ ਸਾਲਾਂ ਵਿਚ ਬੋਰਾਂ ਤੇ ਮੋਟਰਾਂ ਉਤੇ ਪੰਜਾਬੀਆਂ ਦਾ 11000 ਕਰੋੜ ਰੁਪਏ ਖਰਚਾ ਆ ਚੁੱਕੈ। 27000 ਕਰੋੜ ਦੀ ਬਿਜਲੀ ਫੂਕੀ ਗਈ।

ਹਰ ਸਾਲ ਧਰਤੀ ਦਾ ਪਾਣੀ 40 ਤੋਂ 80 ਸੈਂਟੀਮੀਟਰ ਤਕ ਥੱਲੇ ਗਰਕ ਰਿਹੈ। ਇਕ ਕਿਲੋ ਚੌਲ ਪੈਦਾ ਕਰਨ ਉਤੇ 4000 ਲੀਟਰ ਪਾਣੀ ਖਪਦਾ ਹੈ ਜਦ ਕਿ ਬਜ਼ਾਰ ਵਿਚ ਲੀਟਰ ਪਾਣੀ ਦੀ ਬੋਤਲ ਦਸ ਰੁਪਏ ਤੋਂ ਮਹਿੰਗੀ ਮਿਲਦੀ ਹੈ। ਹਰ ਸਾਲ 200 ਲੱਖ ਟਨ ਤੋਂ ਵੱਧ ਅਨਾਜ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਭੇਜਿਆ ਜਾ ਰਿਹੈ ਜਿਸ ਦਾ ਮਤਲਬ ਹੈ 88000 ਕਰੋੜ ਗੈਲਨ ਪਾਣੀ ਦਾਣਿਆਂ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਜਾ ਰਿਹੈ। ਇਕ ਪਾਸੇ ਆਬਾਦੀ ਵਧ ਰਹੀ ਹੈ ਤੇ ਦੂਜੇ ਪਾਸੇ ਪ੍ਰਤੀ ਵਿਅਕਤੀ ਪਾਣੀ ਦੀ ਖਪਤ 40 ਲੀਟਰ ਤੋਂ ਵਧ ਕੇ 70 ਲੀਟਰ ਹੋ ਗਈ ਹੈ। ਉਤੋਂ ਦਰਿਆਈ ਪਾਣੀ ਘਟ ਰਿਹੈ। ਪੰਜਾਬ ਮਾਰੂਥਲ ਨਹੀਂ ਬਣੇਗਾ ਤਾਂ ਹੋਰ ਕੀ ਬਣੇਗਾ?

ਇਕ ਸਿੱਧੀ ਜਿਹੀ ਗੱਲ ਵੀ ਪੰਜਾਬ ਦੀਆਂ ਸਰਕਾਰਾਂ ਤੇ ਪੰਜਾਬ ਦੇ ਕਿਸਾਨਾਂ ਨੂੰ ਸਮਝ ਨਹੀਂ ਆ ਰਹੀ। ਵੋਟਾਂ ਲੈਣ ਲਈ ਜਿਹੜੀ ਬਿਜਲੀ ਮੁਫਤ ਵਿਚ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ, ਖੇਤੀ ਫਸਲਾਂ ਦੇ ਭਾਅ ਬੰਨ੍ਹਣ ਵੇਲੇ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੱਲੋਂ ਖਰਚੇ ਵਿਚ ਨਹੀਂ ਗਿਣੀ ਜਾਂਦੀ। ਖਰਚੇ ਵਿਚ ਤਾਂ ਤਦ ਗਿਣੀ ਜਾਵੇ ਜੇ ਕਿਸਾਨ



ਡਾ. ਸਰਦਾਰਾ ਸਿੰਘ ਜੌਹਲ

ਉਹਦੇ ਪੈਸੇ ਭਰਦਾ ਹੋਵੇ। ਖਰਚੇ ਦੇ ਹਿਸਾਬ ਨਾਲ ਫਸਲਾਂ ਦੇ ਭਾਅ ਵੀ ਫਿਰ ਘੱਟ ਬੰਨ੍ਹੇ ਜਾਂਦੇ ਹਨ। ਇੰਜ ਘਾਟਾ ਪੰਜਾਬ ਦੇ ਕਿਸਾਨਾਂ ਨੂੰ ਵੀ ਪੈਂਦਾ ਹੈ ਤੇ ਪੰਜਾਬ ਸਰਕਾਰ ਨੂੰ ਵੀ। ਫਾਇਦਾ ਹੋਰਨਾਂ ਸੂਬਿਆਂ ਦੇ ਖਪਤਕਾਰਾਂ ਨੂੰ ਹੁੰਦਾ ਹੈ। ਮੁਫਤ ਦੀ ਬਿਜਲੀ ਪੰਜਾਬ ਦੇ ਕਿਸਾਨਾਂ ਨੂੰ ਨਹੀਂ ਅਸਲ ਵਿਚ ਹੋਰਨਾਂ ਸੂਬਿਆਂ ਦੇ ਖਪਤਕਾਰਾਂ ਨੂੰ ਜਾ ਰਹੀ ਹੈ। ਟਿਊਬਵੈੱਲਾਂ ਨੂੰ ਮੁਫਤ ਬਿਜਲੀ ਪੰਜਾਬ ਦੇ ਪਾਣੀਆਂ, ਜ਼ਮੀਨਾਂ, ਕਿਸਾਨਾਂ ਤੇ ਵਾਤਾਵਰਣ ਨੂੰ ਲੈ ਬੈਠੀ ਹੈ। ਇਹ ਮੰਨਿਆ ਹੋਇਆ ਤੱਥ ਹੈ ਕਿ ਮੁਫਤ ਦੀ ਕੋਈ ਵੀ ਵਸਤ ਹੋਵੇ ਉਸ ਦੀ ਫਜ਼ੂਲ ਵਰਤੋਂ ਹੁੰਦੀ ਹੀ ਹੁੰਦੀ ਹੈ।

ਜੇਕਰ ਬਿਜਲੀ ਕਿਸਾਨਾਂ ਦੇ ਟਿਊਬਵੈੱਲਾਂ ਨੂੰ ਮੀਟਰ ਰਾਹੀਂ ਸਸਤੀ ਮਿਲੇ ਤੇ ਹਰ ਵੇਲੇ ਮਿਲੇ ਤਾਂ ਉਹ ਇਕ ਯੂਨਿਟ ਵੀ ਵਾਧੂ ਨਹੀਂ ਬਾਲਣਗੇ ਤੇ ਨਾ ਬੇਲੋੜਾ ਪਾਣੀ ਖੇਤਾਂ 'ਚ ਭਰਨਗੇ। ਕਿਆਰੇ ਵੀ ਹਿਸਾਬ ਦੇ ਬਣਾਉਣਗੇ ਨਾ ਕਿ ਕਿੱਲੇ ਅੱਧੇ ਕਿੱਲੇ ਦੇ। ਮੁੱਲ ਦੀ ਬਿਜਲੀ ਨਾਲ ਝੋਨੇ ਦੀ ਥਾਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬੀਜੀਆਂ ਜਾਣਗੀਆਂ ਜਿਸ ਨਾਲ ਪਾਣੀ ਦੀ ਬਚਤ ਹੋਵੇਗੀ ਜੋ ਪੰਜਾਬ ਦੀ ਲੋੜ ਹੈ।

ਇਸ ਲਈ ਟਿਊਬਵੈੱਲਾਂ ਨੂੰ 6000 ਕਰੋੜ ਰੁਪਏ ਦੀ ਸਬਸਿਡੀ ਦੇਣ ਦੀ ਥਾਂ ਉਹੀ ਸਬਸਿਡੀ ਖੇਤਾਂ ਨੂੰ ਦੇਣੀ ਚਾਹੀਦੀ ਹੈ ਜਿਸ ਨਾਲ ਕਿਸਾਨ ਆਪਣੇ ਖੇਤ ਪੱਧਰ ਕਰੇ, ਮਿੱਟੀ ਜ਼ਰਖੇਜ਼ ਬਣਾਵੇ, ਖੇਤੀਬਾੜੀ ਦੇ ਸੰਦ ਲਵੇ, ਪਸ਼ੂਆਂ ਦੇ ਢਾਰੇ ਛੱਤੇ, ਜ਼ਮੀਨਦੋਜ਼ ਪਾਈਪਾਂ ਪਾਵੇ, ਫੁਹਾਰੇ ਲਾਵੇ, ਉਜਾੜੇ ਤੋਂ ਵਾੜਾਂ ਕਰੇ ਯਾਨਿ ਆਪਣੇ ਫਾਰਮ ਨੂੰ ਸੁਧਾਰੇ। ਇਹ ਪੈਸਾ ਕਿਸਾਨ ਦੀ ਜ਼ਮੀਨ ਨੂੰ ਹੋਰ ਉਪਜਾਊ ਬਣਾਵੇਗਾ ਨਾ ਕਿ ਆਪਣੀ ਜ਼ਮੀਨ ਦਾ ਪਾਣੀ ਖਿੱਚ ਕੇ ਜ਼ਮੀਨ ਨੂੰ ਬੰਜਰ ਕਰੇਗਾ।

ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਵੀ ਤਦ ਹੀ ਨਿਕਲਿਆ ਜਾ ਸਕੇਗਾ ਜਦ ਕਿਸਾਨਾਂ ਨੂੰ ਝੋਨਾ ਨਾ ਬੀਜਣ ਲਈ ਸਬਸਿਡੀ ਮਿਲੇਗੀ। ਡਾ. ਜੌਹਲ ਨੇ 1985 ਦੀ ਆਪਣੀ ਰਿਪੋਰਟ ਵਿਚ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਝੋਨਾ ਨਾ ਬੀਜਣ ਵਾਲੇ ਕਿਸਾਨਾਂ ਨੂੰ ਇਕ ਹੈਕਟਰ ਪ੍ਰਤੀ 16000 ਹਜ਼ਾਰ ਰੁਪਏ ਨਕਦ ਦਿੱਤੇ ਜਾਣ। ਹੁਣ ਇਹ ਰਕਮ ਵੱਧ ਬਣੇਗੀ। ਸਰਕਾਰ ਇਹ ਸਮਝ ਲਵੇ ਕਿ ਉਹ ਹਾਰਸ ਪਾਵਰ ਪ੍ਰਤੀ ਜਿੰਨੇ ਪੈਸਿਆਂ ਦੀ ਮੁਫਤ ਬਿਜਲੀ ਦੇ ਰਹੀ ਹੈ, ਉਹੀ ਪੈਸੇ ਕਿਸਾਨ ਨੂੰ ਕੋਈ ਹੋਰ ਫਸਲ ਉਗਾਉਣ ਲਈ ਦੇਵੇ। ਇੰਜ ਝੋਨੇ ਹੇਠ ਰਕਬਾ ਘਟੇਗਾ ਤੇ ਹੋਰ ਫਸਲਾਂ ਹੇਠ ਵਧੇਗਾ। ਸਾਉਣੀ ਦੀਆਂ ਫਸਲਾਂ ਮੱਕੀ ਤੇ ਦਾਲਾਂ ਵਗੈਰਾ ਦਾ ਘੱਟੋਘੱਟ ਸਮਰਥਨ ਮੁੱਲ ਲਾਹੇਵੰਦਾ ਤੇ ਯਕੀਨੀ ਬਣਾਇਆ ਜਾਵੇ। ਫਿਰ ਹੀ ਝੋਨੇ ਹੇਠ ਰਕਬਾ ਘਟੇਗਾ ਤੇ ਪਾਣੀ ਤੇ ਬਿਜਲੀ ਬਚੇਗੀ।

ਬਾਸਮਤੀ ਦੀ ਫਸਲ ਝੋਨੇ ਤੋਂ ਘੱਟ ਪਾਣੀ ਲੈਂਦੀ ਹੈ। ਬਾਸਮਤੀ ਦਾ ਘੱਟੋਘੱਟ ਸਮਰਥਨ ਮੁੱਲ ਵੀ ਸਰਕਾਰ ਤੈਅ ਕਰੇ। ਹੁਣ ਇਹ ਕਦੇ ਮਹਿੰਗੀ ਵਿਕਦੀ ਹੈ ਕਦੇ ਬੇਹੱਦ ਸਸਤੀ। ਵੋਟਾਂ ਬਟੋਰਨ ਦਾ ਆਰਜ਼ੀ ਫਾਇਦਾ ਛੱਡ ਕੇ, ਸਾਰੀਆਂ ਹੀ ਰਾਜਸੀ ਪਾਰਟੀਆਂ ਨੂੰ ਪੰਜਾਬ ਦੇ ਤੇ ਕਿਸਾਨਾਂ ਦੇ ਭਲੇ ਬਾਰੇ ਸੋਚਣਾ ਚਾਹੀਦੈ। ਹੁਣ ਤਾਂ ਉਹ ਆਪਣੇ ਰੁੱਖ ਦੀਆਂ ਜੜ੍ਹਾਂ ਆਪ ਹੀ ਵੱਢੀ ਜਾ ਰਹੇ ਹਨ! ਕਿਸਾਨ ਵੀ ਆਪਣਾ ਬੁਰਾ ਭਲਾ ਪਛਾਣਨ ਤੇ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਦੀ ਥਾਂ ਨਿਰੰਤਰ ਸਸਤੀ ਬਿਜਲੀ ਅਤੇ ਖੇਤਾਂ ਲਈ ਸਬਸਿਡੀ ਦੀ ਮੰਗ ਕਰਨ। ਛੋਟੇ ਫਾਰਮਾਂ ਵਾਲੇ ਸਹਿਕਾਰੀ ਖੇਤੀ ਨਾਲ ਖਰਚੇ ਘਟਾਉਣ ਤੇ ਆਮਦਨ ਵਧਾਉਣ।

## ਕਿਸ ਦਾ ਭਾਰਤ?

(ਪਿਛਲੇ ਸਫੇ ਦੀ ਬਾਕੀ)

ਉਨ੍ਹਾਂ ਦੇ ਕਾਇਦਾ-ਏ-ਕਾਨੂੰਨ ਅਨੁਸਾਰ, ਬਹੁਕੌਮੀ ਕੰਪਨੀਆਂ ਨੂੰ ਖਣਿਜ ਵੇਚਣ ਦਾ ਹੋਕਾ ਦੇਣਾ ਦੇਸ਼ ਭਗਤ ਕਾਰਵਾਈ ਹੈ। ਉਨ੍ਹਾਂ ਨੇ ਝੰਡੇ ਦਾ ਨਿੱਜੀਕਰਨ ਕਰ ਦਿੱਤਾ ਹੈ ਅਤੇ ਮਾਈਕ ਖੋਹ ਲਿਆ ਹੈ।

ਜੇ.ਐਨ.ਯੂ. ਦੇ ਜਿਨ੍ਹਾਂ ਤਿੰਨ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਉਹ ਸਾਰੇ ਜ਼ਮਾਨਤ 'ਤੇ ਹਨ। ਕਨ੍ਹੱਈਆ ਕੁਮਾਰ ਦੇ ਮਾਮਲੇ ਵਿਚ ਹਾਈ ਕੋਰਟ ਦੇ ਜੱਜ ਦਾ ਜ਼ਮਾਨਤ ਦਾ ਹੁਕਮ, ਰਾਹਤ ਦੀ ਬਜਾਏ ਖ਼ਦਸ਼ੇ ਦੀ ਵਜ੍ਹਾ ਵਧੇਰੇ ਬਣਿਆ, ਜੋ ਕਹਿੰਦਾ ਹੈ: "ਜਦੋਂ ਕਿਸੇ ਅੰਗ ਵਿਚ ਇਨਫੈਕਸ਼ਨ ਫੈਲ ਜਾਂਦੀ ਹੈ, ਤਾਂ ਮੂੰਹ ਦੁਆਰਾ ਐਂਟੀ-ਬਾਇਟਿਕ ਦੇ ਕੇ ਠੀਕ ਕਰਨ ਦੀ ਵਾਹ ਲਾਈ ਜਾਂਦੀ ਹੈ, ਤੇ ਜੇ ਇਹ ਕੰਮ ਨਹੀਂ ਕਰਦਾ, ਫਿਰ ਦੂਜੀ ਕਿਸਮ ਦਾ ਇਲਾਜ ਕੀਤਾ ਜਾਂਦਾ ਹੈ। ਕਈ ਵਾਰ ਸਰਜੀਕਲ ਮਦਦ ਲੈਣ ਦੀ ਲੋੜ ਵੀ ਪੈ ਸਕਦੀ ਹੈ; ਜੇ ਇਨਫੈਕਸ਼ਨ ਦੇ ਨਤੀਜੇ ਵਜੋਂ ਅੰਗ ਦੀ ਇਨਫੈਕਸ਼ਨ ਵਿਗੜ ਕੇ ਗੈਂਗਰੀਨ ਬਣ ਜਾਂਦੀ ਹੈ ਤਾਂ ਅੰਗ ਨੂੰ ਕੱਟਣਾ ਹੀ ਇਕੋ-ਇਕ ਇਲਾਜ ਰਹਿ ਜਾਂਦਾ ਹੈ।" ਅੰਗ ਕੱਟਣਾ? ਉਸ ਦਾ ਭਾਵ ਕੀ ਹੋ ਸਕਦਾ ਹੈ?

ਜਿਉਂ ਹੀ ਰਿਹਾਈ ਹੋਈ, ਕਨ੍ਹੱਈਆ ਨੇ ਜੇ.ਐਨ.ਯੂ. ਕੈਂਪਸ ਆ ਕੇ ਹਜ਼ਾਰਾਂ ਵਿਦਿਆਰਥੀਆਂ ਦੇ ਇਕੱਠ ਵਿਚ ਤਕਰੀਰ ਕੀਤੀ ਜੋ ਹੁਣ ਮਸ਼ਹੂਰ ਹੋ ਚੁੱਕੀ ਹੈ। ਇਹ ਗੱਲ ਅਹਿਮੀਅਤ ਨਹੀਂ ਰੱਖਦੀ ਕਿ ਉਸ ਦੀ ਤਕਰੀਰ ਦੇ ਹਰ ਅੱਖਰ ਨਾਲ ਤੁਹਾਡੀ ਸਹਿਮਤੀ ਹੈ ਜਾਂ ਨਹੀਂ। ਮੇਰੀ ਤਾਂ ਨਹੀਂ ਹੈ, ਪਰ ਜਿਸ ਭਾਵਨਾ ਨਾਲ ਉਸ ਨੇ ਤਕਰੀਰ ਕੀਤੀ, ਉਹ ਦਿਲ-ਫਰੇਬ ਸੀ। ਇਸ ਨੇ ਭੈਅ ਅਤੇ ਧੁੰਦੂਕਾਰੇ ਦਾ ਪਰਦਾ ਲਾਹ ਦਿੱਤਾ ਜੋ ਸਾਡੇ ਸਾਰਿਆਂ ਉਪਰ ਧੁੰਦ ਵਾਂਗ ਛਾ ਗਿਆ ਸੀ। ਰਾਤੋ-ਰਾਤ, ਕਨ੍ਹੱਈਆ ਅਤੇ ਉਸ ਦੇ ਗੁਸਤਾਖ਼ ਸਰੋਤੇ ਦਹਿ-ਲੱਖਾਂ ਦੇ ਚਹੇਤੇ ਬਣ ਗਏ। ਇਹੀ ਦੂਜੇ ਦੋ ਵਿਦਿਆਰਥੀਆਂ ਉਮਰ ਖ਼ਾਲਿਦ ਅਤੇ ਅਨਿਰਬਾਨ ਭੱਟਾਚਾਰੀਆ ਨਾਲ ਵਾਪਰਿਆ। ਹੁਣ ਕੁਲ ਆਲਮ ਦੇ ਲੋਕਾਂ ਨੇ ਉਹ ਨਾਅਰਾ ਸੁਣ ਲਿਆ ਹੈ ਜਿਸ ਨੂੰ ਭਾਜਪਾ ਖ਼ਾਮੋਸ਼ ਕਰਨਾ ਚਾਹੁੰਦੀ ਸੀ: "ਜੈ ਭੀਮ! ਲਾਲ ਸਲਾਮ!"

ਤੇ ਇਸ ਹੋਕੇ ਨਾਲ, ਰੋਹਿਤ ਵੇਮੂਲਾ ਦੀ ਭਾਵਨਾ ਅਤੇ ਜੇ.ਐਨ.ਯੂ. ਦੀ ਭਾਵਨਾ ਇਕ ਦੂਜੇ ਨਾਲ ਇਕਮੁੱਠਤਾ ਵਿਚ ਜੁੜ ਗਈਆਂ ਹਨ। ਇਹ ਨਾਜ਼ੁਕ, ਪੇਤਲਾ ਮਿਲਾਪ ਹੈ ਜਿਸ ਬਾਰੇ ਜ਼ਿਆਦਾ ਸੰਭਾਵਨਾ ਇਹੀ ਹੈ ਕਿ ਮੁੱਖਧਾਰਾ ਸਿਆਸੀ ਪਾਰਟੀਆਂ, ਐਨ.ਜੀ.ਓਜ਼ ਅਤੇ ਇਸ ਦੀਆਂ ਆਪਣੀਆਂ ਵਜੂਦ-ਸਮੋਈਆਂ ਵਿਰੋਧਤਾਈਆਂ ਨਾਲ ਨਿਸ਼ੱਤੇ ਹੋ ਕੇ ਇਸ ਦਾ ਅਭਾਗਾ ਅੰਤ (ਜੇ ਹੁਣ ਤਕ ਨਹੀਂ ਹੋਇਆ) ਤਾਂ ਹੋ ਜਾਵੇਗਾ। ਪ੍ਰਤੱਖ ਤੌਰ 'ਤੇ ਨਾ 'ਖੱਬੀ ਧਿਰ', ਨਾ 'ਅੰਬੇਡਕਰਵਾਦੀ' ਤੇ ਨਾ ਹੀ 'ਹੋਰ ਪੱਛੜੀਆਂ ਸ਼੍ਰੇਣੀਆਂ' ਆਪਣੇ ਆਪ ਵਿਚ ਦੂਰੋਂ ਸਮਰੂਪ ਸ਼੍ਰੇਣੀਆਂ ਹਨ; ਜਦਕਿ ਜੇ ਮੋਟੇ ਤੌਰ 'ਤੇ ਵੀ ਗੱਲ ਕਰੀਏ, ਮੌਜੂਦਾ ਖੱਬੀ ਧਿਰ, ਜ਼ਿਆਦਾ ਕਰ ਕੇ, ਜਾਤ ਪ੍ਰਤੀ ਸਿਧਾਂਤ ਦੇ ਤੌਰ 'ਤੇ ਅਸਪਸ਼ਟ ਹੈ, ਤੇ ਇਸ ਨੂੰ ਨਾ ਸਮਝ ਕੇ ਇਸ ਨੂੰ ਸਥਾਈ ਬਣਾ ਰਹੀ ਹੈ (ਇਸ ਪੱਖੋਂ ਉਘੜਵਾਂ ਅੱਪਵਾਦ ਮਰਹੂਮ ਅਨੁਰਾਧਾ ਗਾਂਧੀ ਦੀਆਂ ਲਿਖਤਾਂ ਹਨ)। ਇਹ ਦਾ ਭਾਵ ਹੈ ਕਿ ਜਿਨ੍ਹਾਂ ਬਹੁਤ ਸਾਰੇ ਦਲਿਤਾਂ ਅਤੇ ਓ.ਬੀ.ਸੀ. ਦਾ ਖੱਬੀ ਧਿਰ ਪ੍ਰਤੀ ਝੁਕਾਅ ਹੈ, ਉਨ੍ਹਾਂ ਦੇ ਤਲਖ਼ ਤਜਰਬੇ ਰਹੇ ਹਨ, ਤੇ ਉਹ ਹੁਣ ਖ਼ੁਦ ਨੂੰ ਅਲੱਗ ਕਰਨ ਲਈ ਦ੍ਰਿੜ ਹਨ, ਇਸ ਜ਼ਰੀਏ ਅਣਜਾਣੇ ਹੀ ਜਾਤਪਾਤੀ ਵੰਡੀਆਂ ਨੂੰ ਡੂੰਘਾ ਕਰ ਰਹੇ ਹਨ ਅਤੇ ਉਸ ਪ੍ਰਬੰਧ ਨੂੰ ਮਜ਼ਬੂਤ ਕਰ ਰਹੇ ਹਨ ਜੋ ਹਰ ਸ਼ਕਲ 'ਚ ਇਕਮੁੱਠਤਾ ਨੂੰ ਰੋਕ ਕੇ ਖ਼ੁਦ ਨੂੰ ਬਰਕਰਾਰ ਰੱਖਦਾ ਹੈ।

ਇਹ ਸਾਰੇ ਪੁਰਾਣੇ ਜ਼ਖ਼ਮ ਮੁੜ ਅੱਲੇ ਹੋ ਜਾਣਗੇ, ਅਸੀਂ ਇਕ ਦੂਜੇ ਦੀਆਂ ਧੱਜੀਆਂ ਉਡਾਵਾਂਗੇ, ਦਲੀਲਾਂ ਅਤੇ ਇਲਜ਼ਾਮ ਚਾਰ-ਚੁਫੇਰੇ ਪਾਗਲਾਨਾ ਤਰੀਕੇ ਨਾਲ ਮੰਡਰਾਉਣਗੇ, ਪਰ ਇਸ ਪਲ ਦੇ ਗੁਜ਼ਰ ਜਾਣ ਤੋਂ ਬਾਅਦ ਵੀ ਹਿੰਦੂਤਵ ਦੇ ਏਜੰਟਾਂ ਨਾਲ ਟਕਰਾਅ ਵਿਚੋਂ ਜੋ ਰੈਡੀਕਲ ਖ਼ਿਆਲ ਉਭਰੇ ਹਨ, ਇਹ ਸੰਭਾਵਨਾ ਨਹੀਂ ਹੈ ਕਿ ਉਹ ਹਮੇਸ਼ਾ ਲਈ ਲੋਪ ਹੋ ਜਾਣਗੇ। ਉਹ ਆਲੇ-ਦੁਆਲੇ ਫ਼ਿਜ਼ਾ ਵਿਚ ਬਣੇ ਰਹਿਣਗੇ ਤੇ ਉਨ੍ਹਾਂ ਦੀ ਉਮੀਦ ਵੀ ਬਣੀ ਰਹੇਗੀ। ਇਹ ਲਾਜ਼ਮੀ ਰਹਿਣੇ ਚਾਹੀਦੇ ਹਨ, ਕਿਉਂਕਿ ਉਹ ਸਾਡੀ ਇਕੋ-ਇਕ ਉਮੀਦ ਹਨ।

ਇਸ ਵਕਤ ਜੋ ਹੋ ਰਿਹਾ ਹੈ, ਦਰਅਸਲ ਅਫ਼ਰਾ-ਤਫ਼ਰੀ ਫੈਲਾਉਣ, ਐਸੀ ਹਾਲਤ ਪੈਦਾ ਕਰਨ ਦਾ ਸਿਲਸਿਲੇਵਾਰ ਯਤਨ ਹੈ ਜਿਸ ਹਾਲਤ ਵਿਚ ਹਿੰਦੁਸਤਾਨੀ ਸੰਵਿਧਾਨ ਵਿਚ ਦਰਜ ਸ਼ਹਿਰੀ ਹੱਕ ਮੌਜ ਨਾਲ ਹੀ ਮੁਅੱਤਲ ਕੀਤੇ ਜਾ ਸਕਦੇ ਹਨ। ਆਰ.ਐਸ.ਐਸ. ਨੇ ਕਦੇ ਵੀ ਸੰਵਿਧਾਨ ਨੂੰ ਪ੍ਰਵਾਨ ਨਹੀਂ ਕੀਤਾ। ਓੜਕ ਇਸ ਨੇ ਉਹ ਰੁਤਬਾ ਹਾਸਲ ਕਰ ਲਿਆ ਹੈ ਜਿਥੇ ਇਸ ਕੋਲ ਸੰਵਿਧਾਨ ਨੂੰ ਉਲਟਾਉਣ ਦੀ ਤਾਕਤ ਹੈ। ਇਹ ਮੌਕੇ ਦੀ ਇੰਤਜ਼ਾਰ ਵਿਚ ਹੈ। ਅਸੀਂ ਭਲੀਭਾਂਤ ਦੇਖ ਸਕਦੇ ਹਾਂ, ਰਾਜ-ਪਲਟੇ ਦੀਆਂ ਤਿਆਰੀਆਂ ਹੋ ਰਹੀਆਂ ਹਨ; ਫ਼ੌਜੀ ਰਾਜ-ਪਲਟਾ ਤਾਂ ਨਹੀਂ, ਫਿਰ ਵੀ ਰਾਜ-ਪਲਟਾ। ਇਹ ਸਿਰਫ਼ ਇਕ ਵਕਤ ਦੀ ਗੱਲ ਹੀ ਹੋ ਸਕਦੀ ਹੈ ਜਦੋਂ ਹਿੰਦੁਸਤਾਨ ਸਰਕਾਰੀ ਤੌਰ 'ਤੇ ਧਰਮ ਨਿਰਪੱਖ, ਜਮਹੂਰੀ ਗਣਰਾਜ ਨਹੀਂ ਰਹੇਗਾ। ਅਸੀਂ ਖ਼ੁਦ ਨੂੰ ਐਸੀ ਹਾਲਤ ਵਿਚ ਪਾਵਾਂਗੇ ਜਿਥੇ ਛੇੜਛਾੜ ਕੀਤੀਆਂ ਵੀਡੀਓ ਅਤੇ ਟਵਿੱਟਰ ਹੈਂਡਲਾਂ ਦੀ ਨਕਲ ਕਰਨ ਦੇ ਬੀਤੇ ਦੌਰ ਨੂੰ ਸ਼ੌਕ ਨਾਲ ਦੇਖਿਆ ਜਾਵੇਗਾ।

ਸਾਡੇ ਜੰਗਲ ਫ਼ੌਜ ਨਾਲ ਤੇ ਯੂਨੀਵਰਸਿਟੀਆਂ ਪੁਲਿਸ ਨਾਲ ਭਰੀਆਂ ਪਈਆਂ ਹਨ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਉਚੇਰੀ ਤਾਲੀਮ ਦੀਆਂ



ਓਪਰੇਸ਼ਨ ਗਰੀਨ ਹੰਟ ਖਿਲਾਫ ਨਵੀਂ ਦਿੱਲੀ ਵਿਚ ਕੀਤੇ ਵਿਖਾਵੇ ਦੀ ਝਲਕੀ।

ਸੰਸਥਾਵਾਂ ਬਾਰੇ ਦਿਸ਼ਾ-ਨਿਰਦੇਸ਼ ਕਹਿੰਦੇ ਹਨ ਕਿ ਕੈਂਪਸਾਂ ਦੁਆਲੇ ਤਾਰਾਂ ਦੀ ਵਾੜ ਵਾਲੀ ਉਚੀ ਚਾਰ-ਦੀਵਾਰੀ ਹੋਵੇ, ਗੇਟਾਂ ਉਪਰ ਹਥਿਆਰਬੰਦ ਪਹਿਰੇਦਾਰ ਹੋਣ, ਇਹ ਥਾਣਿਆਂ, ਬਾਇਓਮੀਟਰਿਕ ਟੈਸਟਾਂ ਅਤੇ ਖ਼ੁਫ਼ੀਆ ਕੈਮਰਿਆਂ ਨਾਲ ਲੈਸ ਹੋਣ। ਸਮਰਿਤੀ ਇਰਾਨੀ ਨੇ ਹੁਕਮ ਦਿਤਾ ਹੈ ਕਿ ਸਾਰੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ 207 ਫੁੱਟ ਉਚਾ ਕੌਮੀ ਝੰਡਾ ਲਾਜ਼ਮੀ ਝੁੱਲਦਾ ਹੋਣਾ ਚਾਹੀਦਾ ਹੈ ਜਿਸ ਨੂੰ ਵਿਦਿਆਰਥੀ 'ਪੂਜਣ'। ਉਸ ਨੇ ਵਿਦਿਆਰਥੀਆਂ ਦੇ ਮਨਾਂ ਵਿਚ ਦੇਸ਼ ਭਗਤੀ ਭਰਨ ਲਈ ਯੂਨੀਵਰਸਿਟੀਆਂ ਦੇ ਅੰਦਰ ਫ਼ੌਜ ਬੁਲਾਉਣ ਦੀਆਂ ਯੋਜਨਾਵਾਂ ਐਲਾਨੀਆਂ ਹਨ।

ਕਸ਼ਮੀਰ ਵਿਚ, ਪੰਜ ਲੱਖ ਦੇ ਕਰੀਬ ਫ਼ੌਜ ਦੀ ਮੌਜੂਦਗੀ ਇਹ ਯਕੀਨੀ ਬਣਾ ਰਹੀ ਹੈ ਕਿ ਇਸ ਦੇ ਲੋਕ ਅੱਜ ਕੁਝ ਵੀ ਚਾਹੁੰਦੇ ਜਾਂ ਨਾ ਚਾਹੁੰਦੇ ਹੋਣ, ਕਸ਼ਮੀਰ ਨੂੰ ਹਿੰਦੁਸਤਾਨ ਦਾ ਅਨਿੱਖੜ ਹਿੱਸਾ ਬਣਾਇਆ ਜਾ ਚੁੱਕਾ ਹੈ; ਪਰ ਹੁਣ ਮੁੱਖ ਹਿੱਸੇ ਵਿਚ ਫ਼ੌਜ ਅਤੇ ਕੰਡਿਆਲੀ ਤਾਰ ਤੇ ਝੰਡੇ ਦੀ ਜਬਰੀ ਪੂਜਾ ਨਾਲ ਵੱਧ ਤੋਂ ਵੱਧ ਇਉਂ ਜਾਪ ਰਿਹਾ ਹੈ ਕਿ ਜਿਵੇਂ ਹਿੰਦੁਸਤਾਨ ਨੂੰ ਜੇਲ੍ਹਨੁਮਾ ਕਸ਼ਮੀਰ ਦਾ ਅਨਿੱਖੜ ਅੰਗ ਬਣਾਇਆ ਜਾ ਰਿਹਾ ਹੈ।

ਮੁਲਕਾਂ ਦੇ ਚਿੰਨ੍ਹਾਂ ਦੇ ਤੌਰ 'ਤੇ, ਝੰਡੇ ਐਸੀਆਂ ਸ਼ਕਤੀਸ਼ਾਲੀ ਸ਼ੈਆਂ ਹਨ ਜਿਨ੍ਹਾਂ ਨੂੰ ਨੀਝ ਨਾਲ ਦੇਖਿਆ ਜਾਂਦਾ ਹੈ, ਪਰ ਰੋਹਿਤ ਵੇਮੂਲਾ ਵਰਗਿਆਂ ਦੀ ਪ੍ਰਵਾਹ ਕਿਸ ਨੂੰ ਹੈ ਜੋ ਐਸੀਆਂ ਕਲਪਨਾਵਾਂ ਕਰਦੇ ਹਨ ਜਿਨ੍ਹਾਂ ਵਿਚ ਮੁਲਕਾਂ ਦਾ ਤਸੱਵਰ ਸੈਂਕੜੇ ਹਜ਼ਾਰਾਂ ਸਾਲ ਪਹਿਲਾਂ ਦਾ ਹੈ? ਧਰਤੀ ਦੀ ਉਮਰ ਸਾਢੇ ਚਾਰ ਅਰਬ ਸਾਲ ਹੈ। ਮਨੁੱਖ ਦੀ ਹੋਂਦ ਇਸ ਉਪਰ ਤਕਰੀਬਨ ਦੋ ਲੱਖ ਸਾਲ ਪਹਿਲਾਂ ਪੈਦਾ ਹੋਈ। ਜਿਸ ਨੂੰ ਅਸੀਂ 'ਮਨੁੱਖੀ ਤਹਿਜ਼ੀਬ' ਕਹਿੰਦੇ ਹਾਂ, ਉਹ ਮਹਿਜ਼ ਕੁਝ ਹਜ਼ਾਰ ਸਾਲ ਪੁਰਾਣੀ ਹੈ। ਮੁਲਕ ਦੇ ਤੌਰ 'ਤੇ ਹੁਣ ਵਾਲੀਆਂ ਸਰਹੱਦਾਂ ਵਾਲਾ ਹਿੰਦੁਸਤਾਨ 80 ਸਾਲ ਤੋਂ ਵੀ ਘੱਟ ਪੁਰਾਣਾ ਹੈ। ਸਪਸ਼ਟ ਤੌਰ 'ਤੇ, ਅਸੀਂ ਨਾਂ-ਮਾਤਰ ਭਵਿੱਖਕਥਨ ਨਾਲ ਬੁੱਤਾ ਸਾਰ ਸਕਦੇ ਹਾਂ।

ਝੰਡੇ ਦੀ ਪੂਜਾ ਕਰੀਏ? ਮੇਰੀ ਰੂਹ ਇਸ ਨੂੰ ਲੈ ਕੇ ਜਾਂ ਤਾਂ ਬਹੁਤ ਆਧੁਨਿਕ ਹੈ ਜਾਂ ਬਹੁਤ ਪੁਰਾਤਨ। ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਇਹ ਇਨ੍ਹਾਂ ਵਿਚੋਂ ਕਿਹੜੀ ਹੈ। ਸ਼ਾਇਦ ਦੋਵੇਂ ਤਰ੍ਹਾਂ ਦੀ ਹੋਵੇ।

(ਸਮਾਪਤ)

## ਕਹਾਣੀ

# ਗਰੀਬ ਨਵਾਜ਼

***ਕਹਾਣੀਕਾਰ ਅਸ਼ੋਕ ਵਾਸ਼ਿਸ਼ਠ ਦੀ ਕਥਾ '.ਗਰੀਬ ਨਵਾਜ਼' ਬੇਹੱਦ ਸਾਧਾਰਨ, ਪਰ ਵੱਡੇ ਸੁਨੇਹੇ ਵਾਲੀ ਹੈ। ਇਹ ਨਿੱਘਰ ਰਹੇ ਸਮਾਜ ਦੀ ਨਿਸ਼ਾਨਦੇਹੀ ਕਰਦੀ ਹੈ ਅਤੇ ਇਸ ਦੇ ਪਾਤਰ ਝੱਟ ਧਿਆਨ ਖਿੱਚਦੇ ਹਨ। ਖੂਬਸੂਰਤੀ ਇਹ ਹੈ ਕਿ ਪਲ-ਪਲ ਅੱਗੇ ਵਧਦੀ ਕਹਾਣੀ ਵਿਚ ਕੁਝ ਵਾਪਰਨ ਦਾ ਭੈਅ ਲਗਾਤਾਰ ਬਣਿਆ ਰਹਿੰਦਾ ਹੈ। -ਸੰਪਾਦਕ***


"ਐਕਸਕਿਊਜ਼ ਮੀ ਸਰ, ਮੈਂ ਇਹ ਪ੍ਰਾਬਲਮ ਲੈ ਕੇ ਨਹੀਂ ਆਈ!"

"ਗੱਲ ਤਾਂ ਇਕੋ ਈ ਐ, ਕੰਨ ਸਿੱਧੇ ਹੱਥ ਨਾ ਫੜਿਆ, ਪੁੱਠੇ ਫੜ ਲਿਆ, ਕੀ ਫਰਕ ਐ!"

"ਕੰਨ ਸਿੱਧੇ ਜਾਂ ਪੁੱਠੇ ਹੱਥ ਨਾਲ ਫੜਨ ਦਾ ਸਵਾਲ ਹੀ ਕਿੱਥੇ ਪੈਦਾ ਹੁੰਦਾ ਹੈ ਤੇ ਦੂਜੇ ਤੁਹਾਡੀ ਗਲਤ ਬਿਆਨੀ ਨਾਲ ਮੈਨੂੰ ਫਰਕ ਪੈਂਦਾ। ਤੁਹਾਡੇ ਲਈ ਭਾਵੇਂ ਇਹ ਨਿੱਕੀ ਜਿਹੀ ਗੱਲ ਹੋਵੇ।" ਰਿਤੂ ਦਾ ਲਹਿਜਾ ਰੋਹ ਪੂਰਨ ਸੀ। ਇਹ ਦੇਖ ਸੈਕਸ਼ਨ ਅਫਸਰ ਹਰੀਸ਼ ਹੜਬੜਾ ਉਠਿਆ।

"ਮੈਂ ਕੋਈ ਗਲਤ ਬਿਆਨੀ ਨਹੀਂ ਕੀਤੀ, ਹਰ ਰੋਜ਼ ਇਥੇ ਸੈਂਕੜੇ ਕੇਸ ਆਉਂਦੇ ਨੇ। ਹਰ ਕਿਸੇ ਨਾਲ ਮੱਥਾ ਮਾਰ ਕੇ ਏਨੀ ਸਮਝ ਤਾਂ ਆ ਹੀ ਗਈ ਹੈ।" ਹਰੀਸ਼ ਨੇ ਸਫਾਈ ਵਿਚ ਕਿਹਾ।

"ਪਤਾ ਨਹੀਂ ਤੁਸੀਂ ਕਿਨ੍ਹਾਂ ਕੇਸਾਂ ਦੀ ਗੱਲ ਕਰ ਰਹੇ ਹੋ, ਮੇਰਾ ਤਾਂ ਕੋਈ ਕੇਸ ਹੀ ਨਹੀਂ ਤੇ ਦੂਜੀ ਗੱਲ, ਮੈਂ ਕਿਸੇ ਸੈਕਸ਼ਨ ਅਫਸਰ ਨੂੰ ਮਿਲਣ ਨਹੀਂ ਆਈ, ਮੈਂ ਤਾਂ ਇਥੇ ਰੱਬ ਦੇ ਓਸ ਬੰਦੇ ਨੂੰ ਮਿਲਣ ਆਈ ਹਾਂ ਜਿਸ ਨੂੰ ਉਹਦੇ ਘਰ ਵਾਲੇ ਤੇ ਜਾਨਣ ਵਾਲੇ ਬਾਬੂ ਹਰੀਸ਼ ਚੰਦਰ ਮਲਹੋਤਰਾ ਕਰਕੇ ਜਾਣਦੇ ਹਨ। ਬਿਹਤਰ ਇਹੀ ਹੋਵੇਗਾ ਕਿ ਤੁਸੀਂ ਠੰਢੇ ਦਿਮਾਗ ਨਾਲ ਮੇਰੀ ਪੂਰੀ ਗੱਲ ਸੁਣੋ। ਪਲੀਜ਼!" ਰਿਤੂ ਨੇ ਠਰ੍ਹੰਮੇ ਨਾਲ ਕਿਹਾ। ਉਸ ਦਾ ਸੁਰ ਭਾਵੇਂ ਤਿੱਖਾ ਸੀ, ਪਰ ਬੋਲ ਪਿਆਰ ਭਰੇ ਸਨ। ਇਹ ਸੁਣ ਸੈਕਸ਼ਨ ਅਫਸਰ ਇਕਦਮ ਢਿੱਲਾ ਪੈ ਗਿਆ।



**ਅਸ਼ੋਕ ਵਾਸਿਸ਼ਠ**
**ਫੋਨ: 91-98106-28570**

"ਠੀਕ ਹੈ, ਤੁਸੀਂ ਬੈਠੋ। ਪਾਣੀ ਪਿਓਗੇ?" ਇਹਦੇ ਨਾਲ ਹੀ ਉਹਨੇ ਕਾਲ ਬੈੱਲ ਵਜਾਈ।

"ਯਸ ਸਰ?" ਪੀਅਨ ਨੇ ਅੰਦਰ ਆਉਂਦਿਆਂ ਪੁੱਛਿਆ।

"ਪਾਣੀ ਪਿਲਾਓ!" ਸਾਹਮਣੇ ਬੈਠੀ ਰਿਤੂ ਵੱਲ ਇਸ਼ਾਰਾ ਕਰਦਿਆਂ ਉਸ ਨੇ ਕਿਹਾ।

"ਹਾਂ ਹੁਣ ਦੱਸੋ, ਕੀ ਗੱਲ ਹੈ?" ਰਿਤੂ ਦੇ ਪਾਣੀ ਪੀ ਲੈਣ ਮਗਰੋਂ ਹਰੀਸ਼ ਨੇ ਪੁੱਛਿਆ।

"ਪਹਿਲਾਂ ਦੱਸੋ, ਮੈਨੂੰ ਪਛਾਣਿਆਂ ਜਾਂ ਨਹੀਂ!"

"ਜੇ ਪਛਾਣ ਲਿਆ ਹੁੰਦਾ ਤਾਂ ਅਜਿਹੀ ਗੱਲ ਈ ਨਾ ਹੁੰਦੀ।" ਉਸ ਨੇ ਜਵਾਬ ਦਿੱਤਾ।

"ਠੀਕ ਹੈ ਫਿਰ, ਤੁਹਾਨੂੰ ਮੇਰੇ ਨਾਲ ਮੈਮਰੀ-ਲੇਨ ਵਿਚ ਜਾਣਾ ਹੋਵੇਗਾ, ਚਲ ਸਕੋਗੇ?"

"ਜ਼ਰੂਰ... ਬਹੁਤੀ ਦੂਰ ਤਾਂ ਨਹੀਂ ਜਾਣਾ?"

"ਘਾਬਰੋ ਨਾ, ਤੁਹਾਨੂੰ ਹਿੰਟ ਦੀ ਲੋੜ ਹੈ, ਬਾਕੀ ਗੱਲ ਆਪੇ ਸਮਝ ਜਾਵੋਗੇ ਤੇ ਜੇ ਕਿਧਰੇ ਕੁਝ ਕਸਰ ਬਾਕੀ ਰਹਿ ਗਈ ਤਾਂ ਮੈਂ ਬੈਠੀ ਹਾਂ।"

"ਗੁਡ, ਮੈਨੂੰ ਬਹੁਤ ਚੰਗਾ ਲੱਗਿਆ, ਹੁਣ ਦੇਰ ਨਾ ਕਰੋ।"

"ਇਕ ਵਰ੍ਹਾ ਪਹਿਲਾਂ ਦੀ ਗੱਲ ਹੈ, ਮੰਡੀ ਹਾਊਸ ਮੈਟਰੋ ਸਟੇਸ਼ਨ 'ਤੇ ਇਕ ਲੜਕੀ ਮਿਲੀ ਸੀ ਤੁਹਾਨੂੰ, ਕੋਈ 'ਮਹਾਪੁਰਖ' ਉਹਦਾ ਪਰਸ ਲੈ ਗਿਆ ਸੀ, ਤੇ ਉਹ ਪੈਸਿਆਂ ਤੋਂ ਬਿਨਾ ਪਰੇਸ਼ਾਨ ਸੀ। ਹੁਣ ਘਰ ਕਿੱਦਾਂ ਜਾਵੇਗੀ, ਉਹ ਇਸੇ ਸੋਚ ਵਿਚ ਸੀ ਕਿ ਨਾਲ ਖਲੋਤਾ ਇਕ ਸੱਜਣ ਉਹਦੇ ਪਾਸ ਆ ਪੁੱਛਣ ਲੱਗਾ, 'ਬੇਟੀ, ਕੀ ਗੱਲ ਹੈ, ਤੂੰ ਕਿਉਂ ਪਰੇਸ਼ਾਨ ਹੈਂ?' ਇਕ ਅਜਨਬੀ ਦਾ ਅਚਾਨਕ ਮੇਰੇ ਕੋਲ ਆਉਣਾ ਅਤੇ ਅਪਣੱਤ ਨਾਲ ਪੁੱਛਣਾ, 'ਬੇਟੀ, ਕੀ ਪ੍ਰਾਬਲਮ ਹੈ', ਮੈਨੂੰ ਚੰਗਾ ਲੱਗਾ ਸੀ। ਮਨ ਵਿਚ ਸੰਕੋਚ ਸੀ, ਪਰ ਕਹੇ ਬਿਨਾ ਸਰਨਾ ਵੀ ਨਹੀਂ ਸੀ। ਘਰ ਵਾਪਸੀ ਲਈ ਤਾਂ ਪੈਸੇ ਚਾਹੀਦੇ ਹੀ ਸਨ। ਉਸ ਸੱਜਣ ਨੇ ਕੁਝ ਨਹੀਂ ਸੋਚਿਆ, ਜੇਬ 'ਚੋਂ ਸੌ ਦਾ ਨੋਟ ਕੱਢ ਅਜਨਬੀ ਲੜਕੀ ਦੇ ਹੱਥ ਦਿੰਦਿਆਂ ਏਨਾ ਈ ਕਿਹਾ, "ਘਰ ਛੇਤੀ ਚਲੀ ਜਾਈਂ।" ਮੈਂ ਬੇਅਕਲ ਉਸ ਦਾ ਪਤਾ ਨਾ ਪੁੱਛ ਸਕੀ। ਸੋਚਿਆ, ਪਈ ਮੰਡੀ ਹਾਊਸ ਦੇ ਇਲਾਕੇ 'ਚ ਕਦੇ ਨਾ ਕਦੇ ਮੁਲਾਕਾਤ ਹੋ ਜਾਊ, ਪਰ ਕਿੱਥੇ! ਏਨੇ ਚੰਗੇ ਬੰਦੇ ਐਵੇਂ ਤਾਂ ਨਹੀਂ ਮਿਲ ਜਾਂਦੇ।"

"ਚੇਤੇ ਆ ਗਿਆ, ਹੁਣ ਹੋਰ ਕੁਝ ਕਹਿਣ ਦੀ ਲੋੜ ਨਹੀਂ। ਮਾਫ ਕਰਨਾ ਦਫ਼ਤਰ ਦੇ ਰੁਝੇਵੇਂ 'ਚ ਫਸਿਆ ਤੁਹਾਨੂੰ ਚੰਗੀ ਤਰ੍ਹਾਂ ਮਿਲ ਨਾ ਸਕਿਆ।" ਹਰੀਸ਼ ਨੇ ਹਲੀਮੀ ਨਾਲ ਕਿਹਾ। ਉਸ ਘੰਟੀ ਵਜਾਈ। ਚਪੜਾਸੀ ਆਇਆ, "ਯਸ ਸਰ!"

"ਬਈ ਬੇਟੀ ਆਈ ਐ, ਚਾਹ ਲਿਆ। ਮਿੱਠਾ ਵੀ ਲਿਆਈਂ।" ਉਸ ਕੁਰਸੀ ਤੋਂ ਉਠ, ਰਿਤੂ ਨੂੰ ਕਲਾਵੇ 'ਚ ਲੈ ਪਿਆਰ ਕੀਤਾ, "ਅਫਸਰ ਦੀ ਕੁਰਸੀ 'ਤੇ ਬਹਿ ਕੇ ਧੀਆਂ ਨਾਲ ਗੱਲ ਨਹੀਂ ਕਰੀਦੀ।" ਸੋਫੇ ਵੱਲ ਵਧਦਿਆਂ ਕਿਹਾ, "ਚਲ ਪੁੱਤ ਉਥੇ ਬਹਿ ਕੇ ਗੱਲ ਕਰਦੇ ਆਂ।"

ਬਜ਼ੁਰਗ ਔਰਤ ਡਿਗਦੀ ਢਹਿੰਦੀ ਰਸੋਈ ਵਿਚ ਆਉਂਦੀ ਹੈ। ਗੋਡਿਆਂ ਦੇ ਦਰਦ ਨਾਲ ਪ੍ਰੇਸ਼ਾਨ ਜਾਪਦੀ ਹੈ। ਚਾਹ ਦੀ ਪਤੀਲੀ ਚੁੱਕ ਬੁੜਬੁੜਾਉਂਦੀ ਹੈ, "ਇਹ ਦਰਦ ਤਾਂ ਮੇਰੀ ਜਾਨ ਲੈ ਕੇ ਈ ਹਟੇਗੀ, ਚਲ ਕੋਈ ਨਾ।" ਉਸ ਚਾਹ ਬਣਾਈ, ਟਰੇ ਵਿਚ ਸਜਾ ਡਰਾਇੰਗ ਰੂਮ ਦਾ ਰੁਖ ਕੀਤਾ, ਪਰ ਅਚਾਨਕ ਚੱਕਰ ਆ ਜਾਣ ਨਾਲ ਲੜਖੜਾ ਗਈ। ਨੇੜੇ ਸੋਫੇ 'ਤੇ ਬੈਠੀ ਮੁਟਿਆਰ ਕਾਹਲੀ ਨਾਲ ਉਠੀ, ਉਸ ਬਜ਼ੁਰਗ ਔਰਤ ਨੂੰ ਸਹਾਰਾ ਦੇ ਸੋਫੇ 'ਤੇ ਬਿਠਾਇਆ, ਚਾਹ ਦੀ ਟਰੇ ਫੜ ਸੈਂਟਰ ਟੇਬਲ 'ਤੇ ਰੱਖੀ ਤੇ ਪੁੱਛਿਆ, "ਮਾਂ ਜੀ, ਠੀਕ ਤਾਂ ਹੋ?"

"ਮੈਂ ਠੀਕ ਹਾਂ ਬੱਚੀਏ, ਇਹ ਤਾਂ ਰੋਜ਼ ਦਾ ਕੰਮ ਐ। ਤੂੰ ਕਾਹਤੋਂ ਪਰੇਸ਼ਾਨ ਹੁੰਨੀ ਏਂ, ਆਪੇ ਠੀਕ ਹੋ ਜਾਵਾਂਗੀ।" ਬਜ਼ੁਰਗ ਔਰਤ ਨੇ ਕਿਹਾ।

"ਆਪੇ ਤਾਂ ਤੁਸਾਂ ਠੀਕ ਹੋ ਈ ਜਾਣਾ, ਪਰ ਮਾਂ ਜੀ ਦਵਾ ਤਾਂ ਲੈਣੀ ਹੀ ਪਏਗੀ।"

"ਗੋਡਿਆਂ ਦੀ ਦਰਦ ਐ, ਕਈ ਵਾਰ ਥੋੜ੍ਹਾ ਤੁਰਨ 'ਤੇ ਚੱਕਰ ਆ ਜਾਂਦੈ। ਡਾਕਟਰ ਕਹਿੰਦਾ, ਕਮਜ਼ੋਰੀ ਕਰ ਕੇ ਹੁੰਦਾ। ਉਸ ਦਵਾ ਦਿੱਤੀ ਏ।"

"ਉਹ ਤਾਂ ਠੀਕ ਹੈ, ਪਰ ਮਾਂ ਜੀ, ਤੁਸੀਂ ਮੈਨੂੰ ਬੁਲਾ ਲੈਣਾ ਸੀ। ਇੱਕ ਤਾਂ ਤੁਹਾਡੀ ਸਿਹਤ ਠੀਕ ਨਹੀਂ, ਉਤੋਂ ਏਨੀ ਖੇਚਲ ਕਰ ਰਹੇ ਹੋ।"

"ਹੁਣ ਗੱਲ ਕਰ, ਇਹ ਧੀ ਰਾਣੀ ਹੈ, ਇਹ ਟਲਣ ਵਾਲੀ ਨਹੀਂ।" ਹਰੀਸ਼ ਨੇ ਪਤਨੀ ਤੇ ਰਿਤੂ ਦੀਆਂ ਗੱਲਾਂ ਵਿਚ ਦਿਲਚਸਪੀ ਲੈਂਦਿਆਂ ਕਿਹਾ।

"ਭਲਾ ਧੀਆਂ ਨੂੰ ਵੀ ਕੋਈ ਟਾਲਦਾ ਹੁੰਦਾ, ਅਜੀਬ ਗੱਲ ਕਰਦੇ ਓ ਤੁਸੀਂ। ਕੰਮ ਕਰਨ ਨਾਲ ਬੰਦੇ ਦਾ ਕੁਝ ਘਸ ਤਾਂ ਨਹੀਂ ਜਾਂਦਾ, ਹੱਡ ਪੈਰ ਚਲਦੇ ਰਹਿੰਦੇ ਨੇ, ਜੇ ਬਹਿ ਗਈ ਤਾਂ ਅਹਿ ਜੋ ਮਾੜਾ ਮੋਟਾ ਚਲ ਫਿਰ ਲੈਂਦੀ ਹਾਂ, ਉਸ ਤੋਂ ਵੀ ਜਾਊਂ। ਬਹਾਨੇ ਨਾਲ ਕਸਰਤ ਹੋ ਜਾਂਦੀ ਆ।" ਸ੍ਰੀਮਤੀ ਮਲਹੋਤਰਾ ਨੇ ਕਿਹਾ।

"ਮੇਰੀ ਮਾਂ ਤਾਂ ਬਹੁਤ ਚੰਗੀ ਚਾਹ ਬਣਾਉਂਦੀ ਏ, ਮਜ਼ਾ ਆ ਗਿਆ ਬਈ ਚਾਹ ਪੀ ਕੇ, ਤੁਸੀਂ ਛੱਡੋ ਬਾਬੂ ਜੀ ਇਨ੍ਹਾਂ ਗੱਲਾਂ ਨੂੰ, ਮੈਂ ਤਾਂ ਹੁਣ ਹਰ ਰੋਜ਼ ਆਵਾਂਗੀ, ਮਾਂ ਦੇ ਹੱਥ ਦੀ ਬਣੀ ਚਾਹ ਪੀਣ।"

"ਜੀ ਸਦਕੇ, ਜਦ ਜੀਅ ਕਰੇ, ਆ ਜਾਇਆ ਕਰ। ਕੋਈ ਦੱਸਣ-ਪੁੱਛਣ ਦੀ ਲੋੜ ਨਹੀਂ।" ਮਾਂ ਜੀ ਨੇ ਰਿਤੂ ਦੀ ਪਿੱਠ ਪਲੋਸਦਿਆਂ ਕਿਹਾ।

"ਜੀ ਤਾਂ ਕਰਦਾ ਏ, ਬਸ ਏਦਾਂ ਈ ਬੈਠੀ ਰਹਾਂ, ਆਪਣੀ ਮਾਂ ਕੋਲ।"

"ਆਪਣੀ ਮਾਂ ਕੋਲ... ਤੇ ਪਿਓ... ਉਹਦੀ ਹੁਣ ਲੋੜ ਨਹੀਂ।" ਹਰੀਸ਼ ਨੇ ਤੁਣਕਾ ਮਾਰਿਆ।

"ਏਦਾਂ ਨਾ ਕਹੋ। ਤੁਸੀਂ ਤਾਂ ਮੇਰੇ ਸਵੀਟ... ਸਵੀਟ ਡੈਡ ਹੋ।"

"ਚਲ ਮੰਨ ਲੈਂਦੇ ਹਾਂ, ਪਰ ਬੇਟਾ ਆਪਣੀ ਮਾਂ ਨੂੰ ਸਮਝਾ ਬਹੁਤੀ ਖੇਚਲ ਨਾ ਕਰਿਆ ਕਰੇ। ਚੰਗੀ ਭਲੀ ਬਾਈ ਹੈ ਕੰਮ ਕਰਨ ਲਈ, ਫੇਰ ਵੀ ਇਹ ਮੁੜ-ਘਿੜ ਰਸੋਈ ਵਿਚ ਚਲੀ ਜਾਂਦੀ ਹੈ।"

"ਅੰਕਲ, ਏਸ ਗੱਲ ਦੀ ਤੁਸੀਂ ਉਕਾ ਈ ਫਿਕਰ ਨਾ ਕਰੋ। ਏਸ ਬਹਾਨੇ ਇਹ ਘਰ ਵਿਚ ਮਾੜਾ ਮੋਟਾ ਟਹਿਲ ਲੈਂਦੇ ਨੇ। ਉਂਜ ਵੀ ਬੰਦੇ ਨੂੰ ਕੋਈ ਆਹਰ ਜ਼ਰੂਰ ਰਹਿਣਾ ਚਾਹੀਦਾ।" ਰਿਤੂ ਨੇ ਮਾਂ ਜੀ ਦੇ ਨਾਲ ਚਿੰਬੜਦਿਆਂ ਕਿਹਾ।

"ਅੰਕਲ? ਤੇਰਾ ਸਵੀਟ ਡੈਡ ਅੰਕਲ ਕਦੋਂ ਤੋਂ ਬਣ ਗਿਆ ਮੇਰੀ ਬੱਚੀ?"

"ਸੌਰੀ, ਫਿਰ ਇਹ ਭੁੱਲ ਨਹੀਂ ਹੋਵੇਗੀ। ਮੈਂ ਸਿਰਫ ਤੇ ਸਿਰਫ ਪਾਪਾ ਕਹਾਂਗੀ। ਹੁਣ ਖੁਸ਼?" ਰਿਤੂ ਨੇ ਲਾਡ ਨਾਲ ਕਿਹਾ।

"ਠੀਕ ਹੈ ਫਿਰ, ਇਸ ਵਾਰ ਮਾਫ ਕੀਤਾ।"

"ਥੈਂਕਸ, ਮਾਈ ਡਿਅਰ ਪਾਪਾ।" ਰਿਤੂ ਦੇ ਇਨ੍ਹਾਂ ਬੋਲਾਂ ਨਾਲ ਤਿੰਨੇ ਉਚੀ ਉਚੀ ਹੱਸਣ ਲੱਗੇ।

---

"ਸ੍ਰੀਮਾਨ ਜੀ, ਰੋਗੀ ਦੀ ਹਾਲਤ ਬਹੁਤ ਖ਼ਰਾਬ ਹੈ; ਹਸਪਤਾਲ ਲਿਆਉਣ ਵਿਚ ਥੋੜ੍ਹੀ ਹੋਰ ਦੇਰ ਹੋ ਜਾਂਦੀ ਤਾਂ ਇਹਦਾ ਬਚਣਾ ਮੁਸ਼ਕਲ ਸੀ, ਪਰ ਅਜੇ ਵੀ ਕੁਝ ਕਿਹਾ ਨਹੀਂ ਜਾ ਸਕਦਾ।" ਡਾਕਟਰ ਨੇ ਸੜਕ ਹਾਦਸੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਬੰਦੇ ਦੀ ਹਾਲਤ ਦੱਸਦਿਆਂ ਕਿਹਾ।

"ਪਤਾ ਨਹੀਂ ਵਿਚਾਰਾ ਕੌਣ ਏ, ਘਰੋਂ ਚੰਗਾ ਭਲਾ ਨਿਕਲਿਆ ਹੋਵੇਗਾ ਤੇ ਰਾਹ ਵਿਚ...।" ਬਜ਼ੁਰਗ ਇਸ ਤੋਂ ਅੱਗੇ ਬੋਲ ਨਾ ਸਕਿਆ।

"ਤੁਹਾਨੂੰ ਇਹ ਕਿੱਥੇ ਮਿਲਿਆ ਸੀ?" ਪੁਲਿਸ ਇੰਸਪੈਕਟਰ ਨੇ ਪੁੱਛਿਆ।

"ਮਿਲਣਾ ਕਿਥੇ ਸੀ ਇਸ, ਸੜਕ 'ਤੇ ਪਿਆ ਤੜਫ ਰਿਹਾ ਸੀ। ਲੋਕਾਂ ਦੀ ਚੋਖੀ ਭੀੜ ਸੀ। ਗੱਲਾਂ ਕਰਨ ਲਈ ਬਥੇਰੇ ਸਨ, ਪਰ ਇਸ ਵਿਚਾਰੇ ਦੀ ਮਦਦ ਕਰਨ ਵਾਲਾ ਕੋਈ ਨਹੀਂ। ਮੈਂ ਭੀੜ ਦੇਖ ਕੇ ਅੱਗੇ ਹੋਇਆ, ਇਹਦੀ ਹਾਲਤ ਦੇਖ ਮੈਥੋਂ ਰਿਹਾ ਨਾ ਗਿਆ। ਝਟ ਤੁਹਾਨੂੰ ਫੋਨ ਕਰ ਦਿੱਤਾ, ਤੁਸੀਂ ਇਹਨੂੰ ਇਥੇ ਲੈ ਆਂਦਾ। ਨਹੀਂ ਤਾਂ ਮੈਥੋਂ ਏਨੀ ਖੇਚਲ ਕਿਥੇ ਹੋਣੀ ਸੀ।" ਇਹ ਕਹਿੰਦਿਆਂ ਬਜ਼ੁਰਗ ਦੀਆਂ ਅੱਖਾਂ ਨਮ ਹੋ ਗਈਆਂ।

"ਕੀ ਇਹ ਕਾਫੀ ਨਹੀਂ, ਤੁਸੀਂ ਉਹੀ ਕੀਤਾ ਜੋ ਕਿਸੇ ਜ਼ਿੰਮੇਦਾਰ ਬੰਦੇ ਨੂੰ ਕਰਨਾ ਚਾਹੀਦੈ।" ਨਾਲ ਖਲੋਤੇ ਅਧਖੜ ਉਮਰ ਦੇ ਸੱਜਣ ਨੇ ਕਿਹਾ।

"ਲੋਕ ਚਾਹੁੰਦੇ ਹੋਏ ਵੀ ਕੁਝ ਕਰਦੇ ਨਹੀਂ। ਪੁੱਛੋ ਤਾਂ ਕਹਿੰਦੇ ਨੇ, ਛੱਡੋ ਪਰ੍ਹੇ ਜੀ! ਕੌਣ ਪੁਲਿਸ ਦੇ ਚੱਕਰ ਵਿਚ ਫਸੇ।" ਦੂਜਾ ਕਹਿ ਰਿਹਾ ਸੀ।

"ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ, ਕਈ ਪੁਲਿਸ ਵਾਲੇ ਬਹੁਤ ਚੰਗੇ ਹੁੰਦੇ ਨੇ।" ਤੀਜੇ ਸੱਜਣ ਦਾ ਕਹਿਣਾ ਸੀ।

"ਬਜ਼ੁਰਗੋ, ਤੁਹਾਡੇ ਨਾਲ ਅਜਿਹਾ ਕੁਝ ਨਹੀਂ ਹੋਵੇਗਾ, ਤੁਸੀਂ ਘਾਬਰੋ ਨਾ।" ਇੰਸਪੈਕਟਰ ਨੇ ਬਜ਼ੁਰਗ ਦਾ ਹੱਥ ਦੋਵੇਂ ਹੱਥਾਂ 'ਚ ਲੈਂਦਿਆਂ ਕਿਹਾ।

"ਜੇ ਘਾਬਰਦਾ ਹੁੰਦਾ ਤਾਂ ਤੁਹਾਨੂੰ ਟੈਲੀਫੋਨ ਨਹੀਂ ਕਰਦਾ। ਮੈਂ ਨਹੀਂ ਜਾਣਦਾ ਇਸ ਬੰਦੇ ਨੂੰ। ਇਹ ਕੌਣ ਏ, ਕਿਥੋਂ ਦਾ ਰਹਿਣ ਵਾਲਾ ਏ, ਇਹਦੇ ਘਰ ਹੋਰ ਕੌਣ ਕੌਣ ਏ, ਪਰ ਚਾਹੁੰਦਾ ਹਾਂ ਇਹ ਛੇਤੀ ਤੋਂ ਛੇਤੀ ਠੀਕ ਹੋ ਜਾਵੇ, ਆਪਣੇ ਘਰ ਜਾਏ, ਇਸ ਲਈ ਜੋ ਵੀ ਕਰ ਸਕਿਆ ਜ਼ਰੂਰ ਕਰਾਂਗਾ।"

"ਬਜ਼ੁਰਗੋ, ਸਾਰੇ ਲੋਕ ਇਸ ਤਰ੍ਹਾਂ ਸੋਚਣ ਤਾਂ ਅਜਿਹੀਆਂ ਸਮੱਸਿਆਵਾਂ ਉਂਜ ਈ ਹੱਲ ਹੋ ਜਾਣ, ਸਾਡਾ ਕੰਮ ਵੀ ਘੱਟ ਜਾਵੇ, ਹੁਣ ਕੰਮ ਘੱਟ ਤੇ ਦਕੰਮਣ ਵੱਧ ਹੁੰਦਾ। ਲੋਕ ਵੀ ਤੰਗ ਹੁੰਦੇ ਨੇ, ਸੋ ਅਲਗ।" ਇੰਸਪੈਕਟਰ ਕਹਿ ਰਿਹਾ ਸੀ।

ਇਸ ਰਾਮ ਰੌਲੇ 'ਚ ਬਜ਼ੁਰਗ ਦੀ ਜੇਬ ਵਿਚ ਮੋਬਾਈਲ ਫੋਨ ਖੜਕਿਆ। ਉਸ ਝੱਟ ਫੋਨ ਬਾਹਰ ਕੱਢਿਆ, ਸ੍ਰੀਮਤੀ ਮਲਹੋਤਰਾ ਦੀਆਂ ਤਿੰਨ ਮਿਸ ਕਾਲਾਂ ਸਨ। ਕਾਲ ਬੈਕ ਕੀਤੀ, ਦੂਜੇ ਪਾਸਿਓਂ ਆਵਾਜ਼ ਆਈ, "ਕਿੱਥੇ ਓ ਤੁਸੀਂ?"

"ਹਸਪਤਾਲ ਆਇਆ ਸੀ ਜ਼ਰਾ।"

"ਕਿਉਂ ਕੀ ਹੋਇਆ?" ਸ੍ਰੀਮਤੀ ਮਲਹੋਤਰਾ ਦਾ ਪਾਰਾ ਹਸਪਤਾਲ ਦਾ ਨਾਂ ਸੁਣਦਿਆਂ ਹੀ ਇਕਦਮ ਹੇਠਾਂ ਡਿਗ ਪਿਆ, ਤੇ ਉਸ ਦੀ ਨਰਮ ਸੁਰ ਸੁਣੀ, "ਸੁੱਖ ਤਾਂ ਹੈ?"

"ਮੈਨੂੰ ਕੁਝ ਨਹੀਂ ਹੋਇਆ, ਰਾਮ ਕ੍ਰਿਸ਼ਨ ਆਸ਼ਰਮ ਮਾਰਗ ਤੋਂ ਲੰਘ ਰਿਹਾ ਸਾਂ ਕਿ ਝੰਡੇਵਾਲਾ ਵੱਲੋਂ ਆਉਂਦੀ ਕਾਰ ਨੇ ਇਕ ਪੈਦਲ ਯਾਤਰੀ ਨੂੰ ਟੱਕਰ ਮਾਰ ਦਿੱਤੀ। ਉਸ ਕਈ ਭੁਆਟਣੀਆਂ ਖਾ ਦੂਰ ਜਾ ਡਿੱਗਾ। ਕਾਫੀ ਸੱਟਾਂ ਲੱਗੀਆਂ। ਹਸਪਤਾਲ ਪੁਚਾਉਣ ਦੇ ਚੱਕਰ ਵਿਚ ਦੇਰ ਹੋ ਗਈ। ਅੱਧਾ-ਪੌਣਾ ਘੰਟਾ ਲੱਗ ਜਾਵੇਗਾ ਆਉਣ ਵਿਚ।"

"ਕੋਈ ਗੱਲ ਨਹੀਂ, ਆਰਾਮ ਨਾਲ ਆਈਓ।" ਸ੍ਰੀਮਤੀ ਮਲਹੋਤਰਾ ਨੇ ਤਸੱਲੀ ਹੋਣ 'ਤੇ ਫੋਨ ਰੱਖ ਦਿੱਤਾ।

"ਤੁਸੀਂ ਜਾਓ ਬਜ਼ੁਰਗੋ, ਐਵੇਂ ਕਿਉਂ ਤੰਗ ਹੁੰਦੇ ਹੋ। ਸਾਡਾ ਤਾਂ ਰੋਜ਼ ਦਾ ਕੰਮ ਐ, ਲੋੜ ਹੋਈ ਤਾਂ ਮੈਂ ਆਪ ਨਾਲ ਗੱਲ ਕਰ ਲਊ।" ਇੰਸਪੈਕਟਰ ਨੇ ਹਲੀਮੀ ਨਾਲ ਹਰੀਸ਼ ਮਲਹੋਤਰਾ ਨੂੰ ਕਿਹਾ।

"ਚੰਗਾ ਫੇਰ, ਮੈ ਚਲਦਾਂ। ਲੋੜ ਪਈ ਤਾਂ ਸੰਕੋਚ ਨਾ ਕਰਨਾ।" ਆਖ ਹਰੀਸ਼ ਨੇ ਵਿਦਾ ਲਈ।

"ਤੁਸੀਂ ਉਕਾ ਈ ਫਿਕਰ ਨਾ ਕਰੋ, ਆਰਾਮ ਨਾਲ ਜਾਓ।" ਇੰਸਪੈਕਟਰ ਨੇ ਕਿਹਾ।

---

"ਭਾਈ ਸਾਹਿਬ, ਇਕ ਮਿੰਟ, ਤੁਹਾਡੇ ਨਾਲ ਇਕ ਗੱਲ ਕਰਨੀ ਏ!" ਅਧਖੜ ਉਮਰ ਦੇ ਬੰਦੇ ਨੇ ਕੋਲੋਂ ਲੰਘਦੇ ਸੱਜਣ ਨੂੰ ਬੇਨਤੀ ਕੀਤੀ।

"ਜੀ ਗੱਲ ਇਹ ਵੇ... ਮੈਂ ਕੱਲ੍ਹ ਕਿਸੇ ਕੰਮ ਅਲੀਗੜ੍ਹ ਤੋਂ ਇਥੇ ਆਇਆ ਸੀ।"

"ਕਿਸੇ ਨੇ ਮੇਰਾ ਬਟੂਆ ਕੱਢ ਲਿਐ। ਹੁਣ ਮੇਰੇ ਪਾਸ ਵਾਪਸ ਜਾਣ ਲਈ ਕਿਰਾਏ ਜੋਗੇ ਪੈਸੇ ਨਹੀਂ ਹਨ, ਕਿਰਪਾ ਕਰ ਕੇ ਮੇਰੀ ਮਦਦ ਕਰ ਦੇਵੋ ਤਾਂ ਜੋ ਮੈਂ ਵਾਪਸ ਜਾ ਸਕਾਂ। ਮੈਂ ਜਾਂਦੇ ਹੀ ਤੁਹਾਡੇ ਪੈਸੇ ਭੇਜ ਦੇਵਾਂਗਾ।" ਅਗਲੇ ਬੋਲ ਰਿਤੂ ਦੇ ਸਨ। ਅਜਨਬੀ ਡੌਰ-ਭੌਰ ਹੋਇਆ ਵੇਖਣ ਲੱਗਾ। ਉਹਦੀ ਜ਼ੁਬਾਨ ਨੂੰ ਤਾਲਾ ਲੱਗ ਗਿਆ। 'ਇਹ ਕਿਥੋਂ ਟਪਕ ਪਈ', ਉਹ ਸੋਚ ਰਿਹਾ ਸੀ।

"ਅੰਕਲ, ਤੁਸੀਂ ਵੀ ਰਾਹ ਤੁਰੇ ਜਾਂਦੇ ਪੁੱਠੇ ਚੱਕਰਾਂ 'ਚ ਪੈ ਜਾਂਦੇ ਹੋ। ਚਲੋ ਇਥੋਂ।" ਕਹਿੰਦਿਆਂ ਰਿਤੂ ਹਰੀਸ਼ ਮਲਹੋਤਰਾ ਨੂੰ ਬਾਹੋਂ ਫੜ ਅੱਗੇ ਲੈ ਤੁਰੀ। ਅਜਨਬੀ ਨੇ ਵੀ ਉਥੋਂ ਖਿਸਕਣ ਦੀ ਕੀਤੀ।

"ਪਰ ਬੇਟੀ ਤੂੰ ਐਸ ਵੇਲੇ ਇਥੇ?" ਉਸ ਦੀ ਹੈਰਾਨੀ ਅਜੇ ਦੂਰ ਨਹੀਂ ਹੋਈ ਸੀ।

"ਕਰੋਲ ਬਾਗ ਵੱਲੋਂ ਆਓ ਤਾਂ ਆਈ ਟੀ ਓ ਜਾਣ ਲਈ ਕਨਾਟ ਪਲੇਸ ਦੇ ਆਊਟਰ ਸਰਕਲ ਵਿਚੋਂ ਲੰਘਣਾ ਹੀ ਪੈਂਦਾ...ਸੋ ਮੈਂ ਏਧਰੋਂ ਲੰਘ ਰਹੀ ਸੀ। ਕੋਈ ਸ਼ੱਕ?"

"ਨਹੀਂ ਮੀ ਲਾਰਡ। ਬਿਲਕੁਲ ਨਹੀਂ, ਪਰ ਇਹ ਦੱਸੋ, ਉਸ ਬੰਦੇ ਨੇ ਅਜੇ ਆਪਣੀ ਗੱਲ ਸ਼ੁਰੂ ਹੀ ਨਹੀਂ ਕੀਤੀ ਸੀ, ਤੈਂ ਕਿੱਦਾਂ ਬੁੱਝ ਲਿਆ, ਉਹ ਮੈਥੋਂ ਪੈਸੇ ਮੰਗੂ। ਫੇਰ ਉਸ ਨੇ ਮੈਥੋਂ ਭੀਖ ਤਾਂ ਨਹੀਂ ਮੰਗੀ ਸੀ?" ਮਲਹੋਤਰਾ ਨੇ ਪੁੱਛਿਆ।

"ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਤੁਸੀਂ ਕਦੇ ਕਿਸੇ ਨੂੰ ਭੀਖ ਨਹੀਂ ਦਿੰਦੇ। ਹਾਂ, ਔਕੜ ਮਾਰਿਆਂ ਦੀ ਮਦਦ ਜ਼ਰੂਰ ਕਰਦੇ ਹੋ। ਰਹੀ ਤੁਹਾਡੀ ਪਹਿਲੀ ਗੱਲ, ਇਸ ਦਾ ਜਵਾਬ ਬਹੁਤ ਹੈ। ਬੁੱਝਣ ਲਈ ਵੱਡੀਆਂ ਪੋਥੀਆਂ ਨਾਲ ਸਿਰ ਨਹੀਂ ਮਾਰਨਾ ਪੈਂਦਾ, ਇਹ ਵਿਹਾਰਕ ਗੱਲ ਹੈ...ਵੈਰੀ ਸਿੰਪਲ।"

"ਉਹ ਕਿੱਦਾਂ?"

"ਉਹ ਏਦਾਂ ਮੇਰੇ ਸਤਿਕਾਰਯੋਗ ਪਾਪਾ ਜੀ, ਇਹ ਵੀ ਭੀਖ ਮੰਗਣ ਦਾ ਤਰੀਕਾ ਏ। ਇਹੋ ਜਿਹੇ ਬੰਦੇ ਇਥੇ ਆਮ ਘੁੰਮਦੇ ਨੇ। ਇਨ੍ਹਾਂ ਦੇ ਡਾਇਲਾਗ ਸੇਮ ਹੁੰਦੇ ਨੇ, ਮੈਂ ਫਲਾਨੀ ਥਾਂ ਤੋਂ ਆਇਆ ਸੀ, ਕੋਈ ਬਿਮਾਰ ਸੀ, ਰਾਹ 'ਚ ਜੇਬ ਕੱਟੀ ਗਈ, ਹੁਣ ਮੇਰੇ ਪਾਸ ਘਰ ਜਾਣ ਜੋਗੇ ਪੈਸੇ ਨਹੀਂ, ਕਿਰਪਾ ਕਰ ਕੇ ਮੈਨੂੰ ਸੌ ਪੰਜਾਹ ਰੁਪਏ ਦੇ ਦੇਵੋ, ਮਿਹਰਬਾਨੀ ਹੋਵੇਗੀ ਤੁਹਾਡੀ...ਆਦਿ ਆਦਿ।"



"ਪਰ ਤੂੰ ਇਹ ਕਿਵੇਂ ਕਹਿ ਸਕਦੀ ਏਂ ਕਿ ਉਹ ਸੱਚੀ ਮੁੱਚੀ ਮੈਥੋਂ ਪੈਸੇ ਮੰਗਣ ਵਾਲਾ ਸੀ?"

"ਹੋਰ ਤੁਹਾਡੀ ਰਿਸ਼ਤੇਦਾਰੀ ਸੀ ਉਸ ਨਾਲ? ਪੈਸੇ ਠੱਗਣੇ ਸਨ, ਇਸੇ ਲਈ ਸ਼ਰੀਫ ਬੰਦਾ ਜਾਣ ਉਸ ਤੁਹਾਨੂੰ ਰੋਕ ਲਿਆ। ਜੇ ਨਹੀਂ ਤਾਂ ਉਹ ਮੇਰੀ ਗੱਲ ਕੱਟਦਾ ਨਾ, ਉਥੋਂ ਖਿਸਕਣ ਦੀ ਨਾ ਕਰਦਾ?"

"ਗੱਲ ਤਾਂ ਤੇਰੀ ਠੀਕ ਐ।" ਹਰੀਸ਼ ਮਲਹੋਤਰਾ ਦੇ ਮੂੰਹੋਂ ਨਿਕਲਿਆ।

"ਮੇਰੇ ਭੋਲੇ ਪਾਪਾ, ਤੁਸੀਂ ਬਹੁਤ ਚੰਗੇ ਹੋ, ਪਰ ਮਦਦ ਕਰਨ ਲੱਗਿਆਂ ਬੰਦਾ ਕੁ-ਬੰਦਾ ਦੇਖ ਲਿਆ ਕਰੋ। ਕੱਲ੍ਹ ਨੂੰ ਤੁਸੀਂ ਆਪਣੀ ਏਸ ਧੀ ਦਾ ਕਾਜ ਵੀ ਕਰਨਾ ਏ, ਪੈਸੇ ਕਿਥੋਂ ਆਉਣਗੇ?" ਰਿਤੂ ਨੇ ਗੱਲ ਹਾਸੇ 'ਚ ਪਾ ਦਿੱਤੀ।

"ਉਹਦੀ ਤੂੰ ਫਿਕਰ ਨਾ ਕਰ।"

"ਫਿਕਰ ਕਿੱਦਾਂ ਨਾ ਕਰਾਂ ਪਾਪਾ...ਤੁਹਾਡਾ ਨਿਰਛਲ ਸੁਭਾਅ, ਕੋਈ ਕਪਟ ਨਹੀਂ, ਤੁਸੀਂ ਸਭ ਨੂੰ ਆਪਣੇ ਜਿਹਾ ਸਮਝਦੇ ਹੋ, ਏਦਾਂ ਹੁੰਦਾ ਨਹੀਂ।"

"ਅੱਗੇ ਤੋਂ ਖਿਆਲ ਰੱਖਾਂਗਾ, ਤੂੰ ਫਿਕਰ ਕਰ! ਮੇਰਾ ਕਾਫੀ ਪੀਣ ਨੂੰ ਦਿਲ ਕਰਦੈ...ਪੀਏਂਗੀ ਨਾ?" "ਜ਼ਰੂਰ!" ਇੰਝ ਦੋਵੇਂ ਗੱਲਾਂ ਕਰਦੇ ਕਾਫੀ ਹਾਊਸ ਵੱਲ ਹੋ ਤੁਰੇ।

---

"ਆਓ ਜੀ, ਕਿਵੇਂ ਆਉਣੇ ਹੋਏ?" ਬਾਹਰ ਖਲੋਤੇ ਸੱਜਣ ਨੂੰ ਅੰਦਰ ਆਉਣ ਲਈ ਕਹਿੰਦਿਆਂ ਹਰੀਸ਼ ਮਲਹੋਤਰਾ ਨੇ ਪੁੱਛਿਆ। ਕਮਰੇ ਵਿਚ ਵੜਦਿਆਂ ਹੀ ਉਹ ਮਲਹੋਤਰਾ ਦੇ ਪੈਰਾਂ 'ਚ ਡਿਗ ਪਿਆ। ਉਸ ਦੀਆਂ ਅੱਖਾਂ ਵਿਚ ਹੰਝੂ ਸਨ। ਉਸ ਕੁਝ ਬੋਲਣਾ ਚਾਹਿਆ। ਉਸ ਦੇ ਬੁੱਲ੍ਹ ਫੜਕੇ... ਬੋਲਿਆ ਕੀ ਹੈ, ਇਹ ਹਰੀਸ਼ ਦੇ ਪੱਲੇ ਨਾ ਪਿਆ।

"ਸੰਭਲ ਕੇ...ਚਲ ਉਠ। ਦੱਸ ਹੋਇਆ ਕੀ ਹੈ?" ਉਸ ਨੂੰ ਉਠਾਉਂਦਿਆਂ ਉਨ੍ਹਾਂ ਕਿਹਾ। ਉਹ ਥੋੜ੍ਹਾ ਸੰਭਲਿਆ। ਮਲਹੋਤਰਾ ਨੇ ਪਿਆਰ ਨਾਲ ਉਸ ਦੇ ਮੂੰਹ 'ਤੇ ਹੱਥ ਫੇਰਿਆ ਤਾਂ ਉਹ ਇਕ ਵਾਰ ਫੇਰ ਜਜ਼ਬਾਤ ਦੇ ਵਹਿਣ ਵਿਚ ਵਹਿਣ ਲੱਗਾ।

"ਨਾ ਬਰਖੁਰਦਾਰ ਨਾ, ਏਦਾਂ ਨਹੀਂ ਕਰੀਦਾ। ਮੈਨੂੰ ਗੱਲ ਦਸ।"

"ਗੱਲ ਕੋਈ ਨਹੀਂ ਸਾਹਿਬ ਜੀ, ਤੁਹਾਡਾ ਸ਼ੁਕਰੀਆ ਕਿਵੇਂ ਕਰਾਂ, ਇਹੋ ਸੋਚ ਸੋਚ ਮੈਂ ਕਮਲਾ ਜਿਹਾ ਹੋ ਗਿਆਂ।" "ਪਰ ਮੈਂ ਤਾਂ ਤੇਰੇ ਲਈ ਕੁਝ ਕੀਤਾ ਨਹੀਂ, ਜੇ ਕਰਦਾ ਤਾਂ ਸ਼ੁਕਰੀਆ ਕਰਨ ਦਾ ਢੰਗ ਵੀ ਦੱਸ ਦਿੰਦਾ।"

"ਸਾਹਿਬ ਜੀ, ਇਹ ਤੁਹਾਡਾ ਵਡੱਪਣ ਹੈ ਸਾਹਿਬ ਜੀ। ਤੁਸੀਂ ਉਹ ਕੀਤਾ ਹੈ, ਜੋ ਸਕੇ ਵੀ ਨਹੀਂ ਕਰਦੇ। ਮੈਨੂੰ ਡੋਲਣ ਨਹੀਂ ਦਿੱਤਾ, ਹੌਸਲਾ ਵਧਾਇਆ, ਏਨਾ ਘੱਟ ਐ? ਅੱਜ ਕੱਲ੍ਹ ਤਾਂ ਬੰਦਾ ਗੱਲ ਈ ਨਹੀਂ ਸੁਣਦਾ, ਮਦਦ ਇਕ ਪਾਸੇ ਰਹੀ।"

"ਕਿਉਂ ਕੀ ਕਰ ਦਿੱਤਾ ਤੇਰੇ ਸਾਹਿਬ ਜੀ ਨੇ, ਜ਼ਰਾ ਮੈਂ ਵੀ ਤਾਂ ਸੁਣਾਂ।" ਅੰਦਰੋਂ ਚਾਹ ਦਾ ਕੱਪ ਲਿਆਉਂਦੇ ਸ੍ਰੀਮਤੀ ਮਲਹੋਤਰਾ ਨੇ ਪੁੱਛਿਆ।

"ਮਾਂ ਜੀ, ਮੇਰੀਆਂ ਅੱਖਾਂ ਵਿਚ ਕਾਲਾ ਮੋਤੀਆ ਉਤਰਿਆ ਸੀ। ਸਰਕਾਰੀ ਹਸਪਤਾਲ ਗਿਆ ਤਾਂ ਉਨ੍ਹਾਂ ਅੱਠ ਹਜ਼ਾਰ ਰੁਪਏ ਜਮ੍ਹਾਂ ਕਰਾਉਣ ਲਈ ਕਹਿ ਦਿੱਤਾ। ਮੇਰੇ ਪਾਸ ਪੈਸੇ ਨਹੀਂ ਸਨ। ਕਿਸੇ ਨੇ ਸਾਹਿਬ ਜੀ ਦੀ ਦੱਸ ਪਾਈ। ਉਸ ਕਿਹਾ ਸੀ, ਸਾਹਿਬ ਜੀ ਨੂੰ ਮਿਲ, ਉਹ ਕੋਈ ਨਾ ਕੋਈ ਰਾਹ ਕੱਢ ਦੇਣਗੇ। ਇਨ੍ਹਾਂ ਦੇ ਕਹਿਣ 'ਤੇ ਸਤਿਆ ਨਾਂ ਦੀ ਐਨ ਜੀ ਓ ਨੇ ਇਲਾਜ ਦਾ ਸਾਰਾ ਪ੍ਰਬੰਧ ਕਰਾ ਦਿੱਤਾ। ਓਪਰੇਸ਼ਨ ਵੀ ਸਫਲ ਰਿਹਾ। ਚੰਗੀ ਤਰ੍ਹਾਂ ਦੇਖ ਸਕਦਾ ਹਾਂ।"

"ਇਹ ਤਾਂ ਬਈ ਬਹੁਤ ਚੰਗਾ ਹੋਇਆ। ਮੁਬਾਰਕਾਂ। ਪਰ ਮੂੰਹ ਮਿੱਠਾ ਕੌਣ ਕਰਾਊ?" ਸ੍ਰੀਮਤੀ ਮਲਹੋਤਰਾ ਨੇ ਖੁਸ਼ ਹੁੰਦਿਆਂ ਕਿਹਾ।

"ਉਹਦਾ ਪ੍ਰਬੰਧ ਵੀ ਅਸਾਂ ਕਰ ਛੱਡਿਐ, ਤੁਸੀਂ ਮੂੰਹ ਮਿੱਠਾ ਕਰਨ ਵਾਲੇ ਬਣੋ।" ਮਲਹੋਤਰਾ ਨੇ ਕੋਲ ਪਿਆ ਮਿਠਾਈ ਦਾ ਡੱਬਾ ਸ੍ਰੀਮਤੀ ਜੀ ਦੇ ਅੱਗੇ ਕਰਦਿਆਂ ਠਹਾਕਾ ਲਾਇਆ।

"ਅਰੇ ਵਾਹ, ਜਵਾਬ ਨਹੀਂ ਮੇਰੇ ਪਾਪਾ ਦਾ।" ਅੰਦਰ ਵੜਦਿਆਂ ਰਿਤੂ ਨੇ ਤੁਣਕਾ ਮਾਰਿਆ।

"ਇਹ ਰਿਤੂ ਹੈ, ਮੇਰੀ ਧੀ। ਬੜੀ ਹੋਣਹਾਰ, ਸਿਆਣੀ, ਸਾਡਾ ਬਹੁਤ ਖਿਆਲ ਰੱਖਦੀ ਏ... ਆ ਧੀਏ, ਇਥੇ ਆ ਜਾ ਮੇਰੇ ਕੋਲ।" ਸ੍ਰੀਮਤੀ ਮਲਹੋਤਰਾ ਨੇ ਉਸ ਨੂੰ ਆਪਣੇ ਵੱਲ ਖਿੱਚ ਸੋਫੇ 'ਤੇ ਬਹਾ ਲਿਆ।

"ਹੁਣ ਦੱਸੋ, ਮਿਠਾਈ ਕਿਸ ਖੁਸ਼ੀ ਵਿਚ ਖੁਆਈ ਜਾ ਰਹੀ ਹੈ?"

"ਇਨ੍ਹਾਂ ਦੇ ਮੋਤੀਆ ਬਿੰਦ ਦਾ ਓਪਰੇਸ਼ਨ ਹੋਇਆ, ਇਸ ਖੁਸ਼ੀ ਵਿਚ।" ਮਲਹੋਤਰਾ ਨੇ ਦੂਜੇ ਸੱਜਣ ਵੱਲ ਇਸ਼ਾਰਾ ਕਰਦਿਆਂ ਦੱਸਿਆ। "ਇਕ ਐਨਜੀਓ ਨੇ ਇਨ੍ਹਾਂ ਦਾ ਕੇਸ ਆਪਣੇ ਹੱਥਾਂ ਵਿਚ ਲਿਆ ਸੀ, ਉਹਦੀ ਮਦਦ ਨਾਲ ਹੀ ਇਹ ਕੰਮ ਸਿਰੇ ਚੜ੍ਹਿਐ।"

"ਇਹ ਤਾਂ ਬਈ ਬਹੁਤ ਚੰਗਾ ਹੋਇਆ।" ਰਿਤੂ ਦੇ ਮੂੰਹੋਂ ਨਿਕਲਿਆ।

"ਇਸ ਗ਼ਰੀਬ ਨਿਵਾਜ਼ ਨੇ ਮੇਰੀ ਬਾਂਹ ਫੜੀ ਸੀ, ਚੰਗਾ ਕਿੱਦਾਂ ਨਾ ਹੁੰਦਾ ਜੀ।"

"ਸਭ ਉਪਰ ਵਾਲੇ ਦੀ ਮਾਇਆ... ਮੈਂ ਕਿਹੜੇ ਪਾਣੀਹਾਰ ਹਾਂ। ਤੁਸੀਂ ਮਿਠਾਈ ਖਾਓ, ਬਾਕੀ ਦੀਆਂ ਗੱਲਾਂ ਛੱਡੋ।" ਮਲਹੋਤਰਾ ਨੇ ਇਕ ਵਾਰ ਫਿਰ ਮਿਠਾਈ ਦਾ ਡੱਬਾ ਉਹਦੇ ਅੱਗੇ ਕਰਦਿਆਂ ਗੱਲ ਹੋਰ ਪਾਸੇ ਪਾ ਦਿੱਤੀ।

# ਆਟਾ ਛਾਣੀਏ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਕਿਸੇ ਵੀ ਬਾਰੀਕ ਪੀਸੇ ਅਨਾਜ ਨੂੰ ਆਟਾ ਕਿਹਾ ਜਾਂਦਾ ਹੈ, ਬਹੁਤਾ ਬਾਰੀਕ ਹੋਇਆ ਆਟਾ ਮੈਦਾ ਬਣ ਜਾਵੇਗਾ, ਬਹੁਤਾ ਮੋਟਾ ਹੋਇਆ ਤਾਂ ਦਰੜ। ਰੋਟੀ, ਬਰੈਡ ਆਦਿ ਬਣਾਉਣ ਲਈ ਆਟਾ ਹਜ਼ਾਰਾਂ ਸਦੀਆਂ ਤੋਂ ਅਨੇਕਾਂ ਸਭਿਅਤਾਵਾਂ ਵਿਚ ਵਰਤਿਆ ਜਾਂਦਾ ਰਿਹਾ ਹੈ। ਅਨਾਜ ਤੋਂ ਬਿਨਾਂ ਅੱਜ ਕਲ੍ਹ ਸੰਘਾੜੇ, ਬੇਰਾਂ ਦੀਆਂ ਗਿਟਕਾਂ, ਸੇਬਾਂ ਦੇ ਛਿਲਕੇ ਤੇ ਕੇਲੇ ਆਦਿ ਦਾ ਵੀ ਆਟਾ ਹੁੰਦਾ ਹੈ। ਪੰਜਾਬ ਵਿਚ ਕਣਕ, ਮੱਕੀ ਤੇ ਬਾਜਰੇ ਦੇ ਆਟੇ ਦੀਆਂ ਰੋਟੀਆਂ ਖਾਧੀਆਂ ਜਾਂਦੀਆਂ ਹਨ ਪਰ ਆਟਾ ਕੜਾਹ, ਪਿੰਨੀਆਂ, ਪੰਜੀਰੀ, ਸੇਵੀਆਂ ਆਦਿ ਪਕਵਾਨ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਗਜੇ ਚੜ੍ਹਿਆ ਰਾਂਝਾ ਵੀ ਆਟਾ ਹੀ ਮੰਗਦਾ ਹੈ,

ਕੋਈ ਆਖਦੀ ਠਗ ਉਧਾਲ ਫਿਰਦਾ,
ਸੂਹਾ ਚੋਰਾਂ ਦੇ ਕਿਸੇ ਰਾਉਂਦਾ ਏ।
ਲੜੇ ਭਿੜੇ ਤੇ ਗਾਲੀਆਂ ਦੇ ਲੋਕਾਂ,
ਠਠੇ ਮਾਰਦਾ ਲੋੜ੍ਹ ਕਮਾਉਂਦਾ ਏ।
ਆਟਾ ਕਣਕ ਦਾ ਲਏ ਤੇ ਘਿਉ ਭੱਤਾ,
ਦਾਣਾ ਟੁਕੜਾ ਗੋਦ ਨਾ ਪਾਉਂਦਾ ਏ।
ਵਾਰਸ ਸ਼ਾਹ ਰੰਝੇਟੜਾ ਚੰਦ ਚੜ੍ਹਿਆ,
ਘਰੋ ਘਰੀ ਮੁਬਾਰਕਾਂ ਲਿਆਉਂਦਾ ਏ।

ਘਰ ਦੀ ਸੁਆਣੀ ਵਿਚਾਰੀ ਆਟਾ ਗੁੰਨ੍ਹ ਗੁੰਨ੍ਹ ਕੇ ਆਪਣੇ ਮੌਰ ਦੁਖਣੇ ਲਾ ਦਿੰਦੀ ਹੈ ਪਰ ਦੁਨੀਆਂ ਨੇ ਉਸ ਦੀ ਕਦ ਕਦਰ ਪਾਈ, ਉਸ ਨੂੰ ਤਾਂ ਏਹੀ ਅਖਾਣ ਸੁਣਨਾ ਪੈਂਦਾ ਹੈ, 'ਆਟਾ ਗੁੰਨ੍ਹਦੀ ਕਿਉਂ ਹਿਲਦੀ ਹੈ?' ਸਾਡੇ ਸਮਾਜ ਵਿਚ ਇਸਤਰੀ ਨਿੰਦਾ ਦਾ ਪਾਤਰ ਬਣੀ ਰਹਿੰਦੀ ਹੈ। ਉਹ ਘਰ ਨੂੰ ਬਚਾਉਣ, ਬਣਾਉਣ ਲਈ ਸੌ ਆਹਰ ਕਰਦੀ ਹੈ ਪਰ ਕੀ ਕਰੇ, ਕੁੱਤੀ ਜਾਤ ਵੀ ਉਸ ਨੂੰ ਨਹੀਂ ਛੱਡਦੀ, 'ਸਰਫਾ ਕਰਕੇ ਸੁੱਤੀ, ਆਟਾ ਖਾ ਗਈ ਕੁੱਤੀ।' ਰੋਂਦੇ ਬੱਚਿਆਂ ਨੂੰ ਆਟੇ ਦੀਆਂ ਚਿੜੀਆਂ ਦੇ ਕੇ ਵਰਾਇਆ ਜਾਂਦਾ ਹੈ ਪਰ ਸਾਡੇ ਸਮਾਜ ਨੇ ਇਸਤਰੀ ਨੂੰ ਹੀ ਆਟੇ ਦੀ ਚਿੜੀ ਬਣਾ ਛੱਡਿਆ ਹੈ, ਬਕੌਲ ਸ਼ਿਵ ਕੁਮਾਰ,

ਤੇ ਮੈਂ ਸਮਝਦਾਂ, ਇਹ ਕੁੜੀਆਂ,
ਇਹ ਆਟੇ ਸੰਗ ਬਣਾਈਆ ਹੈਣ ਚਿੜੀਆਂ
ਜਿਨ੍ਹਾਂ ਸੰਗ ਵਰਚ ਜਾਂਦਾ ਕਾਮ-ਬੱਚਾ....।

ਸਾਡੀ ਉਪਜੀਵਕਾ ਆਟਾ-ਦਾਲ 'ਤੇ ਨਿਰਭਰ ਰਹੀ ਹੈ, ਆਟੇ ਦਾਲ ਦਾ ਭਾਅ ਪੁੱਛਣਾ ਕਹਾਵਤ ਐਵੇਂ ਨਹੀਂ ਬਣੀ। ਆਟੇ ਦੀ ਥੁੜ ਵੇਲੇ ਸਮੇਂ ਸਮੇਂ 'ਤੇ ਲੋਕ ਚੀਕ ਚੀਕ ਕੇ ਪੁਕਾਰਦੇ ਰਹੇ ਹਨ, 'ਦਸ ਰੁਪਈਏ ਕਿਲੋ ਆਟਾ, ਇਸ ਸਰਕਾਰ ਨੂੰ ਸ਼ਰਮ ਦਾ ਘਾਟਾ।' ਮੁਦਰਾ-ਸਫੀਤੀ ਦੇ ਨਾਲ ਨਾਲ ਰੁਪਈਏ ਨਾਲ ਲੱਗੀ ਸੰਖਿਆ ਵੀ ਵਧਦੀ ਜਾਂਦੀ ਹੈ। ਇਸੇ ਲਈ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਸਸਤਾ ਆਟਾ-ਦਾਲ ਸਕੀਮ ਬਣਾਈ ਸੀ ਪਰ ਸਰਕਾਰਾਂ ਸਕੀਮਾਂ ਨੂੰ ਕਦ ਸਿਰੇ ਚੜ੍ਹਾਉਂਦੀਆਂ ਹਨ?

ਆਟਾ ਸ਼ਬਦ ਵਾਲੇ ਕੁਝ ਇਕ ਮੁਹਾਵਰੇ ਵੀ ਪ੍ਰਚਲਿਤ ਹਨ ਜਿਵੇਂ 'ਆਟਾ ਖਰਾਬ ਹੋਣਾ', ਅਰਥਾਤ ਬੇਇਜ਼ਤੀ ਹੋਣਾ। 'ਆਟਾ ਖਰਾਬ ਕਰਨਾ' ਮੁਹਾਵਰਾ ਉਦੋਂ ਵਰਤਿਆ ਜਾਂਦਾ ਹੈ ਜਦੋਂ ਕਿਸੇ ਨੂੰ ਜਤਾਉਣਾ ਹੋਵੇ ਕਿ ਤੂੰ ਖਾਂਦਾ ਬਹੁਤ ਏਂ, ਕਰਦਾ



ਕੁਝ ਨਹੀਂ। ਪਰ 'ਆਟੇ ਵਿਚ ਲੂਣ' ਮੁਹਾਵਰਾ ਸਭ ਤੋਂ ਵਧ ਪ੍ਰਚਲਿਤ ਹੈ। ਇਸ ਦਾ ਮਤਲਬ ਹੈ ਕਿਸੇ ਵਸਤ ਦਾ ਬਹੁਤ ਥੋੜੀ ਮਾਤਰਾ ਵਿਚ ਹੋਣਾ। ਬਾਬਾ ਫਰੀਦ, ਭਗਤ ਕਬੀਰ ਅਤੇ ਬੁਲ੍ਹੇ ਸ਼ਾਹ ਨੇ ਵੀ ਇਸ ਦੀ ਵਰਤੋਂ ਕੀਤੀ ਹੈ। 'ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ' ਅਰਥਾਤ ਕਈਆਂ ਪਾਸ ਆਟਾ (ਦੁਨਿਆਵੀ ਸੁਖ-ਸਾਧਨ) ਬਹੁਤ ਹੈ ਦੂਜਿਆਂ ਕੋਲ ਏਨਾ ਵੀ ਨਹੀਂ ਜਿੰਨਾ ਆਟੇ ਵਿਚ ਲੂਣ ਪਾਈਦਾ ਹੈ। ਭਗਤ ਕਬੀਰ ਫਰਮਾਉਂਦੇ ਹਨ, 'ਜੈ ਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ'- ਸੋਨੇ ਵਰਗਾ ਸਰੀਰ ਆਟੇ ਵਿਚ ਲੂਣ ਵਾਂਗ ਖੁਰ ਜਾਏਗਾ। ਪਰ ਬੁਲ੍ਹੇ ਸ਼ਾਹ ਨੇ ਇਸ ਮੁਹਾਵਰੇ ਨੂੰ ਅਧਿਆਤਮਕ ਅਰਥ ਇਸ ਤਰ੍ਹਾਂ ਦਿੱਤੇ ਹਨ,

ਆਪਣੇ ਤਨ ਦੀ ਖਬਰ ਨਾ ਕਾਈ,
ਸਾਜਨ ਦੀ ਖਬਰ ਲਿਆਵੇ ਕੌਣ।
ਨਾ ਹੂੰ ਖਾਕੀ ਨਾ ਹੂੰ ਆਤਸ਼,
ਨਾ ਹੂੰ ਪਾਣੀ ਪਉਣ।
ਕੁੱਪੇ ਵਿਚ ਰੋੜ ਖੜਕਦੇ,
ਮੂਰਖ ਆਖਣ ਬੋਲੇ ਕੌਣ।
ਬੁੱਲ੍ਹਾ ਸਾਈਂ ਘਟ ਘਟ ਰਵਿਆ,
ਜਿਉਂ ਆਟੇ ਵਿਚ ਲੌਣ।

ਵਹਿਮ ਹੈ ਕਿ ਜੇ ਗੁੰਨ੍ਹਦਿਆਂ ਆਟਾ ਭੁੜਕੇ ਤਾਂ ਘਰ ਵਿਚ ਕੋਈ ਪ੍ਰਾਹੁਣਾ ਆ ਰਿਹਾ ਹੈ। ਕਈ ਧਾਰਮਕ ਸੰਸਕਾਰਾਂ ਵਿਚ ਆਟੇ ਦੇ ਦੀਵੇ ਜਗਾਏ ਜਾਂਦੇ ਹਨ। ਵਿਆਹ ਦੀ ਰਸਮ ਤੋਂ ਪਹਿਲਾਂ ਤਿਆਰੀਆਂ ਵਿਚ ਆਟੇ-ਪਾਣੀ ਪਾਉਣ ਦੀ ਰਸਮ ਕੀਤੀ ਜਾਂਦੀ ਹੈ। ਵਾਰਸ ਦੀ ਹੀਰ ਵਿਚ ਇਕ ਵਿਆਹ ਦੀ ਰਸਮ ਦਾ ਜ਼ਿਕਰ ਆਉਂਦਾ ਹੈ ਜਿਸ ਵਿਚ ਕੁੜੀਆਂ ਆਟੇ ਦੇ ਖੜ੍ਹੱਕਣੇ (ਖਿਡੌਣੇ) ਬਣਾ ਕੇ ਲਾੜੇ ਤੋਂ ਲਾਗ ਲੈਂਦੀਆਂ ਹਨ।

ਆਮ ਤੌਰ 'ਤੇ ਆਟਾ ਸ਼ਬਦ ਨੂੰ ਫਾਰਸੀ ਆਰਦ ਜਾਂ ਅਰਦ ਤੋਂ ਬਣਿਆ ਦੱਸਿਆ ਜਾਂਦਾ ਹੈ ਜਿਸ ਦਾ ਅਰਥ ਵੀ ਆਟਾ ਹੀ ਹੁੰਦਾ ਹੈ। 'ਮਹਾਨ ਕੋਸ਼' ਨੇ ਸਿਧੇ ਤੌਰ 'ਤੇ ਅਜਿਹਾ ਤਾਂ ਨਹੀਂ ਲਿਖਿਆ ਪਰ ਇਸ ਵਿਚ ਦਿੱਤੇ ਅਰਥਾਂ ਵਿਚ ਸਭ ਤੋਂ ਪਹਿਲਾਂ ਫਾਰਸੀ ਦਾ ਆਰਦ ਸ਼ਬਦ ਹੀ ਆਉਂਦਾ ਹੈ ਜਿਵੇਂ ਕਿਤੇ ਆਟੇ ਦਾ ਅਰਥ ਦੇਖਣ ਵਾਲੇ ਨੂੰ ਆਰਦ ਦਾ ਪਤਾ ਹੁੰਦਾ ਹੈ! ਖੈਰ ਕੋਸ਼ਾਂ ਦੀਆਂ ਕੁਝ ਮਜਬੂਰੀਆਂ ਵੀ ਹੁੰਦੀਆਂ ਹਨ, ਕਈ ਵਾਰੀ ਕਾਰਵਾਈ ਵਜੋਂ ਸੌਖੇ ਸ਼ਬਦ ਦੇ ਅਰਥ ਲਈ ਵੀ ਔਖਾ ਸ਼ਬਦ ਦੇਣਾ ਪੈ ਜਾਂਦਾ ਹੈ।

ਪਲੈਟਸ ਨੇ 'ਉਰਦੂ, ਕਲਾਸੀਕਲ ਹਿੰਦੀ ਅਤੇ ਅੰਗਰੇਜ਼ੀ ਕੋਸ਼' ਵਿਚ ਆਟਾ ਸ਼ਬਦ ਨੂੰ ਸੰਸਕ੍ਰਿਤ ਸ਼ਬਦ ਆਰਦਰ ਨਾਲ ਜੋੜਿਆ ਹੈ ਤੇ ਨਾਲ ਹੀ ਇਸ ਦਾ ਪ੍ਰਾਕ੍ਰਿਤ ਰੂਪ 'ਅਟੰ' ਦਿੰਦਿਆਂ ਇਸ ਦਾ ਟਾਕਰਾ ਫਾਰਸੀ 'ਅਰਦ' ਨਾਲ ਕੀਤਾ ਹੈ। ਇਕ ਹੋਰ ਸਰੋਤ ਅਨੁਸਾਰ ਆਟਾ ਸ਼ੌਰਸੇਨੀ ਪ੍ਰਾਕ੍ਰਿਤ ਅੱਟ ਤੋਂ ਵਿਉਤਪਤ ਹੋਇਆ ਹੈ। ਇਸ ਦਾ ਭਾਵ ਹੈ ਕਿ ਇਹ ਸਾਰੇ ਸ਼ਬਦ ਵਾਸਤਵ ਵਿਚ ਸੁਜਾਤੀ ਹਨ ਤੇ ਆਟੇ ਨੂੰ ਪ੍ਰਾਕ੍ਰਿਤ ਅਟੰ ਨਾਲ ਜੋੜਨਾ ਵਧੇਰੇ ਤਰਕਪੂਰਨ ਲਗਦਾ ਹੈ। ਇਸ ਦਾ ਕਾਰਨ ਹੈ ਕਿ ਇਹ ਭਾਸ਼ਾਵਾਂ ਪੰਜਾਬੀ ਦੇ ਵਧੇਰੇ ਨੇੜੇ ਹਨ, ਨਾਲੇ ਅਟੰ/ਅਟ ਵਿਚਲੀ 'ਟ' ਧੁਨੀ ਆਟੇ ਵਿਚ ਵੀ ਹੈ। ਟਰਨਰ ਨੇ ਆਪਣੇ ਹਿੰਦ-ਆਰਿਆਈ ਭਾਸ਼ਾਵਾਂ ਦੇ ਕੋਸ਼ ਵਿਚ ਆਟੇ ਨੂੰ 'ਆਰਤ' ਨਾਲ ਜੋੜਿਆ ਹੈ ਤੇ ਨਾਲ ਹੀ ਬਹੁਤ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਦੇ ਮਿਲਦੇ-ਜੁਲਦੇ ਸ਼ਬਦ ਦੱਸੇ ਹਨ। ਆਟੇ ਲਈ ਸਿੰਧੀ ਵਿਚ ਆਟੀ, ਕਸ਼ਮੀਰੀ ਵਿਚ ਅਰਦ ਜਾਂ ਓਟੁ, ਪਹਾੜੀ ਵਿਚ ਆਟੂ, ਨੇਪਾਲੀ ਵਿਚ ਆਟੋ ਅਤੇ ਗੁਜਰਾਤੀ ਵਿਚ ਲੋਟ ਦੇ ਨਾਲ ਨਾਲ ਆਟਾ, ਬਲੋਚੀ ਆਰਤ ਜਾਂ ਅਰਤ, ਵੀ ਹੈ। ਟਰਨਰ ਨੇ ਇਸ ਦਾ ਅਵੇਸਤਾ ਰੂਪ 'ਅਸ਼ਾ' ਦੱਸਿਆ ਹੈ। ਸੰਸਕ੍ਰਿਤ ਵਿਚ ਇਕ ਧਾਤੂ ਹੈ 'ਅਰਦ' ਜਿਸ ਵਿਚ ਤੋੜਨ, ਕੁਚਲਣ, ਸੱਟ ਮਾਰਨ, ਖੋਰਨ, ਮਾਰ ਮੁਕਾਉਣ, ਝੰਜੋੜਨ, ਤਬਾਹ ਕਰਨ, ਧੂੜ ਵਾਂਗ ਖਿਲਰਨ ਦੇ ਭਾਵ ਹਨ। ਆਟਾ ਬਣਾਉਣ ਵੇਲੇ ਇਹੋ ਜਿਹੀਆਂ ਕਾਰਵਾਈਆਂ ਕਰੀਦੀਆਂ ਹਨ ਭਾਵੇਂ ਸਭ ਤੋਂ ਉਪਯੁਕਤ ਭਾਵ ਪੀਸਣ ਦਾ ਹੈ।

ਕੁਝ ਵਿਦਵਾਨਾਂ ਦੀ ਖੋਜ ਅਨੁਸਾਰ ਆਟਾ ਸ਼ਬਦ ਦੀ ਹਿੰਦ-ਇਰਾਨੀ ਤੋਂ ਬਿਨਾਂ ਕੁਝ ਹੋਰ ਆਰਿਆਈ ਭਾਸ਼ਾਵਾਂ ਨਾਲ ਵੀ ਸਾਕੇਦਾਰੀ ਹੈ ਭਾਵੇਂ ਇਸ ਬਾਰੇ ਮਤਭੇਦ ਵੀ ਹਨ। ਇਸ ਦੇ ਭਾਰੋਪੀ ਮੂਲ ਵਿਚ ਪੀਸਣ ਦੇ ਭਾਵ ਹਨ। ਇਸ ਤੋਂ ਪ੍ਰਾਚੀਨ ਗਰੀਕ ਦਾ ਸ਼ਬਦ ਬਣਿਆ ਅਲਿਓ, ਜਿਸ ਦਾ ਅਰਥ ਪੀਸਣਾ ਹੈ। ਇਸੇ ਭਾਸ਼ਾ ਦੇ ਇਸ ਤੋਂ ਬਣੇ ਸ਼ਬਦ ਐਲੀਓਰੂਨ (Aleuron) ਦਾ ਅਰਥ ਆਟਾ ਹੈ। ਅਵੇਸਤਾ 'ਅਸ਼ਅ' ਦਾ ਅਰਥ ਹੈ, ਪੀਸਿਆ। ਇਸੇ ਤਰ੍ਹਾਂ ਪੁਰਾਣੀ ਆਰਮੀਨੀਅਮ ਵਿਚ ਆਟਾ ਦਾ ਅਰਥਾਵਾਂ Alewr, ਸ਼ਬਦ ਮਿਲਦਾ ਹੈ ਜਿਸ ਤੋਂ ਬਣੇ ਇਕ ਹੋਰ ਸ਼ਬਦ ਅਲਾਵਨ ਦਾ ਅਰਥ ਚੱਕੀ, ਚੱਕੀ ਚਲਾਉਣ ਵਾਲੀ (ਕਿਉਂਕਿ ਆਟਾ ਪੀਸਣ ਦਾ ਕੰਮ ਔਰਤਾਂ ਹੀ ਕਰਦੀਆਂ ਰਹੀਆਂ ਹਨ) ਅਤੇ ਦਾਅੜ (ਜੋ ਮੂੰਹ ਵਿਚ ਪਾਏ ਖਾਣੇ ਨੂੰ ਪੀਸਦੀ ਹੈ) ਵੀ ਹੈ। ਜਾਰਜੀਅਨ ਤੇ ਕੁਝ ਹੋਰ ਭਾਸ਼ਾਵਾਂ ਵਿਚ ਧੁਨੀ ਤੇ ਅਰਥ ਪੱਖੋਂ ਇਸ ਨਾਲ ਮਿਲਦੇ-ਜੁਲਦੇ ਸ਼ਬਦ ਲੱਭੇ ਗਏ ਹਨ।

ਅਸੀਂ ਅਰਦ ਧਾਤੂ ਦਾ ਜ਼ਿਕਰ ਕੀਤਾ ਹੈ। ਸੰਸਕ੍ਰਿਤ ਵਿਚ ਅਰਦ ਤੋਂ ਬਣਿਆ ਅਰਦਨ ਸ਼ਬਦ ਵੀ ਮਿਲਦਾ ਹੈ ਜਿਸ ਦਾ ਅਰਥ ਹੈ, ਸਤਾਉਣ, ਤੰਗ ਕਰਨ, ਪੀੜਾ ਦੇਣ ਜਾਂ ਨਾਸ ਕਰਨ ਵਾਲਾ। ਇਸ ਤੋਂ ਇਕ ਜਾਣਿਆ-ਪਛਾਣਿਆ ਸ਼ਬਦ ਬਣਿਆ ਹੈ 'ਜਨਾਰਦਨ' ਜੋ ਕ੍ਰਿਸ਼ਨ ਦੀ ਇਕ ਉਪਾਧੀ ਵੀ ਹੈ। ਇਸ ਸ਼ਬਦ ਦਾ ਸ਼ਾਬਦਿਕ ਅਰਥ ਬਣਦਾ ਹੈ, ਜੋ ਜਨਤਾ ਨੂੰ ਮਾਰਦਾ ਜਾਂ ਨਾਸ ਕਰਦਾ ਹੈ (ਪਿਛੇ ਦੇਖੋ ਅਰਦ ਧਾਤੂ ਦੇ ਅਰਥ)। ਮਹਾਭਾਰਤ ਦੀ ਸਾਰੀ ਕਥਾ ਤੋਂ ਕ੍ਰਿਸ਼ਨ ਦੇ ਚਰਿਤਰ ਬਾਰੇ ਇਹ ਅਰਥ ਸਹੀ ਹੁੰਦੇ ਹਨ।

ਆਟੇ ਦੀ ਤਰ੍ਹਾਂ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਵੀ ਆਟੇ ਲਈ ਵਰਤੀਂਦੇ ਸ਼ਬਦ ਵਿਚ ਪੀਸਣ ਦੇ ਭਾਵ ਹਨ। ਕਈ ਭਾਸ਼ਾਵਾਂ ਵਿਚ ਆਟੇ ਲਈ ਅੰਗਰੇਜ਼ੀ ਮੀਲ (Meal) ਧੁਨੀ ਵਾਲੇ ਸੁਜਾਤੀ ਸ਼ਬਦ ਮਿਲਦੇ ਹਨ ਜਿਵੇਂ ਡੱਚ, ਅਲਬੇਨੀਅਨ, ਅਫਰੀਕਨ, ਜਰਮਨ ਆਦਿ। ਮੀਲ ਦਾ ਮੁਢਲਾ ਅਰਥ ਪੀਸਣਾ ਹੀ ਹੁੰਦਾ ਹੈ। ਪੰਜਾਬੀ ਵਿਚ ਪੀਹਣ (ਜਿਵੇਂ ਪੀਹਣ ਬਣਾਉਣਾ) ਦਾ ਅਰਥ ਹੁੰਦਾ ਹੈ, ਪੀਸ ਕੇ ਆਟਾ ਬਣਾਉਣ ਲਈ ਧੋ-ਸੁਕਾ ਕੇ ਤਿਆਰ ਕੀਤਾ ਅਨਾਜ।

# ਉਭ ਦੀਆਂ ਪਤਾਲ ਮਾਰਨਾ ਕਿ ਉਘ ਦੀਆਂ ਪਤਾਲ ਮਾਰਨਾ?

ਪਿਛਲੇ ਦਿਨੀਂ ਉਤਰੀ ਅਮਰੀਕਾ ਤੋਂ ਛਪਦੀ ਪੰਜਾਬੀ ਦੀ ਇਕ ਹਫਤਾਵਾਰੀ ਅਖ਼ਬਾਰ ('ਪੰਜਾਬ ਟਾਈਮਜ਼' ਨਹੀਂ) ਵਿਚ ਪੰਜਾਬੀ ਦੇ ਮੁਹਾਵਰਿਆਂ ਅਤੇ ਅਖਾਉਤਾਂ ਉਤੇ ਆਧਾਰਿਤ ਇੱਕ ਲੇਖ ਪੜ੍ਹਨ ਨੂੰ ਮਿਲਿਆ। ਇਸ ਲੇਖ ਵਿਚ ਲੇਖਕ ਨੇ ਪੰਜਾਬੀ ਮੁਹਾਵਰੇ 'ਉਭ ਦੀਆਂ ਪਤਾਲ ਮਾਰਨਾ' ਨੂੰ 'ਉਘ ਦੀਆਂ ਪਤਾਲ ਮਾਰਨਾ' ਲਿਖਿਆ ਹੋਇਆ ਸੀ। ਜਿਵੇਂ-ਜਿਵੇਂ ਸਮਾਂ ਬੀਤ ਰਿਹਾ ਹੈ, ਸਾਡਾ ਸ਼ਬਦਾਂ, ਸ਼ਬਦ-ਰੂਪਾਂ ਅਤੇ ਉਨ੍ਹਾਂ ਦੇ ਅਰਥਾਂ ਪ੍ਰਤੀ ਗਿਆਨ, ਚਿੰਤਾ ਅਤੇ ਚਿੰਤਨ ਬਹੁਤ ਘਟ ਰਿਹਾ ਹੈ। ਜੇਕਰ ਇਹੋ ਹਾਲ ਰਿਹਾ ਤਾਂ ਕਿਸੇ ਦਿਨ ਪੰਜਾਬੀ ਦੇ ਘੱਟ ਵਰਤੋਂ ਵਿਚ ਆਉਣ ਵਾਲੇ ਸ਼ਬਦ ਤਾਂ ਇੱਕ ਪਾਸੇ, ਸਗੋਂ ਕਈ ਆਮ ਵਰਤੋਂ ਵਿਚ ਆਉਣ ਵਾਲੇ ਸ਼ਬਦਾਂ ਦਾ ਮੂੰਹ-ਮੁਹਾਂਦਰਾ ਵੀ ਸਾਡੀ ਅਣਗਹਿਲੀ ਕਾਰਨ ਇਸੇ ਤਰ੍ਹਾਂ ਵਿਗੜਦਾ ਜਾਵੇਗਾ। ਪੰਜਾਬੀ ਬੋਲੀ ਦਾ ਭਲਾ ਚਾਹੁਣ ਵਾਲਿਆਂ ਤੇ ਭਾਸ਼ਾ ਵਿਗਿਆਨੀਆਂ ਅਤੇ ਬੁੱਧੀਜੀਵੀਆਂ ਲਈ ਇਹ ਇੱਕ ਚਿੰਤਾਜਨਕ ਅਤੇ ਵਿਚਾਰਨਯੋਗ ਮਸਲਾ ਹੈ।

ਇਸ ਸਬੰਧੀ ਇੱਕ ਕੋਤਾਹੀ ਭਾਸ਼ਾ-ਵਿਭਾਗ, ਪੰਜਾਬ ਵੱਲੋਂ ਪ੍ਰਕਾਸ਼ਿਤ ਪੰਜਾਬੀ ਸ਼ਬਦ-ਕੋਸ਼ ਵਿਚ ਵੀ ਕੀਤੀ ਗਈ ਹੈ। ਉਨ੍ਹਾਂ ਨੇ 'ਉਘ' ਸ਼ਬਦ ਦੇ ਅਰਥ ਤਾਂ ਭਾਵੇਂ ਕੇਵਲ: ਖ਼ਬਰ, ਪਤਾ, ਸੂਹ, ਮਸ਼ਹੂਰੀ, ਪ੍ਰਸਿਧੀ ਦੱਸੇ ਹਨ ਅਰਥਾਤ ਇਨ੍ਹਾਂ ਅਰਥਾਂ ਵਿਚ 'ਉਘ' ਸ਼ਬਦ ਦੇ ਅਰਥ 'ਅਕਾਸ਼' ਬਿਲਕੁਲ ਨਹੀਂ ਹਨ ਪਰ 'ਉਘ' ਸ਼ਬਦ ਦੇ ਨਾਲ ਹੀ 'ਉਘ-ਪਤਾਲ' ਸ਼ਬਦ-ਜੁੱਟ ਦੇ ਅਰਥ 'ਧਰਤੀ-ਅਕਾਸ਼' ਦਿੱਤੇ ਹੋਏ ਹਨ ਭਾਵ ਉਹ ਆਪਣੀ ਗੱਲ ਦਾ ਵਿਰੋਧ ਵੀ ਆਪ ਹੀ ਕਰੀ ਜਾ ਰਹੇ ਹਨ। ਇਸ ਦਾ ਇੱਕ ਭਾਵ ਇਹ ਵੀ ਹੈ ਕਿ ਕੋਸ਼ ਬਣਾਉਣ ਵਾਲਿਆਂ ਨੂੰ ਵੀ 'ਉਭ' ਤੇ 'ਉਘ' ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦੇ ਅੰਤਰ ਦਾ ਕੋਈ ਇਲਮ ਨਹੀਂ ਹੈ।

ਉਪਰੋਕਤ ਕੋਸ਼ ਦੇ ਰਚਨਹਾਰਿਆਂ ਨੇ ਜੇ 'ਉਭ-ਪਤਾਲ' ਸ਼ਬਦ-ਜੁੱਟ ਨੂੰ ਪ੍ਰਚਲਿਤ ਜਾਂ ਸਥਾਪਿਤ ਹੋਇਆ ਸ਼ਬਦ-ਜੁੱਟ ਮੰਨ ਕੇ ਵੀ 'ਉਘ-ਪਤਾਲ' ਦੇ ਰੂਪ ਵਿਚ ਲਿਖ ਦਿੱਤਾ ਹੋਵੇ ਤਾਂ ਵੀ ਇਨ੍ਹਾਂ ਸ਼ਬਦਾਂ (ਉਘ-ਪਤਾਲ) ਦੇ ਨਾਲ ਉਨ੍ਹਾਂ ਨੂੰ ਅਸਲੀ ਸ਼ਬਦ 'ਉਭ' ਦਾ ਹਵਾਲਾ ਅਤੇ ਉਸ ਦੇ ਅਰਥ ਜ਼ਰੂਰ ਦੇਣੇ ਚਾਹੀਦੇ ਸਨ; ਪਰ ਜਾਪਦਾ ਹੈ ਕਿ ਸੰਕਲਨ-ਕਰਤਾਵਾਂ ਕੋਲੋਂ ਅਨਜਾਣਪੁਣੇ ਵਿਚ ਹੀ ਇਹ ਇਕ ਭੁੱਲ ਹੋ ਗਈ ਹੈ। ਅਜਿਹੀਆਂ ਭੁੱਲਾਂ ਨਵੇਂ ਵਿਦਿਆਰਥੀਆਂ ਲਈ ਬਹੁਤ ਗੁਮਰਾਹਕੁੰਨ ਸਾਬਤ ਹੋ ਸਕਦੀਆਂ ਹਨ।

'ਉਭ ਦੀਆਂ ਪਤਾਲ ਮਾਰਨੀਆਂ' ਮੁਹਾਵਰੇ ਦੇ ਅਰਥ ਹਨ- ਬੇਥੁਵੀਆਂ ਗੱਲਾਂ ਕਰਨੀਆਂ। 'ਉਭ' ਸ਼ਬਦ ਦਾ ਅਰਥ ਹੈ-ਅਕਾਸ਼। ਸੋ ਮੁਹਾਵਰੇ ਦੀ ਸ਼ਬਦਾਵਲੀ ਮੁਤਾਬਕ ਇਸ ਦੇ ਅਰਥ: ਕਦੇ ਅਕਾਸ਼ ਅਤੇ ਕਦੇ ਪਤਾਲ ਦੀਆਂ ਗੱਲਾਂ ਕਰਨੀਆਂ ਹਨ, ਭਾਵ ਕਿਸੇ ਇੱਕ ਵਿਸ਼ੇ ਨਾਲ ਸਬੰਧਤ ਸਪਸ਼ਟ ਤੇ ਦੋ-ਟੁੱਕ ਗੱਲ ਨਾ ਕਰਨੀ। ਇੱਥੇ ਆਪਣੀ ਗੱਲ ਸਪਸ਼ਟ ਕਰਨ ਲਈ ਦੋ ਵਿਰੋਧੀ ਪ੍ਰਸੰਗਾਂ ਦੀ ਮਿਸਾਲ ਦੇਣੀ ਜ਼ਰੂਰੀ ਹੈ। ਦੋ ਵਿਰੋਧੀ ਪ੍ਰਸੰਗ ਇੱਥੇ ਤਦੇ ਹੀ ਬਣ ਸਕਦੇ ਹਨ ਜੇਕਰ 'ਪਤਾਲ' ਸ਼ਬਦ ਦੇ ਨਾਲ ਉਸ ਦੇ ਵਿਰੋਧੀ ਅਰਥ ਦੇਣ ਵਾਲੇ ਅਕਾਸ਼, ਅਸਮਾਨ, ਉਭ, ਨਭ, ਗਗਨ, ਅਰਸ਼ ਆਦਿ ਕਿਸੇ ਹੋਰ ਸ਼ਬਦ ਨੂੰ ਜੋੜਿਆ ਜਾਂਦਾ। ਭਾਸ਼ਾ-ਮਾਹਰਾਂ ਅਨੁਸਾਰ 'ਉਘ' ਸ਼ਬਦ ਨੂੰ ਇਕੱਲੇ ਸ਼ਬਦ ਦੇ ਤੌਰ 'ਤੇ ਕਦੇ ਵੀ ਨਹੀਂ ਵਰਤਿਆ ਜਾ ਸਕਦਾ। ਇਹ ਕੇਵਲ 'ਉਘ-ਸੁੱਘ' (ਕਿਸੇ ਸਬੰਧੀ ਕੋਈ ਖ਼ਬਰ ਜਾਂ ਜਾਣਕਾਰੀ ਆਦਿ) ਸ਼ਬਦ-ਜੁੱਟ ਵਿਚ ਹੀ ਵਰਤਿਆ ਜਾਂਦਾ ਹੈ। ਇਸੇ ਕਾਰਨ ਵਿਚਾਰ-ਅਧੀਨ ਮੁਹਾਵਰੇ ਵਿਚ ਵੀ ਮੂਲ ਰੂਪ ਵਿਚ ਇਸ ਦੀ ਵਰਤੋਂ 'ਉਭ-ਪਤਾਲ' ਅਰਥਾਤ 'ਅਕਾਸ਼-ਪਤਾਲ' ਸ਼ਬਦ-ਜੁੱਟ ਦੇ ਰੂਪ ਵਿਚ ਹੀ ਕੀਤੀ ਗਈ ਹੈ; 'ਉਘ-ਪਤਾਲ' ਸ਼ਬਦ-ਜੁੱਟ ਦੇ ਤੌਰ 'ਤੇ ਨਹੀਂ। ਸਪਸ਼ਟ ਹੈ ਕਿ ਜਦੋਂ 'ਉਘ' ਸ਼ਬਦ ਦੀ ਸੁਤੰਤਰ ਤੌਰ 'ਤੇ ਵਰਤੋਂ ਕੀਤੀ ਹੀ ਨਹੀਂ ਜਾ ਸਕਦੀ ਤਾਂ ਇਸ ਸ਼ਬਦ-ਜੁੱਟ ਨੂੰ ਉਪਰੋਕਤ ਮੁਹਾਵਰੇ ਵਿਚ ਕਿਵੇਂ ਵਰਤ ਲਿਆ ਗਿਆ ਹੈ? ਦੂਜੇ, ਕਿਉਂਕਿ 'ਉਘ' ਸ਼ਬਦ ਦੇ ਅਰਥ ਵੀ 'ਪਤਾਲ' ਦੇ ਵਿਰੋਧਾਤਮਕ ਜਾਂ 'ਅਸਮਾਨ' ਜਾਂ 'ਅਕਾਸ਼' ਸ਼ਬਦਾਂ ਦੇ ਅਨੁਰੂਪ ਨਹੀਂ ਹਨ, ਇਸ ਲਈ ਇਸ ਸ਼ਬਦ ਨੂੰ ਇਸ ਮੁਹਾਵਰੇ ਵਿਚ ਕਿਸੇ ਵੀ ਹਾਲਤ ਵਿਚ ਨਹੀਂ ਵਰਤਿਆ ਜਾ ਸਕਦਾ। ਜਿਹੜੇ ਲੋਕ ਅਜਿਹਾ ਕਰਦੇ ਹਨ, ਉਨ੍ਹਾਂ ਨੂੰ ਜਾਂ ਤਾਂ ਇਸ ਸਬੰਧੀ ਜਾਣਕਾਰੀ ਨਹੀਂ ਜਾਂ ਫਿਰ ਉਹ ਮੁਹਾਵਰਿਆਂ ਅਤੇ ਅਖਾਉਤਾਂ ਦੀ ਅਜਿਹੀ ਜੁਗਤਬੰਦੀ ਤੋਂ ਪੂਰੀ ਤਰ੍ਹਾਂ ਅਨਜਾਣ ਹਨ। ਪੰਜਾਬੀ ਬੋਲੀ ਦੀ ਇਹ ਕੇਹੀ ਤ੍ਰਾਸਦੀ ਹੈ ਕਿ ਇਸ ਦੇ ਕਈ ਵਿਦਵਾਨ ਕਹਾਉਂਦੇ ਸੱਜਣ ਵੀ ਅਜਿਹੀਆਂ ਬਾਰੀਕੀਆਂ ਤੋਂ ਅਨਜਾਣ ਹਨ। ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਅਸੀਂ ਆਪਣੇ ਵਿਦਿਆਰਥੀ ਜੀਵਨ ਸਮੇਂ ਇਸ ਮੁਹਾਵਰੇ ਨੂੰ 'ਉਭ' ਸ਼ਬਦ ਨਾਲ ਹੀ ਲਿਖਦੇ-ਪੜ੍ਹਦੇ ਰਹੇ ਹਾਂ। ਪਤਾ ਨਹੀਂ ਹੌਲੀ-ਹੌਲੀ ਇਸ ਮੁਹਾਵਰੇ ਵਿਚਲਾ 'ਉਭ' ਸ਼ਬਦ 'ਉਘ' ਵਿਚ ਕਦੋਂ ਅਤੇ ਕਿਵੇਂ ਬਦਲ ਗਿਆ?

ਇਸ ਸੰਦਰਭ ਵਿਚ ਦੇਖਿਆਂ ਇਸ ਮੁਹਾਵਰੇ ਵਿਚ 'ਉਭ' ਸ਼ਬਦ ਦੀ ਵਰਤੋਂ ਪੂਰੀ ਤਰ੍ਹਾਂ ਸਹੀ ਹੈ। 'ਉਘ' ਸ਼ਬਦ ਦਾ ਤਾਂ ਇੱਥੇ ਕੋਈ ਅਰਥ ਹੀ ਨਹੀਂ ਨਿਕਲਦਾ। ਕੁਝ ਹੋਰ ਪੰਜਾਬੀ ਮੁਹਾਵਰਿਆਂ ਅਤੇ ਅਖਾਉਤਾਂ ਵਿਚ ਵੀ ਆਪਣੀ ਗੱਲ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਦੋ ਵਿਰੋਧੀ ਸ਼ਬਦਾਂ ਨੂੰ ਇਸੇ ਕਾਰਨ ਹੀ ਇਕੱਠਿਆਂ ਵਰਤਿਆ ਗਿਆ ਹੈ, ਜਿਵੇਂ: ਜ਼ਮੀਨ-ਅਸਮਾਨ ਇੱਕ ਕਰਨਾ, ਉਧੇੜ-ਬੁਣ ਵਿਚ ਗਰਕ ਹੋਣਾ, ਮੰਗੀ ਸੀ ਹੇਠਾਂ ਨੂੰ ਮਿਲ ਗਈ ਉਪਰ ਨੂੰ, ਅੱਗੋਂ ਮਿਲੀ ਨਾ ਪਿਛਲੀ ਕੁੱਤਾ ਲੈ ਗਿਆ, ਉਚਾ-ਨੀਵਾਂ ਬੋਲਣਾ, ਚੜ੍ਹਿਆ ਸੋ ਤੇ ਲੱਥਾ ਭੌਂ, ਅੱਗਾ ਦੌੜ ਤੇ ਪਿੱਛਾ ਚੌੜ, ਲੱਥੀ-ਚੜ੍ਹੀ ਦੀ ਕੋਈ ਪਰਵਾਹ ਨਾ ਹੋਣਾ, ਜ਼ਮੀਨ ਅਸਮਾਨ ਦੇ ਕਲਾਵੇ ਮੇਲਣਾ ਅਤੇ ਉਲਟਾ ਚੋਰ ਕੋਤਵਾਲ ਨੂੰ ਡਾਂਟੇ ਆਦਿ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ-ਕੋਸ਼ ਵਿਚ ਵੀ 'ਉਘ' ਸ਼ਬਦ ਦੇ ਅਰਥ ਆਗਾਹੀ, ਸੁਧ, ਸਮਾਚਾਰ, ਖ਼ਬਰ ਜਾਂ ਪ੍ਰਸਿੱਧੀ ਅਤੇ ਸ਼ੁਹਰਤ ਵਜੋਂ ਦਰਜ ਹਨ ਅਰਥਾਤ ਇਸ ਕੋਸ਼ ਵਿਚ ਵੀ 'ਉਘ' ਸ਼ਬਦ ਦੇ ਅਰਥ ਅਕਾਸ਼ ਜਾਂ ਅਸਮਾਨ ਆਦਿ ਨਹੀਂ ਦਿੱਤੇ ਹੋਏ। 'ਉਘ' ਸ਼ਬਦ ਦਾ ਜੋਟੀਦਾਰ ਸ਼ਬਦ 'ਸੁੱਘ' (ਸ+ਉਘ=ਸੁੱਘ; ਅਰਥਾਤ ਕਿਸੇ ਕਿਸਮ ਦੀ ਜਾਣਕਾਰੀ ਸਮੇਤ) ਵੀ 'ਉਘ' ਸ਼ਬਦ ਤੋਂ ਹੀ ਬਣਿਆ ਹੈ। 'ਉਘਾ' ਜਾਂ 'ਉਘੜ' ਆਦਿ ਸ਼ਬਦ ਵੀ ਇਸੇ ਹੀ ਸ਼ਬਦ ਤੋਂ ਬਣੇ ਹਨ। ਇਸ ਤਰ੍ਹਾਂ 'ਉਘ' ਸ਼ਬਦ ਪੰਜਾਬੀ ਸ਼ਬਦਾਵਲੀ ਵਿਚ ਇੱਕ ਮੂਲ ਸ਼ਬਦ ਜਾਂ ਧਾਤੂ ਦੇ ਤੌਰ 'ਤੇ ਮੌਜੂਦ ਤਾਂ ਹੈ ਪਰ ਇਹ ਆਪਣੇ ਜੋਟੀਦਾਰ 'ਸੁੱਘ' ਤੋਂ ਬਿਨਾਂ ਕਦੇ ਕਿਸੇ ਸ਼ਬਦ, ਵਾਕਾਂਸ਼ ਜਾਂ ਮੁਹਾਵਰੇ, ਅਖਾਉਤ ਆਦਿ ਵਿਚ ਨਹੀਂ ਵਰਤਿਆ ਜਾਂਦਾ। 'ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼' (ਪੰ.ਯੂ.ਪਟਿਆਲਾ) ਵਿਚ ਵੀ ਇਕੱਲੇ 'ਉਘ' ਸ਼ਬਦ ਦਾ ਕੋਈ ਇੰਦਰਾਜ ਨਹੀਂ ਹੈ। ਹਾਂ, ਉਘ-ਸੁੱਘ ਸ਼ਬਦ-ਰੂਪ ਜ਼ਰੂਰ ਇਸ ਵਿਚ ਸ਼ਾਮਲ ਹੈ।

ਜਿੱਥੋਂ ਤੱਕ 'ਉਭ' ਸ਼ਬਦ ਦਾ ਸਬੰਧ ਹੈ, ਇਹ ਸ਼ਬਦ ਸੰਸਕ੍ਰਿਤ-ਮੂਲਿਕ ਹੈ ਤੇ ਮਹਾਨ ਕੋਸ਼ ਅਨੁਸਾਰ ਇਸ ਦੇ ਅਰਥ ਹਨ- ਉਤਾਂਹ, ਖੜ੍ਹਾ, ਉਪਰ, ਦੋਨੋਂ, ਦੋਵੇਂ, ਅਕਾਸ਼, ਗਗਨ ਆਦਿ। ਸੋ ਇਸ ਮੁਹਾਵਰੇ ਵਿਚ ਇਸ ਸ਼ਬਦ ਦਾ ਅਰਥ ਹੈ- ਅਕਾਸ਼ ਜਾਂ ਗਗਨ। ਗੁਰਬਾਣੀ ਵਿਚ ਵੀ ਇਸ ਸ਼ਬਦ-ਜੁੱਟ (ਅਕਾਸ਼-ਪਤਾਲ) ਦੀ ਵਰਤੋਂ 'ਉਭ ਪਇਆਲ' ਜਾਂ 'ਉਭ ਪਇਆਲਾ' ਦੇ ਤੌਰ 'ਤੇ ਅਨੇਕਾਂ ਵਾਰ ਹੋਈ ਹੈ। ਇਨ੍ਹਾਂ ਸ਼ਬਦਾਂ ਵਿਚ 'ਉਭ' ਦਾ ਅਰਥ ਅਕਾਸ਼ ਅਤੇ 'ਪਇਆਲ' ਦਾ ਅਰਥ ਪਤਾਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਸ਼ਬਦਾਂ ਨਾਲ ਸਬੰਧਤ ਕੁਝ ਤੁਕਾਂ ਇਸ ਪ੍ਰਕਾਰ ਹਨ: 'ਕਬਹੂ ਜੀਅੜਾ ਊਭਿ ਚੜਤ ਹੈ, ਕਬਹੂ ਜਾਇ ਪਇਆਲੇ', 'ਊਚਾ ਚੜੈ ਸੁ ਪਵੈ ਪਇਆਲਾ' ਤੇ 'ਤੂੰ ਦੀਪ ਲੋਅ ਪਇਆਲਿਆ' ਆਦਿ।

ਇਸ ਤਰ੍ਹਾਂ ਇਸ ਮੁਹਾਵਰੇ 'ਚ ਆਪਣੀ ਗੱਲ ਸਹੀ ਸਾਬਤ ਕਰਨ ਲਈ ਆਪਸ ਵਿਚ ਪੂਰੀ ਤਰ੍ਹਾਂ ਵਿਰੋਧ ਵਿਚ ਖੜ੍ਹੀਆਂ ਦੋ ਚੀਜ਼ਾਂ (ਅਕਾਸ਼ ਅਤੇ ਪਤਾਲ) ਨੂੰ ਪੇਸ਼ ਕੀਤਾ ਗਿਆ ਹੈ। ਸਬੰਧਤ ਲੇਖਕ ਨੇ 'ਉਭ' ਦੀ ਥਾਂ 'ਉਘ' ਸ਼ਬਦ ਨੂੰ 'ਪਤਾਲ' ਦੇ ਵਿਰੋਧਾਰਥਕ ਸ਼ਬਦ ਵਜੋਂ ਕਿਸ ਪ੍ਰਕਾਰ, ਕਿਵੇਂ ਤੇ ਕੀ ਸੋਚ ਕੇ ਵਰਤ ਲਿਆ? ਇਹ ਤਾਂ ਉਹੋ ਹੀ ਦੱਸ ਸਕਦਾ ਹੈ ਪਰ ਮੇਰੇ ਵਿਚਾਰ ਅਨੁਸਾਰ ਕਿਸੇ ਵੀ ਲੇਖਕ ਜਾਂ ਵਿਦਵਾਨ ਨੂੰ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਉਸ ਦੇ ਸ਼ੁੱਧ ਸ਼ਬਦ-ਰੂਪ ਅਤੇ ਅਰਥਾਂ ਬਾਰੇ ਡੂੰਘੀ ਸੋਚ-ਵਿਚਾਰ ਜ਼ਰੂਰ ਕਰ ਲੈਣੀ ਚਾਹੀਦੀ ਹੈ। ਇਸ ਵਿਚ ਹੀ ਪੰਜਾਬੀ ਮਾਂ-ਬੋਲੀ ਦਾ ਭਲਾ ਹੈ।

ਇਸ ਸਬੰਧ ਵਿਚ ਭਾਸ਼ਾ ਵਿਭਾਗ, ਪੰਜਾਬ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਸ਼ਬਦ-ਕੋਸ਼ ਵਿਚ ਇਸ ਗਲਤ ਇੰਦਰਾਜ ਦੀ ਸੋਧ ਕਰੇ ਤਾਂ ਜੋ ਇਸ ਸਬੰਧੀ ਲੋਕੀਂ ਹੋਰ ਵਧੇਰੇ ਸਮਾਂ ਗੁਮਰਾਹ ਨਾ ਹੁੰਦੇ ਰਹਿਣ।


-ਜਸਵੀਰ ਸਿੰਘ ਲੰਗੜੋਆ
ਫੋਨ: 91-98884-03052



# ਨਿਤਾਣੀਆਂ ਨਾਰੀਆਂ ਦੇ ਤਾਣ ਦਾ ਬਿਰਤਾਂਤ ਮਿਰਚ ਮਸਾਲਾ




ਆਵਾਜ਼ ਦੇ ਕਹਾਂ ਹੈ... -50-

ਕੁਲਦੀਪ ਕੌਰ

ਫੋਨ: +91-98554-04330


ਸਮਿਤਾ ਪਾਟਿਲ ਹਿੰਦੀ ਸਿਨੇਮਾ ਦੀ ਸਮਰੱਥ ਅਦਾਕਾਰਾ ਹੈ। ਫਿਲਮ 'ਮਿਰਚ ਮਸਾਲਾ' ਵਿਚ ਉਸ ਦੁਆਰਾ ਨਿਭਾਇਆ ਸੋਨਾਬਾਈ ਦਾ ਕਿਰਦਾਰ ਭਾਰਤੀ ਸਿਨੇਮਾ ਵਿਚ ਨਾਰੀਵਾਦ ਅਤੇ ਸੱਤਾ ਦੇ ਆਪਸੀ ਸਬੰਧਾਂ ਨੂੰ ਸਾਰੀਆਂ ਪੇਚੀਦਗੀਆਂ ਸਹਿਤ ਫੜਦਾ ਹੈ। ਨਾਰੀਵਾਦ ਵਿਚਾਰਧਾਰਾ ਦੇ ਆਲੋਚਕ ਨਾਰੀਵਾਦ ਦੀ ਵਿਆਖਿਆ ਕਰਦਿਆਂ ਇਸ ਨੂੰ ਸਾਰੇ ਮਰਦਾਂ ਨੂੰ ਨਫਰਤ ਕਰਨ ਦੀ ਵਿਚਾਰਧਾਰਾ ਆਖਦਿਆਂ ਰੱਦ ਕਰ ਦਿੰਦੇ ਹਨ, ਜਦਕਿ ਮਸਲਾ ਇਸ ਤੋਂ ਵੱਧ ਪੇਚੀਦਾ ਹੈ। ਸੱਤਾ ਇਨ੍ਹਾਂ ਦੋਹਾਂ ਨੂੰ ਬਹੁਤੀ ਵਾਰ ਇੱਕ-ਦੂਜੇ ਦੇ ਖਿਲਾਫ ਵਰਤਦੀ ਹੈ। ਇਸ ਸਵਾਲ ਨਾਲ ਇਹ ਫਿਲਮ ਵਾਰ-ਵਾਰ ਉਲਝਦੀ ਹੈ।

ਕੇਤਨ ਮਹਿਤਾ ਦੁਆਰਾ ਨਿਰਦੇਸ਼ਤ ਇਹ ਫਿਲਮ ਗੁਜਰਾਤ ਦੇ ਇੱਕ ਪਿੰਡ 'ਤੇ ਆਧਾਰਤ ਹੈ ਅਤੇ ਫਿਲਮ ਵਿਚ ਘਟਨਾਵਾਂ ਦੇ ਵਾਪਰਨ ਦਾ ਸਮਾਂ 1940 ਦਾ ਹੈ। ਉਦੋਂ ਭਾਰਤ ਅੰਗਰੇਜ਼ੀ ਹਕੂਮਤ ਦੇ ਅਧੀਨ ਸੀ ਅਤੇ ਉਨ੍ਹਾਂ ਨੇ ਕਰ ਉਗਰਾਹੁਣ ਲਈ ਪਿੰਡ-ਪਿੰਡ ਟੈਕਸ ਕੁਲੈਕਟਰਾਂ ਦੀ ਨਿਯੁਕਤੀ ਕੀਤੀ ਹੋਈ ਸੀ। ਅਜਿਹਾ ਹੀ ਇੱਕ ਸੂਬੇਦਾਰ (ਨਸੀਰੂਦੀਨ ਸ਼ਾਹ) ਇੱਕ ਪਿੰਡ ਵਿਚ ਸੋਨਾਬਾਈ ਨਾਲ ਟਕਰਾ ਜਾਂਦਾ ਹੈ। ਉਸ ਨੂੰ ਆਪਣੇ ਪੁਰਾਣੇ ਤਜਰਬਿਆਂ ਤੋਂ ਪਤਾ ਹੈ ਕਿ ਉਸ ਲਈ ਸੋਨਾਬਾਈ ਨੂੰ ਹਾਸਿਲ ਕਰਨਾ ਕਿੰਨਾ ਸੌਖਾ ਹੈ। ਉਹ ਜਾਣਦਾ ਹੈ ਕਿ ਅੰਗਰੇਜ਼ੀ ਹਕੂਮਤ ਦੇ ਝੋਲੀਚੁੱਕ ਸਰਪੰਚ ਅਤੇ ਜਾਗੀਰਦਾਰ ਕਿਵੇਂ ਸੋਨਾਬਾਈ ਨੂੰ ਉਸ ਦੀ ਦਾਸੀ ਬਣਨ ਲਈ ਖੁਦ ਹੀ ਮਜਬੂਰ ਕਰ ਦੇਣਗੇ।

ਸੋਨਾਬਾਈ ਪਿੰਡ ਦੀ ਮਸਾਲਾ ਕੁੱਟਣ ਵਾਲੀ ਮਿੱਲ ਵਿਚ ਕੰਮ ਕਰਦੀ ਹੈ। ਉਸ ਨੂੰ ਵੀ ਅੰਗਰੇਜ਼ੀ ਹਕੂਮਤ ਦੀ ਦਹਿਸ਼ਤ ਦਾ ਅੰਦਾਜ਼ਾ ਹੈ, ਪਰ ਉਸ ਲਈ ਆਪਣੀ ਅਣਖ ਅਤੇ ਇਜ਼ਤ ਤੋਂ ਉਪਰ ਕੁਝ ਨਹੀਂ। ਉਹ ਆਪਣੀ ਮਿੱਲ ਦੀਆਂ ਸਾਥਣਾਂ ਨਾਲ ਮਿਲ ਕੇ ਮਿੱਲ ਦੇ ਦਰਵਾਜ਼ੇ ਬੰਦ ਕਰ ਲੈਂਦੀ ਹੈ। ਸੂਬੇਦਾਰ ਨੂੰ ਇਹ ਵੀ ਖੇਡ ਹੀ ਲੱਗਦੀ ਹੈ। ਉਸ ਨੂੰ ਭਾਸਦਾ ਹੈ ਕਿ ਦੋ-ਚਾਰ ਦਿਨਾਂ ਵਿਚ ਸੋਨਾਬਾਈ ਨੂੰ ਆਪਣੀ ਔਕਾਤ ਆਪੇ ਸਮਝ ਵਿਚ ਆ ਜਾਣੀ ਹੈ, ਜੇ ਅਜਿਹਾ ਨਾ ਹੋਇਆ ਤਾਂ ਪਿੰਡ ਦੇ ਮੋਹਤਬਰ ਪਿੰਡ ਨੂੰ ਉਸ ਦੇ ਕਹਿਰ ਤੋਂ ਬਚਾਉਣ ਲਈ ਆਪੇ ਮਿੱਲ ਵਿਚੋਂ ਸੋਨਾਬਾਈ ਨੂੰ ਲਿਆ ਕੇ ਉਸ ਦੇ ਸਪੁਰਦ ਕਰ ਦੇਣਗੇ। ਉਹ ਪਿੰਡ ਵਾਲਿਆਂ ਨੂੰ ਡਰਾਉਣ-ਧਮਕਾਉਣ ਦਾ ਸਿਲਸਿਲਾ ਸ਼ੁਰੂ ਕਰਦਾ ਹੈ। ਹੁਣ ਕਹਾਣੀ ਦਾ ਪੂਰਾ ਫੋਕਸ ਪਿੰਡ ਵਾਲਿਆਂ ਦੇ ਕਿਰਦਾਰ 'ਤੇ ਆਣ ਟਿਕਦਾ ਹੈ। ਪਿੰਡ ਵਿਚ ਸੂਬੇਦਾਰ ਦੀ ਚਿਤਾਵਨੀ ਤੋਂ ਉਹ ਲੋਕ ਡਰ ਜਾਂਦੇ ਹਨ ਜਿਹੜੇ ਸੱਤਾ ਦੇ ਨਜ਼ਦੀਕ ਹਨ। ਇਨ੍ਹਾਂ ਵਿਚ ਪਿੰਡ ਦਾ ਸਰਪੰਚ ਤੇ ਉਸ ਦੀ ਪੂਰੀ ਜੁੰਡਲੀ ਸ਼ਾਮਿਲ ਹੈ। ਪਿੰਡ ਦੀਆਂ ਔਰਤਾਂ ਜਿਨ੍ਹਾਂ ਵਿਚ ਸਰਪੰਚ ਦੀ ਪਤਨੀ ਵੀ ਸ਼ਾਮਿਲ ਹੈ, ਇਸ ਚਿਤਾਵਨੀ ਨੂੰ ਪਿੰਡ ਦੀ ਮਾਣ-ਮਰਿਆਦਾ ਨੂੰ ਗਾਲ ਸਮਝਦੀਆਂ ਹਨ। ਉਨ੍ਹਾਂ ਨੂੰ ਭਾਸਦਾ ਹੈ ਕਿ ਸੋਨਾਬਾਈ ਨੂੰ ਸੂਬੇਦਾਰ ਦੇ ਹਵਾਲੇ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀ ਕੋਈ ਹੋਂਦ ਤੇ ਅਣਖ ਹੀ ਨਹੀਂ ਹੈ। ਕਈ ਪਿੰਡ



ਕੇਤਨ ਮਹਿਤਾ

ਵਾਸੀ ਇਸ ਨੂੰ ਪੁਰਾਣੀ ਰੀਤ ਮੰਨਦਿਆਂ ਆਖਦੇ ਹਨ ਕਿ ਅਜਿਹਾ ਤਾਂ ਸਦਾ ਤੋਂ ਹੁੰਦਾ ਆਇਆ ਹੈ। ਕਈ ਨੌਜਵਾਨਾਂ ਨੂੰ ਲੱਗਦਾ ਹੈ ਕਿ ਇਹ ਸਭ ਹੁਣ ਖਤਮ ਕਰਨ ਦਾ ਵੇਲਾ ਆ ਗਿਆ ਹੈ। ਨਿਰਕੁੰਸ਼ ਸੱਤਾ ਨਾਲ ਸਿੱਧੇ ਟਕਰਾਉ ਤੋਂ ਆਖਿਰ ਕਦੋਂ ਤੱਕ ਭੱਜਿਆ ਜਾ ਸਕਦਾ ਹੈ? ਇਉਂ ਸਾਰਾ ਪਿੰਡ ਧੜਿਆਂ ਵਿਚ ਵੰਡਿਆ ਜਾ ਚੁੱਕਾ ਹੈ।

ਉਧਰ ਮਿੱਲ ਦੇ ਅੰਦਰ ਕੈਦ ਹੋਈਆਂ ਔਰਤਾਂ ਲਈ ਸੋਨਾਬਾਈ ਨੂੰ ਸੂਬੇਦਾਰ ਦੇ ਹਵਾਲੇ ਨਾ ਕਰਨ ਦਾ ਫੈਸਲਾ ਉਨ੍ਹਾਂ ਦੀ ਪਿਤਰਸ਼ਾਹੀ ਖਿਲਾਫ ਇਕੱਠੀ ਹੋਈ ਨਫਰਤ ਦਾ ਹੀ ਪ੍ਰਗਟਾਅ ਹੈ। ਉਹ ਆਪਸੀ ਅਣ-ਬਣ ਅਤੇ ਪਤੀ ਜਾਂ ਰਿਸ਼ਤੇਦਾਰਾਂ ਦੀਆਂ ਧਮਕੀਆਂ ਦੇ ਬਾਵਜੂਦ, ਝੁਕਣ ਤੋਂ ਇਨਕਾਰ ਕਰ ਦਿੰਦੀਆਂ ਹਨ। ਸੂਬੇਦਾਰ ਦੇ ਵਧਦੇ ਦਬਾਉ ਕਾਰਨ ਪਿੰਡ ਵਿਚ ਦਹਿਸ਼ਤ ਅਤੇ ਬੇਗਾਨਗੀ ਦਾ ਮਾਹੌਲ ਭਾਰੂ ਹੋ ਜਾਂਦਾ ਹੈ। ਸੋਨਾਬਾਈ ਅੱਗੇ ਇੱਕ ਵਾਰ ਪਿੰਡ ਪ੍ਰਤੀ ਜ਼ਿੰਮੇਵਾਰੀ ਦਾ ਸਵਾਲ ਖੜ੍ਹਾ ਹੁੰਦਾ ਹੈ, ਪਰ ਉਸ ਨੂੰ ਪਤਾ ਹੈ ਕਿ ਉਸ ਦੁਆਰਾ ਆਤਮ-ਸਮਰਪਣ ਕਰਨ 'ਤੇ ਵੀ ਪਿੰਡ ਵਾਲਿਆਂ ਦੀ ਦੁਰਦਸ਼ਾ ਸੁਧਰੇਗੀ ਨਹੀਂ। ਉਸ ਨਾਲ ਹਮਦਰਦੀ ਰੱਖਣ ਵਾਲੀਆਂ ਔਰਤਾਂ ਦਾ ਵੀ ਇਹੀ ਮੱਤ ਹੈ ਕਿ ਸੂਬੇਦਾਰ ਦੀ ਜ਼ਿੱਦ ਲਈ ਸੋਨਾਬਾਈ ਦੀ ਬਲੀ ਨਹੀਂ ਦਿੱਤੀ ਜਾ ਸਕਦੀ।

ਇਸ ਫਿਲਮ ਦੀ ਵੱਡੀ ਖਾਸੀਅਤ ਨਿਰਦੇਸ਼ਕ ਕੇਤਨ ਮਹਿਤਾ ਦੁਆਰਾ ਸੱਤਾ ਦੇ ਮੂੰਹਜ਼ੋਰ ਹੋਣ ਦੇ ਬਾਵਜੂਦ ਸੋਨਾਬਾਈ ਵਰਗੇ ਨਿਤਾਣਿਆਂ ਜਿਨ੍ਹਾਂ ਕੋਲ ਸਿਰਫ ਸਰੀਰ ਤੋਂ ਬਿਨਾਂ ਕੁਝ ਵੀ ਨਹੀਂ, ਦੁਆਰਾ ਉਸ ਸੱਤਾ ਨੂੰ ਨਕੇਲ ਪਾਉਣ ਦਾ ਬਿਰਤਾਂਤ ਸਿਰਜਣਾ ਹੈ। ਇਸ ਬਿਰਤਾਂਤ ਦਾ ਸੂਤਰਧਾਰ ਮਿੱਲ ਦਾ ਬੁਜ਼ਰਗ ਚੌਕੀਦਾਰ ਅੱਬੂ ਮੀਆਂ ਹੈ ਜਿਹੜਾ ਸੂਬੇਦਾਰ ਦੇ ਗੁੰਡਿਆਂ ਨੂੰ ਮਿੱਲ ਅੰਦਰ ਦਾਖਿਲ ਹੋਣ ਤੋਂ ਰੋਕਣ ਲਈ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਜਦੋਂ ਪਿੰਡ ਦੇ ਝੋਲੀਚੁੱਕ ਉਸ ਨੂੰ ਇਹ ਡਰਾਵਾ ਦਿੰਦੇ ਹਨ ਕਿ ਪਿੰਡ ਦੀ ਬਰਬਾਦੀ ਲਈ ਉਹ ਜ਼ਿੰਮੇਵਾਰ ਹੋਵੇਗਾ ਅਤੇ ਮਿੱਲ ਦਾ ਦਰਵਾਜ਼ਾ ਖੋਲ੍ਹਣ ਲਈ ਆਖਦੇ ਹਨ ਤਾਂ ਉਹ ਕਹਿੰਦਾ ਹੈ, "ਜ਼ਿੰਮੇਵਾਰੀ ਊਪਰ ਵਾਲਾ ਜਾਨੇ, ਹਮ ਤੋਂ ਸਿਰਫ ਫਰਜ਼ ਜਾਨਤੇ ਹੈ।"

ਇਹ ਫਿਲਮ ਭਾਰਤੀ ਫਿਲਮਾਂ ਦੇ ਫਾਰਮੂਲੇ ਕਿ 'ਔਰਤਾਂ ਦੀ ਰੱਖਿਆ ਸਿਰਫ ਮਰਦ ਕਰ ਸਕਦੇ' ਨੂੰ ਵੀ ਰੱਦ ਕਰਦੀ ਹੈ। ਫਿਲਮ ਵਿਚ ਮਿੱਲ ਦੀਆਂ ਔਰਤਾਂ ਜਿਸ ਤਰੀਕੇ ਨਾਲ ਸੋਨਾਬਾਈ ਦੀ ਰੱਖਿਆ ਕਰਦੀਆਂ ਹਨ, ਉਹ ਪਿਤਰਸ਼ਾਹੀ ਖਿਲਾਫ ਬਗਾਵਤ ਦੀ ਵੱਖਰੀ ਸੁਰ ਹੋ ਨਿਬੜਦੀ ਹੈ। ਫਿਲਮ ਵਿਚ ਲਾਲ ਮਿਰਚ ਵੀ ਬਗਾਵਤ ਦਾ ਮੈਟਾਫਰ ਹੈ ਜਿਸ ਨਾਲ ਔਰਤਾਂ ਹਮਲਾ ਕਰ ਕੇ ਸੂਬੇਦਾਰ ਨੂੰ ਸਬਕ ਸਿਖਾਉਂਦੀਆਂ ਹਨ। ਫਿਲਮਸਾਜ਼ ਕੇਤਨ ਮਹਿਤਾ ਨੇ ਇਸ ਫਿਲਮ ਰਾਹੀਂ ਬਗਾਵਤ ਨੂੰ ਜਰਬਾਂ ਦਿੱਤੀਆਂ ਹਨ।



ਆਲੀਆ ਭੱਟ

# 'ਉੜਤਾ ਪੰਜਾਬ' ਬਾਰੇ ਕੁਝ ਨੁਕਤੇ

ਪੰਜਾਬ ਦੇ ਸਿਆਸੀ ਸਰਕਲਾਂ ਅੰਦਰ ਚੋਖੀ ਉਥਲ-ਪੁਥਲ ਮਚਾਉਣ ਤੋਂ ਬਾਅਦ ਫਿਲਮ 'ਉੜਤਾ ਪੰਜਾਬ' ਆਖਰਕਾਰ ਸਿਨੇਮਾਘਰਾਂ ਤਕ ਪੁੱਜਣ ਵਿਚ ਸਫਲ ਹੋ ਗਈ। ਪਹਿਲੇ ਤਿੰਨ ਦਿਨ, ਭਾਵ ਸ਼ੁਕਰਵਾਰ, ਸ਼ਨਿੱਚਰਵਾਰ ਤੇ ਐਤਵਾਰ, ਨੂੰ ਫਿਲਮ ਨੇ ਚੰਗੀ ਕਮਾਈ ਕੀਤੀ। ਇਨ੍ਹਾਂ ਦਿਨਾਂ ਦੌਰਾਨ ਫਿਲਮ ਨੇ 33.80 ਕਰੋੜ ਰੁਪਏ ਕਮਾ ਕੇ ਦਰਸਾ ਦਿੱਤਾ ਕਿ ਫਿਲਮ ਚੱਲੇਗੀ, ਪਰ ਚੌਥੇ ਦਿਨ ਫਿਲਮ ਦੀ ਕਮਾਈ ਨੇ ਅਚਾਨਕ ਚੁੱਭੀ ਮਾਰ ਲਈ ਅਤੇ ਇਹ ਚੌਥੇ ਦਿਨ ਸਿਰਫ ਸਾਢੇ ਚਾਰ ਕਰੋੜ ਰੁਪਏ ਹੀ ਬਟੋਰ ਸਕੀ।

ਪੰਜਾਬ ਵਿਚ ਨਸ਼ਿਆਂ ਦੀ ਪੈ ਰਹੀ ਮਾਰ ਬਾਰੇ ਬਣਾਈ ਇਸ ਫਿਲਮ ਬਾਰੇ ਦਰਸ਼ਕਾਂ ਦਾ ਰਲਵਾਂ-ਮਿਲਵਾਂ ਪ੍ਰਭਾਵ ਸਾਹਮਣੇ ਆਇਆ ਹੈ। ਨੌਜਵਾਨ ਤਬਕੇ ਦਾ ਆਖਣਾ ਹੈ ਕਿ ਸੈਂਸਰ ਬੋਰਡ ਨੇ ਇਸ ਫਿਲਮ ਦੇ ਸਿਲਸਿਲੇ ਵਿਚ ਜੋ ਭੂਮਿਕਾ ਨਿਭਾਈ, ਉਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ। ਇਹ ਦਰਸ਼ਕਾਂ ਉਤੇ ਛੱਡ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਦੇਖਣਾ ਹੈ ਤੇ ਕੀ ਛੱਡਣਾ ਹੈ; ਬੋਰਡ ਨੂੰ ਸਿਰਫ ਸਰਟੀਫਿਕੇਟ ਦੇਣ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ। ਦਰਸ਼ਕਾਂ ਦੇ ਇਸ ਵਰਗ ਨੂੰ ਫਿਲਮ ਵਿਚਲੀਆਂ ਗਾਲਾਂ 'ਤੇ ਵੀ ਕੋਈ ਇਤਰਾਜ਼ ਨਹੀਂ। ਇਕ ਵਰਗ ਦਾ ਆਖਣਾ ਹੈ ਕਿ ਗਾਲਾਂ ਤੋਂ ਬਗੈਰ ਵੀ ਚੱਲ ਸਕਦਾ ਸੀ। ਉਂਜ, ਸਭ ਦੀ ਰਾਏ ਇਹੀ ਹੈ ਕਿ ਫਿਲਮ ਨੇ ਨਸ਼ਿਆਂ ਦਾ ਮੁੱਦਾ ਖੂਬ ਉਭਾਰਿਆ ਹੈ ਅਤੇ ਇਸ ਵਿਚ ਸਿਆਸਤਦਾਨਾਂ ਅਤੇ ਪੁਲਿਸ ਦਾ ਗਠਜੋੜ ਨੰਗਾ ਕੀਤਾ ਗਿਆ ਹੈ। ਫਿਲਮ ਵਿਚ ਸ਼ਾਹਿਦ ਕਪੂਰ, ਕਰੀਨਾ ਕਪੂਰ ਖਾਨ ਅਤੇ ਦਲਜੀਤ ਦੁਸਾਂਝ ਦੇ ਕੰਮ ਦੀ ਖੂਬ ਪ੍ਰਸ਼ੰਸਾ ਹੋ ਰਹੀ ਹੈ, ਪਰ ਇਸ ਮਾਮਲੇ 'ਤੇ ਆਲੀਆ ਭੱਟ ਦੀ ਝੰਡੀ ਹੈ।





# ਅਨੂਠੀ ਬਾਲ ਫਿਲਮ 'ਧਨਕ' ਦੀ ਧਮਕ

ਨਿਵੇਕਲੇ ਅਤੇ ਨਿਆਰੇ ਫਿਲਮਸਾਜ਼ ਨਾਗੇਸ਼ ਕੁਕਨੂਰ ਨੇ ਫਿਲਮ 'ਧਨਕ' ਵਿਚ ਦੋ ਨੰਨ੍ਹੇ ਭੈਣ-ਭਰਾ ਦੀ ਸੰਵੇਦਨਸ਼ੀਲ ਕਹਾਣੀ ਪੇਸ਼ ਕੀਤੀ ਹੈ। ਪਰੀ (ਹੇਤਲ ਗੜਾ) ਰਾਜਸਥਾਨ ਦੇ ਛੋਟੇ ਜਿਹੇ ਪਿੰਡ ਵਿਚ ਰਹਿ ਰਹੀ ਹੈ। ਉਸ ਦਾ ਛੋਟਾ ਭਰਾ ਛੋਟੂ (ਕ੍ਰਿਸ਼ ਛਾਬੜੀਆ) ਨੇਤਰਹੀਣ ਹੈ। ਪਰੀ ਪੱਕੀ ਧਾਰ ਲੈਂਦੀ ਹੈ ਕਿ ਜਦੋਂ ਉਸ ਦਾ ਭਰਾ ਆਪਣਾ ਨੌਵਾਂ ਜਨਮ ਦਿਨ ਮਨਾਏਗਾ, ਉਦੋਂ ਉਹ ਦੁਨੀਆਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਸਕਦਾ ਹੋਵੇਗਾ। ਭਰਾ ਦੀਆਂ ਅੱਖਾਂ ਦੀ ਰੌਸ਼ਨੀ ਲਿਆਉਣ ਨੂੰ ਬੇਤਾਬ ਪਰੀ ਦੀ ਨਜ਼ਰ ਉਸ ਇਸ਼ਤਿਹਾਰ 'ਤੇ ਪੈਂਦੀ ਹੈ ਜਿਸ ਵਿਚ ਫ਼ਿਲਮ ਸਟਾਰ ਸ਼ਾਹਰੁਖ ਖਾਨ ਵੱਲੋਂ ਨੇਤਰਹੀਣਾਂ ਬਾਰੇ ਸੰਦੇਸ਼ ਪੇਸ਼ ਕੀਤਾ ਗਿਆ ਹੈ। ਹੁਣ ਪਰੀ ਇਸ ਸਟਾਰ ਨੂੰ ਮਿਲਣਾ ਚਾਹੁੰਦੀ ਹੈ ਅਤੇ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਸ਼ਾਹਰੁਖ ਜੈਸਲਮੇਰ ਕੋਲ ਆਪਣੀ ਫਿਲਮ ਦੀ ਸ਼ੂਟਿੰਗ ਕਰਨ ਲਈ ਆਇਆ ਹੈ ਤਾਂ ਉਹ ਆਪਣੇ ਭਰਾ ਨੂੰ ਲੈ ਕੇ ਜੈਸਲਮੇਰ ਲਈ ਨਿਕਲ ਪੈਂਦੀ ਹੈ। ਦੋਵੇਂ ਭੈਣ-ਭਰਾ ਪੈਦਲ ਹੀ ਚੱਲ ਪੈਂਦੇ ਹਨ ਅਤੇ ਆਪਣੇ ਇਸ ਸਫਰ ਦੌਰਾਨ ਇਹ ਦੋਵੇਂ ਤਰ੍ਹਾਂ-ਤਰ੍ਹਾਂ ਦੇ ਲੋਕਾਂ ਦੇ ਸੰਪਰਕ ਵਿਚ ਆਉਂਦੇ ਹਨ।

ਰਾਜਸਥਾਨ ਵਿਚ ਫ਼ਿਲਮਾਈ ਗਈ ਇਸ ਫ਼ਿਲਮ ਵਿਚ ਵਿਪਿਨ ਸ਼ਰਮਾ, ਵਿਜੈ ਮੌਰਿਆ, ਨਿਨਾਦ ਕਾਮਤ, ਗੁਲਫਾਮ ਖਾਨ, ਵਿਭਾ ਛਿੱਬਰ, ਫਲੋਰਾ ਸੈਨੀ ਨੇ ਵੀ ਅਭਿਨੈ ਕੀਤਾ ਹੈ ਅਤੇ ਇਸ ਫ਼ਿਲਮ ਦੀ ਖਾਸ ਗੱਲ ਇਹ ਵੀ ਹੈ ਕਿ ਦਿਲ ਨੂੰ ਹਲੂਣ ਸੁੱਟਣ ਵਾਲਾ ਗੀਤ 'ਦਮਾਦਮ ਮਸਤ ਕਲੰਦਰ' ਵੀ ਇਸ ਵਿਚ ਪੇਸ਼ ਕੀਤਾ ਗਿਆ ਹੈ। ਕਈ ਕੌਮਾਂਤਰੀ ਫ਼ਿਲਮ ਮੇਲਿਆਂ ਵਿਚ ਸਨਮਾਨ ਹਾਸਲ ਕਰਨ ਵਿਚ ਕਾਮਯਾਬ ਰਹੀ ਇਸ ਫ਼ਿਲਮ ਨੂੰ ਭਾਰਤੀ ਦਰਸ਼ਕਾਂ ਨੇ ਵੀ ਹੁੰਗਾਰਾ ਭਰਿਆ ਹੈ ਅਤੇ ਨਾਗੇਸ਼ ਕੁਕਨੂਰ ਦੀਆਂ ਸਿਫਤਾਂ ਇਕ ਵਾਰ ਫਿਰ ਹੋ ਰਹੀਆਂ ਹਨ। ਉਹ ਬੱਸ ਇਹੀ ਆਖਦਾ ਹੈ ਕਿ ਫਿਲਮ ਉਸ ਦੀ ਰੂਹ ਦੀ ਖੁਰਾਕ ਹੈ ਅਤੇ ਉਹ ਤੋਂ ਬਗੈਰ ਜੀ ਨਹੀਂ ਸਕਦਾ।





ਨਾਗੇਸ਼ ਕੁਕਨੂਰ

*ਨਿਰਦੇਸ਼ਕ ਨਾਗੇਸ਼ ਕੁਕਨੂਰ ਵੱਖਰੀ ਤਰ੍ਹਾਂ ਦੀਆਂ ਫ਼ਿਲਮਾਂ ਬਣਾਉਣ ਲਈ ਜਾਣਿਆ ਜਾਂਦਾ ਹੈ। ਆਪਣੀ ਵਿਲੱਖਣ ਪ੍ਰਤਿਭਾ ਦੀ ਪਛਾਣ ਉਸ ਨੇ ਆਪਣੀ ਪਹਿਲੀ ਫ਼ਿਲਮ 'ਹੈਦਰਾਬਾਦ ਬਲਿਊਜ' ਰਾਹੀਂ ਦੇ ਦਿੱਤੀ ਸੀ। ਫਿਰ 'ਬਾਲੀਵੁੱਡ ਕਾਲਿੰਗ', 'ਇਕਬਾਲ', 'ਡੋਰ', 'ਤੀਨ ਦੀਵਾਰੇਂ', 'ਆਸ਼ਾਏਂ' ਫਿਲਮਾਂ ਰਾਹੀਂ ਉਨ੍ਹਾਂ ਨੇ ਦਿਖਾ ਦਿੱਤਾ ਕਿ ਰੁਟੀਨ ਮਸਾਲਾ ਫ਼ਿਲਮਾਂ ਬਣਾਉਣਾ ਉਨ੍ਹਾਂ ਦੇ ਸੁਭਾਅ ਵਿਚ ਨਹੀਂ ਹੈ। ਹੁਣ ਉਸ ਨੇ 'ਧਨਕ' ਬਣਾਈ ਹੈ।*

# ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ

ਕਿਆ ਹੂਆ ਅਗਰ ਮਿਟ ਜਾਏਂ ਅਪਨੇ ਵਤਨ ਕੇ ਵਾਸਤੇ। ਬੁਲਬੁਲੇਂ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ।
ਗਾਜੀਓਂ ਮੇ ਬੂ ਰਹੇਗੀ ਜਬ ਤਲਕ ਈਮਾਨ ਕੀ, ਲੰਡਨ ਮੇ ਖੜਕੇਗੀ ਤੇਗ ਹਿੰਦੋਸਤਾਨ ਕੀ। -ਸ਼ਹੀਦ ਊਧਮ ਸਿੰਘ



## ਸ਼ਹੀਦ ਊਧਮ ਸਿੰਘ ਦਾ 76ਵਾਂ ਸ਼ਹੀਦੀ ਸਮਾਗਮ

### 31 ਜੁਲਾਈ 2016, ਐਤਵਾਰ

ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ

### ਸਥਾਨ: ਗਦਰ ਮੈਮੋਰੀਅਲ ਹਾਲ

(5 ਵੁਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116)

**ਉਦਘਾਟਨ:** ਵੈਂਕਟੇਸ਼ਨ ਅਸ਼ੋਕ (ਕੌਂਸਲ ਜਨਰਲ ਆਫ ਇੰਡੀਆ, ਸੈਨ ਫਰਾਂਸਿਸਕੋ)

**Free Food & Tea - Free Entry and Parking**

### ਬੁਲਾਰੇ

ਡਾ. ਗੁਰਦੇਵ ਖੁਸ਼ (Professor Plant Sciences), ਚਰਨ ਸਿੰਘ ਜੱਜ (ਆਰਗੇਨਾਈਜ਼ਰ)
ਡਾ. ਸੁਖਵਿੰਦਰ ਸਿੰਘ ਰੰਧਾਵਾ (ਪ੍ਰਿੰਸੀਪਲ), ਪ੍ਰਿੰ. ਵੀਰ ਸਿੰਘ ਰੰਧਾਵਾ, ਡਾ. ਉਜਾਗਰ ਸਿੰਘ
ਡਾ. ਹਰਦਮ ਸਿੰਘ ਆਜ਼ਾਦ ਹਿਊਸਟਨ, ਡਾ. ਪਾਲ ਨਕੋਦਰ, ਡਾ. ਹਰਪਾਲ ਸਿੰਘ
ਸ. ਨਰਿੰਦਰਪਾਲ ਸਿੰਘ ਜੱਜ (ਪ੍ਰਧਾਨ, ਬਾਰ ਐਸੋਸੀਏਸ਼ਨ, ਜ਼ਿਲ੍ਹਾ ਜਲੰਧਰ)
ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਪ੍ਰਭਵੀਰ ਸਿੰਘ ਰੌਨੀ, ਡਾ. ਦਿਲਜੀਤ ਸਿੰਘ
ਸ. ਗੁਰਭਜਨ ਸਿੰਘ ਗਿੱਲ (ਸਾਬਕਾ ਪ੍ਰਧਾਨ), ਅਟਾਰਨੀ ਨਰੇਸ਼ਵਰ ਸਿੰਘ ਵਿਰਦੀ
ਡਾ. ਪਰਗਟ ਸਿੰਘ ਹੁੰਦਲ, ਦਲਵਿੰਦਰ ਸਿੰਘ ਧੂਤ

### ਸੈਮੀਨਾਰ

*ਕੁਰਬਾਨੀਆਂ ਦੇ ਰਸ ਨਾਲ ਭਰੇ ਗੀਤ ਅਤੇ ਕਵਿਤਾਵਾਂ*
ਅਨੂਪ ਸਿੰਘ ਚੀਮਾ ਤੇ ਤਰਲੋਕ ਸਿੰਘ ਕੈਲੀਫੋਰਨੀਆ ਮਿਊਜ਼ਿਕ ਗਰੁਪ
ਪੰਮੀ ਮਾਨ, ਸੁਲਤਾਨ ਅਖਤਰ ਅਤੇ ਸਾਥੀ
**ਕਵਿਤਾਵਾਂ:** ਸੁਖਵਿੰਦਰ ਕੰਬੋਜ, ਤਾਰਾ ਸਾਗਰ, ਨੀਲਮ ਸੈਣੀ, ਮਨਜੀਤ ਸੇਖੋਂ, ਦਿਲਬੀਰ ਸਿੰਘ ਰਿੰਝਰ, ਮਹਿੰਦਰ ਸਿੰਘ ਘੱਗ, ਜੀਵਨ ਰੱਤੂ, ਰਾਠੇਸ਼ਵਰ ਸਿੰਘ ਸੂਰਾਪੁਰੀ ਤੇ ਗੁਰਮੇਲ ਕੌਰ।

### ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਨਿੱਘਾ ਸੱਦਾ

**ਸਨਮਾਨਯੋਗ ਦਾਨਿਸ਼ਵਰ ਸਹਿਯੋਗੀ:** ਸ. ਬਹਾਦਰ ਸਿੰਘ, ਸ. ਦਿਲਜੀਤ ਸਿੰਘ, ਸ. ਹਰਜਿੰਦਰ ਸਿੰਘ, ਸ. ਬਲਰਾਜ ਸਿੰਘ ਪੰਨੂੰ, ਸ. ਦਿਲਜੀਤ ਸਿੰਘ (ਓਰੇਗਾਨ); ਪ੍ਰੋ. ਸੰਪੂਰਨ ਸਿੰਘ, ਸ. ਹੀਰਾ ਲਾਲ ਸਿੰਘ ਚਮਦਲ, ਸ. ਮਨੋਹਰ ਸਿੰਘ ਮਾਨ, ਸ. ਅਮਨ ਸਿੰਘ ਸਿੱਧੂ, ਸ. ਤੀਰਥ ਸਿੰਘ ਖਹਿਰਾ, ਸ. ਬਖਸ਼ੀਸ਼ ਸਿੰਘ ਜੋਸਨ (ਹਿਊਸਟਨ), ਸ. ਬੰਤ ਸਿੰਘ (ਪ੍ਰਧਾਨ), ਸ. ਬਲਬੀਰ ਸਿੰਘ (ਸਕੱਤਰ), ਸ. ਕਸ਼ਮੀਰ ਸਿੰਘ, ਸ. ਸੁਰਿੰਦਰ ਸਿੰਘ ਸਿੱਧੂ (ਜੈਕਸਨ, ਮਿਸੀਸਿਪੀ); ਸ. ਨਿਰੰਜਣ ਸਿੰਘ, ਸ. ਹਰਮਿੰਦਰ ਸਿੰਘ, ਸ. ਮਨਜਿੰਦਰ ਸਿੰਘ ਸਿਆਟਲ; ਸ. ਗੁਰਮੀਤ ਸਿੰਘ ਖਿੰਡਾ, ਸ. ਸੋਨੂੰ ਖਿੰਡਾ (ਰੈਡ ਬਲੱਫ); ਸ. ਨਿਰਮਲ ਸਿੰਘ ਚੰਦੀ, ਸ. ਕਰਨੈਲ ਸਿੰਘ ਟਰਲਕ, ਸ. ਸੁੱਚਾ ਸਿੰਘ ਕੰਬੋਜ, ਸ. ਤਰਲੋਚਨ ਸਿੰਘ, ਸ. ਜਸਵੀਰ ਸਿੰਘ ਕੰਬੋਜ (ਫਰਿਜ਼ਨੋ); ਸ. ਜਰਨੈਲ ਸਿੰਘ, ਸ. ਹਰੀ ਸਿੰਘ (ਲੈਥਰੂਪ); ਸ. ਸੰਤੋਖ ਸਿੰਘ ਜੱਜ, ਸ. ਸੁਰਜੀਤ ਸਿੰਘ ਜੱਜ, ਸ. ਹਰਜਿੰਦਰ ਸਿੰਘ ਜੱਜ, ਸ. ਮਹਿੰਦਰ ਸਿੰਘ, ਮਾਸਟਰ ਮੁਖਤਿਆਰ ਸਿੰਘ, ਸ. ਮੋਹਨ ਸਿੰਘ (ਟਰੇਸੀ); ਸ. ਰਤਨ ਸਿੰਘ, ਸ. ਗੁਰਬਿੰਦਰ ਸਿੰਘ, ਸ. ਮਹਿੰਗਾ ਸਿੰਘ ਸਰਪੰਚ, ਸ. ਅਵਤਾਰ ਸਿੰਘ (ਪ੍ਰਧਾਨ ਫਰੀਮਾਂਟ); ਸ. ਅਵਤਾਰ ਸਿੰਘ ਡੋਡ, ਸ. ਅਵਤਾਰ ਸਿੰਘ ਦੋਸਾਂਝ, ਸ. ਕੁਲਦੀਪ ਸਿੰਘ ਸੰਘੇੜਾ, ਡਾ. ਸੁਰਿੰਦਰ ਸਿੰਘ ਸੈਣੀ, ਸ. ਰੋਜਰ ਸਿੰਘ ਸੈਣੀ, ਸ. ਸਤਨਾਮ ਸਿੰਘ ਚੀਮਾ, ਸ. ਕੁਲਵਿੰਦਰ ਸਿੰਘ ਚੀਮਾ, ਸ. ਖੁਸ਼ਪਾਲ ਸਿੰਘ ਭੁੱਲਰ, ਸ. ਅਮਿਤੋਜ ਸਿੰਘ, ਸ. ਬਲਕਾਰ ਸਿੰਘ ਨਿਊ ਟੀਕ; ਜਸਵੰਤ ਸਿੰਘ ਜੱਸਾ, ਹਰਮੀਤ ਸਿੰਘ (ਮਾਊਨਟੇਨ ਪੀਜ਼ਾ), ਮਾਸਟਰ ਧਰਮਪਾਲ ਉਗੀ, ਕੁਲਵੰਤ ਸਿੰਘ ਨਿਊ ਯਾਰਕ, ਸ. ਹਰਵੰਤ ਸਿੰਘ ਰਤਨਪਾਲ, ਸੁਖਦੇਵ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਕੰਵਰ ਕਸ਼ਮੀਰ ਸਿੰਘ, ਸਾਹਿਲ ਸਿੰਘ, ਜੋਬਨ ਸਿੰਘ, ਐਸ ਪੀ ਸਿੰਘ।

### -------- ਸਨਮਾਨ ਕਮੇਟੀ --------

ਬਲਵਿੰਦਰ ਸਿੰਘ ਡੁਲਕੂ, ਡਾ. ਸੁਰਿੰਦਰ ਸਿੰਘ ਸੈਣੀ, ਅਵਤਾਰ ਸਿੰਘ ਦੋਸਾਂਝ, ਗੁਰਦੀਪ ਸਿੰਘ ਗਿੱਲ, ਸੰਤੋਖ ਸਿੰਘ ਜੱਜ, ਮਾਸਟਰ ਮੁਖਤਿਆਰ ਸਿੰਘ, ਮਹਿੰਦਰ ਸਿੰਘ ਟਰੇਸੀ।

### ਜਥੇਬੰਦੀ ਦੇ ਸੰਚਾਲਕ

ਗੁਲਿੰਦਰ ਸਿੰਘ ਗਿੱਲ (ਪ੍ਰਧਾਨ) ਫੋਨ: 916-844-5310
ਗੁਰਮੀਤ ਸਿੰਘ ਖਿੰਡਾ (ਮੀਤ ਪ੍ਰਧਾਨ) ਫੋਨ: 530-301-9963
ਰਤਨ ਸਿੰਘ (ਮੀਤ ਪ੍ਰਧਾਨ) ਫੋਨ: 510-825-8473
ਜਨਕ ਰਾਜ ਸਿਧਰਾ (ਸਕੱਤਰ) ਫੋਨ: 916-607-9287
ਜਗਮੀਤ ਸਿੰਘ ਜੋਸਨ ਤੇ ਗੁਰਬਿੰਦਰ ਸਿੰਘ (ਪ੍ਰਚਾਰ ਸਕੱਤਰ)

ਮਦਨ ਲਾਲ (ਚੇਅਰਮੈਨ) ਫੋਨ: 916-508-8939
ਸੰਤੋਖ ਸਿੰਘ ਜੱਜ (ਵਾਈਸ ਚੇਅਰਮੈਨ) ਫੋਨ: 925-487-4679
ਕੁਲਦੀਪ ਸਿੰਘ ਖਿੰਡਾ (ਵਾਈਸ ਚੇਅਰਮੈਨ) ਫੋਨ: 530-200-0725
ਬਲਵਿੰਦਰ ਸਿੰਘ ਡੁਲਕੂ (ਖਜ਼ਾਨਚੀ) ਫੋਨ: 916-289-5956
ਗੁਰਦੀਪ ਸਿੰਘ ਗਿੱਲ (ਖਜ਼ਾਨਚੀ) ਫੋਨ: 916-752-6778

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting any model homes to save big time.**

## Just Sold

1. 208 Herlong Ave. San Jose, CA 95123
2. 39034 Gaurdino Ter#108 Fremont, CA 94538
3. 3550 Walton Ave. San Jose, CA 95117
4. 325 Johnson Ferry Rd. Lathrop, CA 95330
5. 4212 Solar Circle Union City, CA 94587
6. 4246 Solar Circle Union City, CA 94587
7. 3155 Antonio Loop Tracy, CA 95377
8. 3060 White Ash Ave. Clovis, CA 93619
9. 3157 Ormonde Ct. Tracy, CA 95377
10. 10786 Willow Brook Way Cupertino, CA 95014
11. 3222 Pumpherston Way San Jose, CA 95148
12. 4261 Solar Circle Union City, CA 94587
13. 345 Bridge Creek Dr. Hayward, CA 94544
14. 3057 Fairfax Dr. San Jose, CA 95148
15. 29058 Sebring Ct. Hayward, CA 94545
16. 3136 Ormonde Dr., Tracy CA 95377
17. 33779 Dalton Ct. Union City, CA 94587
18. 557 W. Corazon Way Mountain House, CA 95391

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill Ph: 510-207-9067
DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.